ਕੁਲ ਸੰਸਾਰ ਇਕ ਪਰਿਵਾਰ

ਨਵੀਂ ਦੁਨੀਆ

Nawi Dunia

Free



23 ਮਾਰਚ 1931 : ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹਾਦਤ ਦਿਹਾੜਾ

ਸਾਲ : 10 ਅੰਕ : 3 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਫਰਵਰੀ (February) 2019



ਐਨ.ਡੀ.ਪੀ. ਸਰਕਾਰ ਵਲੋਂ ਪ੍ਰਾਈਵੇਟ ਹੈਲਥ ਕੇਅਰ 'ਤੇ ਰੋਕ ਲਈ ਬਿੱਲ ਪਾਸ ਪੰਨਾ-3



'ਜਥੇਦਾਰ' ਕੋਲਿਆਂਵਾਲੀ ਦੀ ਜ਼ਮਾਨਤ ਅਰਜ਼ੀ ਰੱਦ ਪੰਨਾ-7



ਮੇਰੀ ਕਵਿਤਾ ਈ ਮੇਰਾ ਵਜੂਦ ਐ -ਪਾਲ ਕੌਰ ਪੰਨਾ-27



ਬੱਦਲਾਂ ਦੇ ਪਾਰ ਧੜਕਦੀ ਜ਼ਿੰਦਗੀ... - ਬਿਔਂਡ ਦਾ ਕਲਾਊਡਸ ਪੰਨਾ-46

ਅਲਬਰਟਾ ਚੋਣਾਂ 16 ਅਪ੍ਰੈਲ ਨੂੰ



ਐਡਮਿੰਟਨ (ਨਦਬ) : ਅਲਬਰਟਾ ਵਿਧਾਨ ਸਭਾ ਚੋਣਾਂ 16 ਅਪ੍ਰੈਲ ਨੂੰ ਹੋਣਗੀਆਂ ਅਤੇ ਵੋਟਰਾਂ ਕੋਲ ਅਗਲੀ ਸਰਕਾਰ ਚੁਣਨ ਲਈ ਕਰੀਬ ਚਾਰ ਹਫ਼ਤੇ ਰਹਿ ਗਏ ਹਨ। ਕੈਲਗਰੀ ਨੈਸ਼ਨਲ ਮਿਊਜ਼ਿਕ ਸੈਂਟਰ ਵਿਖੇ ਆਪਣੇ ਹਮਾਇਤੀਆਂ ਦੇ ਵੱਡੇ ਇਕੱਠ ਵਿਚ ਐਲਾਨ ਕਰਦਿਆਂ ਪ੍ਰੀਮੀਅਰ ਰੇਚਲ ਨੋਟਲੇ ਨੇ ਕਿਹਾ ਕਿ ਚੋਣਾਂ ਦਾ ਸਮਾਂ ਆ ਗਿਆ ਹੈ। ਉਨ੍ਹਾਂ 16 ਅਪ੍ਰੈਲ, 2019 ਨੂੰ ਚੋਣਾਂ ਦਾ ਦਿਨ ਐਲਾਨ ਕਰਦਿਆਂ, ਅਗਲੇ ਚਾਰ ਸਾਲਾਂ ਲਈ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਟਰਾਂਸਮਾਊਟਨ ਪਾਈਪਲਾਈਨ ਬਣ ਕੇ ਰਹੇਗੀ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਨੂੰ ਆਰਥਕ ਮੰਦਵਾੜੇ ਵਿਚੋਂ ਬਾਹਰ ਕੱਢਣ ਲਈ ਦਿਨ-ਰਾਤ ਕੰਮ ਕੀਤਾ ਹੈ। ਵੋਟਰਾਂ ਨੂੰ ਅਪੀਲ ਕਰਨ ਲਈ ਨੋਟਲੇ ਨੇ ਆਪਣੇ ਚਾਰ ਸਾਲਾਂ ਦੇ ਕੰਮਾਂ ਨੂੰ ਆਧਾਰ ਬਣਾਇਆ। ਉਨ੍ਹਾਂ ਕਿਹਾ ਕਿ ਟਰਾਂਸਮਾਊਟਨ ਪਾਈਪਲਾਈਨ ਦੇ ਨਿਰਮਾਣ, ਨਵੀਆਂ ਨੌਕਰੀਆਂ, ਸਿਹਤ, ਸਿੱਖਿਆ ਅਤੇ ਆਮ ਅਲਬਰਟਾ ਵਾਸੀਆਂ ਦੀ ਜ਼ਿੰਦਗੀ ਦੀ ਬਿਹਤਰੀ ਲਈ ਉਹ ਅਗਲੇ ਚਾਰ ਸਾਲਾਂ ਲਈ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਰਹੇ ਹਨ। ਯੂ.ਸੀ.ਪੀ. ਦੇ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਜੇਸਨ ਕੈਨੀ ਨੇ ਚੋਣ ਮੁਹਿੰਮ ਦਾ ਆਗ਼ਾਜ਼ ਟੋਟਲ ਐਨਰਜੀ ਸਰਵਿਸਿਜ਼ ਨਡੂਕ ਤੋਂ ਕੀਤਾ ਉਨ੍ਹਾਂ ਰੇਚਲ ਨੋਟਲੇ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਉਹ ਛੇਤੀ ਆਪਣੇ ਚੋਣ ਪਲੇਟਫਾਰਮ ਦਾ ਐਲਾਨ ਕਰਨਗੇ।

ਜਸਵੀਰ ਦਿਉਲ ਐਡਮਿੰਟਨ-ਮੈਡੋਜ਼ ਤੋਂ ਐਨ.ਡੀ.ਪੀ. ਉਮੀਦਵਾਰ

ਐਡਮਿੰਟਨ (ਨਦਬ) : ਅਲਬਰਟਾ ਵਿਧਾਨ ਸਭਾ ਦੀਆਂ 16 ਅਪ੍ਰੈਲ, 2019 ਨੂੰ ਹੋਣ ਵਾਲੀਆਂ ਚੋਣਾਂ ਵਿਚ ਜਸਵੀਰ ਦਿਉਲ ਐਡਮਿੰਟਨ ਮੈਡੋਜ਼ ਤੋਂ ਐਨ.ਡੀ.ਪੀ. ਦੇ ਉਮੀਦਵਾਰ ਹੋਣਗੇ। ਇਨ੍ਹਾਂ ਚੋਣਾਂ ਵਿਚ ਜਸਵੀਰ ਦਿਉਲ ਦਾ ਪੱਲੜਾ ਕਾਫੀ ਭਾਰਾ ਰਹਿਣ ਦੀ ਉਮੀਦ ਕੀਤੀ ਜਾ ਰਹੀ ਹੈ। ਕਮਿਊਨਿਟੀ ਵਿਚ ਕਾਫ਼ੀ ਸਰਗਰਮ ਰਹਿਣ ਵਾਲੇ ਸ੍ਰੀ ਦਿਉਲ ਜਿੱਥੇ ਏਸ਼ੀਅਨ ਭਾਈਚਾਰੇ ਵਿਚ ਚੰਗੀ ਜਾਣ-ਪਛਾਣ ਰੱਖਦੇ ਹਨ, ਉਥੇ ਉਨ੍ਹਾਂ ਦੇ ਵਿਰੋਧੀ ਯੂ.ਸੀ.ਪੀ. ਉਮੀਦਵਾਰ ਲਿਨ ਰੋਡਸ ਇਲਾਕੇ ਤੋਂ ਬਾਹਰੋਂ ਆ ਕੇ ਚੋਣ ਲੜ ਰਹੇ ਹਨ।



ਬਾਕੀ ਸਫਾ 41 'ਤੇ

ਯੂਸੀਪੀ 'ਤੇ ਲੱਗੇ ਵਿੱਤੀ ਬੇਨਿਯਮੀਆਂ ਦੇ ਦੋਸ਼ਾਂ ਦੀ ਜਾਂਚ ਕਰੇਗੀ ਆਰਸੀਐਮਪੀ



ਐਡਮਿੰਟਨ-ਨਦਬ: ਜੈਫ਼ ਕੈਲਵੇ ਵਲੋਂ ਅਕਤੂਬਰ 2017 ਵਿਚ ਯੂਸੀਪੀ ਦੀ ਲੀਡਰਸ਼ਿਪ ਲਈ ਮੁਹਿੰਮ ਵਿੱਢੀ ਗਈ ਸੀ ਜਿਸ ਵਿਚ ਉਹ ਸਫ਼ਲ ਨਹੀਂ ਸੀ ਹੋ ਸਕਿਆ। ਪਰ ਇਹ ਮੁਹਿੰਮ ਵਿੱਤੀ ਬੇਨਿਯਮੀਆਂ ਕਰਕੇ ਹੁਣ ਵੀ ਚਰਚਾ ਵਿੱਚ ਹੈ। ਪਿਛਲੇ ਦਿਨੀਂ ਚੋਣ ਕਮਿਸ਼ਨਰ ਦੇ ਜਾਂਚ ਮੈਨੇਜਰ ਵਲੋਂ ਕਿਹਾ ਗਿਆ ਕਿ ਮਿਲੀਆਂ ਸ਼ਿਕਾਇਤਾਂ ਅਨੁਸਾਰ ਸਾਨੂੰ ਕੁਝ ਬੇਨਿਯਮੀਆਂ ਅਜਿਹੀਆਂ ਨਜ਼ਰ ਆਈਆਂ ਜਿਹੜੀਆਂ ਕਿ ਸਾਡੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀਆਂ। ਅਜਿਹੀਆਂ ਬੇਨਿਯਮੀਆਂ ਨਾਲ ਨਜਿੱਠਣ ਖਾਤਰ ਜ਼ਿੰਮੇਵਾਰੀ ਆਰਸੀਐਮਪੀ ਨੂੰ ਸੌਂਪੀ ਗਈ ਹੈ। ਇਸ ਸਬੰਧ ਵਿਚ ਆਰਸੀਐਮਪੀ ਨੂੰ ਲੋੜੀਂਦੀ ਜਾਣਕਾਰੀ ਚੋਣ ਕਮਿਸ਼ਨਰ ਦਫ਼ਤਰ ਵੱਲੋਂ ਮੁਹੱਈਆ ਕਰਵਾਈ ਜਾਵੇਗੀ।

ਸ਼ਿਕਾਇਤ ਕਰਤਾ ਪ੍ਰਭ ਗਿੱਲ ਜੋ ਕਿ ਕੈਲਗਰੀ ਤੋਂ


ਬਾਕੀ ਸਫ਼ਾ 41 'ਤੇ

ਅਲਬਰਟਾ ਸਰਕਾਰ ਵਧਾਏਗੀ ਤੇਲ ਉਤਪਾਦਨ ਦੀ ਸਮਰਥਾ

ਕੈਲਗਰੀ (ਨਦਬ) : ਅਲਬਰਟਾ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਮਈ ਤੋਂ ਤੇਲ ਦੀ ਪੈਦਾਵਾਰ 25000 ਬੈਰਲ ਪ੍ਰਤੀ ਦਿਨ ਦੇ ਹਿਸਾਬ ਨਾਲ ਵਧਾਈ ਜਾਵੇਗੀ ਅਤੇ ਇਸ ਤੋਂ ਬਾਅਦ ਜੂਨ ਵਿਚ ਇਸ ਵਿਚ ਹੋਰ ਵਾਧਾ ਕਰਦਿਆਂ 25000 ਬੈਰਲ ਪ੍ਰਤੀ ਦਿਨ ਵਧਾਈ ਜਾਵੇਗੀ। ਪਹਿਲੀ ਜੂਨ ਤੋਂ ਅਲਬਰਟਾ ਦੀ ਤੇਲ ਉਤਪਾਦਨ ਸਮਰਥਾ ਕਰੀਬ 3.71 ਬੈਰਲ ਰੋਜ਼ਾਨਾ ਹੋ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬੇ ਦੀ ਪ੍ਰੀਮੀਅਰ ਰੇਚਲ ਨੋਟਲੇ ਨੇ ਦੱਸਿਆ ਕਿ ਇਹ ਫ਼ੈਸਲਾ ਸੂਬੇ ਦੇ ਕਾਰੋਬਾਰ ਦੀ ਬਿਹਤਰੀ ਲਈ ਲਿਆ ਗਿਆ ਹੈ ਤਾਂ ਜੋ ਇਸ ਨਾਲ ਜੁੜੇ ਕਾਰੋਬਾਰ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਹਿਲਾਂ ਸਮੇਂ ਦੀ ਮੰਗ ਅਨੁਸਾਰ ਹੀ ਪੈਦਾਵਾਰ ਦੀ ਸਮਰਥਾ ਘਟਾਈ ਗਈ ਸੀ।











ਵਿਧਾਨ ਸਭਾ ਦਾ ਸਪਰਿੰਗ ਸੈਸ਼ਨ ਸ਼ੁਰੂ

ਐਨ.ਡੀ.ਪੀ. ਸਰਕਾਰ ਵਲੋਂ ਪ੍ਰਾਈਵੇਟ ਹੈਲਥ ਕੇਅਰ 'ਤੇ ਰੋਕ ਲਈ ਬਿੱਲ ਪਾਸ



ਐਡਮਿੰਟਨ (ਨਦਬ) : ਅਲਬਰਟਾ ਵਿਧਾਨ ਸਭਾ ਦਾ ਸਪਰਿੰਗ ਸੈਸ਼ਨ ਲੈਫਟੀਨੈਂਟ ਗਵਰਨਰ ਲੂਇਸ ਮਿਚਲ ਦੇ ਭਾਸ਼ਣ ਨਾਲ ਸ਼ੁਰੂ ਹੋ ਗਿਆ। ਉਨ੍ਹਾਂ ਐਨ.ਡੀ.ਪੀ. ਦੀ ਰੇਚਲ ਨੋਟਲੇ ਸਰਕਾਰ ਵਲੋਂ ਕੀਤੇ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਸੂਬੇ ਦੀ ਵਾਗਡੋਰ ਮਾੜੇ ਵਿੱਤੀ ਹਾਲਤਾਂ ਵਿਚ ਸੰਭਾਲੀ ਸੀ, ਜਦੋਂ ਤੇਲ ਦੀਆਂ ਕੀਮਤਾਂ ਬਹੁਤ ਡਿੱਗ ਗਈਆਂ ਸਨ ਅਤੇ ਸੂਬੇ ਦੀ ਆਰਥਿਕਤਾ ਬੁਰੀ ਤਰ੍ਹਾਂ ਲੜਖੜਾ ਗਈ ਸੀ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੀ ਵਿੱਤੀ ਮਜ਼ਬੂਤੀ ਲਈ ਆਰਥਿਕਤਾ ਵਿਭਿੰਨਤਾ ਉੱਪਰ ਪਹਿਰਾ ਦਿੰਦਿਆਂ ਅਨੇਕਾਂ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਹਨ ਅਤੇ ਸਿਰਫ਼ 2018 ਵਿਚ ਹੀ 90,000 ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਹਨ।

ਆਪਣੇ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਕਿ ਅਸੀਂ ਸਿਹਤ ਅਤੇ ਸਿੱਖਿਆ ਸੁਰੱਖਿਅਤ ਕਰਨ ਲਈ ਨਰਸਾਂ ਅਤੇ ਅਧਿਆਪਕਾਂ ਦੀ ਰੁਜ਼ਗਾਰ ਸੁਰੱਖਿਆ ਲਈ ਨਿਵੇਸ਼ ਕੀਤਾ ਹੈ। ਇਸੇ ਤਹਿਤ ਉਨ੍ਹਾਂ ਕੈਲਗਰੀ, ਐਡਮਿੰਟਨ, ਗਰੈਂਡ ਪਰੇਰੀ, ਸੈਲਵਨ ਲੇਕ, ਰੈੱਡ ਡੀਅਰ ਵਿਚ ਬਣਨ ਵਾਲੇ ਹਸਪਤਾਲਾਂ, ਸਿਹਤ ਸਹੂਲਤਾਂ ਅਤੇ ਅਲਬਰਟਾ ਵਿਚ ਨਵੇਂ ਬਣਨ ਵਾਲੇ ਅਤੇ ਮੁਰੰਮਤ ਹੋ ਰਹੇ 240 ਸਕੂਲਾਂ ਦਾ ਵਰਣਨ ਕੀਤਾ। ਉਨ੍ਹਾਂ ਸਰਕਾਰ ਵਲੋਂ ਗ਼ਰੀਬਾਂ ਲਈ ਬਣਾਏ ਜਾ ਰਹੇ ਕਫਾਇਤੀ ਘਰਾਂ ਅਤੇ ਕਫਾਇਤੀ ਦਰਾਂ ਉੱਪਰ 25 ਡਾਲਰ ਪ੍ਰਤੀ ਦਿਨ ਖੋਲ੍ਹੇ ਚਾਈਲਡ ਕੇਅਰਜ਼ ਥਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅਲਬਰਟਾ ਅੰਦਰ ਗ਼ਰੀਬੀ ਵਿਚ ਰਹਿ ਰਹੇ 44000 ਬੱਚਿਆਂ ਨੂੰ ਗ਼ਰੀਬੀ ਰੇਖਾ ਤੋਂ ਉੱਪਰ ਚੁੱਕਿਆ ਹੈ।

ਬਾਕੀ ਸਫ਼ਾ 41 'ਤੇ

ਯੂ.ਸੀ.ਪੀ. ਨੂੰ ਝਟਕੇ :ਚੋਣ ਕਮਿਸ਼ਨਰ ਵਲੋਂ ਕੈਰਨ ਬਰਾਊਨ ਤੇ ਕੈਮਰਾਨ ਡੇਵੀਜ਼ ਨੂੰ ਜ਼ੁਰਮਾਨੇ

ਐਡਮਿੰਟਨ-ਨਦਬ: ਪਿਛਲੇ ਕੁਝ ਦਿਨਾਂ ਵਿਚ ਚੋਣ ਕਮਿਸ਼ਨਰ ਵਲੋਂ ਯੂਸੀਪੀ ਨੂੰ ਲਗਾਤਾਰ ਝਟਕੇ ਦਿੱਤੇ ਗਏ ਹਨ। ਚੋਣ ਕਮਿਸ਼ਨਰ ਨੇ ਯੂਸੀਪੀ ਲੀਡਰ ਜੈਫ਼ ਕੈਲਵੇ ਦੀ ਮੁਹਿੰਮ ਦੇ 2017 ਵਿਚ ਸਹਾਇਕ ਮੈਨੇਜਰ ਰਹੇ ਕੈਮਰਾਨ ਡੇਵੀਜ਼ ਨੂੰ ਦੋ ਮਾਮਲਿਆਂ ਵਿਚ 15000 ਡਾਲਰ ਦਾ ਜੁਰਮਾਨਾ ਕੀਤਾ ਹੈ। ਉਸ ਨੂੰ ਦੋ ਮਾਮਲਿਆਂ ਵਿਚ 75-7500 ਡਾਲਰ ਦੇ ਜ਼ੁਰਮਾਨੇ ਕੀਤੇ ਗਏ ਹਨ। ਪਰ ਜ਼ੁਰਮਾਨਾ ਕਿਸ ਮਾਮਲੇ ਵਿਚ ਸੁਣਾਇਆ ਗਿਆ ਹੈ ਤੇ ਜੁਰਮ ਕੀ ਹੈ ਇਸ ਸਬੰਧ ਵਿਚ ਅਜੇ ਤੱਕ ਵੇਰਵੇ ਜਾਰੀ ਨਹੀਂ ਕੀਤੇ ਗਏ। ਚੋਣ ਕਮਿਸ਼ਨਰ ਲੋਰਨ ਗਿਬਸਨ ਨੇ ਕਿਹਾ ਕਿ ਕਾਨੂੰਨ ਵਿਚ ਕੁਝ ਮਦਾਂ ਹਨ ਜਿਨ੍ਹਾਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਹੁਣ ਕੈਰਨ ਬਰਾਊਨ ਨੂੰ ਚੋਣ ਕਮਿਸ਼ਨਰ ਵਲੋਂ 3500 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਹੈ। ਇਹ ਜ਼ੁਰਮਾਨਾ ਫੰਡ ਵਿਚ ਬੇਨਿਯਮੀ ਨੂੰ ਲੈ ਕੇ ਕੀਤਾ ਗਿਆ ਹੈ। ਯੂਸੀਪੀ ਦੇ ਪ੍ਰਬੰਧਕੀ ਮੈਨੇਜਰ ਨੇ ਇਸ 'ਤੇ ਕਿਹਾ ਕਿ ਚੋਣ ਕਮਿਸ਼ਨਰ ਨੇ ਇਸ ਮਾਮਲੇ ਵਿਚ ਸਾਨੂੰ ਅਜੇ ਤੱਕ ਕੋਈ ਜਾਣਕਾਰੀ ਨਹੀਂ ਭੇਜੀ। ਅਸਲ ਵਿਚ ਅਜਿਹਾ ਕਹਿ ਕੇ ਯੂਸੀਪੀ ਵਲੋਂ ਆਪਣਾ ਪੱਲਾ ਝਾੜਿਆ ਗਿਆ ਹੈ ਕਿਉਂਕਿ ਹੁਣ ਯੂਸੀਪੀ ਦੀ ਚਰਚਾ ਚੋਣ ਕਮਿਸ਼ਨਰ ਵਲੋਂ ਸੁਣਾਏ ਗਏ ਜ਼ੁਰਮਾਨਿਆਂ ਕਾਰਨ ਜ਼ਿਆਦਾ ਹੋ ਰਹੀ ਹੈ। ਦੂਜੇ ਪਾਸੇ ਡੇਵੀਜ਼ ਦੇ ਵਕੀਲ ਦਾ ਕਹਿਣਾ ਹੈ ਕਿ ਡੇਵੀਜ਼ ਨੇ ਦੋਸ਼ਾਂ ਨੂੰ ਨਕਾਰਿਆ ਹੈ। ਉਹ ਇਸ ਮਾਮਲੇ ਨੂੰ ਲੈ ਕੇ ਕੋਰਟ ਆਫ਼ ਕੁਈਨ ਬੈਂਚ ਵਿਚ ਅਪੀਲ ਕਰ ਰਿਹਾ ਹੈ।

ਸਰਕਾਰ ਸੰਤੁਲਤ ਬੱਜਟ 2023 ਲਈ ਸਹੀ ਰਸਤੇ 'ਤੇ: ਜੋ ਸੀਸੀ



ਐਡਮਿੰਟਨ-ਨਦਬ: ਪਿਛਲੇ ਦਿਨੀਂ ਸੂਬੇ ਦੇ ਵਿੱਤ ਮੰਤਰੀ ਜੋ ਸੀਸੀ ਨੇ ਕਿਹਾ ਕਿ ਬਜਟ ਨੂੰ ਸੰਤੁਲਤ ਕਰਨ ਦੇ ਮਾਮਲੇ ਵਿਚ ਅਸੀਂ ਬਿਲਕੁਲ ਸਹੀ ਰਸਤੇ ਉੱਪਰ ਹਾਂ। ਜੇਕਰ ਏਦਾਂ ਚਲਦੇ ਰਹੇ ਤਾਂ 2023 ਤੱਕ ਬਜਟ ਸੰਤੁਲਤ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 2018-19 ਵਿਚ ਜਿੰਨੇ ਵਿੱਤੀ ਘਾਟੇ ਦੀ ਉਮੀਦ ਕੀਤੀ ਜਾ ਰਹੀ ਸੀ, ਵਿੱਤੀ ਘਾਟਾ ਉਸ ਤੋਂ ਵੀ 1.9 ਬਿਲੀਅਨ ਡਾਲਰ ਘੱਟ ਹੈ। ਸਾਡਾ ਅੰਦਾਜ਼ਾ ਸੀ ਕਿ ਵਿੱਤੀ ਘਾਟਾ 8.8 ਬਿਲੀਅਨ ਡਾਲਰ ਰਹੇਗਾ ਜਦੋਂਕਿ ਪੂਰੀ ਉਮੀਦ ਹੈ ਕਿ ਬਜਟ ਵਿਚ ਇਹ ਘਾਟਾ 6.9 ਬਿਲੀਅਨ ਡਾਲਰ ਦਾ ਹੋਵੇਗਾ। ਇੱਥੇ ਸੀਸੀ ਨੇ ਇਹ ਜਾਣਕਾਰੀ ਦਿੱਤੀ ਕਿ ਕਾਨਫਰੰਸ ਬੋਰਡ ਆਫ਼ ਕਨੇਡਾ ਵਲੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ 2019 ਵਿਚ ਅਲਬਰਟਾ ਦਾ ਵਿਕਾਸ ਹੌਲੀ ਰਹੇਗਾ। ਸਬੰਧਤ ਮਾਹਰਾਂ ਦਾ ਅੰਦਾਜ਼ਾ ਹੈ ਕਿ ਅਲਬਰਟਾ ਦਾ ਆਰਥਕ ਵਿਕਾਸ 1.3 ਪ੍ਰਤੀਸ਼ਤ ਦੀ ਦਰ ਨਾਲ ਹੌਲੀ ਰਹੇਗਾ। ਦੂਜੇ ਪਾਸੇ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਊਰਜਾ ਸੰਕਟ ਦੇ ਬਾਵਜੂਦ 2019 ਦੌਰਾਨ ਅਲਬਰਟਾ ਵਿਚ ਰੁਜ਼ਗਾਰ ਦੀ ਦਰ ਵਿਚ 1.1 ਪ੍ਰਤੀਸ਼ਤ ਦਾ ਵਾਧਾ ਹੋਵੇਗਾ।

ਅਲਬਰਟਾ ਦੇ ਜੀਡੀਪੀ ਵਿਕਾਸ ਬਾਰੇ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿ 2018-19 ਦਰਮਿਆਨ ਕ੍ਰਮਵਾਰ ਇਹ ਵਿਕਾਸ ਦਰ 2.7 ਪ੍ਰਤੀਸ਼ਤ ਅਤੇ 2.5 ਪ੍ਰਤੀਸ਼ਤ ਰਹੇਗੀ ਪਰ 2018 ਦੇ ਬਜਟ ਵਿਚ ਜਦੋਂ ਇਨ੍ਹਾਂ ਅੰਕੜਿਆਂ ਦੀ ਪੜਚੋਲ ਕੀਤੀ ਗਈ ਤਾਂ ਇਹ ਕ੍ਰਮਵਾਰ 2.4 ਪ੍ਰਤੀਸ਼ਤ ਅਤੇ 1.6 ਪ੍ਰਤੀਸ਼ਤ ਰਹੀ। ਸਾਨੂੰ ਲੱਗਦਾ ਹੈ ਕਿ 2019 ਦੇ ਪਿਛਲੇ ਅੱਧ ਅਤੇ 2020 ਦਰਮਿਆਨ ਜੀਡੀਪੀ ਵਿਕਾਸ ਦਰ ਕੁਝ ਉੱਤੇ ਜਾਵੇਗੀ।

ਦੂਜੇ ਪਾਸੇ ਯੂਸੀਪੀ ਵਲੋਂ ਕਿਹਾ ਗਿਆ ਕਿ ਐਨਡੀਪੀ ਵਲੋਂ ਬਜਟ ਨੂੰ ਲੈ ਕੇ ਤਸਵੀਰਕਸ਼ੀ ਕੀਤੀ ਜਾ ਰਹੀ ਹੈ। ਯੂਸੀਪੀ ਦੇ ਹਾਊਸ ਲੀਡਰ ਜੇਸਨ ਨਿਕਸਨ ਨੇ ਕਿਹਾ ਕਿ ਸੂਬੇ ਦੇ ਹਾਲਾਤ ਬਾਰੇ ਮੈਂ ਜਾਣਦਾ ਹਾਂ, ਉਹ ਐਨਡੀਪੀ ਦੇ ਆਗੂਆਂ ਦੁਆਰਾ ਦੱਸੇ ਗਏ ਹਾਲਾਤ ਨਾਲ ਮੇਲ ਨਹੀਂ ਖਾਂਦੇ। ਯੂਸੀਪੀ ਦੇ ਵਿੱਤੀ ਆਲੋਚਕ ਨੇ ਕਿਹਾ ਕਿ ਕਾਨਫਰੰਸ ਬੋਰਡ ਆਫ਼ ਕਨੇਡਾ ਦੁਆਰਾ ਜਾਰੀ ਕੀਤੇ ਗਏ ਅੰਕੜੇ ਚੁਣੌਤੀ ਭਰਪੂਰ ਹਨ।







ਪੰਜਾਬੀ ਕੈਬ ਡਰਾਈਵਰ ’ਤੇ ਹਮਲਾ, ਮੁਲਜ਼ਮ ਗ੍ਰਿਫ਼ਤਾਰ

ਐਡਮਿੰਟਨ-ਨਦਬ: ਪਿਛਲੇ ਦਿਨੀਂ ਐਡਮਿੰਟਨ ਵਿਚ ਪੰਜਾਬੀ ਮੂਲ ਦੇ ਡਰਾਈਵਰ ਬਲਵਿੰਦਰ ਸਿੰਘ ਮੰਡੇਰ ਨਾਲ ਸਵਾਰੀ ਵੱਲੋਂ ਹੱਥੋਪਾਈ ਕੀਤੀ ਗਈ। ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਮੰਡੇਰ ਨੇ ਰਾਤ ਨੂੰ ਤਕਰੀਬਨ ਦੋ ਵਜੇ ਸਾਊਥਈਸਟ ਐਡਮਿੰਟਨ



ਤੋਂ ਦੋ ਸਵਾਰੀਆਂ ਨੂੰ ਚੁੱਕਿਆ ਸੀ। ਇੱਕ ਸਵਾਰੀ ਉਤਾਰਨ ਤੋਂ ਬਾਅਦ ਉਹ ਜਦੋਂ ਦੂਜੀ ਸਵਾਰੀ ਨੂੰ ਉਤਾਰਣ ਲਈ ਗਿਆ ਤਾਂ ਉਸ ਸਵਾਰੀ ਨੇ ਉਸ ਨੂੰ ਸਹੀ ਪਤਾ ਨਹੀਂ ਦੱਸਿਆ। ਇੱਕ ਦੋ ਪਤੇ ਬਦਲਣ ਤੋਂ ਬਾਅਦ ਬਲਵਿੰਦਰ ਸਿੰਘ ਨੂੰ ਸਵਾਰੀ ’ਤੇ ਸ਼ੱਕ ਹੋ ਗਿਆ ਅਤੇ ਉਸ ਨੇ ਕਾਰ ਪੁਲੀਸ ਸਟੇਸ਼ਨ ਸਾਹਮਣ ਲਿਜਾ ਕੇ ਰੋਕ ਲਈ ਪਰ ਪੁਲੀਸ ਸਟੇਸ਼ਨ ਬੰਦ ਸੀ। ਉਸ ਨੇ ਕਾਰ ਵਿਚੋਂ ਬਾਹਰ ਨਿੱਕਲ ਕੇ ਫੋਨ ਰਾਹੀਂ ਪੁਲੀਸ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ ਤੇ ਅਤੇ ਆਪਣੀ ਲੋਕੇਸ਼ਨ ਪੁਲੀਸ ਅਫ਼ਸਰਾਂ ਨੂੰ ਦੱਸੀ।

ਇਸ ਤੋਂ ਬਾਅਦ ਜਦੋਂ ਉਹ ਕਾਰ ਕੋਲ ਵਾਪਸ ਪਰਤਿਆ ਤਾਂ ਸਵਾਰੀ ਉਸ ਨਾਲ ਹੱਥੋਪਾਈ ਹੋ ਗਈ। ਇਸ ਦੌਰਾਨ ਬਲਵਿੰਦਰ ਸਿੰਘ ਮੰਡੇਰ ਦੇ ਕਾਫ਼ੀ ਸੱਟਾਂ ਲੱਗੀਆ। ਪੁਲੀਸ ਨੇ ਘਟਨਾ ਸਥਾਨ ’ਤੇ ਪੁੱਜ ਕੇ ਦੋਸ਼ੀ ਨੂੰ ਮੌਕੇ ’ਤੇ ਗ੍ਰਿਫ਼ਤਾਰ ਕਰ ਲਿਆ।

ਇਸ ਘਟਨਾ ਤੋਂ ਬਾਅਦ ਬਲਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਡਰਾਈਵਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਪ੍ਰਸ਼ਾਸਨ ਨੂੰ ਪੁਖਤਾ ਕਦਮ ਚੁੱਕਣੇ ਚਾਹੀਦੇ ਹਨ।



ਪਲੀ ਨੇ ਮਨਾਇਆ 16ਵਾਂ ਸਾਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਨ

ਪੰਜਾਬੀ ਨੂੰ ਹਰ ਪੱਧਰ ’ਤੇ ਅੱਗੇ ਲਿਆਉਣ ਦੀ ਲੋੜ ’ਤੇ ਜ਼ੋਰ

ਸਰੀ (ਨਦਬ) : ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ 23 ਫਰਵਰੀ ਨੂੰ ਸਰੀ ਸਥਿਤ ਕਵਾਂਟਲਿਨ ਪਾਲਿਟਕਿਨਕ ਯੂਨੀਵਰਸਿਟੀ (ਕੇ. ਪੀ.ਯੂ) ਵਿਚ ਆਪਣਾ ਸੋਲ੍ਹਵਾਂ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ ਗਿਆ। ਪਲੀ, ਇਸ ਦੀ ਲੰਮੇ ਸਮੇਂ ਤੋਂ ਸਹਿਯੋਗੀ ਰਹੀ ਜਥੇਬੰਦੀ ਦੀਪਕ ਬਿਨਿੰਗ ਫਾਊਂਡੇਸ਼ਨ (ਡੀ.ਬੀ.ਐਫ.), ਜਿਸ ਨੇ ਕਵਾਂਟਲਿਨ ਨੂੰ ਵਿਦਿਆਰਥੀਆਂ ਦੀ ਸਹਾਇਤਾ ਵਾਸਤੇ ਦੋ ਲੱਖ ਡਾਲਰ ਦਿੱਤੇ ਹਨ, ਤਿੰਨਾਂ ਸੰਸਥਾਵਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਿਰੇ ਚੜ੍ਹਾਇਆ ਗਿਆ। ਥਾਂ ਦੇ ਨਾਲ ਨਾਲ ਬਾਕੀ ਦੇ ਲੋੜੀਂਦੇ ਖਰਚੇ ਵੀ ਯੂਨੀਵਰਸਿਟੀ ਵਲੋਂ ਹੀ ਦਿੱਤੇ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਪਲੀ ਦੀ ਮੈਂਬਰ ਪ੍ਰਭਜੋਤ ਕੌਰ ਨੇ ਕੇ ਪੀ.ਯੂ, ਡੀ.ਬੀ.ਐਫ. ਅਤੇ ਸਾਰਿਆਂ ਨੂੰ ਜੀ ਆਇਆਂ ਕਿਹਾ। ਪਲੀ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਸਾਰਿਆਂ ਦਾ ਸਵਾਗਤ ਕਰਦਿਆਂ ਸਾਊਥ ਏਸ਼ੀਅਨ ਮੀਡੀਏ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਐਲਿਮੈਂਟਰੀ, ਸੈਕੰਡਰੀ ਤੇ ਪੋਸਟ-ਸੈਕੰਡਰੀ ਅਦਾਰਿਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਐਲ ਏ ਮੈਥੇਸਨ ਸਕੂਲ ਦੀ ਅਧਿਆਪਕਾ ਅਤੇ ਭਾਈਚਾਰੇ ਵਿਚ ਸਰਗਮਰ ਐਨੀ ਓਹਾਨਾ ਨੇ ਮੁੱਖ ਭਾਸ਼ਨ ਦਿੱਤਾ। ਜਸ਼ਨ ਵਾਲੀ ਥਾਂ ’ਤੇ ਵਿਦਿਆਰਥੀਆਂ ਦੇ ਲਿਖਤੀ ਕੰਮਾਂ ਦੀ ਨੁਮਾਇਸ਼ ਲਾਈ ਗਈ। ਸਕੂਲਾਂ ਦੇ 14 ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਗੀਤ, ਕਵਿਤਾਵਾਂ, ਕਹਾਣੀਆਂ ਤੇ ਭਾਸ਼ਣਾਂ ਨੇ ਸਰੋਤਿਆ ਦਾ ਧਿਆਨ ਖਿੱਚੀ ਰੱਖਿਆ। ਇਨ੍ਹਾਂ ਵਿਦਿਆਰਥੀਆਂ ਚ ਸ਼ਾਮਲ ਸੁਖਮਨ ਕੰਬੋਅ, ਸਾਹਿਬ ਕੰਬੋਅ (ਗਰੀਨ ਟਿੰਬਰਜ਼ ਐਲਿਮੈਂਟਰੀ), ਗੁਰਜੀਤ ਰੰਧਾਵਾ (ਕੇ ਪੀ ਯੂ), ਰਾਜੀਵ ਕਲੇਰ, ਸੈਮੀ ਗਿੱਲ, ਹਰਲੀਨ ਫਗੂੜਾ, ਹਰਮੀਨ ਫਗੂੜਾ, ਕੀਰਤ ਢਿੱਲੋਂ, ਅਸ਼ਮੀਨ ਗਿੱਲ (ਪਰਿੰਸਸ ਮਾਰਗਰੈਟ ਸੈਕੰਡਰੀ) ਰਵੀਨ ਗਰੇਵਾਲ, ਪ੍ਰਭਜੋਤ ਵਸ਼ਿਸ਼ਟ, ਕਰਮਨ ਗਿੱਲ, ਅਮਨਵੀਰ ਕੌਰ ਤੇ ਜੈਸਮੀਨ ਧਾਲੀਵਾਲ (ਐਲ ਏ ਮੈਥੇਸਨ) ਸ਼ਾਮਲ ਸਨ। ਐਲ ਏ ਮੈਥੇਸਨ ਦੇ ਰਸਵੀਨ, ਜਸਮੀਨ ਸੈਣੀ, ਕੋਮਲ ਧਾਮੀ, ਪੁਨੀਤ ਬੈਂਸ, ਕੀਰਤ ਕਲੇਰ ਤੇ ਹਰਮਨ ਗਿੱਲ ਵਲੋਂ ਬਣਾਈ ਛੋਟੀ ਫਿਲਮ ‘ਤਲਾਕ’ ਵੀ ਦਿਖਾਈ ਗਈ। ਪਲੀ ਵਲੋਂ ਹਰ ਵਿਦਿਆਥੀ ਨੂੰ ਸਰਟੀਫਿਕੇਟ ਤੇ ਦੋ ਕਹਾਣੀ ਸੰਗ੍ਰਿਹ ਦਿੱਤੇ ਗਏ। ਇਹ ਕਹਾਣੀ ਸੰਗ੍ਰਹਿ ਢਾਹਾਂ ਇਨਾਮ ਵਾਲਿਆਂ ਵਲੋਂ ਛਾਪੇ ਗਏ ਹਨ।

ਪਲੀ ਦੇ ਮੀਤ ਪ੍ਰਧਾਨ ਸਾਧੂ ਬਿਨਿੰਗ ਨੇ ਭਾਈਚਾਰੇ ਨੂੰ ਇਹ ਅਪੀਲ ਕੀਤੀ ਕਿ ਉਹ ਪੰਜਾਬੀ ਨੂੰ ਹਰ ਪੱਧਰ ’ਤੇ ਅੱਗੇ ਲਿਆਉਣ ਲਈ ਸਰਗਰਮੀਆਂ ਦਾ ਹਿੱਸਾ ਬਣਨ। ਉਨ੍ਹਾਂ ਸਭ ਨੂੰ ਵੰਗਾਰਿਆ ਕਿ ਉਹ ਓਟਾਵਾ ਵਿਚ ਫੈਸਲੇ ਕਰਨ ਵਾਲਿਆਂ ਤੱਕ ਇਹ ਗੱਲ ਪਹੁੰਚਾਣ ਕਿ ਉਹ ਕਨੇਡਾ ਦੀ ਭਾਸ਼ਾ ਨੀਤੀ ਨੂੰ ਮੁੜ ਵਿਚਾਰਨ ਤੇ ਉਸ ਵਿਚ ਲੋੜੀਂਦੀਆਂ ਤਬਦੀਲੀਆਂ ਕਰਨ। ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਸਾਡੇ ਭਾਈਚਾਰੇ ਵਲੋਂ ਇਸ ਮੁਲਕ ਦੀ ਉਸਾਰੀ ਵਿਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ ਤੇ ਸਾਡੀ ਮਾਂ-ਬੋਲੀ ਕਨੇਡਾ ਵਿਚ ਅਜੇ ਵੀ ਵਿਦੇਸ਼ੀ ਬੋਲੀ ਹੈ। ਸਾਡੀ ਮਾਂ-ਬੋਲੀ ਨੂੰ ਹੁਣ ਤੱਕ ਇਸ ਮੁਲਕ ਵਿਚ ‘ਲੈਂਡਡ ਇਮੀਗਰੈਂਟ’ ਦਾ ਰੁਤਬਾ ਮਿਲ਼ ਜਾਣਾ ਚਾਹੀਦਾ ਸੀ। ਪਲੀ ਨੇ ਸਰੀ ਦੇ ਸਕੂਲ ਟਰੱਸਟੀ ਗੈਰੀ ਥਿੰਦ ਤੇ ਪਰਿੰਸਸ ਮਾਰਗਰੈਟ ਸੈਕੰਡਰੀ ਸਕੂਲ ਦੀ ਅਧਿਆਪਕਾ ਪ੍ਰੀਤ ਢਿੱਲੋਂ ਨੂੰ ਸਨਮਾਨਤ ਕੀਤਾ। ਬੀ.ਸੀ. ਦੀ ਲੈਜਿਸਲੇਚਰ ਐਸੰਬਲੀ ਵਲੋਂ ਪਲੀ ਨੂੰ ਸਰਟੀਫੀਕੇਟ ਆਫ ਐਪਰੀਸੀਏਸ਼ਨ ਦੇ ਕੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਦੇਣ ਵੇਲੇ ਬੀ.ਸੀ. ਦੇ ਪੰਜ ਵਿਧਾਇਕ ਬਰੂਸ ਰਾਲਸਟਨ, ਰਚਨਾ ਸਿੰਘ, ਜਿੰਨੀ ਸਿੰਮਜ਼, ਜਗਰੂਪ ਬਰਾੜ ਅਤੇ ਹੈਰੀ ਬੈਂਸ ਹਾਜ਼ਰ ਸਨ। ਅਖੀਰ ਵਿਚ ਬਲਵੰਤ ਸਿੰਘ ਸੰਘੇੜਾ ਨੇ ਪਲੀ ਵਲੋਂ ਵਿਸ਼ੇਸ਼ ਕਰਕੇ ਸਾਊਥ ਏਸ਼ੀਅਨ ਮੀਡੀਏ ਦਾ, ਪਲੀ ਦੇ ਵਲੰਟੀਅਰ ਅਤੇ ਭਾਈਚਾਰੇ ਦਾ ਲਗਾਤਾਰ ਮਿਲ਼ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਸਮਾਗਮ ਦੀ ਸਫਲਤਾ ਲਈ ਉਨ੍ਹਾਂ ਪਲੀ ਦੇ ਟੀਮ ਮੈਂਬਰਾਂ ਸਾਧੂ ਬਿਨਿੰਗ, ਪ੍ਰਭਜੋਤ ਕੌਰ, ਹਰਮੋਹਨਜੀਤ ਸਿੰਘ ਪੰਧੇਰ, ਦਇਆ ਜੌਹਲ, ਪਾਲ ਬਿਨਿੰਗ, ਪਰਵਿੰਦਰ ਧਾਰੀਵਾਲ, ਰਜਿੰਦਰ ਸਿੰਘ ਪੰਧੇਰ ਅਤੇ ਰਣਬੀਰ ਜੌਹਲ ਦਾ ਧੰਨਵਾਦ ਕੀਤਾ।

ਅਲਬਰਟਾ ਦੇ ਕਰੀਬ 35000 ਨੌਜਵਾਨਾਂ ਨੂੰ ਨਿਕੋਟੀਨ ਦੀ ਲਤ

ਐਡਮਿੰਟਨ-ਨਦਬ: ਐਕਸ਼ਨ ਔਨ ਸਮੋਕਿੰਗ ਐਂਡ ਹੈਲਥ ਦੀ ਪ੍ਰਬੰਧਕੀ ਨਿਰਦੇਸ਼ਕ ਲੈਸ ਹਾਗਨ ਨੇ ਹਾਈ ਸਕੂਲ ਦੇ ਵਿਦਿਆਰਥੀਆਂ ਵਿਚ ਵਧ ਰਹੀ ਨਿਕੋਟੀਨ ਦੀ ਲਤ ’ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਨਿਕੋਟੀਨ ਦੀ ਲਤ ਅਜਿਹੀ ਬਿਮਾਰੀ ਹੈ ਜਿਹੜੀ ਬੰਦੇ ਨੂੰ ਅੰਦਰੋਂ ਸਾੜ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਅਲਬਰਟਾ ਦੇ 35000 ਨੌਜਵਾਨ ਨਿਕੋਟੀਨ ਨਾਲ ਜੁੜੇ ਪਦਾਰਥਾਂ ਦੀ ਵਰਤੋਂ ਕਰ ਰਹੇ ਹਨ। ਸਕੂਲਾਂ ਵਿਚ ਪੜ੍ਹਦੇ ਵਿਦਿਆਥੀਆਂ ਵਿਚ ਜਿਊਲਸ ਕਾਫ਼ੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ਕਿਉਂਕਿ ਇਹ ਛੋਟਾ ਅਤੇ ਰੰਗਦਾਰ ਹੁੰਦਾ ਹੈ ਤੇ ਇਸ ਨੂੰ ਛੁਪਾਉਣਾ ਵੀ ਸੁਖਾਲਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਫੈਡਰਲ ਵਲੋਂ ਵੇਪਿੰਗ ਨੂੰ ਲੈ ਕੇ ਅਜਿਹਾ ਕਾਨੂੰਨ ਬਣਾਇਆ ਗਿਆ ਹੈ ਜਿਸ ਤੋਂ ਨਿਕੋਟੀਨ ਪ੍ਰੋਡਕਟ ਬਣਾਉਣ ਵਾਲੀਆਂ ਕੰਪਨੀਆਂ ਖ਼ੂਬ ਲਾਭ ਉਠਾਉਂਦੀਆਂ ਹਨ। ਉਹ ਮਾਰਕੀਟ ਵਿਚ ਆਪਣੇ ਪ੍ਰੋਡਕਟਾਂ ਨੂੰ ਲੈ ਕੇ ਟੀਵੀ, ਸੋਸ਼ਲ ਮੀਡੀਆ ਅਤੇ ਰੀਟੇਲ ਲੋਕੇਸ਼ਨਾਂ ’ਤੇ ਅਜਿਹੀਆਂ ਪ੍ਰਚਾਰ ਮੁਹਿੰਮਾਂ ਵਿੱਢਦੀਆਂ ਹਨ ਜਿਸ ਦੇ ਝਾਂਸੇ ਵਿਚ ਨੌਜਵਾਨ ਆਸਾਨੀ ਨਾਲ ਆ ਜਾਂਦੇ ਹਨ। ਵੇਪਿੰਗ ਯੰਤਰ ਤਰਲ ਸਵਾਦ ਦਿੰਦੀਆਂ ਹਨ ਜਿਸ ਨੂੰ ਈ ਜੂਸ ਕਿਹਾ ਜਾਂਦਾ ਹੈ ਤੇ ਜਿਸ ਵਿਚ ਨਿਕੋਟੀਨ ਹੁੰਦੀ ਹੈ। ਹੈਲਥ ਕਨੇਡਾ ਦੀ ਵੈਬਸਾਈਟ ਮੁਤਾਬਕ ਨੌਜਵਾਨਾਂ ਵਿਚ ਵੇਪਿੰਗ ਦੀ ਪ੍ਰੋਮੋਸ਼ਨ ਨੂੰ ਰੋਕਣ ਲਈ 2018 ਵਿਚ ਕਾਨੂੰਨ ਬਣਾਇਆ ਗਿਆ ਸੀ ਜਿਸ ਤਹਿਤ ਵੇਪ ਲਈ ਕਾਨੂੰਨੀ ਤੌਰ ’ਤੇ ਘੱਟੋ ਘੱਟ ਉਮਰ 18 ਸਾਲ ਤਹਿ ਕੀਤੀ ਗਈ ਹੈ। ਪਿਛਲੇ ਸਾਲ ਹੈਲਥ ਕਨੇਡਾ ਵਲੋਂ ਪੁਸ਼ਟੀ ਕੀਤੀ ਗਈ ਸੀ ਕਿ ਵੇਪਿੰਗ ਯੰਤਰ ਸਮੋਕਿੰਗ ਦੀ ਲਤ ਤੋਂ ਖਹਿੜਾ ਛੁਡਾਉਣ ਲਈ ਹਥਿਆਰ ਹੈ ਪਰ ਇਹ ਚਿਤਾਵਨੀ ਵੀ ਦਿੱਤੀ ਗਈ ਸੀ ਕਿ ਇਹ ਫੇਫੜਿਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਤੇ ਇਸ ਨਾਲ ਨਿਕੋਟੀਨ ਦੀ ਲਤ ਵੀ ਲੱਗ ਸਕਦੀ ਹੈ।

ਸਕੂਲਾਂ ’ਚ ਵੱਖਰੇ ਕਮਰਿਆਂ ਦੀ ਵਿਵਸਥਾ ਖਤਮ, ਸਤੰਬਰ ਤੋਂ ਹੁਕਮ ਲਾਗੂ



ਐਡਮਿੰਟਨ-ਨਦਬ: ਸੂਬੇ ਦੇ ਸਿੱਖਿਆ ਮੰਤਰੀ ਡੇਵਿਡ ਏਗਨ ਨੇ ਜਾਣਕਾਰੀ ਦਿੱਤੀ ਕਿ ਸਤੰਬਰ 2019 ਤੱਕ ਸਕੂਲਾਂ ’ਚ ਵੱਖਰੇ ਕਮਰਿਆਂ ਦੀ ਵਿਵਸਥਾ ਖਤਮ ਕਰ ਦਿੱਤੀ ਜਾਵੇਗੀ। ਇਸ ਫੈਸਲੇ ਨੂੰ ਲੈ ਕੇ ਸਿੱਖਿਆ ਨਾਲ ਜੁੜੇ ਮਾਹਰਾਂ ਤੇ ਮਾਪਿਆਂ ਵਲੋਂ ਸਵਾਲ ਕੀਤਾ ਜਾ ਰਿਹਾ ਹੈ ਕਿ ਜਿਹੜੇ ਬੇਹੱਦ ਸ਼ਰਾਰਤੀ ਬੱਚੇ ਹੁੰਦੇ ਹਨ ਜਾਂ ਕੁਝ ਬੱਚਿਆਂ ਨੂੰ ਕੁਦਰਤੀ ਸਮੱਸਿਆਵਾ ਹੁੰਦੀਆਂ ਹਨ, ਉਨ੍ਹਾਂ ਲਈ ਵਿਸ਼ੇਸ਼ ਤੌਰ ’ਤੇ ਕੀ ਪ੍ਰਬੰਧ ਕੀਤੇ ਜਾਣਗੇ। ਦੂਜੇ ਪਾਸੇ ਕੁਝ ਲੋਕਾਂ ਤੇ ਮਾਪਿਆਂ ਦਾ ਕਹਿਣਾ ਹੈ ਕਿ ਅਜਿਹੇ ਬੱਚਿਆਂ ਨੂੰ ਵੱਖਰੇ ਤੌਰ ’ਤੇ ਨਹੀਂ ਰੱਖਿਆ ਜਾਣਾ ਚਾਹੀਦਾ। ਇਸ ਨਾਲ ਬੱਚੇ ਦੀ ਮਾਨਸਿਕਤਾ ’ਤੇ ਬੁਰਾ ਅਸਰ ਪੈਂਦਾ ਹੈ ਜਦੋਂਕਿ ਬੱਚੇ ਨੂੰ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ। ਸਿੱਖਿਆ ਮੰਤਰੀ ਨੇ ਕਿਹਾ, “ਮੈਂ ਵੱਖਰੇ ਕਮਰਿਆਂ ਬਾਰੇ ਬੱਚਿਆਂ ਤੇ ਮਾਪਿਆਂ ਦੇ ਅਨੁਭਵ ਸਮਝੇ ਹਨ, ਇਹ ਬਹੁਤੇ ਚੰਗੇ ਨਹੀਂ ਹਨ। ਸਾਨੂੰ ਬੱਚਿਆਂ ਲਈ ਹੋਰ ਬਿਹਤਰ ਕਰਨਾ ਚਾਹੀਦਾ ਹੈ।” ਉਨ੍ਹਾਂ ਕਿਹਾ ਕਿ ਸਾਡੇ ਵਲੋਂ ਸਿਰਫ਼ ਇਹ ਫੈਸਲਾ ਹੀ ਨਹੀਂ ਲਿਆ ਗਿਆ ਹੈ ਸਗੋਂ ਇਸ ਨੂੰ ਯਕੀਨੀ ਬਣਾਉਣ ਲਈ ਇਸ ਦੀ ਨਜ਼ਰਸਾਨੀ ਕੀਤੀ ਜਾਵੇਗੀ ਤੇ ਸਕੂਲ ਅਥਾਰਟੀਆਂ ਤੋਂ ਐਲਾਨਨਾਮੇ ’ਤੇ ਦਸਤਖ਼ਤ ਵੀ ਕਰਵਾਏ ਜਾਣਗੇ। ਇਨਕਲੁਜ਼ਨ ਅਲਬਰਟਾ ਦੀ ਸੀਈਓ ਟ੍ਰਿਸ ਬੋਅਮੈਨ ਨੇ ਫੈਸਲੇ ਦਾ ਸਵਾਗਤ ਕੀਤਾ ਹੈ ਤੇ ਕਿਹਾ ਕਿ ਦੇਸ਼ ਭਰ ਵਿਚ ਅਲਬਰਟਾ ਅਜਿਹਾ ਪਹਿਲਾ ਸੂਬਾ ਬਣ ਗਿਆ ਹੈ ਜਿਹੜਾ ਵੱਖਰੇ ਕਮਰਿਆਂ ਦੀ ਵਿਵਸਥਾ ’ਤੇ ਪਾਬੰਦੀ ਲਾਵੇਗਾ। ਜ਼ਿਕਰਯੋਗ ਹੈ ਕਿ ਏਗਨ ਵਲੋਂ ਇਸ ਮਾਮਲੇ ’ਤੇ ਵਿਚਾਰ ਕਰਨ ਲਈ ਅੱਠ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ ਜਿਸ ਦੀਆਂ ਸਿਫ਼ਾਰਸ਼ਾਂ ਵਿਚ ਸਾਹਮਣੇ ਆਇਆ ਕਿ ਹੁਣ ਵੱਖਰੇ ਕਮਰਿਆਂ ਦੀ ਵਿਵਸਥਾ ਦਾ ਸਮਾਂ ਬੀਤ ਗਿਆ ਹੈ। ਸਭ ਬੱਚਿਆਂ ਨੂੰ ਭਾਵੇਂ ਉਹ ਕਿਸੇ ਵੀ ਹਾਲਤ ਵਿਚ ਹੋਣ, ਉਨ੍ਹਾਂ ਪ੍ਰਤੀ ਸਦਭਾਵਨਾ ਦਾ ਵਿਹਾਰ ਕਾਇਮ ਰਹਿਣਾ ਚਾਹੀਦਾ ਹੈ। ਖ਼ਾਸ ਕਰਕੇ ਅਪਾਹਜ ਬੱਚਿਆਂ ਨੂੰ ਰੱਤੀ ਭਰ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ 23 ਮਾਰਚ ਨੂੰ ਕਰਵਾਏ ਜਾ ਰਹੇ ਸਮਾਗਮ ਦੀਆਂ ਤਿਆਰੀਆਂ ਮੁਕੰਮਲ

ਕੈਲਗਰੀ (ਜੋਰਾਵਰ ਬਾਂਸਲ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ 23 ਮਾਰਚ 2019 ਨੂੰ ‘ਬੱਚਿਆਂ ਵਿਚ ਪੰਜਾਬੀ ਬੋਲਣ ਦੀ ਮੁਹਾਰਤ’ ਸਬੰਧੀ 8ਵਾਂ ਸਮਾਗਮ ਵਾਈਟਹੌਰਨ ਕਮਿਊਨਟੀ ਹਾਲ ਨੌਰਥਈਸਟ ਵਿਚ ਸ਼ਨੀਵਾਰ ਬਾਅਦ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਹੋਏਗਾ। ਇਸ ਵਿਚ ਦੋ ਤੋਂ ਦਸ ਗਰੇਡ ਦੇ ਬੱਚੇ ਭਾਗ ਲੈ ਸਕਣਗੇ। ਪ੍ਰੋਗਰਾਮ ’ਚ ਹਿੱਸਾ ਲੈਣ ਲਈ ਬੱਚਿਆਂ ਦੇ ਪਰਿਵਾਰ ਨੂੰ ਅਪੀਲ ਹੈ ਕਿ ਦਾਖਲੇ ਦੀ ਆਖਰੀ ਤਰੀਕ 17 ਮਾਰਚ ਹੈ। ਜੇਤੂ ਬੱਚਿਆਂ ਦਾ ਸਨਮਾਨ ਕੀਤਾ ਜਾਏਗਾ। ਖੇਡਾਂ ’ਚ ਮੱਲ੍ਹਾਂ ਮਾਰਨ ਵਾਲੀ ਬੱਚੀ ਮਨਦੀਪ ਕੌਰ ਸੰਘਾ ਤੇ ਸਮਾਜ ਸੇਵਾ ’ਚ ਯੋਗਦਾਨ ਪਾਉਣ ਵਾਲੇ ਬੱਚੇ ਮੇਹੁਲ ਗੁਪਤਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਏਗਾ। ਬਾਲ ਲੇਖਕਾ ਸਨਮਵੀਰ ਕੌਰ ਸੰਧੂ ਦਾ ਪਲੇਠਾ ਕਾਵਿ ਸੰਗ੍ਰਹਿ ‘ਪੁੰਗਰਦੀ ਕਲੀ’ ਲੋਕ ਅਰਪਣ ਕੀਤਾ ਜਾਏਗਾ। ਕੈਲਗਰੀ ਗਿੱਧਾ ਤੇ ਡਾਂਸ ਅਕੈਡਮੀ ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਮੌਕੇ ‘ਆਈ ਕੈਨ ਫਾਰ ਕਿੱਡਸ’ ਸੰਸਥਾ ਲਈ ‘ਪੀਨਟ ਬਟਰ’ (ਪੋਰਕ ਫਰੀ) ’ਤੇ ਕਿਸੇ ਵੀ ਤਰ੍ਹਾਂ ਦੇ ‘ਸੀਰੀਅਲ’ (ਡੱਬਾ ਬੰਦ ਭੋਜਨ) ਦਾਨ ਕਰ ਸਕਦੇ ਹੋ। ਚਾਹ ਸਨੈਕਸ ਦਾ ਪ੍ਰਬੰਧ ਸਭਾ ਵਲੋਂ ਹੋਏਗਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੂੰ 403 680 3212 ਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403 714 6848 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਫੋਟੋ ਰਾਡਾਰ ਪ੍ਰੋਗਰਾਮ ਦੀ ਸਾਰਥਿਕਤਾ ਸਿੱਧ ਕਰਨ ਲਈ ਮਿਊਂਸੀਪਲਿਟੀਆਂ ਕੋਲ ਇਕ ਸਾਲ ਦਾ ਸਮਾਂ

ਐਡਮਿੰਟਨ-ਨਦਬ: ਪਿਛਲੇ ਦਿਨੀਂ ਚਿਰ ਤੋਂ ਉਡੀਕੀ ਜਾ ਰਹੀ ਰਿਪੋਰਟ ਸੂਬਾ ਸਰਕਾਰ ਵਲੋਂ ਜਾਰੀ ਕੀਤੀ ਗਈ ਜਿਸ 'ਤੇ ਟਿੱਪਣੀ ਕਰਦਿਆਂ ਅਲਬਰਟਾ ਦੇ ਟ੍ਰਾਂਸਪੋਰਟ ਮਾਮਲਿਆਂ ਬਾਰੇ ਮੰਤਰੀ ਬਰੇਨ ਮੈਸਨ ਨੇ ਕਿਹਾ ਕਿ ਮਿਊਂਸੀਪਲਿਟੀਆਂ ਵਲੋਂ ਫੋਟੋ ਰਾਡਾਰ ਨੂੰ ਪੈਸਾ ਬਣਾਉਣ ਦਾ ਸਾਧਨ ਬਣਾ ਲਿਆ ਗਿਆ ਹੈ। ਜਦੋਂਕਿ ਸੜਕ ਸੁਰੱਖਿਆ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਰਿਪੋਰਟ ਨੂੰ ਪੜਚੋਲਦਿਆਂ ਟਰੈਫਿਕ ਸੁਰੱਖਿਆ ਵਿਚ ਸੁਧਾਰ ਕਰਨ ਲਈ ਸੂਬਾ ਸਰਕਾਰ ਨਵੇਂ ਦਿਸ਼ਾ ਨਿਰਦੇਸ਼ਾਂ ਵਿਚ ਬਦਲਾਅ ਕਰ ਰਹੀ ਹੈ।



ਇਸ ਸਬੰਧ ਵਿਚ ਬਣਾਈ ਜਾ ਰਹੀ ਨਵੀਂ ਨੀਤੀ ਅਧੀਨ ਨਿਸਚਿਤ ਦੂਰੀ ਤਹਿਤ ਕੁਝ ਸਮੇਂ ਲਈ ਫੋਟੋ ਰਾਡਾਰ 'ਤੇ ਪਾਬੰਦੀ ਲਗਾਈ ਜਾ ਰਹੀ ਹੈ। ਸੂਬੇ ਵਲੋਂ ਮਿਊਂਸੀਪਲਿਟੀਆਂ ਨੂੰ ਇੱਕ ਸਾਲ ਦਾ ਸਮਾਂ ਦਿੱਤਾ ਜਾਵੇਗਾ ਜਿਸ ਤਹਿਤ ਉਨ੍ਹਾਂ ਨੂੰ ਫੋਟੋ ਰਾਡਾਰ ਦੀ ਸਾਰਥਿਕਤਾ ਸਿੱਧ ਕਰਨੀ ਹੋਵੇਗੀ। ਮੈਸਨ ਨੇ ਕਿਹਾ ਕਿ ਜੇਕਰ ਇਨ੍ਹਾਂ ਦੀ ਸਾਰਥਿਕਤਾ ਸਿੱਧ ਨਹੀਂ ਹੁੰਦੀ ਤਾਂ ਫੋਟੋ ਰਾਡਾਰ ਪ੍ਰੋਗਰਾਮ ਨੂੰ ਖਾਰਜ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਪ੍ਰੋਗਰਾਮ 2017 ਵਿਚ ਬਣਾਇਆ ਗਿਆ ਸੀ।

ਦੂਜੇ ਪਾਸੇ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਫੋਟੋ ਰਾਡਾਰ ਰਾਹੀਂ ਹੋਣ ਵਾਲੀ ਆਮਦਨ ਵਿਚੋਂ 2016-17 ਦਰਮਿਆਨ ਲਗਭਗ ਅੱਧਾ ਧਨ ਮਿਊਂਸੀਪਲਿਟੀਆਂ ਨੂੰ ਗਿਆ ਹੈ ਤੇ ਬਾਕੀ ਸੂਬੇ ਅਤੇ ਅਪਰਾਧ ਪੀੜਤਾਂ ਨੂੰ ਫੰਡ ਦੇ ਰੂਪ ਵਿਚ ਵੰਡ ਦਿੱਤਾ ਗਿਆ ਹੈ।

ਇਸ ਪ੍ਰੋਗਰਾਮ ਅਧੀਨ ਐਡਮਿੰਟਨ ਵਲੋਂ ਸਭ ਤੋਂ ਵੱਧ 50.8 ਮਿਲੀਅਨ ਡਾਲਰ ਇਕੱਠੇ ਕੀਤੇ ਗਏ ਜਦੋਂਕਿ ਕੈਲਗਰੀ 38 ਮਿਲੀਅਨ ਡਾਲਰ ਇਕੱਠੇ ਕਰ ਕੇ ਦੂਜੇ ਨੰਬਰ 'ਤੇ ਰਿਹਾ। ਕੈਲਗਰੀ ਵਿਚ ਫੋਟੋ ਰਾਡਾਰ 1000 ਥਾਂਵਾਂ 'ਤੇ ਲਗਾਏ ਹਨ ਜਦੋਂਕਿ ਐਡਮਿੰਟਨ ਵਿਚ 370 ਥਾਂਵਾਂ 'ਤੇ ਹਨ ਪਰ ਐਡਮਿੰਟਨ ਵਲੋਂ ਇਸ ਪ੍ਰਣਾਲੀ ਨੂੰ ਚਲਾਉਣ ਲਈ ਇੱਕ ਮਿਲੀਅਨ ਘੰਟੇ ਕੈਲਗਰੀ ਨਾਲੋਂ ਜ਼ਿਆਦਾ ਖਰਚ ਕੀਤੇ ਗਏ ਹਨ।

ਮੇਅਰ ਡਾਨ ਇਵਸਨ ਵਲੋਂ ਫੋਟੋ ਰਾਡਾਰ ਪ੍ਰਣਾਲੀ ਦਾ ਪੱਖ ਲਿਆ ਗਿਆ ਹੈ ਉਨ੍ਹਾਂ ਕਿਹਾ ਕਿ ਇਸ ਨਾਲ ਟਰੈਫਿਕ ਪਾਰਦਰਸ਼ੀ ਹੋਈ ਹੈ ਤੇ ਇਕੱਠਾ ਹੋਇਆ ਫੰਡ ਟ੍ਰੈਫਿਕ ਸੁਰੱਖਿਆ ਨਾਲ ਜੁੜੇ ਪ੍ਰੋਗਰਾਮਾਂ 'ਤੇ ਖਰਚਿਆ ਜਾਂਦਾ ਹੈ। ਸਿਟੀ ਦੇ ਨਵੇਂ ਪੁਲੀਸ ਮੁਖੀ ਡੇਲ ਮੈਕ ਫੀ ਦਾ ਕਹਿਣਾ ਹੈ ਕਿ ਫੋਟੋ ਰਾਡਾਰ ਪ੍ਰਣਾਲੀ ਵੀ ਹੋਰ ਵਿਧੀਆਂ ਵਾਂਗ ਅਜਿਹੀ ਵਿਧੀ ਹੈ, ਜਿਸ ਨਾਲ ਟ੍ਰੈਫਿਕ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

ਦੱਸਣਾ ਬਣਦਾ ਹੈ ਕਿ 2016-17 ਵਿਚ ਇਸ ਪ੍ਰੋਗਰਾਮ ਤਹਿਤ 220 ਮਿਲੀਅਨ ਡਾਲਰ ਦਾ ਰੈਵਿਨਿਊ ਇਕੱਠਾ ਹੋਇਆ ਸੀ। ਸਭ ਤੋਂ ਵੱਧ ਰੈਵਿਨਿਊ ਐਡਮਿੰਟਨ ਅਤੇ ਕੈਲਗਰੀ ਵਿਚ ਇਕੱਠਾ ਹੋਇਆ ਹੈ।

ਗੁਰਬਚਨ ਬਰਾੜ ਦੀ ਚੋਣ ਮੁਹਿੰਮ ਨੂੰ ਮਿਲਿਆ ਹੁੰਗਾਰਾ



ਕੈਲਗਰੀ ਨਾਰਥ-ਈਸਟ ਹਲਕੇ ਤੋਂ ਉਮੀਦਵਾਰ ਗੁਰਬਚਨ ਬਰਾੜ ਆਪਣੀ ਟੀਮ ਨਾਲ਼ ਚੋਣ ਪ੍ਰਚਾਰ ਕਰਦੇ ਹੋਏ।

ਕੈਲਗਰੀ (ਨਦਬ) :ਅਲਬਰਟਾ ਦੇ ਟਰੇਡ ਅਤੇ ਕਾਮਰਸ ਮੰਤਰੀ ਡੈਰਨ ਬਿਲਿਸ ਨੇ ਕੈਲਗਰੀ ਦੇ ਵੀਵੋ ਸੈਂਟਰ ਵਿਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਲਬਰਟਾ ਸੂਬੇ ਦੀ ਐਨਡੀਪੀ ਸਰਕਾਰ ਨੇ ਹਮੇਸ਼ਾ ਹੀ ਛੋਟੀਆਂ ਸਨਅਤਾਂ ਦੇ ਹੱਕ ਦੀ ਗੱਲ ਕੀਤੀ ਹੈ। ਇਹ ਸਮਾਗਮ ਕੈਲਗਰੀ ਦੇ ਨਾਰਥ-ਈਸਟ ਹਲਕੇ ਤੋਂ ਐਨਡੀਪੀ ਦੇ ਉਮੀਦਵਾਰ ਗੁਰਬਚਨ ਬਰਾੜ ਦੀ ਚੋਣ ਮੁਹਿੰਮ ਦੇ ਸੰਬੰਧ ਵਿਚ ਕਰਵਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਨਾਰਥ-ਈਸਟ ਹਲਕੇ ਤੋਂ ਐਨਡੀਪੀ ਦੇ ਉਮੀਦਵਾਰ ਗੁਰਬਚਨ ਬਰਾੜ ਦੀ ਚੋਣ ਮੁਹਿੰਮ ਠੰਢ ਦੇ ਬਾਵਜੂਦ ਭਖੀ ਹੋਈ ਹੈ। ਉਨ੍ਹਾਂ ਦੀ ਵਲੰਟੀਅਰ ਟੀਮ ਘਰ-ਘਰ ਜਾ ਕੇ ਐਨਡੀਪੀ ਸਰਕਾਰ ਦੀਆਂ ਪ੍ਰਾਪਤੀਆਂ ਦੱਸ ਰਹੀ ਹੈ। ਸ੍ਰੀ ਬਰਾੜ ਨੇ ਕਿਹਾ ਕਿ ਨੈਸ਼ਨਲ ਐਨਰਜੀ ਬੋਰਡ ਵਲੋਂ ਤੇਲ ਪਾਈਪ ਲਾਈਨ ਦੇ ਹੱਕ ਵਿਚ ਦਿੱਤੇ ਫੈਸਲ਼ੇ ਨਾਲ਼ ਐਨਡੀਪੀ ਦੇ ਯਤਨਾਂ ਉਪਰ ਮੋਹਰ ਲੱਗੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਈ ਵੱਡੇ ਪ੍ਰਾਜੈਕਟ ਵਿੱਢੇ ਹਨ, ਜਿਨ੍ਹਾਂ ਦੀ ਪੂਰਤੀ ਲਈ ਐਨਡੀਪੀ ਨੂੰ ਇਸ ਵਾਰ ਫਿਰ ਮੌਕਾ ਦੇਣ ਦੀ ਲੋੜ ਹੈ।

ਮਾਹਰਾਂ ਵਲੋਂ ਯੂਸੀਪੀ ਦੀ ਸਿਹਤ ਸਬੰਧੀ ਟੂ ਟੀਅਰ ਪ੍ਰਣਾਲੀ ਦੀ ਨਿਖੇਧੀ



ਐਡਮਿੰਟਨ-ਨਦਬ: ਯੂਸੀਪੀ ਵਲੋਂ ਕਿਹਾ ਗਿਆ ਹੈ ਕਿ ਜੇਕਰ ਉਹ ਚੋਣਾਂ ਵਿਚ ਜਿੱਤ ਕੇ ਸੱਤਾ ਵਿਚ ਆਉਂਦੇ ਹਨ ਤਾਂ ਸਿਹਤ ਦੇ ਖੇਤਰ ਵਿਚ ਟੂ ਟੀਅਰ ਪ੍ਰਣਾਲੀ ਲਾਗੂ ਕਰਨਗੇ ਜਿਹੜੀ ਕਿ ਅਮਰੀਕਾ ਦੇ ਹੈਲਥ ਕੇਅਰ ਪ੍ਰਣਾਲੀ ਨਾਲ ਮਿਲਦੀ ਜੁਲਦੀ ਹੈ। ਪਰ ਇਸ ਪ੍ਰਣਾਲੀ ਦੀ ਅਲਬਰਟਾ ਹੈਲਥ ਕੇਅਰ ਯੂਨੀਅਨ ਵਲੋਂ ਨਿਖੇਧੀ ਕੀਤੀ ਗਈ ਹੈ। ਪਿਛਲੇ ਹਫ਼ਤੇ ਜੇਸਨ ਕੈਨੀ ਵਲੋਂ ਕਿਹਾ ਗਿਆ ਸੀ ਕਿ ਜੇਕਰ ਯੂਸੀਪੀ ਸੱਤਾ ਵਿਚ ਆਈ ਤਾਂ ਪਹਿਲੇ ਤੀਹ ਦਿਨਾਂ ਦੇ ਅੰਦਰ ਅਲਬਰਟਾ ਹੈਲਥ ਸਰਵਿਸ ਦੀਆਂ ਸੇਵਾਵਾਂ ਦੀ ਪੜਚੋਲ ਕੀਤੀ ਜਾਵੇਗੀ। ਅਲਬਰਟਾ ਦੀ ਹੈਲਥ ਸਾਇੰਸ ਐਸੋਸੀਏਸ਼ਨ ਦੀ ਪ੍ਰਧਾਨ ਮਾਇਕ ਪਾਰਕਰ ਨੇ ਕਿਹਾ ਕੈਨੀ ਮੁਨਾਫੇ ਵਾਲੀ ਸੋਚ ਲੈ ਕੇ ਵਿਚਰ ਰਿਹਾ ਹੈ। ਉਨ੍ਹਾਂ ਦੱਸਿਆ ਕਿ 2018 ਵਿਚ ਕੈਨੀ ਵਲੋਂ ਐਲਾਨ ਕੀਤਾ ਗਿਆ ਸੀ ਕਿ ਅਲਬਰਟਾ ਵਾਸੀਆਂ ਨੂੰ ਪ੍ਰਾਈਵੇਟ ਸਿਹਤ ਸੇਵਾਵਾਂ ਚੁਣਨ ਦੀ ਖੁੱਲ ਦਿੱਤੀ ਜਾਵੇਗੀ ਤੇ ਨਾਲ ਹੀ ਪਬਲਿਕ ਫੰਡਾਂ ਰਾਹੀ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾਵੇਗਾ। ਪਾਰਕਰ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਸੀਂ ਯੂਸੀਪੀ ਨੂੰ ਚੁਣਦੇ ਹੋ ਤਾਂ ਸਿਹਤ ਸੇਵਾਵਾਂ ਨੂੰ ਖਤਰੇ ਵਿਚ ਪਾ ਸਕਦੇ ਹੋ।

2030 ਤੱਕ 30 ਪ੍ਰਤੀਸ਼ਤ ਬਿਜਲੀ ਬਦਲਵੇਂ ਸੋਮਿਆਂ ਤੋਂ ਪੈਦਾ ਕੀਤੀ ਜਾਵੇਗੀ

ਐਡਮਿੰਟਨ-ਨਦਬ: ਸੂਬੇ ਵਿਚ ਨਿਵੇਸ਼ ਨੂੰ ਵੱਧ ਤੋਂ ਵੱਧ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਪਿਛਲੇ ਦਿਨੀਂ ਬਿਜਲੀ ਦੇ ਬਦਲਵੇਂ ਸੋਮਿਆਂ ਬਾਰੇ ਵੇਰਵੇ ਜਾਰੀ ਕੀਤੇ ਗਏ। ਇਨ੍ਹਾਂ ਵੇਰਵਿਆਂ ਮੁਤਾਬਕ 2030 ਤੱਕ 30 ਪ੍ਰਤੀਸ਼ਤ ਬਿਜਲੀ ਬਦਲਵੇਂ ਸੋਮਿਆਂ ਤੋਂ ਹਾਸਲ ਕੀਤੀ ਜਾਵੇਗੀ। ਸਰਕਾਰ ਦੀ ਬਿਜਲੀ ਪੈਦਾ ਕਰਨ ਨੂੰ ਲੈ ਕੇ ਇਹ ਅਗਾਂਹਵਧੂ ਯੋਜਨਾ ਬਿਨਾਂ ਸ਼ੱਕ ਪ੍ਰਭਾਵਤ ਕਰਨ ਵਾਲੀ ਹੈ। ਇਸ ਯੋਜਨਾ ਤਹਿਤ ਪੜਾਅ ਦਰ ਪੜਾਅ ਕੋਲੇ ਤੋਂ ਪੈਦਾ ਹੋਣ ਵਾਲੀ ਬਿਜਲੀ ਨੂੰ ਘਟਾਇਆ ਜਾਵੇਗਾ ਤੇ ਇਸ ਨੂੰ ਗੈਸ ਤੋਂ ਪੈਦਾ ਕੀਤਾ ਜਾਵੇਗਾ। ਵੇਰਵਿਆਂ ਅਨੁਸਾਰ ਇਸ ਵੇਲੇ 10 ਪ੍ਰਤੀਸ਼ਤ ਬਿਜਲੀ ਬਦਲਵੇਂ ਸੋਮਿਆਂ ਤੋਂ ਪ੍ਰਾਪਤ ਕੀਤੀ ਜਾ ਰਹੀ ਹੈ। ਮਿੱਥੇ ਗਏ ਟਿੱਚਿਆਂ ਮੁਤਾਬਕ 15 ਪ੍ਰਤੀਸ਼ਤ 2022, 20 ਪ੍ਰਤੀਸ਼ਤ 2025 ਅਤੇ 26 ਪ੍ਰਤੀਸ਼ਤ 2030 ਤੱਕ ਬਦਲਵੇਂ ਸੋਮਿਆਂ ਤੋਂ ਬਿਜਲੀ ਪੈਦਾ ਕੀਤੀ ਜਾਵੇਗੀ।ਇਸ ਮਾਮਲੇ ਵਿਚ ਸਰਕਾਰ ਪਹਿਲਾਂ ਹੀ ਨਿਲਾਮੀ ਪ੍ਰਕਿਰਿਆ ਦੇ ਤਿੰਨ ਪੜਾਅ ਪੂਰੇ ਕਰ ਚੁੱਕੀ ਹੈ। ਜਿਸ ਨਾਲ ਇਹ ਯਕੀਨੀ ਹੋ ਗਿਆ ਹੈ ਕਿ 1360 ਐਮ ਡਬਲਿਯੂ ਬਿਜਲੀ ਬਦਲਵੇਂ ਸੋਮਿਆਂ ਤੋਂ ਪੈਦਾ ਹੋਣੀ ਤੈਅ ਹੈ। ਵਾਤਾਵਰਣ ਨਾਲ ਜੁੜੇ ਮਾਮਲਿਆਂ ਬਾਰੇ ਮੰਤਰੀ ਸ਼ਾਨਨ ਫਿਲਿਪਸ ਦਾ ਕਹਿਣਾ ਹੈ ਕਿ ਚੌਥੇ ਦੌਰ ਦੀ ਬੋਲੀ ਵਿਚ ਬਦਲਵੇਂ ਸੋਮਿਆਂ ਤੋਂ ਪੈਦਾ ਹੋਣ ਵਾਲੀ ਬਿਜਲੀ 400 ਐਮ ਡਬਲਿਯੂ ਹੋਵੇਗੀ। ਚੌਥੇ ਦੌਰ ਦੀ ਬੋਲੀ 2019 ਦੇ ਅੱਧ ਵਿਚ ਹੋਣੀ ਹੈ। ਯੂਸੀਪੀ ਆਗੂ ਜੈਸਨ ਕੈਨੀ ਦੀ ਟਿੱਪਣੀ 'ਤੇ ਪ੍ਰਤੀਕਿਰਿਆ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਯੂਸੀਪੀ ਸਰਕਾਰ ਇਸ ਯੋਜਨਾ ਨਾਲ ਛੇੜਛਾੜ ਕਰੇਗੀ ਤਾਂ ਨਿਵੇਸ਼ ਦੇ ਖੇਤਰ ਵਿਚ ਅਲਬਰਟਾ ਨੂੰ ਨੁਕਸਾਨ ਹੋਵੇਗਾ। ਜ਼ਿਕਰਯੋਗ ਹੈ ਕਿ ਜੇਸਨ ਕੈਨੀ ਦਾ ਕਹਿਣਾ ਸੀ ਕਿ ਜੇਕਰ ਉਹ ਪ੍ਰੀਮੀਅਰ ਬਣਦਾ ਹੈ ਤਾਂ ਉਹ ਹਵਾ ਅਤੇ ਸੂਰਜੀ ਊਰਜਾ ਦੇ ਖੇਤਰ ਵਿਚ ਸਬਸਿਡੀ ਦੇਵੇਗਾ।

ਬਰਨੀ ਸੈਂਡਰਜ਼ ਵਲੋਂ ਰਾਸ਼ਟਰਪਤੀ ਦੀ ਚੋਣ ਲੜਨ ਦਾ ਐਲਾਨ



ਵਾਸ਼ਿੰਗਟਨ- ਨਦਬ: ਵਰਮੌਂਟ ਸੈਨੇਟਰ ਬਰਨੀ ਸੈਂਡਰਜ਼ ਨੇ ਪਿਛਲੇ ਦਿਨੀਂ ਐਲਾਨ ਕੀਤਾ ਕਿ ਉਹ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਭਾਗ ਲਵੇਗਾ। ਜ਼ਿਕਰਯੋਗ ਹੈ ਕਿ ਉਨ੍ਹਾਂ ਵਲੋਂ 2016 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਵੀ ਭਾਗ ਲਿਆ ਗਿਆ ਸੀ। ਬਿਨਾਂ ਸ਼ੱਕ ਉਨ੍ਹਾਂ ਦੀ ਇਸ ਸ਼ਮੂਲੀਅਤ ਨੇ ਡੈਮੋਕਰੇਟਿਕ ਰਾਜਨੀਤੀ ਨੂੰ ਨਵੀਂ ਸ਼ਕਲ ਦਿੱਤੀ ਸੀ।

ਆਪਣੇ ਆਪ ਨੂੰ ਡੈਮੋਕਰੇਟਿਕ ਸਮਾਜਵਾਦੀ ਦੱਸਣ ਵਾਲੇ 77 ਸਾਲਾ ਬਰਨੀ ਨੇ ਕਿਹਾ ਕਿ ਸਾਡੀ ਮੁਹਿੰਮ ਦਾ ਅਸਲ ਉਦੇਸ਼ ਡੋਨਲਡ ਟਰੰਪ ਨੂੰ ਮਾਤ ਦੇਣਾ ਹੈ। ਸਾਡੀ ਮੁਹਿੰਮ ਦਾ ਮਕਸਦ ਦੇਸ਼ ਦੀ ਰਾਜਨੀਤੀ ਵਿਚ ਕਦਰਾਂ ਕੀਮਤਾਂ ਨੂੰ ਤਰਜੀਹੀ ਆਧਾਰ 'ਤੇ ਸਥਾਪਤ ਕਰਨਾ ਹੈ। ਅਸੀਂ ਚਾਹੁੰਦੇ ਹਾਂ ਕਿ ਆਰਥਕ, ਸਮਾਜਕ, ਰਾਜਨੀਤਕ, ਨਸਲੀ ਤੇ ਵਾਤਾਵਰਣ ਨਾਲ ਸਬੰਧਤ ਮਾਮਲਿਆਂ ਜਾਂ ਮਸਲਿਆਂ ਨਾਲ ਸਿਧਾਂਤਕ ਪਾਹੁੰਚ ਰਾਹੀਂ ਨਜਿੱਠਿਆ ਜਾਵੇ। ਦੱਸਣਾ ਬਣਦਾ ਹੈ ਕਿ 2016 ਵਿਚ ਜਦੋਂ ਉਨ੍ਹਾਂ ਨੇ ਹਿਲੇਰੀ ਕਲਿੰਟਨ ਨੂੰ ਚੁਣੌਤੀ ਦਿੱਤੀ ਸੀ ਤਾਂ ਉਨ੍ਹਾਂ ਦੀ ਰਣਨੀਤੀ ਤੋਂ ਹਰ ਕੋਈ ਹੈਰਾਨ ਹੋਇਆ ਸੀ।

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਉਹ 2020 ਦੀ ਆਪਣੀ ਮੁਹਿੰਮ ਕਿਵੇਂ ਸ਼ੁਰੂ ਕਰਦੇ ਹਨ। ਕੀ ਉਹ ਡੈਮੋਕ੍ਰੇਟਿਕ ਦੇ ਵਿਚਾਰਾਂ ਅਤੇ ਨੀਤੀਆਂ ਨੂੰ ਅਪਣਾਉਣਗੇ ਜਾਂ ਫਿਰ ਬਿਲਕੁਲ ਹੀ ਵੱਖਰੇ ਖ਼ਿਆਲ ਪੇਸ਼ ਕਰਨਗੇ ਜਿਹੜੇ ਕਿ ਭਵਿੱਖ ਵਿਚ ਰਾਜਨੀਤਕ ਮਾਹੌਲ 'ਤੇ ਗਹਿਰਾ ਅਸਰ ਛੱਡਣਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨੌਮੀਨੇਸ਼ਨ ਜਿੱਤਣ ਲਈ ਉਹ ਮਜ਼ਬੂਤ ਦਾਅਵੇਦਾਰ ਹਨ। 2016 ਵਿਚ ਵੀ ਉਨ੍ਹਾਂ ਵਲੋਂ 13 ਮਿਲੀਅਨ ਵੋਟਾਂ ਹਾਸਲ ਕੀਤੀਆਂ ਗਈਆਂ ਸਨ। ਖ਼ਾਸ ਗੱਲ ਇਹ ਸੀ ਕਿ ਇਸ ਮੁਹਿੰਮ 'ਤੇ ਬਹੁਤ ਘੱਟ ਫੰਡ ਇਕੱਠਾ ਕੀਤਾ ਗਿਆ ਸੀ। ਪਿਛਲੇ ਦਿਨੀਂ ਜਦੋਂ ਉਹ ਆਪਣੀ ਨਵੀਂ ਛਪੀ ਪੁਸਤਕ ਬਾਰੇ ਚਰਚਾ ਕਰ ਰਹੇ ਸਨ ਤਾਂ ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਯਕੀਨਨ ਇਸ ਮਿਸ਼ਨ ਵਿਚ ਸਾਡੀ ਜਿੱਤ ਹੋਵੇਗੀ।

ਜ਼ਿਕਰਯੋਗ ਹੈ ਕਿ ਡੈਮੋਕ੍ਰੇਟਿਕ ਦੀ ਦੂਜੀ ਦਾਅਵੇਦਾਰ ਸੈਨੇਟਰ ਕਮਲਾ ਹੈਰਿਸ ਹੈ। ਉਸ ਦਾ ਕਹਿਣਾ ਹੈ ਕਿ ਉਹ ਡਟ ਕੇ ਮੁਕਾਬਲਾ ਕਰੇਗੀ ਤੇ ਹੋ ਸਕਦਾ ਹੈ ਕਿ ਬਰਨੀ ਸੈਂਡਰਜ਼ ਲਈ ਉਹ ਵੱਡੀ ਮੁਸੀਬਤ ਬਣ ਜਾਵੇ। ਸੈਂਡਰਜ਼ ਅਲਿਜ਼ਾਬੈਥ ਵਾਰਨ ਵੀ ਉਨ੍ਹਾਂ ਲਈ ਵੱਡਾ ਅੜਿੱਕਾ ਡਾਹ ਸਕਦੀ ਹੈ। ਸੇਨ ਬਰਨੀ ਲਈ ਵੱਡਾ ਸਵਾਲ ਇਹ ਹੈ ਕਿ ਉਹ ਵਾਰਨ ਵਰਗੀ ਦਾਅਵੇਦਾਰ ਦਾ ਕਿਵੇਂ ਮੁਕਾਬਲੇ ਕਰਨਗੇ। ਦੱਸਣਾ ਬਣਦਾ ਦਾ ਹੈ ਕਿ ਬਰਨੀ ਵਲੋਂ ਆਪਣੀ ਮੁਹਿੰਮ ਸ਼ੁਰੂਆਤ ਪਹਿਲਾਂ ਤੋਂ ਹੀ ਕਰ ਦਿੱਤੀ ਗਈ ਹੈ। ਅਸੀਂ ਕਹਿ ਸਕਦੇ ਹਾਂ ਕਿ ਸੈਨੇਟਰ ਬਰਨੀ ਲਈ ਇਹ ਮਿਸ਼ਨ ਇੰਨਾ ਆਸਾਨ ਨਹੀਂ ਹੋਵੇਗਾ। ਇਸ ਕਵਾਇਦ ਵਿਚ ਉਨ੍ਹਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਦੂਜੇ ਪਾਸੇ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਸੈਨੇਟਰ ਬਰਨੀ ਨੇ ਹੇਠਲੇ ਪੱਧਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਪਰ ਅਜੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਉਹ 2016 ਵਾਂਗ ਆਪਣੀ ਅਪੀਲ ਨੂੰ ਇੰਨੇ ਵੱਡੇ ਪੱਧਰ 'ਤੇ ਲੈ ਕੇ ਜਾ ਸਕਦਾ ਹੈ ਜਾਂ ਨਹੀਂ। ਮੰਨਿਆ ਇਹ ਵੀ ਜਾ ਰਿਹਾ ਹੈ ਕਿ ਉਨ੍ਹਾਂ ਦੀ ਮੁਹਿੰਮ 'ਤੇ ਮੀ ਟੂ ਮੁਹਿੰਮ ਦਾ ਵੀ ਕਾਲਾ ਸਾਇਆ ਰਹੇਗਾ। ਪਰ ਇਸ ਸਭ ਦੇ ਬਾਵਜੂਦ ਇਸ ਵਿਚ ਕੋਈ ਸ਼ੱਕ ਨਹੀਂ ਕਿ ਸੈਨੇਟਰ ਬਰਨੀ ਮਜ਼ਬੂਤ ਦਾਅਵੇਦਾਰ ਹੈ।

ਫੰਡਾਂ ਦੇ ਮਾਮਲੇ 'ਚ ਪੇਂਡੂ ਖੇਤਰ ਦੇ ਸਕੂਲਾਂ ਨਾਲ ਹੋ ਰਹੇ ਵਿਤਕਰੇ 'ਤੇ ਚਿੰਤਾ ਪ੍ਰਗਟਾਈ



ਐਡਮਿੰਟਨ-ਨਦਬ: ਪੇਂਡੂ ਖੇਤਰ ਅਤੇ ਸ਼ਹਿਰੀ ਖੇਤਰ ਦੇ ਸਕੂਲਾਂ ਵਿਚ ਦਿੱਤੇ ਜਾਂਦੇ ਫੰਡਾਂ ਦੇ ਪਾੜੇ ਵਿਚ ਹਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਇਸ ਵਿਸ਼ੇ 'ਤੇ ਚਰਚਾ ਕਰਨ ਲਈ 200 ਪੇਂਡੂ ਸਕੂਲਾਂ ਦੇ ਟਰੱਸਟੀ ਅਤੇ ਡਿਵੀਜ਼ਨਲ ਆਗੂ ਐਡਮਿੰਟਨ ਵਿਚ ਇਕੱਠੇ ਹੋਏ। ਉਨ੍ਹਾਂ ਦਾ ਮਤ ਸੀ ਕਿ ਖੇਤਰ ਦੇ ਆਧਾਰ 'ਤੇ ਬੱਚਿਆਂ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਤੇ ਹਰ ਇਕ ਬੱਚੇ ਨੂੰ ਵਧੀਆ ਅਤੇ ਬਰਾਬਰ ਸਿੱਖਿਆ ਮਿਲਣੀ ਚਾਹੀਦੀ ਹੈ। ਡੈਲੀਗੇਟਾਂ ਦਾ ਕਹਿਣਾ ਸੀ ਕਿ ਇਸ ਮਾਮਲੇ ਵਿਚ ਜੋ ਵਿਤਕਰਾ ਹੁਣ ਤੱਕ ਹੁੰਦਾ ਰਿਹਾ ਹੈ ਹੁਣ ਉਸ ਦਾ ਸਮਾਂ ਜਾ ਚੁੱਕਿਆ ਹੈ ਤੇ ਸਾਨੂੰ ਬਰਾਬਰਤਾ ਦੇ ਫਾਰਮੂਲੇ 'ਤੇ ਕੰਮ ਕਰਨਾ ਚਾਹੀਦਾ ਹੈ।

ਸਿੱਖਿਆ ਮੰਤਰੀ ਏਗਨ ਨੇ ਕਿਹਾ ਕਿ ਜੇਕਰ ਸਾਡੀ ਸਰਕਾਰ ਫਿਰ ਤੋਂ ਚੁਣੀ ਜਾਂਦੀ ਹੈ ਤਾਂ ਬਿਨਾਂ ਸ਼ੱਕ ਇਸ ਮਸਲੇ ਨੂੰ ਤਰਜੀਹੀ ਆਧਾਰ 'ਤੇ ਵਿਚਾਰਿਆ ਜਾਵੇਗਾ ਤੇ ਫੰਡ ਦੇ ਮਾਮਲੇ ਵਿਚ ਨਵਾਂ ਫਾਰਮੂਲਾ ਘੜਿਆ ਜਾਵੇਗਾ। ਵਾਈਲਡਰੋਜ਼ ਸਕੂਲ ਡਿਵੀਜ਼ਨ ਦੇ ਨਿਰੀਖਕ ਅਤੇ ਸਿੰਪੋਜ਼ੀਅਮ ਪਲਾਨਿੰਗ ਕਮੇਟੀ ਦੇ ਚੇਅਰਮੈਨ ਬ੍ਰਾਡ ਵੋਲਕਮੈਨ ਨੇ ਕਿਹਾ ਕਿ ਹਰ ਮੰਤਰੀ ਇਸ ਮਸਲੇ ਨੂੰ ਲੈ ਕੇ ਬੋਲਦਾ ਹੈ ਤੇ ਇਸ ਵਿਚ ਸੁਧਾਰ ਦੀ ਗੱਲ ਕਰਦਾ ਹੈ ਪਰ ਅਜੇ ਤੱਕ ਅਮਲੀ ਤੌਰ 'ਤੇ ਕਿਸੇ ਵੀ ਸਿੱਖਿਆ ਮੰਤਰੀ ਜਾਂ ਸਰਕਾਰ ਨੇ ਇਸ ਮਸਲੇ ਉੱਤੇ ਤਰਜੀਹੀ ਆਧਾਰ 'ਤੇ ਕੰਮ ਨਹੀਂ ਕੀਤਾ। ਸਾਡੀ ਸਰਕਾਰ ਨੂੰ ਸਿਰਫ਼ ਇਹੀ ਅਪੀਲ ਹੈ ਕਿ ਸਾਨੂੰ ਹੋਰ ਵੱਧ ਫੰਡ ਮੁਹੱਈਆ ਕਰਵਾਏ ਜਾਣ ਤਾਂ ਜੋ ਅਸੀਂ ਆਪਣੇ ਸਕੂਲਾਂ ਨੂੰ ਵਧੀਆ ਤਰੀਕਿਆਂ ਨਾਲ ਚਲਾ ਸਕੀਏ ਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈਏ।

ਸਰਕਾਰਾਂ ਦੇ ਇਸ ਵਿਤਕਰੇ ਕਾਰਨ ਹੀ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਵੋਲਕਮੈਨ ਨੇ ਦੱਸਿਆ ਕਿ ਉਸ ਦੀ ਡਿਵੀਜ਼ਨ ਵਿਚ 294 ਵਿਦਿਆਰਥੀ ਘਟ ਚੁੱਕੇ ਹਨ। ਇਸ ਤਰ੍ਹਾਂ ਪਿਛਲੇ ਤਿੰਨ ਸਾਲਾਂ ਵਿਚ ਛੇ ਪ੍ਰਤੀਸ਼ਤ ਵਿਦਿਆਰਥੀਆਂ ਵਿਚ ਕਮੀ ਆਈ ਹੈ।

ਵਾਤਾਵਰਣ 'ਚ ਬਦਲਾਅ ਦੀਆਂ ਯੋਜਨਾਵਾਂ ਬਾਰੇ ਯੂਸੀਪੀ ਦੀ ਰਣਨੀਤੀ ਅਸਪਸ਼ਟ

ਐਡਮਿੰਟਨ-ਨਦਬ: ਐਨਡੀਪੀ ਦੀ ਵਾਤਾਵਰਣ ਨਾਲ ਜੁੜੇ ਮਸਲਿਆਂ ਨੂੰ ਲੈ ਕੇ ਇਕ ਖ਼ਾਸ ਪਾਹੁੰਚ ਹੈ। ਇਸ ਸਬੰਧ ਵਿਚ ਐਨਡੀਪੀ ਦੀਆਂ ਜੋ ਯੋਜਨਾਵਾਂ ਹਨ, ਉਹ ਪਾਰਟੀ ਵਲੋਂ ਸਾਡੇ ਸਾਹਮਣੇ ਰੱਖ ਦਿੱਤੀਆਂ ਗਈਆਂ ਹਨ। ਯੂਸੀਪੀ ਵਲੋਂ ਵਾਤਾਵਰਣ ਨੂੰ ਲੈ ਕੇ ਐਨਡੀਪੀ ਦੀ ਜੋ ਰਣਨੀਤੀ ਹੈ ਉਸ ਦੀ ਲਗਾਤਾਰ ਨਿਖੇਧੀ ਕੀਤੀ ਜਾ ਰਹੀ ਹੈ ਪਰ ਸਵਾਲ ਇਹ ਹੈ ਕਿ ਕੀ ਯੂਸੀਪੀ ਨੇ ਇਸ ਮਾਮਲੇ ਵਿਚ ਆਪਣੀ ਰਣਨੀਤੀ ਨੂੰ ਲੈ ਕੇ ਕੀ ਪੱਤੇ ਖੋਲ੍ਹੇ ਹਨ। ਪਿਛਲੇ ਦਿਨੀਂ ਕੈਨੀ ਨੇ ਇਸ਼ਾਰਾ ਕੀਤਾ ਕਿ ਜੇ ਯੂਸੀਪੀ ਦੀ ਸਰਕਾਰ ਆਉਂਦੀ ਹੈ ਤਾਂ ਐਨਰਜੀ ਐਫੀਸੀਐਂਸੀ ਅਲਬਰਟਾ ਨੂੰ ਖਤਮ ਕਰ ਦਿੱਤਾ ਜਾਵੇਗਾ। ਪਰ ਸਵਾਲ ਇਹ ਹੈ ਕਿ ਅਜਿਹਾ ਕਿਹੜੀਆਂ ਯੋਜਨਾਵਾਂ ਰਾਹੀਂ ਕੀਤਾ ਜਾਵੇਗਾ ਤੇ ਇਸ ਨੂੰ ਲਾਗੂ ਕਿਵੇਂ ਕੀਤਾ ਜਾ ਜਾਵੇਗਾ। ਕੀ ਇਸ ਤੋਂ ਅਲਬਰਟਾ ਵਾਸੀਆਂ ਦੀ ਜੇਬ ਨੂੰ ਬਚਾਇਆ ਜਾ ਸਕੇਗਾ? ਸਵਾਲ ਬਹੁਤ ਸਾਰੇ ਹਨ ਜਿਨ੍ਹਾਂ ਬਾਰੇ ਲੋਕ ਜਾਣਕਾਰੀ ਚਾਹੁੰਦੇ ਹਨ। ਇਸ ਮਾਮਲੇ ਵਿਚ ਫੈਡਰਲ ਕੰਜ਼ਰਵੇਟਿਵਾਂ ਦਾ ਵੀ ਇਹੀ ਹਾਲ ਹੈ।

ਵੋਟਰ ਇਹ ਉਡੀਕ ਰਹੇ ਹਨ ਕਿ ਯੂਸੀਪੀ ਇਸ ਸਾਰੇ ਮਾਮਲੇ ਵਿਚ ਆਪਣੇ ਪੂਰੇ ਪੱਤੇ ਕਦੋਂ ਖੋਲ੍ਹੇਗੀ ਪਰ ਯੂਸੀਪੀ ਦੇ ਆਗੂਆਂ ਵਲੋਂ ਇਸ ਸਬੰਧ ਵਿਚ ਕੋਈ ਕਨਸੋਅ ਨਹੀਂ ਦਿੱਤੀ ਜਾ ਰਹੀ। ਨਿਸਚਤ ਤੌਰ 'ਤੇ ਇਹ ਅਸਪਸ਼ਟ ਸਥਿਤੀ ਇਸ ਮਾਮਲੇ ਵਿਚ ਯੂਸੀਪੀ ਦੀ ਦੁਚਿੱਤੀ ਨੂੰ ਸਪਸ਼ਟ ਕਰਦੀ ਹੈ। ਲੋਕ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਜਾਣਕਾਰੀ ਹੋਵੇ ਕਿ ਕੀ ਯੂਸੀਪੀ ਦੀ ਨਵੀਂ ਰਣਨੀਤੀ ਨਾਲ ਪ੍ਰਦੂਸ਼ਣ ਘਟੇਗਾ? ਕੀ ਇਸ ਨਾਲ ਨਵੀਆਂ ਜੌਬਾਂ ਪੈਦਾ ਹੋਣਗੀਆਂ? ਕੀ ਇਸ ਦੇ ਕਮਿਊਨਿਟੀਆਂ ਨੂੰ ਕੁਝ ਲਾਭ ਹੋਣਗੇ?

ਜੇਕਰ ਕੈਨੀ ਸਚਮੁੱਚ ਵਾਤਾਵਰਣ ਵਿਚਲੇ ਬਦਲਾਅ ਨੂੰ ਲੈ ਕੇ ਗੰਭੀਰ ਹਨ ਤਾਂ ਉਨ੍ਹਾਂ ਨੂੰ ਤਰਜੀਹੀ ਆਧਾਰ 'ਤੇ ਆਪਣੀ ਰਣਨੀਤੀ ਲੋਕਾਂ ਸਾਹਮਣੇ ਰੱਖਣੀ ਚਾਹੀਦੀ ਹੈ ਤਾਂ ਜੋ ਲੋਕ ਰਣਨੀਤੀ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਦੋਵੇਂ ਤਰ੍ਹਾਂ ਦੇ ਪਹਿਲੂਆਂ ਨੂੰ ਵਿਚਾਰ ਸਕਣ। ਪਰ ਜਾਪਦਾ ਹੈ ਕਿ ਇਸ ਮਾਮਲੇ ਵਿਚ ਕੈਨੀ ਮੁਹਿੰਮ ਦੀਆਂ ਆਖ਼ਰੀ ਤਰੀਕਾਂ ਦਾ ਇੰਤਜ਼ਾਰ ਕਰ ਰਹੇ ਹਨ, ਤਾਂ ਜੋ ਇਸ ਮਾਮਲੇ ਵਿਚ ਚਰਚਾ ਕਰਨ ਦਾ ਮੀਡੀਆ ਜਾਂ ਲੋਕਾਂ ਨੂੰ ਬਹੁਤਾ ਵਕਤ ਨਾ ਮਿਲੇ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਦਿੱਤਾ 'ਜੰਗ ਨਹੀਂ, ਅਮਨ ਦਾ ਸੁਨੇਹਾ'



ਕੈਲਗਰੀ (ਨਦਬ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 'ਅਦਾਰਾ ਸਿੱਖ ਵਿਰਸਾ' ਤੇ 'ਪਾਕਿਸਤਾਨ ਕਨੇਡੀਅਨ ਐਸੋਸੀਏਸ਼ਨ ਅਲਬਰਟਾ' ਦੇ ਸਹਿਯੋਗ ਨਾਲ ਵਿਚਾਰ ਚਰਚਾ ਦਾ ਸੈਸ਼ਨ ਕੋਸੋ ਹਾਲ ਵਿਚ ਕਰਵਾਇਆ ਗਿਆ। ਇਸ ਮੌਕੇ ਬੁਲਾਰਿਆਂ ਨੇ ਇੰਡੀਆ ਤੇ ਪਾਕਿਸਤਾਨ ਵਿਚ ਕਸ਼ਮੀਰ ਵਿਚ ਪੁਲਵਾਮਾ ਦੇ ਸਥਾਨ 'ਤੇ ਸੀ.ਆਰ.ਪੀ.ਐਫ. ਦੇ ਜਵਾਨਾਂ 'ਤੇ ਹੋਏ ਆਤਮਘਾਤੀ ਹਮਲੇ ਮਗਰੋਂ ਪੈਦਾ ਹੋਏ ਹਾਲਾਤਾਂ 'ਤੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਸੁਨੇਹਾ ਦਿੱਤਾ ਕਿ ਸਾਨੂੰ ਜੰਗ ਦੀ ਨਹੀਂ ਅਮਨ ਤੇ ਤਰੱਕੀ ਦੀ ਲੋੜ ਹੈ। ਇਸ ਮੌਕੇ ਕਸ਼ਮੀਰੀ ਨੌਜਵਾਨ ਜ਼ੁਨੈਦ ਬਹਾਦਰ ਖਾਨ ਨੇ ਕਸ਼ਮੀਰ ਵਿਚ ਸੁਰੱਖਿਆ ਦਸਤਿਆਂ ਵਲੋਂ ਕੀਤੀਆਂ ਜਾ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜਦ ਵੀ ਭਾਰਤ-ਪਾਕਿਸਤਾਨ ਸਰਹੱਦਾਂ 'ਤੇ ਤਣਾਅ ਵਧਦਾ ਹੈ, ਉਦੋਂ ਸਭ ਤੋਂ ਵੱਧ ਨੁਕਸਾਨ ਕਸ਼ਮੀਰੀਆਂ ਦਾ ਹੁੰਦਾ ਹੈ। 'ਸਿੱਖ ਵਿਰਸਾ' ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਖਦਸ਼ਾ ਜ਼ਾਹਰ ਕੀਤਾ ਕਿ ਪੁਲਵਾਮਾ ਹਮਲਾ ਦੇਖਣ ਨੂੰ ਭਾਵੇਂ ਦਹਿਸ਼ਤੀ ਕਾਰਵਾਈ ਲਗਦਾ ਹੈ, ਪਰ ਜਿਨ੍ਹਾਂ ਹਾਲਤਾਂ ਵਿਚ ਇਹ ਹਮਲਾ ਹੋਇਆ ਉਸ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਪਿਛੇ ਭਾਰਤ ਸਰਕਾਰ ਦਾ ਹੱਥ ਹੋ ਸਕਦਾ ਹੈ ਕਿਉਂਕਿ ਮੋਦੀ ਸਰਕਾਰ ਮਈ 2019 ਦੀਆਂ ਚੋਣਾਂ ਜਿੱਤਣ ਲਈ ਕੁਝ ਵੀ ਕਰ ਸਕਦੀ ਹੈ, ਕਿਉਂਕਿ ਉਨ੍ਹਾਂ ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਹੈ। 'ਪਾਕਿਸਤਾਨ ਕਨੇਡੀਅਨ ਐਸੋਸੀਏਸ਼ਨ ਅਲਬਰਟਾ' ਦੇ ਬੁਲਾਰੇ ਅਸਜਦ ਬੁਖਾਰੀ ਵਲੋਂ ਸਰਕਾਰਾਂ ਦੀ ਇਸ ਗੱਲ ਲਈ ਨਿਖੇਧੀ ਕੀਤੀ ਗਈ ਕਿ ਲੋਕ ਤਾਂ ਭੁੱਖੇ ਮਰ ਰਹੇ ਹਨ ਤੇ ਸਰਕਾਰਾਂ ਆਪਣੇ ਬੱਜਟ ਦਾ ਵੱਡਾ ਹਿੱਸਾ ਹਥਿਆਰ ਖਰੀਦਣ ਲਈ ਵਰਤ ਰਹੀਆਂ ਹਨ। ਰੈਡ.ਐਫ.ਐਮ. ਦੇ ਹੋਸਟ ਰਿਸ਼ੀ ਨਾਗਰ ਨੇ ਪੁਲਵਾਮਾ ਹਮਲੇ ਸਬੰਧੀ ਭਾਰਤੀ ਮੀਡੀਏ ਦੇ ਰੋਲ ਦੀ ਨਿਖੇਧੀ ਕੀਤੀ। ਕਮਿਊਨਿਟੀ ਵਰਕਰ ਹੁਮੈਰਾ ਫਲਕ ਨੇ ਇਸ ਮਾਹੌਲ ਵਿਚ ਕਨੇਡਾ ਵਸਦੇ ਭਾਰਤੀਆਂ ਤੇ ਪਾਕਿਸਤਾਨੀਆਂ ਨੂੰ ਭਾਈਚਾਰਾ ਬਣਾ ਕੇ ਰੱਖਣ ਦੀ ਅਪੀਲ ਕੀਤੀ। ਕਸ਼ਮੀਰੀ ਬੁਲਾਰੇ ਇਰਫਾਨ ਇਸ਼ਾਕ ਨੇ ਕਸ਼ਮੀਰੀਆਂ ਨਾਲ ਹੋ ਰਹੀਆਂ ਵਧੀਕੀਆਂ ਦੀ ਚਰਚਾ ਕੀਤੀ ਤੇ ਕਸ਼ਮੀਰ ਦੇ ਮਸਲੇ ਦੇ ਰਾਜਨੀਤਕ ਹੱਲ ਦੀ ਵਕਾਲਤ ਕੀਤੀ।

'ਵੈਨਜ਼ੂਏਲਾ' ਦੀ ਮੌਜੂਦਾ ਰਾਜਨੀਤਕ ਤੇ ਆਰਥਕ ਹਾਲਤ ਬਾਰੇ ਚਰਚਾ ਕਰਦੇ ਹੋਏ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਕਿਵੇਂ ਤੇਲ ਤੇ ਹੋਰ ਕੁਦਰਤੀ ਸਾਧਨਾਂ 'ਤੇ ਕਬਜ਼ੇ ਦੀ ਲਾਲਸਾ ਵਿਚ ਸਰਮਾਏਦਾਰੀ ਤਾਕਤਾਂ ਵੈਨਜ਼ੂਏਲਾ ਦੀ ਆਰਥਕਤਾ ਤਬਾਹ ਕਰ ਰਹੀਆਂ ਹਨ। ਨਵਕਿਰਨ ਢੁੱਡੀਕੇ ਨੇ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ ਕਵਿਤਾ ਸਾਂਝੀ ਕੀਤੀ। ਕਮਲਪ੍ਰੀਤ ਪੰਧੇਰ ਅਤੇ ਗੁਰਚਰਨ ਕੌਰ ਥਿੰਦ ਨੇ ਔਰਤਾਂ 'ਤੇ ਹੁੰਦੇ ਜਿਣਸੀ ਸੋਸ਼ਣ ਬਾਰੇ ਵਿਚਾਰ ਪੇਸ਼ ਕੀਤੇ। ਸੁਖਵਿੰਦਰ ਸਿੰਘ ਤੂਰ ਨੇ ਕਵਿਤਾ ਸੁਣਾਈ।

ਮੰਚ ਸੰਚਾਲਨ ਕਰਨ ਦੇ ਨਾਲ-ਨਾਲ ਮਾਸਟਰ ਭਜਨ ਸਿੰਘ ਨੇ ਕਸ਼ਮੀਰ ਮੁੱਦੇ ਸਮੇਤ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਮੁੱਖ ਰੱਖ ਕੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਅਗਲੀ ਮਾਸਿਕ ਮੀਟਿੰਗ ਕੋਸੋ ਹਾਲ ਵਿਚ 7 ਅਪ੍ਰੈਲ ਨੂੰ 2 ਵਜੇ ਤੋਂ 5 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਿਚ ਨਵੀਆਂ ਕਿਤਾਬਾਂ ਦੀ ਸ਼ਿਪਮੈਂਟ ਆ ਚੁੱਕੀ ਹੈ, ਜਿਸ ਲਈ ਉਨ੍ਹਾਂ ਦੇ ਟੈਲੀਫੋਨ ਨੰਬਰ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ

ਅੱਜ-ਕੱਲ੍ਹ

ਪੰਜਾਬ ਪਾਲ

ਮਨੁੱਖੀ ਅਧਿਕਾਰਾਂ ਦੇ ਘਾਣ 'ਚ ਪੰਜਾਬ ਪੁਲੀਸ ਅਵੱਲ

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਧ ਘਾਣ ਪੁਲੀਸ ਵਲੋਂ ਹੀ ਕੀਤਾ ਜਾਂਦਾ ਹੈ। ਇਹੀ ਨਹੀਂ, ਸੀਨੀਅਰ ਪੁਲੀਸ ਅਫ਼ਸਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਮੁਲਾਜ਼ਮ ਤੇ ਅਫ਼ਸਰਾਂ ਨੂੰ ਬਚਾਉਣ ਲਈ ਟਿੱਲ ਲਾ ਦਿੰਦੇ ਹਨ। ਇਹ ਤੱਥ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਵਿਚ ਉਜਾਗਰ ਕੀਤੇ ਗਏ ਹਨ ਜੋ ਪਿਛਲੇ ਦਿਨੀਂ ਖਤਮ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੇਸ਼ ਕੀਤੀ ਗਈ ਸੀ। ਆਪਣੀ 19ਵੀਂ ਸਾਲਾਨਾ ਰਿਪੋਰਟ ਮੁਤਾਬਕ ਕਮਿਸ਼ਨ ਨੂੰ 2016-17 ਦੌਰਾਨ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀਆਂ 10820 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ 'ਚੋਂ 55 ਫ਼ੀਸਦ ਸ਼ਿਕਾਇਤਾਂ ਹਿਰਾਸਤੀ ਮੌਤਾਂ, ਤਸ਼ੱਦਦ, ਪੁਲੀਸ ਤੇ ਜੇਲ੍ਹ ਅਧਿਕਾਰੀਆਂ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਦੇ ਸੰਗੀਨ ਮਾਮਲੇ ਸ਼ਾਮਲ ਹਨ। ਵਧੀਕੀਆਂ ਨਾਲ ਸਬੰਧਤ 52 ਫੀਸਦ ਸ਼ਿਕਾਇਤਾਂ (5647) ਇਕੱਲੀਆਂ ਪੰਜਾਬ ਪੁਲੀਸ ਨਾਲ ਸਬੰਧਤ ਹਨ। ਕਮਿਸ਼ਨ ਨੂੰ 28 ਫ਼ੀਸਦ (3015) ਸ਼ਿਕਾਇਤਾਂ ਮਿਲੀਆਂ ਹਨ ਕਿ ਪੁਲੀਸ ਨੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਇਨ੍ਹਾਂ ਤੋਂ ਇਲਾਵਾ ਪੁਲੀਸ ਦੀ ਧੱਕੇਸ਼ਾਹੀ ਦੀਆਂ 1282 ਸ਼ਿਕਾਇਤਾਂ ਅਤੇ ਪੁਲੀਸ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਬਾਰੇ 741 ਸ਼ਿਕਾਇਤਾਂ ਵੀ ਮਿਲੀਆਂ ਹਨ। ਜੇਲ੍ਹ ਅਧਿਕਾਰੀਆਂ ਖਿਲਾਫ਼ ਨਿਆਇਕ ਹਿਰਾਸਤ ਦੌਰਾਨ ਮੌਤਾਂ ਬਾਰੇ 226 ਸ਼ਿਕਾਇਤਾਂ ਮਿਲੀਆਂ ਸਨ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਸ ਰੁਝਾਨ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਕਿ ਜਦੋਂ ਵੀ ਉਸ ਵਲੋਂ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਸਬੰਧੀ ਦੋਸ਼ੀ ਪੁਲੀਸ ਅਫ਼ਸਰਾਂ ਤੇ ਮੁਲਾਜ਼ਮਾਂ ਖਿਲਾਫ਼ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਆਮ ਦੇਖਣ ਵਿਚ ਆਇਆ ਹੈ ਕਿ ਸੀਨੀਅਰ ਪੁਲੀਸ ਅਧਿਕਾਰੀ ਆਪਣੇ ਮਾਤਹਿਤ ਅਫ਼ਸਰਾਂ ਨੂੰ ਬਚਾਉਣ ਲਈ ਹਰ ਵਾਹ ਲਾਉਂਦੇ ਹਨ। ਲਿਹਾਜ਼ਾ ਕਮਿਸ਼ਨ ਨੇ ਕੁਝ ਕੇਸਾਂ ਵਿਚ ਆਪਣੇ ਤਹਿਕੀਕਾਤ ਵਿੰਗ ਰਾਹੀਂ ਅਜ਼ਾਦਾਨਾ ਜਾਂਚ ਕਰਵਾਈ ਹੈ। ਜ਼ਿਆਦਾਤਰ ਕੇਸਾਂ ਵਿਚ ਦੇਖਣ ਨੂੰ ਮਿਲਿਆ ਕਿ ਤਹਿਕੀਕਾਤ ਵਿੰਗ ਵਲੋਂ ਕੀਤੀ ਜਾਂਚ ਅਤੇ ਪੁਲੀਸ ਅਧਿਕਾਰੀਆਂ ਦੀ ਜਾਂਚ ਵਿਚਕਾਰ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ।

ਜ਼ਿਲ੍ਹਾਵਾਰ ਲੇਖੇ ਜੋਖੇ ਮੁਤਾਬਕ ਸਭ ਤੋਂ ਵੱਧ 1442 ਸ਼ਿਕਾਇਤਾਂ ਲੁਧਿਆਣਾ ਜ਼ਿਲ੍ਹੇ ਵਿਚ ਅਤੇ ਉਸ ਤੋਂ ਬਾਅਦ 1393 ਸ਼ਿਕਾਇਤਾਂ ਅੰਮ੍ਰਿਤਸਰ, ਤਰਨ ਤਾਰਨ ਵਿਚ 709 ਅਤੇ ਬਠਿੰਡਾ ਵਿਚ 674 ਸ਼ਿਕਾਇਤਾਂ ਆਈਆਂ ਸਨ। ਇਸ ਦੌਰਾਨ, ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੁੱਚਾ ਢਾਂਚਾ ਠੱਪ ਹੋ ਕੇ ਰਹਿ ਗਿਆ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਕ ਕਾਗਜ਼ੀ ਸੰਸਥਾ ਬਣ ਕੇ ਰਹਿ ਗਈ ਹੈ। ਕਮਿਸ਼ਨ ਆਮ ਤੌਰ 'ਤੇ ਪੁਲੀਸ ਖਿਲਾਫ਼ ਸ਼ਿਕਾਇਤਾਂ 'ਤੇ ਕਾਰਵਾਈ ਲਈ ਪੁਲੀਸ ਨੂੰ ਹੀ ਵਾਪਸ ਭੇਜ ਦਿੰਦਾ ਹੈ ਅਤੇ ਪੁਲੀਸ ਅਫ਼ਸਰ ਸਾਰੇ ਨੇਮ ਛਿੱਕੇ ਟੰਗ ਕੇ ਆਪਣੇ ਸਾਥੀ ਅਫ਼ਸਰਾਂ ਨੂੰ ਬਚਾਉਂਦੇ ਹਨ।

ਸ਼ੇਰ ਸਿੰਘ ਘੁਬਾਇਆ ਨੇ ਫੜਿਆ ਕਾਂਗਰਸ ਦਾ ਹੱਥ



ਫ਼ਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਚੋਣ ਜਿੱਤੇ ਸ਼ੇਰ ਸਿੰਘ ਘੁਬਾਇਆ ਦਿੱਲੀ ਵਿਚ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੀ ਹਾਜ਼ਰੀ ਵਿਚ ਕਾਂਗਰਸ ਵਿਚ ਸ਼ਾਮਲ ਹੋਏ ਅਤੇ ਫ਼ਿਰੋਜ਼ਪੁਰ ਤੋਂ ਲੋਕ ਸਭਾ ਚੋਣ ਲੜਨ ਦਾ ਸੰਕੇਤ ਦਿੱਤਾ।

ਦੱਸਣਯੋਗ ਹੈ ਕਿ ਬੀਤੇ ਦਿਨ ਸ਼ੇਰ ਸਿੰਘ ਘੁਬਾਇਆ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਅਕਾਲੀ ਦਲ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਹੈ। ਸ੍ਰੀ ਘੁਬਾਇਆ ਦੇ ਕਾਂਗਰਸ ਵਿਚ ਸ਼ਾਮਲ ਹੋਣ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਪਾਰਟੀ ਦੀ ਇੰਚਾਰਜ ਆਸ਼ਾ ਕੁਮਾਰੀ ਵੀ ਹਾਜ਼ਰ ਸਨ। ਇਸ ਮੌਕੇ ਸ੍ਰੀ ਘੁਬਾਇਆ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਉਨ੍ਹਾਂ ਦੀ ਬਾਤ ਨਹੀਂ ਸੀ ਪੁੱਛੀ ਜਾ ਰਹੀ, ਖ਼ਾਸ ਕਰਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਰਵੱਈਆ ਪਾਰਟੀ ਦੇ ਕਾਰਕੁਨਾਂ ਪ੍ਰਤੀ ਮਾੜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਤੇ ਹੋਰ ਕਾਰਨਾਂ ਕਰਕੇ ਪੰਥਕ ਵੋਟਰਾਂ ਵਿਚ ਬਾਦਲਾਂ ਪ੍ਰਤੀ ਗੁੱਸਾ ਹੈ। ਸ੍ਰੀ ਘੁਬਾਇਆ ਨੇ ਸੰਕੇਤ ਦਿੱਤੇ ਕਿ ਉਹ ਫ਼ਿਰੋਜ਼ਪੁਰ ਤੋਂ ਚੋਣ ਲੜ ਸਕਦੇ ਹਨ ਪਰ ਨਾਲ ਹੀ ਫ਼ੈਸਲਾ ਕਾਂਗਰਸ ਹਾਈਕਮਾਂਡ ਉਪਰ ਸੁੱਟ ਦਿੱਤਾ। ਦੱਸਣਯੋਗ ਹੈ ਕਿ 2014 ਵਿਚ ਸੁਨੀਲ ਜਾਖੜ ਲੋਕ ਸਭਾ ਦੀ ਚੋਣ ਸ਼ੇਰ ਸਿੰਘ ਘੁਬਾਇਆ ਤੋਂ ਹਾਰ ਗਏ ਸਨ।

ਸ਼੍ਰੋਮਣੀ ਅਕਾਲੀ ਦਲ 'ਚ 'ਜਾਤੀ ਵਿਤਕਰੇ' ਦਾ ਮੁੱਦਾ ਭਖਿਆ

ਦਲਿਤਾਂ ਨਾਲ ਪਾਰਟੀ ਵਿਚ ਹੁੰਦੇ ਵਿਤਕਰੇ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਦੇ ਕੌਮੀ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਉਸ ਵੇਲੇ ਕਸੂਤੇ ਫਸ ਗਏ ਜਦੋਂ ਇਹ ਮੁੱਦਾ ਲੋਕ ਸਭਾ ਚੋਣਾਂ ਦੀ ਤਿਆਰੀ ਦੇ ਏਜੰਡੇ ਤਹਿਤ ਪਿੰਡ ਗੁਰੂ ਕੀ ਢਾਬ ਦੇ ਗੁਰੂ ਘਰ ਵਿਚ ਜੈਤੋ ਹਲਕੇ ਦੇ ਐਸ.ਸੀ. ਵਿੰਗ ਦੇ ਵਰਕਰਾਂ ਦੀ ਮੀਟਿੰਗ 'ਚ ਉਠਿਆ। ਪਾਰਟੀ ਦੀ ਸੀਨੀਅਰ ਆਗੂ ਅਮਰਜੀਤ ਕੌਰ ਪੰਜਗਰਾਈਂ ਅਤੇ ਸਾਬਕਾ ਐਸਜੀਪੀਸੀ ਮੈਂਬਰ ਜਥੇਦਾਰ ਨਾਜ਼ਰ ਸਿੰਘ ਸਰਾਵਾਂ ਨੇ ਆਪਣੇ ਭਾਸ਼ਣਾਂ ਦੀ ਚਕਰੀ ਇਸੇ ਮੁੱਦੇ ਦੁਆਲੇ ਘੁੰਮਾਈ ਰੱਖੀ। ਇਸ ਸਬੰਧ 'ਚ ਲੰਘੀਆਂ ਪੰਚਾਇਤੀ, ਬਲਾਕ ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦਾ ਹਵਾਲਾ ਦੇ ਕੇ ਰੋਸ ਜਤਾਇਆ ਕਿ ਹਰ ਔਖੇ ਵਕਤ ਦਲਿਤਾਂ ਤੋਂ ਮਦਦ ਲੈਣ ਵਾਲੇ ਜਨਰਲ ਵਰਗ ਦੇ ਅਕਾਲੀ ਕਾਰਕੁਨ ਦਲਿਤ ਉਮੀਦਵਾਰਾਂ ਨੂੰ ਚੋਣਾਂ ਵਿਚ ਹਰਾਉਣ ਲਈ ਪੂਰੀ ਟਿੱਲ ਲਾਉਂਦੇ ਹਨ। ਉਨ੍ਹਾਂ ਪਾਰਟੀ ਦੀ ਸਰਕਾਰ ਵੇਲੇ ਚੇਅਰਮੈਨੀਆਂ ਅਤੇ ਪ੍ਰਧਾਨਗੀਆਂ ਦੀ ਵੰਡ ਮੌਕੇ ਅਕਾਲੀ ਕਾਕਾਸ਼ਾਹੀ ਵਲੋਂ ਦਲਿਤਾਂ ਨਾਲ ਕੀਤੀ ਜਾਂਦੀ ਕਾਣੀ ਵੰਡ ਦੇ ਮੁੱਦੇ ਵੀ ਉਜਾਗਰ ਕੀਤੇ। ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਨੇ ਇਨ੍ਹਾਂ ਮੁੱਦਿਆਂ ਬਾਰੇ ਮੰਚ ਤੋਂ ਜਨਤਕ ਟਿੱਪਣੀ ਕਰਨ ਤੋਂ ਗੁਰੇਜ਼ ਕਰਦਿਆਂ ਅਕਾਲੀ-ਭਾਜਪਾ ਸਰਕਾਰ ਦੀ ਕਾਰਜਸ਼ੈਲੀ ਦੀ ਤਾਰੀਫ਼ ਕੀਤੀ ਅਤੇ ਕਾਂਗਰਸ ਸਰਕਾਰ ਦੇ ਕੰਮਾਂ ਨੂੰ ਭੰਡਿਆ। ਹਲਕਾ ਜੈਤੋ ਦੇ ਪਾਰਟੀ ਇੰਚਾਰਜ ਸੂਬਾ ਸਿੰਘ ਬਾਦਲ ਨੇ ਸੱਦਾ ਦਿੱਤਾ ਕਿ ਹਰ ਫਰੰਟ 'ਤੇ ਫੇਲ ਹੋ ਚੁੱਕੀ ਕਾਂਗਰਸ ਹਕੂਮਤ ਨੂੰ ਪਾਰਲੀਮੈਂਟ ਚੋਣਾਂ ਵਿਚ ਝਟਕਾ ਦਿੱਤਾ ਜਾਵੇ। ਮਾਰਕਫ਼ੈੱਡ ਦੇ ਚੇਅਰਮੈਨ ਗੁਰਚੇਤ ਸਿੰਘ ਢਿੱਲੋਂ ਨੇ ਕੈਪਟਨ ਸਰਕਾਰ ਦੀ ਨਿਖੇਧੀ ਕੀਤੀ।

ਪੰਜਾਬ 'ਚ 'ਆਪ' ਦੀ ਟੁੱਟ-ਭੱਜ ਨੇ ਪਾਰਟੀ ਦੀ ਵਧਾਈ ਸਿਰਦਰਦੀ

ਆਮ ਆਦਮੀ ਪਾਰਟੀ (ਆਪ) ਵਿਚਲੀ ਟੁੱਟ-ਭੱਜ ਨੇ ਪਾਰਟੀ ਦਾ ਲੋਕ ਸਭਾ ਚੋਣਾਂ ਦਾ ਰਾਹ ਲੰਮੇਰਾ ਕਰ ਦਿੱਤਾ ਹੈ। 'ਆਪ' ਲੀਡਰਸ਼ਿਪ, ਸ਼੍ਰੋਮਣੀ ਅਕਾਲੀ ਦਲ ਟਕਸਾਲੀ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਸਹਾਰੇ ਇਸ ਪੈਂਡੇ ਨੂੰ ਤੈਅ ਕਰਨਾ ਚਾਹੁੰਦੀ ਹੈ। ਪੰਜਾਬ ਦੇ ਸਿਆਸੀ ਭੇੜ ਵਿਚ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਨਾਮ ਬੇਅਦਬੀ ਕਾਂਡ ਅਤੇ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਨਾਲ ਜੁੜਨ ਕਾਰਨ ਇਸ ਪਾਰਟੀ ਦੇ ਪੈਰ ਉਖੜ ਗਏ ਹਨ।

ਇਸੇ ਦੌਰਾਨ ਜੇਕਰ 'ਆਪ' ਇਕਜੁੱਟ ਹੁੰਦੀ ਹੈ ਤਾਂ ਤੀਸਰੇ ਸਿਆਸੀ ਫਰੰਟ ਦਾ ਦਾਰੋਮਦਾਰ ਪੂਰੀ ਤਰ੍ਹਾਂ 'ਆਪ' ਲੀਡਰਸ਼ਿਪ 'ਤੇ ਨਿਰਭਰ ਹੋਣਾ ਸੀ। ਅਫਸੋਸ, ਪੰਜਾਬ ਜਮਹੂਰੀ ਗਠਜੋੜ (ਪੀਡੀਏ) ਵਿਚਲੀਆਂ 4 ਧਿਰਾਂ ਵਿਚੋਂ ਵੀ ਦੋ ਖਹਿਰਾ ਤੇ ਗਾਂਧੀ ਦੀਆਂ ਧਿਰਾਂ ਸਿੱਧੇ ਤੌਰ 'ਤੇ ਇਸੇ ਪਾਰਟੀ ਵਿਚੋਂ ਨਿਕਲੀਆਂ ਹਨ ਅਤੇ ਬੈਂਸ ਭਰਾ ਵੀ ਇਸੇ ਪਾਰਟੀ ਦੇ ਭਾਈਵਾਲ ਰਹੇ ਹਨ। ਇਸ ਲਈ ਜੇਕਰ ਟੁੱਟ-ਭੱਜ ਨਾ ਹੁੰਦੀ ਤਾਂ ਅੱਜ ਪੰਜਾਬ 'ਚ ਝਾੜੂ ਸਿਆਸੀ ਹੂੰਝਾ ਫੇਰ ਸਕਦਾ ਸੀ। ਦਰਅਸਲ, ਪੰਜਾਬ ਦੇ ਲੋਕ ਜਿਹੋ-ਜਿਹੇ ਆਪਣੇ ਜਨਤਾ ਨਾਲ ਜੁੜੇ ਵਿਧਾਇਕ ਹੋਣ ਦੇ ਸੁਪਨੇ ਲੈਂਦੇ ਹਨ। ਇਸ ਪਾਰਟੀ ਦੇ 20 ਵਿਧਾਇਕਾਂ ਵਿਚੋਂ ਘੱਟੋ-ਘੱਟ 15 ਕੁਲਵੰਤ ਸਿੰਘ ਪੰਡੋਰੀ, ਮਨਜੀਤ ਸਿਘ ਬਿਲਾਸਪੁਰ, ਰੁਪਿੰਦਰ ਕੌਰ ਰੂਬੀ, ਸਰਵਜੀਤ ਕੌਰ ਮਾਣੂਕੇ, ਪਿਰਮਲ ਸਿੰਘ ਖਾਲਸਾ, ਮੀਤ ਹੇਅਰ, ਜੈ ਕਿਸ਼ਨ ਸਿੰਘ ਰੋੜੀ, ਹਰਪਾਲ ਚੀਮਾ, ਪ੍ਰਿਸੀਪਲ ਬੁੱਧ ਰਾਮ, ਜਗਦੇਵ ਸਿੰਘ ਕਮਾਲੂ, ਜਗਤਾਰ ਸਿੰਘ ਹਿੱਸੋਵਾਲ, ਮਾਸਟਰ ਬਲਦੇਵ ਸਿੰਘ, ਕੁਲਤਾਰ ਸਿੰਘ ਸੰਧਵਾਂ, ਅਮਰਜੀਤ ਸਿੰਘ ਸੰਦੋਆ ਅਤੇ ਪ੍ਰੋ ਬਲਜਿੰਦਰ ਕੌਰ ਬਿਲਕੁਲ ਸਾਧਾਰਨ ਪਰਿਵਾਰਾਂ ਵਿਚੋਂ ਹਨ। ਉਂਜ ਸੁਖਪਾਲ ਸਿੰਘ ਖਹਿਰਾ ਅਤੇ ਅਮਨ ਅਰੋੜਾ ਨੂੰ ਛੱਡ ਕੇ ਬਾਕੀ 3 ਵਿਧਾਇਕ ਕੰਵਰ ਸੰਧੂ, ਐੱਚਐੱਸ ਫੂਲਕਾ ਅਤੇ ਨਾਜ਼ਰ ਸਿੰਘ ਵੀ ਪਹਿਲੀ ਵਾਰ ਹੀ ਸਿਆਸੀ ਅਖਾੜੇ ਵਿਚ ਦਾਖਲ ਹੋਏ ਹਨ। ਇਸ ਪਾਰਟੀ ਕੋਲ ਲੋਕਾਂ ਦੇ ਮਨਾਂ ਨੂੰ ਟੁੰਬਣ ਵਾਲੇ ਵਿਧਾਇਕ ਹੋਣ ਦੇ ਬਾਵਜੂਦ ਇਸ ਵਿਚਲੀ ਫੁੱਟ ਨੇ ਜਿਥੇ ਲੋਕਾਂ ਨੂੰ ਨਿਰਾਸ਼ ਕੀਤਾ ਹੈ, ਉਥੇ 'ਆਪ' ਦਾ ਵੀ ਸਿਆਸੀ ਨੁਕਸਾਨ ਹੋਇਆ ਹੈ।

ਇਸ ਵੇਲੇ 11 ਵਿਧਾਇਕ ਪਾਰਟੀ ਨਾਲ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਿਚਰ ਰਹੇ ਹਨ। ਦੂਸਰੇ ਪਾਸੇ ਬਾਗੀ ਧੜੇ ਖਹਿਰਾ ਨਾਲ ਜੁੜੇ 7 ਵਿਧਾਇਕਾਂ ਵਿਚੋਂ 5 ਵਿਧਾਇਕ ਸੰਧੂ, ਮਾਨਸ਼ਾਹੀਆ, ਖਾਲਸਾ, ਕਮਾਲੂ ਅਤੇ ਹਿੱਸੋਵਾਲ ਨੇ ਖਹਿਰਾ ਵਲੋਂ ਆਪਣੀ ਵੱਖਰੀ ਪਾਰਟੀ ਬਣਾਉਣ ਤੋਂ ਬਾਅਦ ਆਪਣਾ ਵੱਖਰਾ ਧੜਾ ਬਣਾ ਲਿਆ ਗਿਆ ਹੈ। ਹੁਣ ਖਹਿਰਾ ਨਾਲ ਕੇਵਲ ਇਕੋ ਵਿਧਾਇਕ ਮਾਸਟਰ ਬਲਦੇਵ ਸਿੰਘ ਹੀ ਰਹਿ ਗਏ ਹਨ, ਜਿਸ ਕਾਰਨ ਖਹਿਰਾ ਦੇ ਭਵਿੱਖ ਉਪਰ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਪ੍ਰੈੱਸ ਕਾਨਫਰੰਸਾਂ ਅਤੇ ਸਰਗਰਮੀਆਂ ਵਿਚ ਹੁਣ ਪਹਿਲਾਂ ਵਾਲੀ ਚਮਕ ਨਹੀਂ ਰਹੀ।

ਭਾਵੇਂ 'ਆਪ' ਨੇ 5 ਲੋਕ ਸਭਾ ਹਲਕਿਆਂ ਸੰਗਰੂਰ ਤੋਂ ਪਾਰਟੀ ਦੇ ਪ੍ਰਧਾਨ ਤੇ ਮੌਜੂਦਾ ਸੰਸਦ ਮੈਂਬਰ ਭਗਵੰਤ ਮਾਨ, ਫਰੀਦਕੋਟ ਤੋਂ ਮੌਜੂਦਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਅੰਮ੍ਰਿਤਸਰ ਤੋਂ ਕੁਲਦੀਪ ਧਾਲੀਵਾਲ (ਜਗਦੇਵ ਕਲਾਂ), ਆਨੰਦਪੁਰ ਸਾਹਿਬ ਤੋਂ ਨਰਿੰਦਰ ਸ਼ੇਰਗਿੱਲ ਅਤੇ ਹੁਸ਼ਿਆਰਪੁਰ ਤੋਂ ਡਾ. ਰਵਜੋਤ ਸਿੰਘ ਨੂੰ ਉਮੀਦਵਾਰ ਬਣਾ ਦਿੱਤਾ ਹੈ ਪਰ ਬਾਕੀ 8 ਸੀਟਾਂ ਲਈ ਫਿਲਹਾਲ ਉਮੀਦਵਾਰਾਂ ਦੀ ਭਾਲ ਚੱਲ ਰਹੀ ਹੈ। ਪਾਰਟੀ ਵਲੋਂ ਇਕ ਪਾਸੇ ਅਕਾਲੀ ਦਲ ਟਕਸਾਲੀ ਅਤੇ ਦੂਸਰੇ ਪਾਸੇ ਬਸਪਾ ਨਾਲ ਹੱਥ ਮਿਲਾਉਣ ਲਈ ਹਰੇਕ ਯਤਨ ਕੀਤਾ ਜਾ ਰਿਹਾ ਹੈ। ਟਕਸਾਲੀਆਂ ਨਾਲ ਆਨੰਦਪੁਰ ਸਾਹਿਬ ਦੀ ਸੀਟ ਉਪਰ ਪੇਚਾ ਪਿਆ ਹੈ ਕਿਉਂਕਿ ਜਿਥੇ ਟਕਸਾਲੀਆਂ ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ ਇਸ ਹਲਕੇ ਤੋਂ ਪੁਰਾਣੇ ਕਾਂਗਰਸੀ ਤੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੂੰ ਉਮੀਦਵਾਰ ਐਲਾਨ ਚੁੱਕੇ ਹਨ, ਉਥੇ 'ਆਪ' ਸ਼ੇਰਗਿੱਲ ਨੂੰ ਆਪਣਾ ਉਮੀਦਵਾਰ ਬਣਾ ਚੁੱਕੀ ਹੈ। ਪੀਡੀਏ ਨਾਲ ਵੀ ਟਕਸਾਲੀਆਂ ਦੀ ਆਨੰਦਪੁਰ ਸੀਟ ਨੂੰ ਲੈ ਕੇ ਹੀ ਗੱਲ ਟੁੱਟੀ ਸੀ ਕਿਉਂਕਿ ਬਸਪਾ ਵੀ ਇਸ ਸੀਟ ਉਪਰ ਆਪਣਾ ਹੱਕ ਜਤਾ ਰਹੀ ਸੀ, ਜਿਸ ਕਾਰਨ ਪੀਡੀਏ ਵਿਚ ਫਿਲਹਾਲ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਡਾ. ਧਰਮਵੀਰ ਗਾਂਧੀ ਦਾ ਪੰਜਾਬ ਮੰਚ, ਬਸਪਾ ਅਤੇ ਸ੍ਰੀ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਵਿਚਕਾਰ ਹੀ ਸਾਂਝ ਬਣੀ ਹੈ ਪਰ ਪੀਡੀਏ ਨੇ ਹਾਲੇ ਰਸਮੀ ਤੌਰ 'ਤੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ।

ਭਾਵੇਂ 'ਆਪ' ਨੇ ਆਪਣੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਸੱਦ ਕੇ ਬਰਨਾਲਾ ਵਿਚ ਰੈਲੀ ਕਰਕੇ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ ਪਰ ਸਮੁੱਚੇ ਪੰਜਾਬ ਵਿਚ ਪਾਰਟੀ ਦੀਆਂ ਚੋਣ ਸਰਗਰਮੀਆਂ ਦੀ ਲਾਮਬੰਦੀ ਕਰਨੀ ਵੱਡਾ ਸਵਾਲ ਹੈ। ਫਿਲਹਾਲ 'ਆਪ' ਲੋਕ ਸਭਾ ਹਲਕਾ ਸੰਗਰੂਰ ਵਿਚ ਹੀ ਭਗਵੰਤ ਮਾਨ ਰਾਹੀਂ ਹੋਰ ਪਾਰਟੀਆਂ ਨੂੰ ਟੱਕਰ ਦੇਣ ਦੇ ਸਮਰੱਥ ਜਾਪਦੀ ਹੈ ਅਤੇ ਜੇਕਰ ਟਕਸਾਲੀਆਂ ਅਤੇ ਬਸਪਾ ਨਾਲ ਗੱਲ ਕਿਸੇ ਪਾਸੇ ਲਗਦੀ ਹੈ ਤਾਂ ਪਾਰਟੀ ਕੁਝ ਹੋਰ ਸੀਟਾਂ 'ਤੇ ਵੀ ਟੱਕਰ ਦੇਣ ਦੇ ਸਮਰੱਥ ਹੋ ਸਕਦੀ ਹੈ। ਆਨੰਦਪੁਰ ਸਾਹਿਬ ਦੀ ਸੀਟ 'ਤੇ ਜੇਕਰ ਦੋਵੇਂ ਧਿਰਾਂ ਟਕਸਾਲੀ ਅਕਾਲੀ ਦਲ ਅਤੇ 'ਆਪ' ਚੋਣ ਲੜਨ ਲਈ ਬਜ਼ਿੱਦ ਰਹੀਆਂ ਤਾਂ ਫਿਰ ਸੂਬੇ ਵਿਚ 'ਆਪ', ਟਕਸਾਲੀ ਅਤੇ ਪੀਡੀਏ ਵੱਖੋ-ਵਖਰੇ ਤੌਰ 'ਤੇ ਚੋਣ ਲੜ ਕੇ ਵਿਰੋਧੀ ਵੋਟਾਂ ਦੀਆਂ ਵੰਡੀਆਂ ਪਾ ਕੇ ਮੁੜ ਰਵਾਇਤੀ ਪਾਰਟੀਆਂ ਅਕਾਲੀ ਦਲ-ਭਾਜਪਾ ਗਠਜੋੜ ਅਤੇ ਕਾਂਗਰਸ ਲਈ ਹੀ ਮੈਦਾਨ ਖਾਲੀ ਛੱਡ ਦੇਣਗੀਆਂ।

'ਜਥੇਦਾਰ' ਕੋਲਿਆਂਵਾਲੀ ਦੀ ਜ਼ਮਾਨਤ ਅਰਜ਼ੀ ਰੱਦ



ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਾਦਲਾਂ ਦੇ ਖ਼ਾਸਮਖ਼ਾਸ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੀ ਜ਼ਮਾਨਤ ਅਰਜ਼ੀ ਐਸ.ਏ.ਐਸ. ਨਗਰ (ਮੁਹਾਲੀ) ਦੀ ਅਦਾਲਤ ਨੇ ਰੱਦ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਬੀਤੀ 16 ਫਰਵਰੀ ਨੂੰ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਨੇ ਅਕਾਲੀ ਆਗੂ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ ਸੀ। ਵਿਜੀਲੈਂਸ ਨੇ ਹੁਣ ਨਵੇਂ ਸਿਰਿਓਂ ਦਿਆਲ ਸਿੰਘ ਕੋਲਿਆਂਵਾਲੀ ਖ਼ਿਲਾਫ਼ ਦਰਜ ਕੇਸ ਵਿਚ ਵੱਖ ਵੱਖ ਧਾਰਾਵਾਂ ਦਾ ਵਾਧਾ ਕਰਕੇ 'ਜਥੇਦਾਰ' ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਵਿਜੀਲੈਂਸ ਕਾਰਵਾਈ ਦੀ ਭਿਣਕ ਪੈਂਦਿਆਂ ਹੀ ਕੋਲਿਆਂਵਾਲੀ ਨੇ ਚੁੱਪ ਚੁਪੀਤੇ ਆਪਣੇ ਵਕੀਲਾਂ ਰਾਹੀਂ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਵਿਚ ਨਵੇਂ ਸਿਰਿਓਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਜੱਜ ਨੇ ਵੱਖ ਵੱਖ ਪਹਿਲੂਆਂ 'ਤੇ ਗੌਰ ਕਰਦਿਆਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਉਧਰ, ਇਸ ਸਬੰਧੀ ਵਿਜੀਲੈਂਸ ਦੇ ਐੱਸਐੱਸਪੀ ਅਸ਼ੋਕ ਬਾਠ ਨੇ ਦੱਸਿਆ ਕਿ ਕੋਲਿਆਂਵਾਲੀ ਖ਼ਿਲਾਫ਼ ਜੁਰਮ ਵਿਚ ਹੋਰ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੋਲਿਆਂਵਾਲੀ ਨੇ ਜ਼ਮੀਨ ਦੇ ਤਬਾਦਲੇ ਸਬੰਧੀ ਦੂਜੀ ਧਿਰ ਨਾਲ ਧੋਖਾਧੜੀ ਕੀਤੀ ਹੈ। ਅਕਾਲੀ ਆਗੂ ਨੇ ਜ਼ਮੀਨ ਤਬਾਦਲੇ ਸਬੰਧੀ ਦੂਜੀ ਧਿਰ ਤੋਂ ਤਾਂ ਲੋੜੀਂਦੀ ਜ਼ਮੀਨ ਆਪਣੇ ਨਾਂ ਕਰਵਾ ਲਈ ਪ੍ਰੰਤੂ ਬਦਲੇ ਵਿਚ ਜਿਹੜੀ ਜ਼ਮੀਨ ਦੂਜੀ ਧਿਰ ਨੂੰ ਦਿੱਤੀ ਗਈ, ਉਹ ਉਸ ਦੀ ਮਲਕੀਅਤ ਨਹੀਂ ਸੀ। ਜ਼ਮੀਨ ਦੇ ਜਾਅਲੀ ਦਸਤਾਵੇਜ਼ ਤਿਆਰ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਜੱਦੀ ਪਿੰਡ ਕੋਲਿਆਂਵਾਲੀ ਵਿਚ ਸਥਿਤ ਮਹਿਲਨੁਮਾ ਆਲੀਸ਼ਾਨ ਕੋਠੀ ਦੀ ਪੈਮਾਇਸ਼ ਬਾਰੇ ਜਾਂਚ ਰਿਪੋਰਟ ਮਿਲ ਗਈ ਹੈ ਅਤੇ ਵਿਜੀਲੈਂਸ ਵਲੋਂ ਜਾਂਚ ਵਿਚ ਲਾਏ ਦੋਸ਼ ਸਹੀ ਸਾਬਤ ਹੋਏ ਹਨ।

ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਔਰਤ ਦਿਹਾੜੇ ਸਬੰਧੀ ਵਿਚਾਰ ਚਰਚਾ



ਕੈਲਗਰੀ (ਨਦਬ) : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 10 ਮਾਰਚ ਨੂੰ ਕੋਸੋ ਹਾਲ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਅਤੇ ਡ. ਰਾਜਵੰਤ ਕੌਰ ਦੀ ਪ੍ਰਧਾਨਗੀ ਹੇਠ ਹੋਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸ. ਜਸਵੀਰ ਸਿੰਘ ਸਹੋਤਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ।

ਪੈਰੀ ਮਾਹਲ, ਜਸਵੀਰ ਸਿੰਘ ਸਹੋਤਾ ਅਤੇ ਹੈਪੀ ਮਾਨ ਨੇ ਔਰਤ ਦਿਹਾੜੇ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਹੈਪੀ ਮਾਨ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਗੁਰ-ਵਾਕ "ਪੁਤੀਂ ਗੰਢੁ ਪਵੈ ਸੰਸਾਰਿ" ਦਾ ਹਵਾਲਾ ਦਿੰਦਿਆਂ ਕਿਹਾ ਕਿ ਗੁਰੂ ਜੀ ਨੇ ਇਹ "ਪੁਤੀਂ" ਸ਼ਬਦ ਧੀ ਅਤੇ ਪੁੱਤ ਦੋਨਾਂ ਲਈ ਹੀ ਵਰਤਿਆ ਹੈ ਨਾ ਕਿ ਕੇਵਲ ਪੁੱਤ ਲਈ। ਗੁਰੂ ਨਾਨਕ ਦਾ ਇਹ ਸੁਨੇਹਾ ਮਰਦ ਅਤੇ ਔਰਤ ਦੀ ਬਰਾਬਰੀ ਦਾ ਪ੍ਰਤੀਕ ਹੈ। ਔਰਤ ਦਿਵਸ ਕਿਉਂ ਮਨਾਉਂਦੇ ਹਾਂ, ਕੀ ਸਾਡਾ ਸਮਾਜ ਔਰਤ ਨੂੰ ਔਰਤ ਦੇ ਬਣਦੇ ਹੱਕ ਪ੍ਰਦਾਨ ਕਰਦਾ ਹੈ? ਵਰਗੇ ਸਵਾਲਾਂ ਦੇ ਜਵਾਬ ਲਭਦਿਆਂ ਅਤੇ ਇਸ ਵਿਸ਼ੇ 'ਤੇ ਕੀਤੇ ਵਿਚਾਰ ਵਟਾਂਦਰੇ 'ਚੋਂ ਇਹ ਗੱਲ ਸਾਹਮਣੇ ਆਈ ਕਿ ਜਿਸ ਸਮਾਜ ਵਿਚ ਔਰਤ ਨੂੰ ਬਣਦੇ ਅਧਿਕਾਰ ਪ੍ਰਾਪਤ ਹੋਣ, ਔਰਤ ਨੂੰ ਉਹ ਸਨਮਾਨ ਮਿਲਦਾ ਹੋਵੇ ਜਿਸ ਦੀ ਉਹ ਹੱਕਦਾਰ ਹੈ, ਓਥੇ ਵਿਸ਼ੇਸ਼ ਤੌਰ 'ਤੇ ਅਜੇਹੇ ਦਿਨ ਮਨਾਉਣ ਦੀ ਜ਼ਰੂਰਤ ਨਹੀਂ ਪੈਂਦੀ। ਅਜਿਹੇ ਦਿਨਾਂ ਦਾ ਮਨਾਉਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਕੀਵੀਂ ਸਦੀ 'ਚ ਪੁੱਜ ਕੇ ਵੀ ਔਰਤ ਆਪਣੇ ਬਣਦੇ ਅਧਿਕਾਰਾਂ ਅਤੇ ਸਮਾਜਕ ਸਨਮਾਨ ਵਾਸਤੇ ਮਰਦਾਂ ਦੇ ਮੂੰਹ ਵੱਲ ਝਾਕਦੀ ਹੈ। ਬੇਸ਼ਕ ਅੱਜ ਦੀ ਔਰਤ ਨੇ ਹਰ ਖੇਤਰ ਵਿਚ ਅਹਿਮ ਪ੍ਰਾਪਤੀਆਂ ਕੀਤੀਆਂ ਹਨ ਪਰ ਫਿਰ ਵੀ ਔਰਤ ਆਪਣੇ ਹੱਕਾਂ ਤੋਂ ਵਿਰਵੀ ਰਹਿ ਜਾਂਦੀ ਹੈ ਅਤੇ ਕੋਝੇ ਸਮਾਜ ਵਿਚ ਹੁੰਦੇ ਬਲਾਤਕਾਰ ਔਰਤ ਨੂੰ ਮੂੰਹ ਚੜਾਉਦੇਂ ਆਮ ਨਜ਼ਰ ਆਉਂਦੇ ਹਨ ।

ਰਚਨਾਵਾਂ ਦੇ ਦੌਰ ਵਿਚ ਰਵੀ ਜਨਾਗਲ, ਸਰਬਜੀਤ ਕੌਰ ਉੱਪਲ, ਮਨਜੀਤ ਬਰਾੜ ਰੋਡੇ, ਲਖਵਿੰਦਰ ਸਿੰਘ ਜੌਹਲ, ਸ਼ਮਿੰਦਰ ਕੰਬੋ, ਪਰਮਜੀਤ ਕੌਰ ਕੰਬੋ, ਅਹਿਮਦ ਸ਼ਕੀਲ ਚੁੱਗਤਾਈ, ਹਰਮਿੰਦਰ ਕੌਰ ਚੁੱਘ, ਸ੍ਰੀ ਰਾਮ ਸਰੂਪ ਸੈਣੀ, ਸੁਰਿੰਦਰ ਗੀਤ, ਡਾ. ਰਾਜਵੰਤ ਕੌਰ ਮਾਨ, ਗੁਰਬਖਸ਼ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਗਹੀਰ ਨੇ ਹਿੱਸਾ ਲਿਆ। ਸਭਾ ਦੀ ਅਗਲੀ ਇਕੱਤਰਤਾ 14 ਅਪ੍ਰੈਲ ਨੂੰ ਬਾਦ ਦੁਪਹਿਰ ਦੋ ਵਜੇ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨੂੰ 403-605-3734 ਜਾਂ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੂੰ 403-968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ 19ਵਾਂ ਮੇਲਾ ਗ਼ਦਰੀ ਬਾਬਿਆਂ ਦਾ 31 ਮਾਰਚ ਨੂੰ ਫਰਿਜ਼ਨੋ ਵਿਚ

ਫਰਿਜ਼ਨੋ (ਨਦਬ) : ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ 'ਮੇਲਾ ਗ਼ਦਰੀ ਬਾਬਿਆਂ ਦਾ' 31 ਮਾਰਚ, 2019 ਨੂੰ 1 ਵਜੇ ਤੋਂ 6 ਵਜੇ ਤੱਕ ਫਰਿਜ਼ਨੋ ਵਿਚ ਕਰਵਾਇਆ ਜਾ ਰਿਹਾ ਹੈ। ਇਹ 19ਵਾਂ ਮੇਲਾ 3535 ਨਾਰਥ ਕੌਰਨੀਲੀਆ ਐਵੇਨਿਉ ਫਰਿਜ਼ਨੋ, ਸੈਂਟਰਲ ਯੁਨੀਫਾਈਡ ਹਾਈ ਸਕੂਲ ਦੇ ਜਿਮਨੇਜ਼ੀਅਮ ਵਿਚ ਹੋਵੇਗਾ। ਮੇਲੇ ਦੇ ਮੁਖ ਮਹਿਮਾਨ ਅਤੇ ਬੁਲਾਰੇ ਲੇਖਕ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਦੀਆਂ ਜ਼ਿੰਮੇਵਾਰੀਆਂ ਨਿਭਾਉ ਚੁੱਕੇ ਡਾ. ਵਰਿਆਮ ਸਿੰਘ ਸੰਧੂ ਹੋਣਗੇ। ਇਹ ਮੇਲਾ 1919 ਨੂੰ ਅੰਮ੍ਰਿਤਸਰ ਦੀ ਧਰਤੀ 'ਤੇ ਵਾਪਰੇ ਜ਼ਲਿਆਵਾਲੇ ਬਾਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਤ ਹੋਵੇਗਾ। ਇਸ ਪ੍ਰੋਗਰਾਮ ਵਿਚ ਪੱਤਰਕਾਰ ਸੁਰਿੰਦਰ ਸਿੰਘ ਵੀ ਵਿਸ਼ੇਸ ਤੌਰ 'ਤੇ ਸ਼ਾਮਲ ਹੋਣਗੇ। ਇਸ ਪ੍ਰੋਗਰਾਮ ਵਿਚ ਗ਼ਦਰ ਲਹਿਰ ਅਤੇ ਹੋਰਨਾਂ ਰਾਜਸੀ, ਸਮਾਜਕ ਮਸਲਿਆਂ 'ਤੇ ਤਕਰੀਰਾਂ ਦੇ ਨਾਲ ਨਾਲ ਗੀਤ ਸੰਗੀਤ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਹੋਣਗੇ। ਗਾਇਕ ਜੀਤਾ ਗਿੱਲ ਆਪਣੇ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਜਲੀ ਦੇਣਗੇ। ਜੀ.ਐਚ.ਜੀ.ਡਾਂਸ ਅਤੇ ਸੰਗੀਤ ਅਕੈਡਮੀ ਅਤੇ ਹੇਅਰ ਮੀਡੀਏ ਵਲੋਂ ਤਿਆਰ ਕੀਤੀਆ ਟੀਮਾਂ ਭੰਗੜੇ ਅਤੇ ਗਿੱਧੇ ਦਾ ਪ੍ਰਦਰਸ਼ਨ ਵੀ ਕਰਨਗੀਆਂ। ਚੰਗੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ ਹਾਈ ਸਕੂਲ ਵਿਚੋਂ 4.0 ਜਾਂ ਵੱਧ ਗਰੇਡ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਫਰਿਜ਼ਨੋ ਵਿਚ ਹੋਈ ਜਿਸ ਵਿਚ ਮੈਂਬਰਾਂ ਜ਼ਿੰਮੇ ਕੰਮ ਵੰਡਦਿਆਂ ਕਮੇਟੀਆ ਬਣਾਈਆਂ ਗਈਆਂ। ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਫੋਰਮ ਦੀ ਟੀਮ ਫੰਡ ਉਗਰਾਹੀ ਵਿਚ ਰੁਝ ਗਈ ਹੈ। ਉਨ੍ਹਾਂ ਨੇ ਫਰਿਜ਼ਨੋ ਏਰੀਏ ਦੇ ਸਮੂਹ ਲੋਕਾਂ ਤੋਂ ਆਸ ਕੀਤੀ ਉਹ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਦੇਣਗੇ। ਮੀਟਿੰਗ ਵਿਚ 900 ਏ ਐਮ, 620 ਏ ਐਮ ਅਤੇ 1300 ਏ ਐਮ ਰੇਡੀਓ ਦੇ ਪੰਜਾਬੀ ਹੋਸਟਾਂ ਅਤੇ ਸਮੂਹ ਪੰਜਾਬੀ ਅਖਬਾਰਾਂ ਦਾ ਇਸ ਮੇਲੇ ਦਾ ਸੁਨੇਹਾ ਲੋਕਾਂ ਤੱਕ ਪਹੁਚਾਉਣ ਲਈ ਧੰਨਵਾਦ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਸਬੰਧੀ ਕਿਸੇ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਸੁਰਿੰਦਰ ਸਿੰਘ ਮੰਢਾਲੀ (559-473-9269), ਗੁਰਦੀਪ ਸਿੰਘ ਗਿੱਲ (559-360-4248), ਨਵਦੀਪ ਧਾਲੀਵਾਲ (559-287-0822) ਜਾਂ ਹਰਜਿੰਦਰ ਸਿੰਘ ਢੇਸੀ (559-618-0156) ਨਾਲ ਸਪੰਰਕ ਕੀਤਾ ਜਾ ਸਕਦਾ ਹੈ।

ਰੇਚਲ ਨੋਟਲੇ ਵਲੋਂ ਬਿਲ ਸੀ-69 ਦੀ ਨਿਖੇਧੀ



ਓਟਾਵਾ- ਅਲਬਰਟਾ ਦੀ ਪ੍ਰੀਮੀਅਰ ਨੇ ਊਰਜਾ ਸੁਧਾਰ ਕਾਨੂੰਨ ਬਿਲ ਸੀ-69 ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇ ਇਸ ਬਿਲ ਬਾਰੇ ਟ੍ਰਾਂਸ ਮਾਊਨਟੇਨ ਪਾਈਪਲਾਈਨ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਸਾਫ਼ ਤੌਰ 'ਤੇ ਇਸ ਵਿਚ ਟਰੂਡੋ ਦਾ ਦਵੰਦ ਨਜ਼ਰ ਆਉਂਦਾ ਹੈ। ਬਿਨਾਂ ਸ਼ੱਕ ਇਹ ਬਿਲ ਨਵੀਂ ਪਾਈਪਲਾਈਨ 'ਤੇ ਨਾਕਾਰਾਤਮਕ ਅਸਰ ਪਾਵੇਗਾ। ਇਸ ਤੋਂ ਸਪਸ਼ਟ ਹੈ ਇਸ ਬਿਲ ਦਾ ਤੇਲ ਅਤੇ ਗੈਸ ਦੇ ਖੇਤਰ ਵਿਚ ਨਾਕਾਰਾਤਮਕ ਅਸਰ ਹੋਣਾ ਤੈਅ ਹੈ। ਪ੍ਰੀਮੀਅਰ ਰੇਚਲ ਨੋਟਲੇ ਨੇ ਕਿਹਾ ਕਿ ਜੇਕਰ ਇਹ ਬਿਲ ਮੌਜੂਦਾ ਸ਼ਕਲ ਵਿਚ ਪਾਸ ਹੁੰਦਾ ਹੈ ਤਾਂ ਮੁੱਖ ਪਾਈਪਲਾਈਨ ਪ੍ਰੋਜੈਕਟਾਂ ਨੂੰ ਕਾਨੂੰਨੀ ਅੜਚਣਾਂ ਕਾਰਣ ਸਾਲਾਂ ਦੀ ਦੇਰੀ ਹੋਵੇਗੀ ਤੇ ਸ੍ਰੋਤ ਖੇਤਰ ਵਿਚ ਨਿਵੇਸ਼ ਵਿਚ ਕਟੌਤੀ ਆਵੇਗੀ ਤੇ ਲਾਭ ਸਿਰਫ਼ ਵਕੀਲਾਂ ਨੂੰ ਹੋਵੇਗਾ।

ਦੱਸਣਾ ਬਣਦਾ ਹੈ ਕਿ ਬਿਲ ਸੀ-69 ਤਹਿਤ ਮੁੱਖ ਐਨਰਜ਼ੀ ਪ੍ਰੋਜੈਕਟ, ਹੀਰਿਆਂ ਦੀਆਂ ਖਾਨਾਂ ਤੋਂ ਲੈ ਕੇ ਹਾਈਡ੍ਰੋ ਡੈਮਾਂ ਤੱਕ ਦੀ ਪੜਚੋਲ ਪ੍ਰਕਿਰਿਆ ਵਿਚ ਨਵੇਂ ਬਦਲਾਅ ਆਉਣਗੇ।

ਨਿਊਫਾਊਂਡਲੈਂਡ ਦੇ ਪ੍ਰੀਮੀਅਰ ਅਤੇ ਸਸਕੈਚਵੈਨ ਦੇ ਊਰਜਾ ਮੰਤਰੀ ਵੱਲੋਂ ਵੀ ਸੈਨੇਟ ਨੂੰ ਸੰਬੋਧਨ ਕੀਤਾ ਗਿਆ ਤੇ ਉਨ੍ਹਾਂ ਨੇ ਬਿਲ ਵਿਚ ਮਹੱਤਵਪੂਰਨ ਸੁਧਾਰਾਂ ਦੇ ਸੁਝਾਅ ਦਿੱਤੇ।

ਰੇਚਲ ਨੋਟਲੇ ਨੇ ਤਾਂ ਸਾਫ਼ ਤੌਰ 'ਤੇ ਕਿਹਾ ਕਿ ਓਟਵਾ ਆਪਣੀ ਪ੍ਰੋਜੈਕਟ ਸੂਚੀ ਜਾਰੀ ਕਰੇ ਅਤੇ ਇਸ ਬਿਲ ਨੂੰ ਲੈ ਕੇ ਸਾਰੀਆਂ ਸਬੰਧਤ ਧਿਰਾਂ ਨੂੰ ਵਿਸ਼ਵਾਸ ਵਿਚ ਲਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮਾਮਲੇ ਵਿਚ ਸਿਰਫ਼ ਇਸ ਕਰਕੇ ਹੀ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਤੁਸੀਂ ਕਹਿ ਰਹੇ ਹੋ ਕਿ ਸਾਡਾ ਵਿਸ਼ਵਾਸ ਕਰੋ। ਸਾਨੂੰ ਇਸ ਮਾਮਲੇ ਵਿਚ ਲਿਖਤੀ ਸਬੂਤ ਚਾਹੀਦੇ ਹਨ।

ਨਿਊਫਾਊਂਡਲੈਂਡ ਦੇ ਪ੍ਰੀਮੀਅਰ ਨੇ ਕਿਹਾ ਕਿ ਜਦੋਂ ਤੱਕ ਇਸ ਬਿਲ ਨੂੰ ਲੈ ਕੇ ਸਪਸ਼ਟਤਾ ਨਹੀਂ ਬਣ ਜਾਂਦੀ ਉਦੋਂ ਤੱਕ ਨਿਵੇਸ਼ ਦੇ ਖੇਤਰ ਵਿਚ ਦੁਚਿਤੀ ਬਣੀ ਰਹੇਗੀ। ਉਨ੍ਹਾਂ ਵੱਲੋਂ ਸੁਝਾਅ ਦਿੱਤਾ ਗਿਆ ਕਿ ਸਰਕਾਰ ਨੂੰ ਇਸ ਸਬੰਧ ਵਿਚ ਕਨੇਡਾ-ਨੋਵਾ ਸਕੋਸ਼ੀਆ ਔਫ਼ਸ਼ੋਅਰ ਪੈਟਰੋਲੀਅਮ ਬੋਰਡ ਨੂੰ ਰੈਗੂਲੇਟਰੀ ਤਾਕਤ ਦੇਣੀ ਚਾਹੀਦੀ ਹੈ। ਕਿਉਂਕਿ ਇਸ ਸੰਸਥਾ ਵੱਲੋਂ ਪਹਿਲਾਂ ਤੋਂ ਅਜਿਹੇ ਪ੍ਰੋਜੈਕਟਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਅਰਪਨ ਲਿਖਾਰੀ ਸਭਾ ਦੀ ਮੀਟਿੰਗ ਕੌਮਾਂਤਰੀ ਇਸਤਰੀ ਦਿਵਸ ਨੂੰ ਸਮਰਪਿਤ

ਕੈਲਗਰੀ (ਨਦਬ) : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਕੌਂਸਲ ਆਫ਼ ਸਿੱਖ ਔਰਗੇਨਾਇਜ਼ੇਸ਼ਨ (ਕੋਸੋ) ਦੇ ਹਾਲ ਵਿਚ ਸਤਪਾਲ ਕੌਰ ਬੱਲ਼, ਜਸਵਿੰਦਰ ਸਿੰਘ ਅਰਪਨ ਅਤੇ ਡਾ. ਦਲਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਕਬਾਲ ਖ਼ਾਨ ਨੇ ਸਟੇਜ ਸੰਚਾਲਨ ਕਰਦਿਆਂ ਸਾਰਿਆਂ ਨੂੰ ਜੀ ਆਇਆਂ ਕਿਹਾ। ਪੰਜਾਬੀ ਹਿੰਦੀ ਸਾਹਿਤਕ ਜਗਤ ਦੀਆਂ ਕੁਝ ਸ਼ਖ਼ਸੀਅਤਾਂ (ਡਾ. ਐੱਸ ਤਰਸੇਮ, ਡਾ. ਨਾਮਵਰ ਸਿੰਘ, ਸਾਥੀ ਲੁਧਿਆਣਵੀ, ਚਮਨ ਲਾਲ ਚਮਨ, ਕਰਨਲ ਗੁਰਦੀਪ ਜਗਰਾਂਉਂ ਅਤੇ ਸਭਾ ਦੇ ਮੈਂਬਰ ਲਖਵਿੰਦਰ ਸਿੰਘ ਜੌਹਲ ਦੇ ਮਾਤਾ ਜੀ) ਦੇ ਵਿਛੋੜੇ ਦੀਆਂ ਖ਼ਬਰਾਂ ਸਾਂਝੀਆਂ ਕੀਤੀਆਂ। ਸਭਾ ਵਲੋਂ ਇਕ ਮਿੰਟ ਦਾ ਮੋਨਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਕੇਸਰ ਸਿੰਘ ਨੀਰ ਨੇ ਡਾ. ਨਾਮਵਰ ਸਿੰਘ, ਸਾਥੀ ਲਧਿਆਵੀ, ਚਮਨ ਲਾਲ ਚਮਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਚਾਨਣਾ ਪਾਇਆ। ਕਰਨਲ ਗੁਰਦੀਪ ਜਗਰਾਂਉਂ ਅਤੇ ਡਾ. ਐੱਸ ਤਰਸੇਮ ਬਾਰੇ ਆਪਣੇ ਨਿੱਜੀ ਸੰਬਧਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਸਤਪਾਲ ਕੌਰ ਬੱਲ ਨੇ ਫ਼ਰਵਰੀ ਅਤੇ ਮਾਰਚ ਵਿਚ ਸਾਹਿਤਕ ਅਤੇ ਸਮਾਜਕ ਗਤੀ-ਵਿਧੀਆਂ ਨਾਲ ਸੰਬੰਧਤ ਮਸਲਿਆਂ 'ਤੇ ਗੱਲਬਾਤ ਕਰਦੇ ਹੋਏ ਇਸ ਮੀਟਿੰਗ ਨੂੰ ਇਸਤਰੀ ਦਿਵਸ ਨੂੰ ਸਮਰਪਿਤ ਕੀਤਾ। ਇਕਬਾਲ ਖ਼ਾਨ ਨੇ ਡਾ. ਦਲਜੀਤ ਸਿੰਘ ਅਤੇ ਦੀ ਜਾਣ-ਪਛਾਣ ਕਰਾਉਂਦਿਆਂ ਸਰੋਤਿਆਂ ਦੇ ਰੂਬ-ਰੂ ਕੀਤਾ। ਡਾ. ਦਲਜੀਤ ਸਿੰਘ ਨੇ ਸਿੱਖ ਇਤਿਹਾਸ ਵਿਚੋਂ ਹਵਾਲੇ ਦੇ ਕੇ ਇਸਤਰੀ ਜਾਤੀ ਨੂੰ ਮਨੁੱਖ ਦੀ ਸਿਰਜਣਹਾਰੀ ਦੱਸਦਿਆਂ ਇਸਤਰੀ ਨੂੰ ਪੂਰਨਤਾ ਅਤੇ ਰੂਹਾਨੀ ਅਧਿਆਤਮਵਾਦ ਦੀ ਪ੍ਰਤੀਕ ਦੱਸਦੇ ਹੋਏ ਕਿਹਾ, "ਮਾਂ ਭਾਵੇਂ ਦੁਨੀਆ ਦੇ ਕਿਸੇ ਹਿੱਸੇ ਵਿਚ ਵੀ ਹੋਵੇ ਮਨੁੱਖ ਦਾ ਸਿਰ ਆਪਣੀ ਸਿਰਜਣਹਾਰੀ ਲਈ ਝੁਕ ਜਾਂਦਾ ਹੈ"। ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਮਹਾਤਮਾਂ ਗਾਂਧੀ ਤੇ ਇੰਦਰਾਂ ਗਾਂਧੀ ਦੀ ਕਲਪਤ ਵਿਅੰਗ-ਮਈ ਗੱਲਬਾਤ ਨੂੰ ਕਵੀਸ਼ਰੀ ਰੰਗ ਵਿਚ ਪੇਸ਼ ਕੀਤਾ। ਰਵੀ ਜਨਾਗਲ ਨੇ ਰੁਪਿੰਦਰ ਸੋਹਲ ਦੀ ਗ਼ਜ਼ਲ ਗਾਇਨ ਕੀਤਾ।

ਸਤਨਾਮ ਸਿੰਘ ਢਾਅ ਨੇ ਇਸ ਮਹੀਨੇ ਦੇ ਇਤਿਹਾਸਕ, ਸਮਾਜਕ ਅਤੇ ਵਰਨਣਯੋਗ ਘਟਨਾਵਾਂ ਬਾਰੇ ਕੁਝ ਨੁਕਤੇ ਸਾਂਝੇ ਕੀਤੇ। ਹਰਮਿੰਦਰ ਕੌਰ ਚੁੱਘ ਨੇ 'ਅੰਤਕੀ ਤੇਰਾ ਭਗਵਾਨ ਕੌਣ' ਦੇ ਸਿਰਲੇਖ ਨਾਂ ਦੀ ਕਵਿਤਾ ਅੱਤਵਾਦ ਦੇ ਵਿਰੋਧ ਵਿਚ ਸੁਣਾਈ। ਗੁਰਦੀਸ਼ ਕੌਰ ਗਰੇਵਾਲ ਨੇ ਗੀਤ 'ਜੰਗ ਕਿਸੇ ਮਸਲੇ ਦਾ ਹੱਲ ਨਾ ਪਿਆਰਿਓ' ਗਾਇਨ ਕੀਤਾ। ਇਕਬਾਲ ਖ਼ਾਨ ਨੇ 1965-71 ਜੰਗ ਦੇ ਸਮੇਂ ਫੈਲਾਈਆਂ ਗਈਆਂ ਅਫ਼ਵਾਹਾਂ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਜੋਗਾ ਸਿੰਘ ਸਿਹੋਤਾ ਨੇ ਫ਼ਿਲਮੀ ਗੀਤ ਸੁਣਾ ਕੇ ਮਹੌਲ ਨੂੰ ਨਵਾਂ ਰੰਗ ਦਿੱਤਾ।

ਪੈਰੀ ਮਾਹਲ ਨੇ ਹਿੰਦ-ਪਾਕਿ ਦੇ ਮੌਜੂਦਾ ਹਾਲਾਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਰਬਜੀਤ ਕੌਰ ਉੱਪਲ਼ ਨੇ ਟੱਪੇ ਸੁਣਾ ਕੇ ਰੰਗ ਬੰਨ੍ਹਿਆ। ਜਸਵਿੰਦਰ ਸਿੰਘ ਅਰਪਨ ਨੇ ਵੀ ਆਪਣੀ ਨਵੀਂ ਲਿਖੀ ਗ਼ਜ਼ਲ ਦੇ ਕੁਝ ਸ਼ੇਅਰ ਸਾਂਝੇ ਕੀਤੇ। ਅਮਰੀਕ ਸਿੰਘ ਚੀਮਾ, ਕੁਲਦੀਪ ਕੌਰ ਘਟੌੜਾ, ਸੁਖਵਿੰਦਰ ਸਿੰਘ ਤੂਰ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਹੈੱਡ ਮਾਸਟਰ ਅਮਰ ਸਿੰਘ ਕਿੰਗਰਾ, ਪ੍ਰਿਤਪਾਲ ਸਿੰਘ ਮੱਲੀ, ਜਤਿੰਦਰ ਸਿੰਘ ਗਿੱਲ, ਰਣਜੀਤ ਸਿੰਘ, ਸੁਖਦੇਵ ਕੌਰ ਢਾਅ ਅਤੇ ਅਰਸ਼ਦੀਪ ਸਿੰਘ ਘਟੌੜਾ ਨੇ ਵੀ ਇਸ ਸਹਿਤਕ ਮਿਲਣੀ ਵਿਚ ਹਿੱਸਾ ਲਿਆ।

ਸਤਪਾਲ ਕੌਰ ਬੱਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅਰਪਨ ਲਿਖਾਰੀ ਸਭਾ ਦੇ ਜਨਰਲ ਸਕੱਤਰ ਸ੍. ਜਸਵੰਤ ਸਿੰਘ ਨੇ ਦੋਹਤਰੇ ਦੀ ਖ਼ੁਸ਼ੀ ਵਿਚ ਸਾਰਿਆਂ ਦਾ ਮੂੰਹ ਮਿੱਠਾ ਕਰਵਾਇਆ। ਅਗਲੀ ਇਕਤੱਤਰਤਾ 13 ਅਪ੍ਰੈਲ, 2019 ਨੂੰ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਲਈ 403-590-1403 ਸਤਪਾਲ ਕੌਰ ਬੱਲ ਨੂੰ, 403-681-3132 ਤੇ ਜਸਵੰਤ ਸਿੰਘ ਸੇਖੋਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ।


Gold Star
Furniture
ACCESSORIES
BEDROOM
COFFEE TABLE
CUSTOM FURNITURE
DINING TABLE
KIDS ZONE
KITCHEN SET
PUB TABLE
SOFA SET
An impressive way of living
Boxing Day Sale
Up to
50%
OFF
780-819-0530
Email:goldenfurniture.ca@gmail.com
Web:goldenfurniture.ca
9177 25 Ave NW, Edmonton, AB T6N 0A5, Canada


Yes!
Immigration Consultancy Services
iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA
www.yesimmigration.ca
OUR SERVICES
Student Visa
Express Entry-Jan 2015
Canadian Experience Class
Federal Skilled Worker
LMIA/Work Permits
Citizenship Services
P.R. Card Services
Canadain Experience Class
Federal Skilled Worker
Business Immigration
Family Sponsorship
Affidavits
Live in Caregiver
Change of Employer
Change of Conditions
Case History From CIC
Name Change
Travel Documents
Dual Citizenship
US Visa, UK Visa, Australia Visa
Provincial Nominee Programs
Spousal Sponsorship
Sponsorship Appeals
Visitor Visa/Super Visa
ALBERTA OFFICE :
Unit #201, 4271-23 Ave. NW
(All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com
TORONTO OFFICE :
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279
RIPTAAPAN SINGH (RIP)
Branch Manager (B.Sc)
SUPER VISA INSURANCE
Canada


OIL $39.99
CHANGE SPECIAL
INCLUDES:
UP TO 4 QTS OF MOTOR OIL.
NEW FILTER.
FREE VEHICLE INSPECTION.
ALIGNMENT
SPECIAL
$89.99
INCLUDES:
STEERING AND SUSPENSION INSPECTION
TWO OR FOUR WHEEL ALIGNMENT
AIR CONDITION
RECHARGE
$79.99
INCLUDES:
EVACUATE AND RECHARGE THE COOLING SYSTEM.
Alberta Tire & Auto Centre
we keep you moving
CALL: 780-988-1103
FRIENDLY मित्रतापूर्ण ਦੋਸਤਾਨਾ
RELIABLE विष्वसनीय ਭਰੋਸੇਮੰਦ
PROFESSIONAL प्रोफेसनल ਪ੍ਰੋਫ਼ੈਸ਼ਨਲ
SERVICE सेवा ਸੇਵਾਵਾਂ
3450-93 STREET NW, EDMONTON ALBERTA T6E 6A4
TEL: 780-988-1103 EMAIL: SERVICE@ALBERTATIREANDAUTO.CA
MONDAY - FRIDAY 08:00 AM TO 5:00 PM
SATURDAY 09:00 AM TO 2:00 PM
VISA MasterCard AMERICAN EXPRESS
BBB ACCREDITED BUSINESS
WE DO IT ALL!!
Brakes
Maintenance
Repairs
MICHELIN













ਆਨਲਾਈਨ ਪਟੀਸ਼ਨ ’ਤੇ 48 ਘੰਟੇ ਵਿਚ 15 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਦਸਤਖ਼ਤ ਕੀਤੇ

ਅਮਰੀਕੀ 71 ਲੱਖ ਕਰੋੜ ਵਿਚ ਕਨੇਡਾ ਨੂੰ ਵੇਚਣਾ ਚਾਹੁੰਦੇ ਹਨ ਮੋਂਟਾਨਾ ਰਾਜ, ਕਿਹਾ–ਕੰਮ ਦਾ ਨਹੀਂ, ਵੇਚ ਕੇ ਕਰਜ਼ ਤਾਂ ਘਟਾਓ

ਵਾਸ਼ਿੰਗਟਨ (ਨਦਬ) : ਅਮਰੀਕਾ ’ਤੇ 22 ਟ੍ਰਿਲੀਅਨ ਡਾਲਰ ਭਾਵ ਕਰੀਬ 1500 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਲੋਕਾਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਕਰਜ਼ੇ ਦਾ ਬੋਝ ਘੱਟ ਕਰਨ ਲਈ ਮੋਂਟਾਨਾ ਸੂਬਾ ਕਨੇਡਾ ਨੂੰ ਵੇਚ ਦਿੱਤਾ ਜਾਵੇ। ਇਹ ਸਾਡੇ ਕਿਸੇ ਕੰਮ ਦਾ ਨਹੀਂ ਹੈ। ਇਸ ਸੁਝਾਅ ਦੇ ਨਾਲ ਸ਼ੁਰੂ ਆਨਲਾਈਨ ਪਟੀਸ਼ਨ ’ਤੇ 48 ਘੰਟੇ ਵਿਚ 15 ਹਜ਼ਾਰ ਤੋਂ ਜ਼ਿਆਦਾ ਲੋਕ ਦਸਤਖ਼ਤ ਕਰ ਚੁੱਕੇ ਹਨ। ਹਾਲਾਂਕਿ, ਸੰਸਦ ਮੈਂਬਰਾਂ ਦੀ ਕਮੇਟੀ ਨੇ ਇਸ ਪ੍ਰਸਤਾਵ ਨੂੰ ਤਰਕਹੀਣ ਦੱਸ ਕੇ ਖਾਰਜ ਕਰ ਦਿੱਤਾ। ਦਰਅਸਲ, ਇਕ ਅਮਰੀਕ ਵੈੱਬਸਾਈਟ ਵਿਚ ਇਆਨ ਹੈਮੰਡ ਨਾਂ ਦੇ ਸ਼ਖ਼ਸ ਨੇ ਸਭ ਤੋਂ ਪਹਿਲਾਂ ਇਹ ਵਿਸ਼ਾ ਰੱਖਿਆ। ਉਸ ਨੇ ਕਿਹਾ ਕਿ ਮੋਂਟਾਨਾ ਸਾਡੇ ਲਈ ਬੇਕਾਰ ਹੈ। ਇਸ ਨੂੰ ਵੇਚ ਦੇਣਾ ਚਾਹੀਦਾ ਹੈ। ਇਸ ਨਾਲ ਅਮਰੀਕਾ ਦੇ ਕਰਜ਼ੇ ਵਿਚੋਂ 71 ਲੱਖ ਕਰੋੜ ਰੁਪਏ ਤਾਂ ਘੱਟ ਹੋ ਜਾਣਗੇ। ਜਵਾਬ ਵਿਚ ਇਕ ਵਿਅਕਤੀ ਨੇ ਕਿਹਾ– ‘ਕਨੇਡਾ ਨੂੰ ਬੱਸ ਏਨਾ ਦਸ ਦਿਓ ਕਿ ਇਸ ਸੂਬੇ ਵਿਚ ਊਦਬਿਲਾਵ ਕਾਫੀ ਰਹਿੰਦੇ ਹਨ। ਉਹ ਉਨ੍ਹਾਂ ਤੋਂ ਬਚ ਕੇ ਰਹਿਣ ਬਾਕੀ ਇੱਥੇ ਕੋਈ ਸਮੱਸਿਆ ਨਹੀਂ ਹੈ।’ ਕੁਝ ਹੋਰ ਲੋਕਾਂ ਨੇ ਕਿਹਾ ਕਿ ਮੋਂਟਾਨਾ ਦੀ ਜਨਸੰਖਿਆ ਕਾਫੀ ਘੱਟ ਹੈ ਅਤੇ ਉਥੋਂ ਦੇ ਕਈ ਲੋਕ ਖੁਦ ਨੂੰ ਅਮਰੀਕਾ ਤੋਂ ਵੱਖ ਮੰਨਦੇ ਹਨ। ਉਧਰ, ਕੁਝ ਲੋਕਾਂ ਨੇ ਕਿਹਾ–‘ਟਰੰਪ ਸ਼ਾਸਨ ਤੋਂ ਮੁਕਤੀ ਲਈ ਮੋਂਟਾਨਾ ਨੂੰ ਕਨੇਡਾ ਦੇ ਨਾਲ ਚਲੇ ਜਾਣਾ ਚਾਹੀਦਾ ਹੈ।’

ਇਕ ਯੂਜ਼ਰ ਨੇ ਲਿਖਿਆ ਕਿ ਕਨੇਡਾ ਨਾਲ ਜੁੜਨ ’ਤੇ ਸਾਨੂੰ ਕਾਨੂੰਨੀ ਤੌਰ ’ਤੇ ਅਫੀਮ ਖਾਣ ਦੀ ਆਜ਼ਾਦੀ ਅਤੇ ਹੈ ਲ ਥ ਕ ੇ ਅ ਰ ਮਿਲੇਗੀ। ਉਧਰ ਕਨੇਡਾ ਦੇ ਇਕ ਯੂਜ਼ਰ ਨੇ ਕਿਹਾ ਕਿ ਮੋਂਟਾਨਾ ਦਾ ਸਾਡੇ ਨਾਲ ਜੁੜਨਾ ਬਿਹਤਰ ਤਜਰਬਾ ਰਹੇਗਾ, ਬਸ਼ਰਤੇ ਉਹ ਮੁਫ਼ਤ ਵਿਚ ਆਉਣਾ ਚਾਹੇ। ਹਾਲਾਂਕਿ, ਸੋਸ਼ਲ ਮੀਡੀਆ ’ਤੇ ਕਈ ਲੋਕ ਇਸ ਸੂਬੇ ਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਅਤੇ ਬੇਇਜ਼ਤੀ ਦੱਸ ਰਹੇ ਹਨ। ਮੋਂਟਾਨਾ ਦੇ ਸੰਸਦ ਮੈਂਬਰਾਂ ਨੇ ਵੀ ਸਟੇਟ ਹਾਊਸ ਕਮੇਟੀ ਦੀ ਮੀਟਿੰਗ ਵਿਚ ਇਸ ਬਹਿਸ ’ਤੇ ਚਰਚਾ ਕੀਤੀ। 20 ਮੈਂਬਰਾਂ ਵਾਲੀ ਕਮੇਟੀ ਨੇ ਮੋਂਟਾਨਾ ਨੂੰ ਵੇਚੇ ਜਾਣ ਦਾ ਪ੍ਰਸਤਾਵ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਇਸ ਵਿਚ ਕੋਈ ਤਰਕ ਨਹੀਂ ਹੈ। ਇਸ ਦੇ ਵੇਚੇ ਜਾਣ ਦੇ ਵਿਰੋਧ ਵਿਚ 15 ਮੈਂਬਰ ਸਨ।



ਮੋਂਟੈਨਾ ਦੀ ਆਬਾਦੀ 10 ਲੱਖ, ਆਕਾਰ ਵਿਚ ਚੌਥਾ ਵੱਡਾ ਸੂਬਾ

ਮੋਂਟੈਨਾ ਅਮਰੀਕਾ ਦੇ ਪੱਛਮੀ ਖੇਤਰ ਵਿਚ ਸਥਿਤ ਹੈ। ਇਸ ਸੂਬੇ ਦਾ ਨਾਂ ਸਪੈਨਿਸ਼ ਸ਼ਬਦ ਮੋਂਟੈਨਾ ਤੋਂ ਲਿਆ ਗਿਆ ਹੈ। ਮੋਂਟੈਨਾ ਦਾ ਮਤਲਬ ਪਰਬਤ ਹੁੰਦਾ ਹੈ। ਇਹ ਤਿੰਨ ਕਨੇਡਿਆਈ ਸੂਬਿਆਂ ਦੀ ਸਰਹੱਦ ਨਾਲ ਲਗਦਾ ਹੈ। ਇਹ ਸੂਬਾ ਅਮਰੀਕਾ ਦੇ ਸੂਬਿਆਂ ਵਿਚ ਆ ਕੇ ਹਿਸਾਬ ਨਾਲ ਚੌਥੇ ਸਥਾਨ ’ਤੇ ਆਉਂਦਾ ਹੈ, ਜਦਕਿ ਆਬਾਦੀ ਵਿਚ ਉਸ ਦਾ 48ਵਾਂ ਸਥਾਨ ਹੈ। 2015 ਵਿਚ ਕੀਤੀ ਗਈ ਜਨਗਣਨਾ ਮੁਤਾਬਕ ਇਸ ਸੂਬੇ ਦੀ ਆਬਾਦੀ 10 ਲੱਖ ਦੇ ਕਰੀਬ ਹੈ।

ਅਮਰੀਕਾ ਦੇ ਕੈਲੀਫੋਰਨੀਆ ਵਿਚ 2.75 ਲੱਖ ਏਕੜ ਜ਼ਮੀਨ ’ਤੇ ਬਿਨਾਂ ਸਿੰਜਾਈ ਹੋ ਰਹੀ ਖੇਤੀ, ਕਿਸਾਨ 30% ਤੋਂ ਜ਼ਿਆਦਾ ਮੁਨਾਫ਼ਾ ਕਮਾ ਰਹੇ

ਕਿਸਾਨਾਂ ਨੇ ਸੁੱਕੀ ਧਰਤੀ ’ਤੇ ਸਬਜ਼ੀਆਂ ਤੇ ਫਲ ਉਗਾਉਣ ਲਈ ਡਰਾਈ ਫਾਰਮਿੰਗ ਤਕਨੀਕ ਅਪਣਾਈ

ਸੈਕਰਾਮੈਂਟੋ (ਨਦਬ) : ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਭਿਆਨਕ ਸੋਕੇ ਦੇ ਚਲਦਿਆਂ ਕਰੀਬ 2.75 ਲੱਖ ਏਕੜ ਜ਼ਮੀਨ ’ਤੇ ਬਿਨਾਂ ਸਿੰਜਾਈ ਖੇਤੀ ਕੀਤੀ ਜਾ ਰਹੀ ਹੈ। ਇਹ ਕੈਲੀਫੋਰਨੀਆ ਦੀ ਖੇਤੀ ਦੀਆਂ ਜ਼ਮੀਨਾਂ ਦਾ ਇਕ ਫ਼ੀਸਦ ਹਿੱਸਾ ਹੈ। ਇਸ ਵਿਚ ਟਮਾਟਰ, ਆਲੂ, ਫਲੀਆਂ, ਛੱਲੀਆਂ ਅਤੇ ਅੰਗੂਰ ਉਗਾਏ ਜਾ ਰਹੇ ਹਨ। ਬਿਨਾਂ ਸਿੰਜਾਈ ਦੀ ਇਸ ਖੇਤੀ ਨੂੰ ਡਰਾਈ ਫਾਰਮਿੰਗ ਕਿਹਾ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਨੂੰ ਪਹਿਲਾਂ ਦੇ ਮੁਕਾਬਲੇ 30% ਜ਼ਿਆਦਾ ਮੁਨਾਫ਼ਾ ਹੋ ਰਿਹਾ ਹੈ। ਕੈਲੀਫੋਰਨੀਆ ਦੇ ਜਿਮ ਲੀਪ ਨੇ ਪਹਿਲੀ ਵਾਰ ਇਹ ਤਕਨੀਕ ਆਪਣੇ ਸ਼ਹਿਰ ਸੰਜੁਆ ਬਾਊਟਿਸ਼ਾ ਵਿਚ ਲਿਆਂਦੀ ਸੀ। ਲੀਪ ਦਾ ਪਰਿਵਾਰ 8 ਸਾਲ ਤੋਂ ਡਰਾਈ ਫਾਰਮਿੰਗ ਕਰ ਰਿਹਾ ਹੈ। ਲੀਪ ਦਾ ਕਹਿਣਾ ਹੈ ਕਿ ਡਰਾਈ ਫਾਰਮਿੰਗ ਘੱਟ ਮੀਂਹ ਵਾਲੇ ਇਲਾਕਿਆਂ ਵਿਚ ਉਪਯੋਗੀ ਹੈ। ਜ਼ਮੀਨ ਦੀ ਨਮੀ ਬਣਾਏ ਰੱਖਣਾ ਡਰਾਈ ਫਾਰਮਿੰਗ ਦਾ ਆਧਾਰ ਹੈ। ਇਸ ਲਈ ਜ਼ਮੀਨ ਦੀ ਡੂੰਘਾਈ ਤੱਕ ਵਾਹੀ ਕੀਤੀ ਜਾਂਦੀ ਹੈ, ਤਾਂ ਕਿ ਵਾਸ਼ਪੀਕਰਨ ਰੁਕੇ। ਅਜਿਹੀ ਫ਼ਸਲ ਲਾਉਂਦੇ ਹਨ, ਜੋ ਘੱਟ ਨਮੀ ਅਤੇ ਘੱਟ ਸਮੇਂ ਵਿਚ ਉੱਗੇ। ਇਹ ਤਕਨੀਕ 19ਵੀਂ ਸਦੀ ਵਿਚ ਇਟਲੀ ਅਤੇ ਸਪੇਨ ਵਿਚ ਇਸਤੇਮਾਲ ਕੀਤੀ ਜਾਂਦੀ ਸੀ। ਹੌਲੀ ਹੌਲੀ ਲੋਕ ਇਸ ਨੂੰ ਭੁੱਲ ਗਏ। ਸਾਲ 2014 ਤੋਂ ਇਸ ਦੀ ਵਰਤੋਂ ਕੈਲੀਫੋਰਨੀਆ ਵਿਚ ਵਧੀ, ਕਿਉਂਕਿ ਇੱਥੇ ਮੀਂਹ ਘੱਟ ਪੈਣ ਲੱਗਾ। ਇਸੇ ਸਾਲ ਇਥੇ ਵਾਟਰ ਮੈਨੇਜਮੈਂਟ ਐਕਟ ਆਇਆ। ਖੇਤੀ ਲਈ ਪਾਣੀ ਦੀ ਸਪਲਾਈ ਸੀਮਤ ਕੀਤੀ ਗਈ। ਦਰਅਸਲ, ਇਥੇ ਉਪਲਬਧ ਪਾਣੀ ਦਾ 80 ਫ਼ੀਸਦੀ ਖੇਤੀ ’ਤੇ ਖ਼ਰਚ ਹੋ ਰਿਹਾ ਸੀ।



ਯੂਏਈ ਦੇ ਰੇਤਲੇ ਇਲਾਕਿਆਂ ਵਿਚ ਕਿੰਨੂਆਂ ਦੀ ਖੇਤੀ ਸ਼ੁਰੂ

ਯੂਏਈ ਦੇ ਰੇਤਲੇ ਖੇਤਰਾਂ ਵਿਚ ਕਿੰਨੂਆਂ ਦੀ ਖੇਤੀ ਸ਼ੁਰੂ ਕੀਤੀ ਗਈ ਹੈ। ਇਸ ਵਿਚ ਵੱਡੀ ਮਾਤਰਾ ਵਿਚ ਪ੍ਰੋਟੀਨ ਹੁੰਦਾ ਹੈ। ਕਿੰਨੂਆਂ ਦੀ ਖੇਤੀ ਨੂੰ ਹੱਲਾਸ਼ੇਰੀ ਦੇਣ ਲਈ ਦੁਬਈ ਵਿਚ ਇੰਟਰਨੈਸ਼ਨਲ ਸੈਂਟਰ ਪਾਰ ਬਾਇਓਸਲਾਈਨ ਐਗਰੀਕਲਚਰ ਦਾ ਸੰਮੇਲਨ ਹੋਇਆ। ਇਸ ਵਿਚ ਦੁਨੀਆ ਦੇ 100 ਤੋਂ ਵੱਧ ਵੱਡੇ ਕਿਸਾਨਾਂ, ਵਪਾਰੀਆਂ, ਵਿਗਿਆਨੀਆਂ, ਖੋਜਕਾਰਾਂ ਅਤੇ ਸਰਕਾਰਾਂ ਦੇ ਪ੍ਰਤੀਨਿਧੀਆਂ ਨੇ ਕਿੰਨੂਆਂ ਦੀ ਖੇਤੀ ’ਤੇ ਚਰਚਾ ਕੀਤੀ।

ਲੋਕ ਸਭਾ ਚੋਣਾਂ 2019 ਦਾ 'ਸ਼ੰਖਨਾਦ'

ਸੱਤ ਪੜਾਵਾਂ 'ਚ ਹੋਣਗੀਆਂ ਚੋਣਾਂ, ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵੀ ਨਾਲੋ-ਨਾਲ

➣ 11 ਅਪ੍ਰੈਲ ਤੋਂ 19 ਮਈ ਤੱਕ ਪੈਣਗੀਆਂ ਵੋਟਾਂ, 23 ਮਈ ਨੂੰ ਆਉਣਗੇ ਨਤੀਜੇ

➣ ਪੰਜਾਬ 'ਚ 19 ਮਈ ਨੂੰ ਹੋਵੇਗੀ ਵੋਟਿੰਗ

➣ ਜੰਮੂ ਕਸ਼ਮੀਰ 'ਚ ਅਸੈਂਬਲੀ ਚੋਣਾਂ ਪਿੱਛੇ ਪਾਈਆਂ

➣ ਦਸ ਲੱਖ ਪੋਲਿੰਗ ਸਟੇਸ਼ਨ ਹੋਣਗੇ ਸਥਾਪਤ

➣ ਆਂਧਰਾ ਪ੍ਰਦੇਸ਼, ਅਰੁਣਾਚਲ, ਉੜੀਸਾ ਤੇ ਸਿੱਕਿਮ ਵਿਚ ਇਕੋ ਵੇਲੇ ਹੋਣਗੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ

ਨਵੀਂ ਦਿੱਲੀ (ਨਦਬ) : ਚੋਣ ਕਮਿਸ਼ਨ ਨੇ 17ਵੀਂ ਲੋਕ ਸਭਾ ਲਈ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ। ਚੋਣਾਂ ਐਤਕੀਂ ਸੱਤ ਪੜਾਵਾਂ 'ਚ ਹੋਣਗੀਆਂ, ਜਿਸ ਦੀ ਸ਼ੁਰੂਆਤ 11 ਅਪ੍ਰੈਲ ਤੋਂ ਹੋਵੇਗੀ। ਆਖਰੀ ਤੇ ਸੱਤਵੇਂ ਪੜਾਅ ਦੀਆਂ ਵੋਟਾਂ 19 ਮਈ ਨੂੰ ਪੈਣਗੀਆਂ ਜਦੋਂ ਕਿ ਵੋਟਾਂ ਦੀ ਗਿਣਤੀ 23 ਮਈ ਨੂੰ ਹੋਵੇਗੀ। ਪੰਜਾਬ, ਹਿਮਾਚਲ ਪ੍ਰਦੇਸ਼ ਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਵੋਟਿੰਗ 19 ਮਈ ਨੂੰ ਹੋਵੇਗੀ ਜਦੋਂਕਿ ਗੁਆਂਢੀ ਰਾਜ ਹਰਿਆਣਾ ਵਿਚ ਵੋਟਿੰਗ ਦਾ ਅਮਲ 12 ਮਈ ਨੂੰ ਸਿਰੇ ਚੜ੍ਹੇਗਾ। ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਉੜੀਸਾ ਤੇ ਸਿੱਕਿਮ ਵਿਚ ਆਮ ਚੋਣਾਂ ਦੇ ਨਾਲ ਹੀ ਅਸੈਂਬਲੀ ਚੋਣਾਂ ਲਈ ਵੀ ਵੋਟਿੰਗ ਹੋਵੇਗੀ ਜਦੋਂਕਿ ਚੋਣ ਕਮਿਸ਼ਨ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਜੰਮੂ ਕਸ਼ਮੀਰ ਅਸੈਂਬਲੀ ਲਈ ਚੋਣਾਂ ਨੂੰ ਹਾਲ ਦੀ ਘੜੀ ਪਿੱਛੇ ਪਾ ਦਿੱਤਾ ਹੈ ਜਦੋਂਕਿ ਰਾਜ ਵਿਚ ਸੰਸਦੀ ਚੋਣਾਂ ਪੰਜ ਪੜਾਵਾਂ ਵਿਚ ਹੋਣਗੀਆਂ। ਸਾਲ 1996 ਮਗਰੋਂ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਸਮੇਂ ਨਾਲ ਨਹੀਂ ਹੋਣਗੀਆਂ। ਚੋਣ ਪ੍ਰੋਗਰਾਮ ਦੇ ਐਲਾਨ ਨਾਲ ਹੀ ਦੇਸ਼ ਭਰ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਲੋਕ ਸਭਾ ਚੋਣਾਂ ਦੇ ਸੱਤ ਪੜਾਅ

ਪੜਾਅ	ਤਰੀਕ	ਕੁੱਲ ਸੀਟਾਂ	ਰਾਜ
1	11 ਅਪਰੈਲ	91	20
2	18 ਅਪਰੈਲ	97	13
3	23 ਅਪਰੈਲ	115	14
4	29 ਅਪਰੈਲ	71	9
5	6 ਮਈ	51	7
6	12 ਮਈ	59	7
7	19 ਮਈ	59	8
		543	
ਨਤੀਜੇ 23 ਮਈ ਨੂੰ ਆਉਣਗੇ			

ਰਾਜ	ਕੁੱਲ ਸੀਟਾਂ	ਵੋਟਿੰਗ ਦੀ ਤਰੀਕ
ਪੰਜਾਬ	13	19 ਮਈ
ਚੰਡੀਗੜ੍ਹ	1	19 ਮਈ
ਹਰਿਆਣਾ	10	12 ਮਈ
ਹਿਮਾਚਲ ਪ੍ਰਦੇਸ਼	4	19 ਮਈ
ਦਿੱਲੀ	7	12 ਮਈ
ਜੰਮੂ ਕਸ਼ਮੀਰ	6	11, 18, 23, 29 ਅਪਰੈਲ ਅਤੇ 6 ਮਈ (ਪੰਜ ਪੜਾਅ)

ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਐਤਕੀਂ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਮੁਲਕ ਭਰ ਵਿਚ ਦਸ ਲੱਖ ਪੋਲਿੰਗ ਸਟੇਸ਼ਨ ਸਥਾਪਤ ਕੀਤੇ ਜਾਣਗੇ। ਸਾਲ 2014 ਵਿਚ ਇਹ ਅੰਕੜਾ 9 ਲੱਖ ਦੇ ਕਰੀਬ ਸੀ। ਸ੍ਰੀ ਅਰੋੜਾ ਨੇ ਦੱਸਿਆ ਕਿ ਲੋਕ ਸਭਾ ਦੀਆਂ 543 ਸੀਟਾਂ ਲਈ ਲਗਭਗ 90 ਕਰੋੜ ਵੋਟਰ ਮਤਦਾਨ ਲਈ ਯੋਗ ਹੋਣਗੇ।

ਚੋਣ ਪ੍ਰੋਗਰਾਮ ਮੁਤਾਬਕ ਪੂਰਾ ਚੋਣ ਅਮਲ ਸੱਤ ਗੇੜਾਂ ਵਿਚ ਮੁਕੰਮਲ ਹੋਵੇਗਾ। ਪਹਿਲੇ ਗੇੜ ਦੀ ਵੋਟਿੰਗ 11 ਅਪ੍ਰੈਲ ਨੂੰ, ਦੂਜੇ ਦੀ 18 ਅਪ੍ਰੈਲ, ਤੀਜੇ ਦੀ 23 ਅਪ੍ਰੈਲ, ਚੌਥੇ ਦੀ 29 ਅਪ੍ਰੈਲ, ਪੰਜਵੇਂ ਦੀ 6 ਮਈ, ਛੇਵੇਂ ਦੀ 12 ਮਈ ਤੇ ਸੱਤਵੇਂ ਤੇ ਅੰਤਿਮ ਗੇੜ ਲਈ ਵੋਟਾਂ 19 ਮਈ ਨੂੰ ਪੈਣਗੀਆਂ। ਸ੍ਰੀ ਅਰੋੜਾ ਨੇ ਕਿਹਾ ਕਿ ਸਾਰੇ ਸੰਸਦੀ ਹਲਕਿਆਂ (543) ਲਈ ਵੋਟਾਂ ਦੀ ਗਿਣਤੀ 23 ਮਈ ਨੂੰ ਕੀਤੀ ਜਾਵੇਗੀ। ਪਹਿਲੇ ਪੜਾਅ ਵਿਚ 91 ਸੰਸਦੀ ਹਲਕਿਆਂ, ਦੂਜੇ ਵਿਚ 97, ਤੀਜੇ ਵਿਚ 115, ਚੌਥੇ ਵਿਚ 71, ਪੰਜਵੇਂ ਵਿਚ 51, ਛੇਵੇਂ 'ਚ 59 ਤੇ ਸੱਤਵੇਂ ਗੇੜ ਵਿਚ 59 ਸੰਸਦੀ ਹਲਕਿਆਂ ਲਈ ਵੋਟਾਂ ਪੈਣਗੀਆਂ।

ਸ੍ਰੀ ਅਰੋੜਾ ਨੇ ਦੱਸਿਆ ਕਿ ਆਂਧਰਾ ਪ੍ਰਦੇਸ਼, ਅਰੁਣਾਚਲ, ਉੜੀਸਾ ਤੇ ਸਿੱਕਿਮ ਵਿਧਾਨ ਸਭਾਵਾਂ ਲਈ ਚੋਣ ਆਮ ਚੋਣਾਂ ਦੇ ਨਾਲ ਹੀ ਹੋਵੇਗੀ ਜਦੋਂਕਿ ਸੁਰੱਖਿਆ ਕਾਰਨਾਂ ਦੇ ਚਲਦਿਆਂ ਜੰਮੂ ਕਸ਼ਮੀਰ ਅਸੈਂਬਲੀ ਚੋਣਾਂ ਨੂੰ ਹਾਲ ਦੀ ਘੜੀ ਅੱਗੇ ਪਾ ਦਿੱਤਾ ਹੈ। ਤਿੰਨ ਰਾਜਾਂ ਆਂਧਰਾ ਪ੍ਰਦੇਸ਼, ਅਰੁਣਾਚਲ ਤੇ ਸਿੱਕਿਮ ਵਿਚ ਸਾਰੀਆਂ ਅਸੈਂਬਲੀ ਸੀਟਾਂ ਤੇ ਲੋਕ ਸਭਾ ਚੋਣਾਂ ਲਈ ਇਕੋ ਵੇਲੇ ਵੋਟਿੰਗ 11 ਅਪਰੈਲ ਨੂੰ ਹੋਵੇਗੀ। ਉੜੀਸਾ ਵਿਚ ਸੰਸਦੀ ਤੇ ਅਸੈਂਬਲੀ ਚੋਣਾਂ ਲਈ ਵੋਟਾਂ ਚਾਰ ਪੜਾਵਾਂ 11 ਅਪ੍ਰੈਲ, 18 ਅਪ੍ਰੈਲ, 23 ਅਪ੍ਰੈਲ ਤੇ 29 ਅਪ੍ਰੈਲ ਨੂੰ ਪੈਣਗੀਆਂ। ਜੰਮੂ-ਕਸ਼ਮੀਰ ਦੀ ਗੱਲ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਸੂਬੇ ਵਿਚ ਹਾਲੀਆ ਹਿੰਸਾ ਤੇ ਕੇਂਦਰੀ ਬਲਾਂ ਦੀ ਉਪਲਬਧਤਾ ਵਿਚ ਆ ਰਹੀ ਮੁਸ਼ਕਲ ਦੇ ਚਲਦਿਆਂ ਸੂਬੇ ਵਿਚ ਅਜੇ ਸਿਰਫ਼ ਲੋਕ ਸਭਾ ਚੋਣਾਂ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਨੰਤਨਾਗ ਸੰਸਦੀ ਸੀਟ ਲਈ ਵੋਟਿੰਗ ਦਾ ਕੰਮ ਤਿੰਨ ਪੜਾਵਾਂ ਵਿਚ ਪੂਰਾ ਹੋਵੇਗਾ। ਉਨ੍ਹਾਂ ਕਿਹਾ ਕਿ ਖੇਤਰ ਵਿਚ ਸੁਰੱਖਿਆ ਵੱਡੀ ਚੁਣੌਤੀ ਹੈ।

ਆਮ ਚੋਣਾਂ ਦੌਰਾਨ ਕੁੱਲ 22 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਇਕੋ ਪੜਾਅ ਵਿਚ ਵੋਟਾਂ ਦਾ ਅਮਲ ਸਿਰੇ ਚੜ੍ਹੇਗਾ। ਇਨ੍ਹਾਂ ਰਾਜਾਂ ਵਿਚ ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਗੋਆ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਕੇਰਲ, ਪੰਜਾਬ, ਤਾਮਿਲ ਨਾਡੂ, ਤਿਲੰਗਾਨਾ, ਉੱਤਰਾਖੰਡ, ਅੰਡੇਮਾਨ ਤੇ ਨਿਕੋਬਾਰ, ਪੁਡੂਚੇਰੀ ਤੇ ਚੰਡੀਗੜ੍ਹ ਵੀ ਸ਼ਾਮਲ ਹਨ। ਬਿਹਾਰ, ਯੂਪੀ ਤੇ ਪੱਛਮੀ ਬੰਗਾਲ ਵਿਚ ਚੋਣਾਂ ਸੱਤ ਪੜਾਵਾਂ ਜਦੋਂਕਿ ਜੰਮੂ ਕਸ਼ਮੀਰ ਵਿਚ ਵੋਟਿੰਗ ਦੇ ਪੰਜ ਪੜਾਅ ਹੋਣਗੇ।

ਸਾਲ 2014 ਵਿਚ ਲੋਕ ਸਭਾ ਚੋਣਾਂ 9 ਪੜਾਵਾਂ ਵਿਚ ਮੁਕੰਮਲ ਹੋਈਆਂ ਸਨ। ਵੋਟਿੰਗ ਦਾ ਅਮਲ 7 ਅਪਰੈਲ ਨੂੰ ਸ਼ੁਰੂ ਹੋ ਕੇ 9 ਮਈ ਨੂੰ ਖ਼ਤਮ ਹੋਇਆ ਸੀ। ਵੋਟਾਂ ਦੀ ਗਿਣਤੀ 16 ਮਈ ਨੂੰ ਹੋਈ ਸੀ। ਉਦੋਂ ਕੁੱਲ 8251 ਉਮੀਦਵਾਰ ਚੋਣ ਪਿੜ ਵਿਚ ਨਿੱਤਰੇ ਸਨ, ਜੋ ਕਿ ਔਸਤ ਹਰ ਸੰਸਦੀ ਹਲਕੇ ਤੋਂ 15 ਉਮੀਦਵਾਰ ਬਣਦਾ ਸੀ। ਇਨ੍ਹਾਂ ਵਿਚੋਂ ਸੱਤ ਹਜ਼ਾਰ ਦੇ ਕਰੀਬ ਉਮੀਦਵਾਰ ਆਪਣੀ ਜ਼ਮਾਨਤ ਬਚਾਉਣ ਵਿਚ ਵੀ ਨਾਕਾਮ ਰਹੇ ਸਨ। ਕੁੱਲ 55 ਕਰੋੜ ਵੋਟਰਾਂ (66.3 ਫੀਸਦ) ਨੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਸੀ, ਤੇ ਮੁਲਕ ਭਰ 'ਚ 9.27 ਲੱਖ ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਵੋਟਿੰਗ ਦੌਰਾਨ 60 ਲੱਖ ਦੇ ਕਰੀਬ ਵੋਟਰਾਂ ਨੇ 'ਨੋਟਾ' ਦੀ ਵਰਤੋਂ ਕੀਤੀ ਸੀ।

ਆਦਰਸ਼ ਚੋਣ ਜ਼ਾਬਤਾ ਲਾਗੂ

ਨਵੀਂ ਦਿੱਲੀ: ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਲਈ ਤੁਰੰਤ ਪ੍ਰਭਾਵ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਕੀਤਾ ਹੈ। ਇਹ ਵੀ ਐਲਾਨ ਕੀਤਾ ਕਿ ਇਸ ਵਾਰ ਸਾਰੇ ਪੋਲਿੰਗ ਸਟੇਸ਼ਨਾਂ 'ਤੇ 'ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟਰੇਲ' (ਵੀਵੀਪੈਟ) ਦੀ ਵਰਤੋਂ ਕੀਤੀ ਜਾਵੇਗੀ। ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਨਾਲ ਸਰਕਾਰ ਉੱਤੇ ਕੋਈ ਵੀ ਨੀਤੀਗਤ ਐਲਾਨ, ਜਿਸ ਨਾਲ ਵੋਟਰਾਂ ਦਾ ਫ਼ੈਸਲਾ ਪ੍ਰਭਾਵਤ ਹੁੰਦਾ ਹੈ, ਕਰਨ 'ਤੇ ਪਾਬੰਦੀ ਹੋਵੇਗੀ।

ਪੰਜਾਬ ਦੇ 13 ਸੰਸਦੀ ਹਲਕਿਆਂ ਲਈ 19 ਮਈ ਨੂੰ ਪੈਣਗੀਆਂ ਵੋਟਾਂ

ਚੰਡੀਗੜ੍ਹ (ਨਦਬ) : ਪੰਜਾਬ ਦੇ 13 ਸੰਸਦੀ ਹਲਕਿਆਂ ਲਈ ਵੋਟਾਂ 19 ਮਈ ਨੂੰ ਪੈਣਗੀਆਂ ਤੇ 23 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਚੋਣ ਕਮਿਸ਼ਨ ਵਲੋਂ ਚੋਣਾਂ ਦਾ ਐਲਾਨ ਕੀਤੇ ਜਾਣ ਨਾਲ ਹੀ ਸਮੁੱਚੇ ਰਾਜ ਅੰਦਰ ਚੋਣ ਜ਼ਾਬਤਾ ਲਾਗੂ ਹੋ ਗਿਆ। ਚੋਣ ਕਮਿਸ਼ਨ ਵਲੋਂ ਇਨ੍ਹਾਂ ਚੋਣਾਂ ਦੌਰਾਨ ਪਹਿਲੀ ਵਾਰੀ ਅਪਰਾਧੀ ਪਿਛੋਕੜ ਵਾਲੇ ਉਮੀਦਵਾਰਾਂ ਲਈ ਸਖ਼ਤ ਨਿਯਮ ਬਣਾਏ ਹਨ, ਜਿਨ੍ਹਾਂ ਤਹਿਤ ਗ਼ਲਤ ਜਾਣਕਾਰੀ ਦੇਣ ਵਾਲੇ ਉਮੀਦਵਾਰਾਂ ਦੇ ਕਾਗਜ਼ ਰੱਦ ਵੀ ਹੋ ਸਕਦੇ ਹਨ। ਚੋਣ ਕਮਿਸ਼ਨ ਨੇ ਸ਼ਹਿਰਾਂ ਤੇ ਪਿੰਡਾਂ ਵਿਚੋਂ ਸਿਆਸਤਦਾਨਾਂ ਦੀਆਂ ਫੋਟੋਆਂ ਵਾਲੇ ਇਸ਼ਤਿਹਾਰ ਅਤੇ ਹੋਰਡਿੰਗਜ਼ ਉਤਾਰਨ ਦੇ ਹੁਕਮ ਦੇ ਦਿੱਤੇ ਹਨ। ਪੰਜਾਬ 'ਚ 22 ਤੋਂ 29 ਅਪ੍ਰੈਲ ਤੱਕ ਨਾਮਜ਼ਦਗੀ ਪਰਚੇ ਭਰੇ ਜਾ ਸਕਣਗੇ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਜਿਨ੍ਹਾਂ ਮੁਲਾਜ਼ਮਾਂ ਜਾਂ ਅਫ਼ਸਰਾਂ ਨੇ ਤਬਾਦਲੇ ਤੋਂ ਬਾਅਦ ਨਵੀਆਂ ਥਾਵਾਂ 'ਤੇ ਜੁਆਇਨ ਨਹੀਂ ਕੀਤਾ ਉਹ ਕਮਿਸ਼ਨ ਦੇ ਹੁਕਮਾਂ ਬਿਨਾਂ ਜੁਆਇਨ ਨਹੀਂ ਕਰ ਸਕਦੇ। ਲੋਕਾਂ ਦੀ ਸ਼ਮੂਲੀਅਤ ਬਣਾਉਣ ਲਈ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸਿੱਧੀਆਂ ਸ਼ਿਕਾਇਤਾਂ ਕਰਨ ਦੀ ਤਕਨੀਕੀ ਪ੍ਰਣਾਲੀ ਵੀ ਤਿਆਰ ਕੀਤੀ ਹੈ। ਸੰਸਦੀ ਚੋਣਾਂ ਲਈ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਲੰਮਾ ਸਮਾਂ ਚੋਣ ਮੈਦਾਨ ਵਿਚ ਸੰਘਰਸ਼ ਕਰਨਾ ਪਵੇਗਾ। ਇਨ੍ਹਾਂ ਚੋਣਾਂ ਵਿਚ ਹਾਕਮ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ, ਆਮ ਆਦਮੀ ਪਾਰਟੀ, ਪੰਜਾਬ ਏਕਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਬਹੁਜਨ ਸਮਾਜ ਪਾਰਟੀ, ਖੱਬੀਆਂ ਧਿਰਾਂ ਆਦਿ ਸਿਆਸੀ ਧਿਰਾਂ ਵਲੋਂ ਉਮੀਦਵਾਰ ਖੜ੍ਹੇ ਕੀਤੇ ਜਾਣੇ ਹਨ।

ਇਨ੍ਹਾਂ ਚੋਣਾਂ ਲਈ ਪੰਜਾਬ ਦੇ 2 ਕਰੋੜ 3 ਲੱਖ 74 ਹਜ਼ਾਰ 375 ਵੋਟਰ ਆਪਣੇ ਜਮਹੂਰੀ ਹੱਕ ਦਾ ਪ੍ਰਯੋਗ ਕਰਨਗੇ। ਇਨ੍ਹਾਂ ਵਿਚ 96 ਲੱਖ 19 ਹਜ਼ਾਰ 711 ਮਹਿਲਾ ਅਤੇ 1 ਕਰੋੜ 7 ਲੱਖ 54 ਹਜ਼ਾਰ 157 ਮਰਦ ਵੋਟਰ ਹਨ ਜਦੋਂ ਕਿ ਕਿੰਨਰਾਂ ਦੀਆਂ ਵੋਟਾਂ ਦੀ ਗਿਣਤੀ 507 ਹੈ। ਪੰਜਾਬ ਦੇ ਵੋਟਰਾਂ ਵਿਚ 393 ਪਰਵਾਸੀ ਭਾਰਤੀਆਂ ਦੀਆਂ ਵੋਟਾਂ ਹਨ। ਅੰਗਹੀਣ ਵੋਟਰਾਂ ਦੀ ਗਿਣਤੀ 68551 ਹੈ। ਚੋਣ ਕਮਿਸ਼ਨ ਦੇ ਯਤਨਾਂ ਦੇ ਬਾਵਜੂਦ 18 ਤੋਂ 19 ਸਾਲ ਦੀ ਉਮਰ ਗਰੁੱਪ ਦੇ ਨੌਜਵਾਨਾਂ ਦੀਆਂ 9 ਲੱਖ 47 ਹਜ਼ਾਰ ਵੋਟਾਂ ਵਿਚੋਂ ਮਹਿਜ਼ 2 ਲੱਖ 55 ਹਜ਼ਾਰ ਵੋਟਾਂ ਹੀ ਬਣ ਸਕੀਆਂ ਹਨ। ਪੰਜਾਬ ਵਿਚ 1 ਲੱਖ 285 ਫੌਜੀਆਂ ਦੀਆਂ ਵੋਟਾਂ ਹਨ, ਜਿਨ੍ਹਾਂ ਨੂੰ ਸਰਵਿਸ ਵੋਟਰ ਕਰਾਰ ਦਿੱਤਾ ਗਿਆ ਹੈ। ਰਾਜ ਦੇ ਮੁੱਖ ਚੋਣ ਅਧਿਕਾਰੀ ਡਾ. ਕਰੁਣਾ ਐਸ. ਰਾਜੂ ਨੇ ਇੱਥੇ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਕੁੱਲ 243 ਕਰੋੜ ਰੁਪਏ ਦਾ ਬਜਟ ਜਾਰੀ ਕੀਤਾ ਜਾ ਚੁੱਕਾ ਹੈ। ਸੁਰੱਖਿਆ ਤੇ 60 ਕਰੋੜ ਰੁਪਏ ਖ਼ਰਚ ਹੋਣਗੇ ਤੇ 80 ਫੀਸਦੀ ਪੈਸਾ ਮੁਲਾਜ਼ਮਾਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ 'ਤੇ ਖ਼ਰਚਿਆ ਜਾਣਾ ਹੈ। ਉਨ੍ਹਾਂ ਦੱਸਿਆ ਕਿ ਸੰਸਦੀ ਚੋਣਾਂ ਦੌਰਾਨ ਪੰਜਾਬ ਵਿਚ ਇਸ ਵਾਰੀ ਕੇਂਦਰੀ ਬਲਾਂ ਦੀਆਂ 199 ਕੰਪਨੀਆਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ 14 ਹਜ਼ਾਰ 460 ਥਾਵਾਂ 'ਤੇ 23 ਹਜ਼ਾਰ 213 ਪੋਲਿੰਗ ਬੂਥ ਕਾਇਮ ਕੀਤੇ ਜਾਣਗੇ। ਸਾਰੇ ਬੂਥਾਂ 'ਤੇ ਵੋਟਿੰਗ ਮਸ਼ੀਨਾਂ ਦੇ ਨਾਲ ਵੀ.ਵੀ. ਪੈਡ ਮਸ਼ੀਨਾਂ ਵੀ ਲਾਈਆਂ ਜਾਣਗੀਆਂ। ਡਾ. ਰਾਜੂ ਨੇ ਦੱਸਿਆ ਕਿ ਵੋਟਾਂ ਵਾਲੇ ਦਿਨ 50 ਫੀਸਦੀ ਪੋਲਿੰਗ ਬੂਥਾਂ 'ਤੇ ਵੈੱਬਕਾਸਟਿੰਗ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਹੈ। ਡਾ. ਰਾਜੂ ਨੇ ਦੱਸਿਆ ਕਿ ਪੰਜਾਬ ਵਿਚ ਕੁੱਲ 3 ਲੱਖ 61 ਹਜ਼ਾਰ ਲਾਇਸੰਸੀ ਹਥਿਆਰ ਹਨ। ਇਨ੍ਹਾਂ ਵਿਚੋਂ ਜਨਵਰੀ ਮਹੀਨੇ ਤੱਕ ਪੰਚਾਇਤੀ ਚੋਣਾਂ ਦੌਰਾਨ 2 ਲੱਖ 4 ਹਜ਼ਾਰ ਜਮ੍ਹਾਂ ਕਰਾਏ ਜਾ ਚੁੱਕੇ ਹਨ। ਸੂਬੇ ਦੇ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਪਟਿਆਲਾ, ਲੁਧਿਆਣਾ ਅਤੇ ਬਠਿੰਡਾ ਸੰਸਦੀ ਹਲਕਿਆਂ ਨੂੰ ਇੱਕ ਖਾਸ ਸ਼੍ਰੇਣੀ 'ਚ ਸ਼ਾਮਲ ਕਰਦਿਆਂ ਚੋਣ ਕਮਿਸ਼ਨ ਨੇ ਇਨ੍ਹਾਂ ਹਲਕਿਆਂ ਵਿਚ ਉਮੀਦਵਾਰਾਂ ਵਲੋਂ ਜ਼ਿਆਦਾ ਖ਼ਰਚ ਕੀਤੇ ਜਾਣ ਦਾ ਅਨੁਮਾਨ ਲਾਇਆ ਹੈ ਤੇ ਇੱਥੇ ਜ਼ਿਆਦਾ ਨਿਗਰਾਨ ਤਾਇਨਾਤ ਕੀਤੇ ਜਾਣਗੇ।

ਚੋਣ ਜ਼ਾਬਤੇ ਨੇ ਕੈਪਟਨ ਦੇ 'ਵਿਕਾਸ' ਦੀ ਖੇਡ ਵਿਗਾੜੀ

ਬਠਿੰਡਾ (ਚਰਨਜੀਤ ਭੁੱਲਰ) : ਚੋਣ ਜ਼ਾਬਤੇ ਨੇ ਪੰਜਾਬ ਦੇ ਵਿਕਾਸ ਦੀ ਖੇਡ ਵਿਗਾੜ ਦਿੱਤੀ ਹੈ। ਆਮ ਚੋਣਾਂ ਦੇ ਐਲਾਨ ਤੋਂ ਪਹਿਲਾਂ ਵਿਕਾਸ ਲਈ ਵੰਡੇ ਬਹੁਤੇ ਫੰਡ ਹੁਣ ਮਿੱਟੀ ਹੋ ਗਏ ਹਨ। ਕੈਪਟਨ ਸਰਕਾਰ ਦੀ ਕੱਛੂਆ ਚਾਲ 'ਤੇ ਵੀ ਚੋਣ ਜ਼ਾਬਤਾ ਭਾਰੂ ਪਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੇ ਪੁਰਖਿਆਂ ਦੇ ਪਿੰਡ ਮਹਿਰਾਜ ਲਈ 28 ਜਨਵਰੀ ਨੂੰ 28 ਕਰੋੜ ਦੇ ਫੰਡ ਐਲਾਨੇ ਗਏ ਸਨ ਜੋ ਹਾਲੇ ਤੱਕ ਪੁੱਜੇ ਨਹੀਂ। ਹੁਣ ਆਮ ਚੋਣਾਂ ਮਗਰੋਂ ਹੀ ਪਿੰਡ ਮਹਿਰਾਜ ਵਿਚ ਵਿਕਾਸ ਦਾ ਮਹੂਰਤ ਹੋ ਸਕੇਗਾ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤਰਫ਼ੋਂ ਨਵੇਂ ਸਰਪੰਚਾਂ ਨੂੰ 15 ਫਰਵਰੀ ਨੂੰ 180 ਕਰੋੜ ਦੇ ਫੰਡ 'ਸਮਾਰਟ ਪਿੰਡ ਮੁਹਿੰਮ' ਤਹਿਤ ਜਾਰੀ ਕੀਤੇ ਗਏ ਸਨ। ਜੋ ਹਰ ਜ਼ਿਲ੍ਹੇ ਵਿਚ 25 ਫਰਵਰੀ ਤੋਂ ਲੈ ਕੇ 2 ਮਾਰਚ ਤੱਕ ਵੰਡੇ ਗਏ ਹਨ। ਬਹੁਗਿਣਤੀ ਪਿੰਡਾਂ ਵਿਚ ਇਨ੍ਹਾਂ ਫੰਡਾਂ ਦੇ ਕੰਮ ਸ਼ੁਰੂ ਨਹੀਂ ਹੋਏ ਹਨ। ਚੋਣ ਜ਼ਾਬਤੇ ਕਰ ਕੇ ਹੁਣ ਇਨ੍ਹਾਂ ਫੰਡਾਂ ਦੀ ਵਰਤੋਂ 'ਤੇ ਉਂਗਲ ਉੱਠੇਗੀ। ਪੰਜਾਬ ਸਰਕਾਰ ਵਲੋਂ ਜਿਹੜੀ ਦੂਜੀ ਕਿਸ਼ਤ ਦਿੱਤੀ ਜਾਣੀ ਸੀ, ਉਹ ਵੀ ਵੇਲੇ ਸਿਰ ਨਹੀਂ ਆ ਸਕੇਗੀ। ਸਮਾਰਟ ਪਿੰਡ ਮੁਹਿੰਮ ਤਹਿਤ ਪਿੰਡਾਂ ਵਿਚ 14ਵੇਂ ਵਿੱਤ ਕਮਿਸ਼ਨ ਦਾ ਪੈਸਾ ਵੀ ਲਾਇਆ ਜਾਣਾ ਹੈ, ਉਹ ਵੀ ਰੁਕਣ ਦੀ ਸੰਭਾਵਨਾ ਹੈ। 'ਸਮਾਰਟ ਪਿੰਡ ਮੁਹਿੰਮ' ਤਹਿਤ ਸਭ ਤੋਂ ਵੱਧ ਫੰਡ ਜ਼ਿਲ੍ਹਾ ਲੁਧਿਆਣਾ ਨੂੰ 30.64 ਕਰੋੜ ਰੁਪਏ, ਹੁਸ਼ਿਆਰਪੁਰ ਨੂੰ 28 ਕਰੋੜ , ਬਠਿੰਡਾ ਨੂੰ 19.72 ਕਰੋੜ ਅਤੇ ਮੁਕਤਸਰ ਨੂੰ 14 ਕਰੋੜ ਰੁਪਏ ਮਿਲਣੇ ਸਨ ਜਿਨ੍ਹਾਂ 'ਚੋਂ 50 ਫੀਸਦੀ ਜਾਰੀ ਹੋ ਚੁੱਕੇ ਸਨ। ਜਾਣਕਾਰੀ ਮਿਲੀ ਹੈ ਕਿ ਕਈ ਪਿੰਡਾਂ ਵਿਚ ਸਰਪੰਚਾਂ ਨੇ ਇਹ ਫੰਡ ਵਰਤਣੇ ਸ਼ੁਰੂ ਕਰ ਦਿੱਤੇ ਹਨ ਜਦੋਂ ਕਿ ਬਹੁਗਿਣਤੀ ਪੰਚਾਇਤਾਂ ਨੇ ਹਾਲੇ ਵਿਕਾਸ ਕੰਮ ਸ਼ੁਰੂ ਨਹੀਂ ਕੀਤੇ।

ਤੇਰੇ ਦਰ ’ਤੇ ਖੜ੍ਹੇ ਫਕੀਰ ਖਾਲੀ ਮੋੜੀਂ ਨਾ..!

ਚਰਨਜੀਤ ਭੁੱਲਰ

ਤੁਸੀਂ ਨਹੀਂ ਭੁੱਲੇ ਹੋਵੋਗੇ, ਜ਼ਰੂਰ ਚੇਤੇ ਹੋਵੇਗਾ, ਮਹਾਸ਼ਾ ਧਰਮਪਾਲ ਗੁਲਾਟੀ। ਜਦੋਂ ਟੀ.ਵੀ. ਮਸ਼ਹੂਰੀ ’ਚ ਇਕ ਸਰਦਾਰ ਵਡਿਆਈ ਕਰਦੈ ‘ਬਾਦਸ਼ਾਹੋ ਤੁਸੀਂ ਤਾਂ ਮਸਾਲਿਆਂ ਦੇ ਸ਼ਹਿਨਸ਼ਾਹ ਹੋ’। ਅੱਗਿਓਂ ਮਹਾਸ਼ਾ ਜੀ ਆਖਦੇ ਨੇ ‘ਸਭ ਆਪ ਦੀ ਮੇਹਰਬਾਨੀ ਨਾਲ’। ਦੱਸਦੇ ਨੇ ਮਹਾਸ਼ਾ ਗੁਲ੍ਹਾਟੀ ਕਿਸੇ ਵੇਲੇ ਦਿੱਲੀ ਵਿਚ ਦੋ ਆਨਾ ਸਵਾਰੀ ਲਈ ਟਾਂਗਾ ਚਲਾਉਂਦੇ ਰਹੇ ਨੇ। ਸਿਆਣੇ ਆਖਦੇ ਨੇ, ਐਵੇਂ ਕਿਸੇ ਦੇ ਕੰਮ ਵਿਚ ਟੰਗ ਨਹੀਂ ਅੜਾਈਦੀ। ਚਲੋ ਮੰਨ ਲਿਆ, ਪਰ ਇੱਧਰ ਖੜ੍ਹੇ ਨਿਆਣਿਆਂ ਦੀ ਵੀ ਸਿਆਣੀ ਸੁਣ ਲੋ, ‘ਕਿਥੇ ਟਾਂਗਾ ਚਲਾਉਣਾ ਤੇ ਕਿਥੇ ਦੇਸ਼, ਅਖੇ ਫਰਕ ਹੀ ਬੜੈ।’ ਪਰ ਸਿਆਸੀ ਮਹਾਸ਼ੇ ਇਸ ਨੂੰ ਖੱਬੇ ਹੱਥ ਦੀ ਖੇਡ ਦੱਸਦੇ ਹਨ। ਜਦੋਂ ਬਸੰਤੀ ਨਾਲ ਹੋਵੇ ਤਾਂ ਫਿਰ ਕਾਹਦਾ ਡਰ ਭੌਅ। ਚੋਣ ਜ਼ਾਬਤਾ ਕਦੋਂ ਵੀ ਲੱਗ ਸਕਦੈ। ‘ਇੱਕ ਦਿਨ ਦੇ ਬਾਦਸ਼ਾਹੋ’, ਐਤਕੀਂ ਥੋੜ੍ਹਾ ਜ਼ਾਬਤੇ ’ਚ ਰਹਿਓ। ਚੋਣਾਂ ਦਾ ਮੇਲਾ ਬੱਝੇਗਾ, ਕਿਤੇ ਛਪਾਰ ਦਾ ਮੇਲਾ ਨਾ ਸਮਝ ਲਿਓ। ਜਦੋਂ ਦੇਸ਼ ਦਾ ਹਾਲ ਟਾਂਗੇ ਵਰਗਾ ਹੋਵੇ ਤਾਂ ਉਦੋਂ ਸੰਭਲਣਾ ਸਵਾਰੀਆਂ ਨੂੰ ਪੈਂਦਾ। ਤੂਫਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਤਾਂ ਬਣ ਗਈ ਹੈ। ਇਕਦਮ ਸਿਆਸੀ ਝੱਖੜ ਝੁੱਲੇਗਾ, ਸਿਆਸੀ ਮਹਾਸ਼ੇ ਸਟੇਜਾਂ ਤੋਂ ਤਰਜ਼ਾਂ ਕੱਢਣਗੇ, ਹੱਥ ਜੋੜਨਗੇ। ਮਸ਼ਹੂਰੀ ਵਾਲੇ ਸਰਦਾਰ ਵਾਂਗੂ ਤੁਹਾਨੂੰ ਸ਼ਹਿਨਸ਼ਾਹ ਦੱਸਣਗੇ, ਖ਼ੁਦ ਸੇਵਾਦਾਰ ਬਣ ਕੇ ਤੁਹਾਡੀ ਮੇਹਰ ਮੰਗਣਗੇ। ਕਿਤੇ ਭੁੱਲ ਨਾ ਬੈਠਿਓ ਕਿ ‘ਤੁਸੀਂ ਇੱਕ ਦਿਨ ਦੇ ਰਾਜੇ ਹੋ, ਵੋਟ ਪਈ ਤਾਂ ਬਾਤ ਗਈ।’ ਲੌਂਗੋਂਵਾਲ ਵਾਲੇ ਸਾਧ ਵਾਂਗੂ ਮਗਰੋਂ ਥੋਨੂੰ ਟਿੱਚ ਹੀ ਜਾਣਨਗੇ।

ਭੁੱਲਿਓ ਨਾ, ਤੁਸੀਂ ਤਾਂ ਖੂਹ ਦੇ ਮੌਣ ’ਤੇ ਖੜ੍ਹੇ ਹੋ। ਚੇਤਾ ਮਾੜਾ ਹੈ ਤਾਂ ਬਾਬੇ ਰਾਮਦੇਵ ਦੀ ਮੰਨੋ ਕਿ ‘ਪਤੰਜਲੀ ਮੇਧਾਵਤੀ ਖਾਓ, ਦਿਮਾਗੀ ਫੁਰਤੀ ਵਧਾਓ।’ ਨਾਲ ਦੋ ਚਾਰ ਆਸਣ ਕਰ ਲਿਓ। ਬੱਸ ਕੁਝ ਵੀ ਕਰਿਓ, ਝੁਰਨਾ ਨਹੀਂ, ਕਿਤੇ ਮੁਕੇਸ਼ ਵਾਂਗੂ ਗਾਉਂਦੇ ਫਿਰੋ ‘ਜਾਨੇ ਕਹਾਂ ਗਏ ਵੋ ਦਿਨ’। ਐਵੇਂ ਕਮਲੇਸ਼ਵਰ ਦੀ ਕਹਾਣੀ ‘ਇਤਨੇ ਅੱਛੇ ਦਿਨ’ ਵੀ ਨਾ ਦਿਮਾਗ ਵਿਚ ਘੁਮਾਉਂਦੇ ਫਿਰਿਓ। ਨਾ ਇਹ ਸੋਚਣਾ ਕਿ ‘ਬੁੱਲ੍ਹਿਆ ਅੱਛੇ ਦਿਨ ਕਿਧਰ ਗਏ’। ਜਦੋਂ ਚੋਣ ਜ਼ਾਬਤਾ ਲੱਗਦੈ, ਤਾਂ ਗਿਰਗਿਟ ਵਰਗਾ ਮਾਹੌਲ ਬਣਦੈ, ਸਿਆਸੀ ਪਰਿੰਦੇ ਭੇਸ ਬਦਲਦੇ ਨੇ। ਹੰਕਾਰੇ ਨੇਤਾ ਮਾਊਂ ਬਣ ਜਾਂਦੇ ਹਨ। ਹੇਰਵਾ ਵੀ ਕਰਦੇ ਹਨ। ਆਓ, ਪਹਿਲਾਂ ਕਾਨਪੁਰ ਦੀ ‘ਭਾਗਾਂ ਵਾਲੀ ਕੁਰਸੀ’ ਦਿਖਾਉਂਦੇ ਹਾਂ, ਫਿਰ ਅੱਗੇ ਚੱਲਾਂਗੇ। ਭਾਜਪਾ ਦੇ ਕਾਨਪੁਰੀ ਲੀਡਰਾਂ ਦਾ ਤਰਕ ਕਿ



ਜਦੋਂ ਵੀ ਮੋਦੀ ਕਰਾਮਾਤੀ ਕੁਰਸੀ ’ਤੇ ਬੈਠੇ, ਉਨ੍ਹਾਂ ਦੇ ਭਾਗ ਜਾਗੇ ਨੇ। ਏਦਾਂ ਦੀ ਕੁਰਸੀ ਤਾਂ ਸਾਡੇ ਲੰਬੀ ਥਾਣੇ ਦੇ ਮਾਲਖ਼ਾਨੇ ਵਿਚ ਵੀ ਪਈ ਐ। ਸੰਗਤ ਦਰਸ਼ਨਾਂ ਵਿਚ ਵੱਡੇ ਬਾਦਲ ਇਸੇ ਕੁਰਸੀ ’ਤੇ ਬੈਠ ਕੇ ਖ਼ਜ਼ਾਨਾ ਵੰਡਦੇ ਸਨ। ਬਾਦਸ਼ਾਹੋ, ਤੁਸੀਂ ਨਾ ਮੁਰਾਰੀ ਲਾਲ ਬਣ ਜਾਇਓ। ਚੋਣ ਮੇਲੇ ’ਚ ਥੋਡੀ ਪੁੱਛਗਿੱਛ ਪ੍ਰਾਹੁਣਿਆਂ ਵਾਂਗੂ ਹੋਊ। ਚਾਅ ਵਿਚ ਕਿਤੇ ਭੁੱਲ ਨਾ ਜਾਇਓ, ਪੁਰਾਣੇ ਹਿਸਾਬ ਕਿਤਾਬ। ਭੁੱਲਿਓ ਨਾ ਕਿ ਕਿਵੇਂ ਚੌਕੀਦਾਰ ਨੇ ਚਾਅ ਪੂਰੇ ਕੀਤੇ। 62 ਮੁਲਕਾਂ ਦੇ 86 ਦੌਰੇ ਪੂਰੇ 2025 ਕਰੋੜ ਵਿਚ ਪਏ ਹਨ। ਉਧਰ ਵਿਦੇਸ਼ ਮੰਤਰੀ ਬੀਬੀ ਸ਼ੁਸ਼ਮਾ ਐਵੇਂ ਸੁੱਕਣੀ ਪਈ ਹੈ। ਅਖੇ ਮੈਨੂੰ ‘ਵਿਸ਼ਵ ਦਰਸ਼ਨ’ ਨਹੀਂ ਕਰਾਏ। ਕਮਲ਼ੀਏ, ਜਸ਼ੋਦਰਾ ਬੇਨ ਦਾ ਢਿੱਡ ਫਰੋਲ ਕੇ ਦੇਖ। ਗੱਲ ਤੇ ਮੁੜੀਏ।

ਚੋਣਾਂ ਕਰਕੇ ਚੌਕੀਦਾਰ ਹੁਣ ਟਲਿਆ। ਲੰਘੇ 100 ਦਿਨਾਂ ਵਿਚ ਸਿਰਫ਼ ਇਕ ਵਿਦੇਸ਼ ਦੌਰਾ ਕੀਤੈ। ਕਿਤੇ ਹੁਣ ਇਹ ਨਾ ਪੁੱਛਿਓ ਕਿ ਸੌ ਦਿਨਾਂ ਵਿਚ ਕਿੰਨਾ ਕਾਲਾ ਧੰਨ ਵਾਪਸ ਆਇਆ। ਪੰਜਾਬ ਵਿਚ ਤਾਂ ਚਿੱਟੇ ਦੀ ਗੱਲ ਵੀ ਚੱਲੂ। ਮੋਦੀ ਨੇ ਦੇਸ਼ ਦੇ ਦਸੰਬਰ ਵਿਚ 10, ਜਨਵਰੀ ਵਿਚ 11 ਤੇ ਫਰਵਰੀ ਵਿਚ 15 ਦੌਰੇ ਕੀਤੇ। ਇਨ੍ਹਾਂ ਅੱਠ ਦਿਨਾਂ ਵਿਚ ਅੱਠ ਸੂਬੇ ਗਾਹ ਦਿੱਤੇ। ਚੌਕੀਦਾਰ ਦੇ ਦੌਰੇ ਹਾਲੇ ਹੋਰ ਵਧਣਗੇ। ਗੱਲ ਪੱਲੇ ਬੰਨ੍ਹ ਲਓ, ਸੁਣੋ ਸਭ ਦੀ, ਕਰੋ ਮਨ ਦੀ। ਜਿਵੇਂ ਸਿਆਸੀ ਫਕੀਰ ਨੇ ਪੰਜ ਸਾਲਾਂ ਵਿਚ 53 ਵਾਰ ‘ਮਨ ਦੀ ਬਾਤ’ ਕੀਤੀ। ਹਰ ਬਾਤ ਦਾ ਔਸਤਨ ਖਰਚਾ 95 ਲੱਖ। ਵਾਰੀ ਹੁਣ ਥੋਡੀ ਐ। ਖਰੀਆਂ ਖਰੀਆਂ ਸੁਣਾਉਣ ਦੀ। ਭਾਜਪਾ ਮਿਹਣੇ ਦਿੰਦੀ ਹੈ ਕਿ ਕੈਪਟਨ ਕਿਹੜਾ ਘਰੋਂ ਨਿਕਲਦਾ। ਭਾਵੇਂ ਚੋਣਾਂ ਕਰਕੇ ਸਹੀ, ਹੁਣ ਤਾਂ ਅਮਰਿੰਦਰ ਨੇ ਘਰ ਛੱਡਿਐ। ਲੋਕ ਰਾਜ ਦੇ ਰਾਜਿਓ, ਦੇਖਿਓ ਕਿਤੇ ਚੋਣ ਮੇਲੇ ਵਿਚ ਮਛਰ ਜਾਓ। ਬਾਲਾਕਾਟ ਵਿਚ ਕਿੰਨੇ ਬੰਦੇ ਮਰੇ ਤੇ ਕਿੰਨੇ ਕਾਂ, ਇਸ ਚੱਕਰ ਵਿਚ ਨਹੀਂ ਪੈਣਾ। ਜਰਾ ਸੰਭਲ ਕੇ.. ਤੇਲ ਦੀ ਧਾਰ ਨਾ ਦੇਖਿਓ, ਤੇਲ ਦਾ ਭਾਅ ਜ਼ਰੂਰ ਚੇਤੇ ਰੱਖਿਓ। ਬੈਂਕਾਂ ਲੁੱਟ ਕੇ ਜੋ ਵਿਦੇਸ਼ ਦੌੜੇ, ਉਨ੍ਹਾਂ ਨੂੰ ਛੱਡੋ, ਤੁਸੀਂ ਆਪਣਾ ਬੈਂਕ ਖਾਤਾ ਜ਼ਰੂਰ ਚੈੱਕ ਕਰਨਾ। ਕਿਤੇ 15 ਲੱਖ ਬਿਨਾਂ ਵਰਤੇ ਨਾ ਪਏ ਰਹਿਣ। ਸੋਨੀਆ ਦਾ ਕਾਕਾ ਤੇ ਕਾਕੀ ਆਉਣਗੇ, ਯੂ.ਪੀ.ਏ ਦੇ ਘਪਲਿਆਂ ਦਾ ਸ਼ੀਸ਼ਾ ਉਨ੍ਹਾਂ ਨੂੰ ਵੀ ਵਿਖਾਉਣਾ। ਹੋਸ਼ ਨਾਲ, ਕਿਤੇ ਲਾਲਚ ਵਿਚ ਨਾ ਆ ਜਾਇਓ।

ਜਰੂਰ ਪੁੱਛਣਾ ਕਿ ਕਿੰਨੇ ਕੁੱਟ ਕੁੱਟ ਕੇ ਮਾਰੇ ਤੇ ਕਿੰਨੇ ਤਾਲੇ ਜ਼ਬਾਨਾਂ ਨੂੰ ਲਾਏ। ਛੁਪਾਉਣ ਵਿਚ ਚੌਕੀਦਾਰ ਸਭ ਦਾ ਪਿਓ ਹੈ। ਪ੍ਰਧਾਨ ਮੰਤਰੀ ਦਫ਼ਤਰ ਨੂੰ ਬੜੇ ਲੋਕਾਂ ਨੇ ਆਰ.ਟੀ.ਆਈ ਪਾਈ। ‘ਪ੍ਰਧਾਨ ਮੰਤਰੀ ਦੇ ਪ੍ਰਵਾਰ ਵਿਚ ਕੌਣ ਕੌਣ ਹੈ ?’, ‘ਪ੍ਰਧਾਨ ਮੰਤਰੀ ਰਾਮ ਲੀਲਾ ਵਿਚ ਕੰਮ ਕਰਦੇ ਰਹੇ ਨੇ ?’, ‘ਐਮ.ਏ ਕਿੰਨੇ ਨੰਬਰਾਂ ਵਿਚ ਕੀਤੀ’। ਕਿਸੇ ਨੂੰ ਕੋਈ ਜੁਆਬ ਨਹੀਂ ਮਿਲਿਆ। ਪਾਰਲੀਮੈਂਟ ਵਿਚ ਪੰਜ ਸਾਲਾਂ ’ਚ ‘ਹਜੂਮੀ ਕਤਲਾਂ’ ਬਾਰੇ 36 ਸੁਆਲ ਹੋਏ, ਸਭ ਟਾਲ ਦਿੱਤੇ। ਨੋਟਬੰਦੀ ਬਾਰੇ 389 ਅਤੇ ਕਾਲੇ ਧੰਨ ਬਾਰੇ 368 ਸੁਆਲ ਪੁੱਛੇ ਗਏ। ਹਰਸਿਮਰਤ ਨੇ ਅਮਰਿੰਦਰ ਦਾ ਚਿੱਠਾ ਖੋਲ੍ਹਿਆ ਹੈ। ਮੋਦੀ ਨੂੰ ਦੁਬਾਰਾ ਮੌਕਾ ਦਿਓ, ਪਰ ਰਾਜੇ ਨੂੰ ਨਹੀਂ। ਰਾਜੇ ਦੇ ਰਾਜ ਵਿਚ 925 ਕਿਸਾਨ ਮਰੇ ਤੇ 450 ਜਵਾਨ। ਸਮਾਰਟ ਫੋਨ ਆਏ ਨਹੀਂ। ਕੱਚੇ ਮੁਲਾਜ਼ਮਾਂ ਦੀ ਹਾਹਾਕਾਰ ਮੱਚੀ ਹੈ। ਬੇਰੁਜ਼ਗਾਰ ਪੈਟਰੋਲ ਲੈ ਕੇ ਟੈਂਕੀਆਂ ’ਤੇ ਚੜ੍ਹੇ ਹੋਏ ਨੇ। ਇੱਧਰ, ਅਕਾਲੀਆਂ ਨੂੰ ਇਕੋ ਮੁੱਦਾ ਹੀ ਧੌਣ ਨਹੀਂ ਚੁੱਕਣ ਦੇ ਰਿਹਾ। ‘ਆਪ’ ਵਾਲੇ ਹਵਾ ਵਿਚ ਡਾਂਗਾਂ ਮਾਰੀ ਜਾਂਦੇ ਨੇ। ਸੁਖਪਾਲ ਖਹਿਰਾ ਤੇ ਬੈਂਸ ਭਰਾ ਵੀ ਟਟੀਹਰੀ ਬਣੇ ਹੋਏ ਨੇ। ਨਵੇਂ ਸਰਪੰਚਾਂ ਕੋਲ ਪਿੰਡਾਂ ਵਿਚ ਨੋਟਾਂ ਵਾਲੇ ਟਰੱਕ ਹੁਣ ਪੁੱਜੇ ਨੇ। ਚੋਣਾਂ ਵੇਲੇ ਝੂਠ ਸਰਹੱਦਾਂ ਟੱਪਦੇ ਨੇ।

ਏਨੇ ਘੜਮੱਸ ਵਿਚ ਕਿਤੇ ਡੁੰਨ ਵੱਟਾ ਨਾ ਬਣ ਜਾਇਓ। ਬਦਾਮ ਗਿਰੀ ਚਾਹੇ ਨਾ ਵੀ ਖਾਇਓ, ਦਿਮਾਗ ਦੀ ਫਿਰਕੀ ਜ਼ਰੂਰ ਘੁਮਾਇਓ, ਬਟਨ ਦਬਾਇਓ। ਪਤਾ ਲੱਗੇ ਕਿ ਸ਼ਰਾਫ਼ਤ ਦੀ ਵੀ ਕੋਈ ਹੱਦ ਹੁੰਦੀ ਹੈ। ਨਾਲੇ ਕੰਨ ਹੋ ਜਾਣ ਕਿ ਸਦਾ ਦੀਵਾਲ਼ੀ ਸਾਧ ਦੀ ਨਹੀਂ ਹੁੰਦੀ। ਵਰੋਲਾ ਬਣੋਗੇ, ਤਾਂ ਸੁੱਕੇ ਪੱਤਿਆਂ ਵਾਂਗੂ ਖਿੰਡ ਜਾਣਗੇ। ਚੰਦ ਛਿੱਲੜਾਂ ’ਤੇ ਨਾ ਵਿਕ ਜਾਣਾ, ਨਾ ਹੀ ਰੈਲੀਆਂ ਦੇ ਇਕੱਠ ਬਣਨੈ, ਬੱਸ ਵੱਟ ਕੱਢਣੈ, ਜੋ ਸਿਆਸੀ ਮਹਾਸ਼ਿਆਂ ਨੇ ਭਰਾ-ਭਰਾ ਵਿਚ ਪਾਇਆ।

‘ਵਾਇਆ ਪੰਜਾਬ’ ਤੋਂ ਧੰਨਵਾਦ ਸਹਿਤ

2019 ਦੀਆਂ ਚੋਣਾਂ- ਪੈਸਾ ਵਹੇਗਾ ਪਾਣੀ ਵਾਂਗ ਤੇ ਝੂਠ ਅੰਮ੍ਰਿਤ ਵਾਂਗ

ਰਵੀਸ਼ ਕੁਮਾਰ

ਆਮ ਚੋਣਾਂ ਦਾ ਐਲਾਨ ਹੋ ਗਿਆ ਹੈ। ਚੋਣ ਕਮਿਸ਼ਨ ਨੇ ਜੋ ਪੜਾਅ ਤੈਅ ਕੀਤੇ ਹਨ, ਉਸ ਨੂੰ ਲੈ ਕੇ ਸਵਾਲ ਉੱਠ ਰਹੇ ਹਨ। 2014 ਵਿਚ ਬਿਹਾਰ ਵਿਚ ਛੇ ਪੜਾਵਾਂ ਵਿਚ ਚੋਣਾਂ ਹੋਈਆਂ ਸਨ। 2019 ਵਿਚ 7 ਪੜਾਵਾਂ ਵਿਚ ਹੋਣਗੀਆਂ। ਸ਼ਾਂਤੀਪੂਰਨ ਸੂਬੇ ਵਿਚ 7 ਪੜਾਵਾਂ ਵਿਚ ਚੋਣ ਦਾ ਕੀ ਮਤਲਬ ਹੈ ? 2014 ਵਿਚ ਝੰਝਾਰਪੁਰ, ਮਧੁਬਣੀ, ਦਰਭੰਗਾ ਨੂੰ ਮਧੇਪੁਰਾ, ਸਮਸਤੀਪੁਰ, ਬੇਗੁਸਰਾਏ ਅਤੇ ਖਗੜੀਆ ਦੇ ਨਾਲ ਚੌਥੇ ਪੜਾਅ ਵਿਚ ਰੱਖਿਆ ਗਿਆ ਸੀ। ਝੰਝਾਰਪੁਰ, ਮਧੁਬਣੀ ਅਤੇ ਦਰਭੰਗਾ ਇਕ-ਦੂਜੇ ਨਾਲ ਲਗਦੇ ਹਨ। ਇਸ ਵਾਰ ਤਿੰਨ ਗਵਾਂਢੀ ਜ਼ਿਲ੍ਹਿਆਂ ਨੂੰ ਵੱਖ ਵੱਖ ਪੜਾਵਾਂ ਵਿਚ ਰੱਖਿਆ ਗਿਆ ਹੈ। ਝੰਝਾਰਪੁਰ ਵਿਚ ਵੋਟਾਂ ਤੀਸਰੇ ਪੜਾਅ ਵਿਚ ਭਾਵ 23 ਅਪ੍ਰੈਲ ਨੂੰ ਪੈਣਗੀਆਂ। ਦਰਭੰਗਾ ਵਿਚ ਵੋਟਾਂ 29 ਅਪ੍ਰੈਲ ਨੂੰ ਪੈਣਗੀਆਂ। ਮਧੁਬਣੀ ਵਿਚ ਪੰਜਵੇਂ ਪੜਾਅ ਵਿਚ 6 ਮਈ ਨੂੰ ਵੋਟਾਂ ਪੈਣਗੀਆਂ। ਚੋਣ ਕਮਿਸ਼ਨ ਹੀ ਦੱਸ ਸਕਦਾ ਹੈ ਕਿ ਤਿੰਨ ਗਵਾਂਢੀ ਜ਼ਿਲ੍ਹਿਆਂ ਦਾ ਪੜਾਅ ਵੱਖ-ਵੱਖ ਕਿਉਂ ਰੱਖਿਆ ਗਿਆ ਹੈ। ਕਿਸੇ ਦੀ ਸਹੂਲਤੀਅਤ ਦਾ ਧਿਆਨ ਰੱਖ ਕੇ ਕੀਤਾ ਗਿਆ ਹੈ ਜਾਂ ਫਿਰ ਕਮਿਸ਼ਨ ਨੇ ਆਪਣੀ ਸਹੂਲਤ ਦੇਖੀ।

ਉਸੇ ਤਰ੍ਹਾਂ ਮਹਾਂਰਾਸ਼ਟਰ ਵਿਚ 4 ਪੜਾਵਾਂ ਵਿਚ ਚੋਣਾਂ ਨੂੰ ਲੈ ਕੇ ਸਵਾਲ ਉੱਠ ਰਹੇ ਹਨ। ਯੋਗੇਂਦਰ ਯਾਦਵ ਨੇ ਸਵਾਲ ਕੀਤਾ ਹੈ ਕਿ 2014 ਵਿਚ ਉੜੀਸਾ ਵਿਚ ਦੋ ਪੜਾਵਾਂ ਵਿਚ ਚੋਣਾਂ ਹੋਈਆਂ ਸਨ। ਇਸ ਵਾਰ ਚਾਰ ਪੜਾਵਾਂ ਵਿਚ ਹੋਣਗੀਆਂ। ਪੱਛਮੀ ਬੰਗਾਲ ਵਿਚ 5 ਦੀ ਥਾਂ 7 ਪੜਾਵਾਂ ਵਿਚ ਵੋਟਾਂ ਪੈਣਗੀਆਂ। ਇਹੀ ਨਹੀਂ ਇਸ ਵਾਰ ਚੋਣਾਂ ਦੇ ਐਲਾਨ ਵਿਚ ਵੀ 5 ਦਿਨਾਂ ਦੀ ਦੇਰੀ ਹੋਈ ਹੈ। 2014 ਵਿਚ 5 ਮਾਰਚ ਨੂੰ ਚੋਣਾਂ ਦਾ ਐਲਾਨ ਹੋ ਗਿਆ ਸੀ। ਇਨ੍ਹਾਂ ਤਰੀਕਾਂ ਰਾਹੀਂ ਚੋਣ ਇੰਤਜ਼ਾਮਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਇਹ ਸਵਾਲ ਪੁੱਛੇ ਜਾਣ। ਇਹ ਉਹੀ ਚੋਣ ਕਮਿਸ਼ਨ ਹੈ ਜਿਸ ਨੇ ਪਿਛਲੀ ਵਿਧਾਨ ਸਭਾ ਵਿਚ ਪ੍ਰੈੱਸ ਕਾਨਫਰੰਸ ਲਈ ਸੰਦੇਸ਼ ਭੇਜ ਕੇ ਵਾਪਸ ਲੈ ਲਿਆ ਸੀ। ਪਤਾ ਚੱਲਿਆ ਕਿ ਉਸ ਦੌਰਾਨ ਪ੍ਰਧਾਨ ਮੰਤਰੀ ਰੈਲੀ ਕਰਨ ਚਲੇ ਗਏ ਹਨ। ਕਿਤੇ ਅਜਿਹਾ ਤਾਂ ਨਹੀਂ ਕਿ ਇਸ ਵਾਲ 100 ਰੈਲੀਆਂ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਦਿੱਲੀ ਪਰਤ ਆਉਣ ਦਾ ਇੰਤਜ਼ਾਰ ਹੋ ਰਿਹਾ ਸੀ।

ਜੋ ਵੀ ਹੈ, ਹੁਣ ਤੁਹਾਡੇ ਕੋਲ ਜਨਤਾ ਬਣਨ ਦਾ ਮੌਕਾ ਆਇਆ ਹੈ। ਜਨਤਾ ਦੀ ਤਰ੍ਹਾਂ ਸੋਚੋ। ਨਿਊਜ਼ ਚੈਨਲਾਂ ਨੇ ਸਰਵੇਖਣ ਵਿਚ ਦੱਸਣਾ ਸ਼ੁਰੂ ਕਰ ਦਿੱਤਾ ਹੈ ਕਿ ਨੌਕਰੀ ਮੁੱਦਾ ਹੈ। ਖ਼ੁਦ ਨੌਕਰੀ ਦੇ ਸਵਾਲ ’ਤੇ ਇਨ੍ਹਾਂ ਚੈਨਲਾਂ ਨੇ ਕੁਝ ਨਹੀਂ ਕੀਤਾ। ਫਿਰ ਵੀ ਤੁਸੀਂ ਇਨ੍ਹਾਂ ਚੈਨਲਾਂ ਨਾਲ ਸੰਪਰਕ ਕਰੋ ਕਿ ਜੇਕਰ ਨੌਕਰੀ ਮੁੱਦਾ ਹੈ ਤਾਂ ਇਸ ਦੀ ਵਿਵਸਥਾ ਦੇ ਸਵਾਲਾਂ ਨੂੰ ਵੀ ਦਿਖਾਉਣਾ ਸ਼ੁਰੂ ਕਰ ਦਿਓ। ਮੈਨੂੰ ਪੂਰਾ ਯਕੀਨ ਹੈ ਕਿ ਉਨ੍ਹਾਂ ਨੂੰ ਨੌਕਰੀ ਦੇ ਸਵਾਲ ਦਾ ਚਿਹਰਾ ਨਹੀਂ ਚਾਹੀਦਾ। ਸੰਖਿਆ ਚਾਹੀਦੀ ਹੈ। ਤਾਂ ਕਿ ਉਹ ਦੱਸ ਸਕਣ ਕਿ ਏਨੇ ਫ਼ੀਸਦੀ ਲੋਕ ਨੌਕਰੀ ਨੂੰ ਮੁੱਦਾ ਮੰਨਦੇ ਹਨ ਅਤੇ ਏਨੇ ਫ਼ੀਸਦੀ ਨੌਕਰੀ ਨੂੰ ਮੁੱਦਾ ਨਹੀਂ ਮੰਨਦੇ ਹਨ।

ਬਿਹਾਰ ਵਿਚ ਐਸ.ਐਸ.ਸੀ. ਸਟੈਨੋਗਰਾਫਰ 2017 ਦੀ ਪ੍ਰੀਖਿਆ ਨਿਕਲੀ ਸੀ। 28 ਨਵੰਬਰ 2018 ਨੂੰ 2400 ਵਿਦਿਆਰਥੀ ਸਫਲ ਹੋਏ ਸਨ। 28 ਦਸੰਬਰ ਨੂੰ ਫਾਈਨਲ ਮੈਰਿਟ ਕੱਢਣ ਦੀ ਗੱਲ ਸੀ ਪਰ ਆਦੇਸ਼ ਆਇਆ ਕਿ ਕਾਪੀਆਂ ਠੀਕ ਤਰ੍ਹਾਂ ਚੈੱਕ ਨਹੀਂ ਹੋਈਆਂ। ਉਸ ਦਾ ਰਿਜ਼ਲਟ ਮੁੜ ਨਹੀਂ ਆਇਆ। 3 ਮਹੀਨੇ ਹੋ ਗਏ ਹਨ। ਮਗਧ ਯੂਨੀਵਰਸਿਟੀ ਦੇ ਹਜ਼ਾਰਾਂ ਵਿਦਿਆਰਥੀਆਂ ਦੇ ਦਿਲ ਧੜਕ ਰਹੇ ਹਨ। ਜੇਕਰ 31 ਮਾਰਚ ਤਕ ਰਿਜ਼ਲਟ ਨਹੀਂ ਆਇਆ ਤਾਂ ਉਹ ਰੇਲਵੇ ਦੀਆਂ ਨਵੀਂਆਂ ਨੌਕਰੀਆਂ ਲਈ ਫਾਰਮ ਨਹੀਂ ਭਰ ਸਕਣਗੇ।

ਪਿਛਲੇ ਸਾਲ ਅਸਾਮ ਵਿਚ ਸੂਬਾ ਸਰਕਾਰ ਦੇ ਪੰਚਾਇਤੀ ਵਿਭਾਗ ਨੇ 945 ਨੌਕਰੀਆਂ ਕੱਢੀਆਂ। 20 ਮਈ 2018 ਨੂੰ ਪ੍ਰੀਖਿਆ ਹੋਈ ਸੀ। ਇਹ ਪ੍ਰੀਖਿਆ ਕਈ ਤਰ੍ਹਾਂ ਦੀ ਜਾਂਚ ਅਤੇ ਮੁਕੱਦਮਿਆਂ ਵਿਚ ਫਸ ਗਈ। ਸੀ.ਆਈ.ਡੀ. ਜਾਂਚ ਹੋਈ ਅਤੇ ਗੜਬੜੀਆਂ ਸਾਹਮਣੇ ਆਈਆਂ। ਇਸ ਤੋਂ ਬਾਅਦ ਵੀ ਸਰਕਾਰ ਨੇ 5 ਮਾਰਚ 2019 ਨੂੰ ਰਿਜ਼ਲਟ ਕੱਢ ਦਿੱਤਾ। ਵਿਦਿਆਰਥੀਆਂ ਨੇ ਸੈਂਕੜੇ ਮੇਲ ਭੇਜ ਕੇ ਦੋਸ਼ ਲਾਏ ਹਨ ਕਿ ਪੈਸੇ ਦੇ ਕੇ ਸੀਟਾਂ ਵੇਚੀਆਂ ਗਈਆਂ ਹਨ। ਸਿਆਸੀ ਕਨੈਕਸ਼ਨ ਦੇ ਲੋਕਾਂ ਨੂੰ ਨੌਕਰੀਆਂ ਮਿਲੀਆਂ ਹਨ।

ਹੁਣ ਇਹ ਚੈਨਲ ਇਨ੍ਹਾਂ ਪ੍ਰੀਖਿਆਵਾਂ ਨੂੰ ਲੈ ਕੇ ਸਵਾਲ ਤਾਂ ਕਰਨਗੇ ਨਹੀਂ। ਇਹ ਕਾਂਗਰਸ ਸਰਕਾਰਾਂ ਵਿਚ ਵੀ ਹੈ ਅਤੇ ਭਾਜਪਾ ਸਰਕਾਰਾਂ ਵਿਚ ਵੀ। ਰੁਜ਼ਗਾਰ ਦੇ ਮੁੱਦੇ ਨੂੰ ਸਰਵੇਖਣ ਦੇ ਪ੍ਰਤੀਸ਼ਤ ਵਿਚੋਂ ਗਾਇਬ ਕਰ ਦਿੱਤਾ ਗਿਆ ਹੈ। ਹੁਣ ਨੌਜਵਾਨਾਂ ’ਤੇ ਨਿਰਭਰ ਹੈ ਕਿ ਉਹ ਇਨ੍ਹਾਂ ਚੈਨਲਾਂ ਦੀਆਂ ਬਹਿਸਾਂ ’ਚੋਂ ਆਪਣੇ ਲਈ ਕੀ ਭਾਲਦੇ ਹਨ। ਉਨ੍ਹਾਂ ਨੂੰ ਇਨ੍ਹਾਂ ਮੁਸ਼ਕਲ ਸਵਾਲਾਂ ਵਿਚੋਂ ਲੰਘਣਾ ਹੀ ਪਵੇਗਾ। ਇਸ ਲਈ ਇਹ ਚੋਣਾਂ ਨੌਜਵਾਨਾਂ ਦੀਆਂ ਹਨ। ਉਹ ਮੀਡੀਆ ਅਤੇ ਨੇਤਾ ਦੇ ਘੜੇ ਝੂਠ ਤੋਂ ਹਾਰ ਜਾਣਗੇ ਜਾਂ ਦੋਹਾਂ ਨੂੰ ਹਰਾ ਦੇਣਗੇ।

ਜੇਕਰ ਨੌਕਰੀ ਮੁੱਦਾ ਹੈ ਤਾਂ ਇਹ ਚੋਣਾਂ ਨੌਜਵਾਨਾਂ ਦਾ ਇਮਤਿਹਾਨ ਹੈ। ਭਾਰਤ ਦੀ ਸਿਆਸਤ ਵਿਚ ਜੇਕਰ ਨੌਜਵਾਨਾਂ ਦੀ ਜ਼ਰਾ ਵੀ ਅਹਿਮੀਅਤ ਬਚੀ ਹੋਵੇਗੀ ਤਾਂ ਨੌਕਰੀ ਦਾ ਸਵਾਲ ਵੱਡਾ ਹੋ ਕੇ ਉਭਰੇਗਾ। ਵਰਨਾ ਇਹ ਸਵਾਲ ਦਮ ਤੋੜ ਦੇਵੇਗਾ। ਮੈਂ ਇਨ੍ਹਾਂ ਹਾਰੇ ਹੋਏ ਨੌਜਵਾਨਾਂ ਤੋਂ ਕੀ ਉਮੀਦ ਕਰਾਂ, ਬੱਸ ਇਹੀ ਦੁਆ ਕਰਦਾ ਹਾਂ ਕਿ ਇਹ ਮੀਡੀਆ ਦੀ ਬਣਾਈ ਧਾਰਨਾ ਬਚਾ ਲੈਣ ਅਤੇ ਆਪਣੇ ਮੁੱਦੇ ਨੂੰ ਬਚਾ ਲੈਣ।

2019 ਦੀਆਂ ਚੋਣਾਂ ਵਿਚ ਝੂਠ ਨਾਲ ਮੁਕਾਬਲਾ ਹੈ। ਇਹ ਚੋਣਾਂ ਰਾਹੁਲ ਬਨਾਮ ਮੋਦੀ ਦਾ ਨਹੀਂ ਹੈ। ਇਹ ਚੋਣਾਂ ਜਨਤਾ ਦੇ ਸਵਾਲਾਂ ਦਾ ਹੈ। ਝੂਠ ਨਾਲ ਉਨ੍ਹਾਂ ਸਵਾਲਾਂ ਦੇ ਮੁਕਾਬਲੇ ਦਾ ਹੈ। ਕੀ ਜਨਤਾ ਆਪਣੇ ਸਵਾਲਾਂ ਨਾਲ ਝੂਠ ਨੂੰ ਹਰਾ ਦੇਵੇਗੀ ਜਾਂ ਉਸ ਝੂਠ ਤੋਂ ਹਾਰ ਜਾਵੇਗੀ। ਇਸ ਤੋਂ ਇਲਾਵਾ ਇਹ ਭਾਰਤ ਦੀ ਸਿਆਸਤ ਦੀ ਸਭ ਤੋਂ ਮਹਿੰਗੀ ਚੋਣ ਹੋਵੇਗੀ। ਪੈਸਾ ਪਾਣੀ ਵਾਂਗ ਵਹੇਗਾ ਤੇ ਝੂਠ ਅੰਮ੍ਰਿਤ ਵਾਂਗ।

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

ਸੰਪਾਦਕੀ

ਗਲੋਬਲ ਹੁੰਦੀ ਦਹਿਸ਼ਤ ਤੇ ਮਨੁੱਖੀ ਸੰਵੇਦਨਾ

ਨਿਊਜ਼ੀਲੈਂਡ ਉਦਾਸ ਹੈ, ਨਾਲ ਹੀ ਸੰਸਾਰ ਦਾ ਹਰ ਅਮਨ ਪਸੰਦ ਨਾਗਰਿਕ ਵੀ। ਨਿਊਜ਼ੀਲੈਂਡ ਦੇ ਕਰਾਈਸਟਚਰਚ ਵਿਚ ਪਿਛਲੇ ਹਫ਼ਤੇ ਆਸਟਰੇਲੀਆ ਦੇ 28 ਸਾਲਾ ਨੌਜਵਾਨ ਬਰੈਂਟਨ ਹੈਰੀਸਨ ਨੇ ਦੋ ਮਸਜਿਦਾਂ ਅੰਦਰ ਜਾ ਕੇ ਨਮਾਜ਼ ਅਦਾ ਕਰ ਰਹੇ ਨਮਾਜ਼ੀਆਂ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿਸ ਵਿਚ 50 ਵਿਅਕਤੀਆਂ ਦੀਆਂ ਜਾਨਾਂ ਚਲੇ ਗਈਆਂ। ਨਿਊਜ਼ੀਲੈਂਡ 'ਚ ਇਸ ਤੋਂ ਪਹਿਲਾਂ ਕਦੇ ਅਜਿਹੀ ਘਟਨਾ ਨੂੰ ਅੰਜਾਮ ਨਹੀਂ ਸੀ ਦਿੱਤਾ ਗਿਆ। ਨਿਊਜ਼ੀਲੈਂਡ ਦੁਨੀਆ ਦੇ ਸਭ ਤੋਂ ਅਮਨ ਪਸੰਦ ਮੁਲਕਾਂ ਵਿਚੋਂ ਪਹਿਲੇ ਨੰਬਰ 'ਤੇ ਹੈ।

ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਨਰ ਨੇ ਇਸ ਹਮਲੇ ਨੂੰ ਦਹਿਸ਼ਤੀ ਹਮਲਾ ਗਰਦਾਨਦਿਆਂ ਆਪਣੇ ਮੁਲਕ ਦੀ ਵੰਨ-ਸੁਵੰਨਤਾ ਦੀ ਰਾਖੀ ਕਰਨ ਦਾ ਅਹਿਦ ਕੀਤਾ ਤੇ ਸਮੁੱਚੇ ਮੁਲਕ ਦੇ ਲੋਕਾਂ ਨੇ ਇਕ ਸੁਰ ਵਿਚ ਆਪਸੀ ਇਕਜੁੱਟਤਾ ਲਈ ਲਾਮਿਸਾਲ ਪ੍ਰਤੀਬੱਧਤਾ ਪ੍ਰਗਟਾਈ। ਇਹ ਜ਼ਿੰਦਗੀ ਦੀ ਜਿੱਤ ਦਾ ਪ੍ਰਗਟਾਵਾ ਸੀ। ਅਸੀਂ ਸਮੁੱਚੀ ਮਨੁੱਖਤਾ ਉਪਰ ਹੋਏ ਇਸ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਗਲੋਬਲ ਹੁੰਦੀ ਜਾ ਰਹੀ ਦਹਿਸ਼ਤ ਦੇ ਅਲਜਬਰੇ ਨੂੰ ਸਮਝਣ ਦੀ ਕੋਸ਼ਿਸ਼ ਵਿਚ ਹਾਂ।

ਸੱਚ ਇਹ ਹੈ ਕਿ ਅੱਜ ਹਰ ਚੀਜ਼ ਹੀ ਗਲੋਬਲ ਹੈ। ਪੂੰਜੀ ਗਲੋਬਲ ਹੈ, ਦਹਿਸ਼ਤ ਗਲੋਬਲ ਹੈ ਪਰ ਜਿਹੜੀ ਚੀਜ਼ ਦਾ ਗਲੋਬਲ ਹੋਣਾ ਸਭ ਤੋਂ ਜ਼ਰੂਰੀ ਹੈ, ਉਹ ਹੈ ਮਨੁੱਖੀ ਸੰਵੇਦਨਾ। ਗਲੋਬਲ ਦੌਰ 'ਚ ਮਨੁੱਖੀ ਦਰਦ, ਪੀੜਾ, ਸੰਵੇਦਨਾ ਤੇ ਭਾਵਨਾ ਦਾ ਸੁੰਗੜਦੇ ਜਾਣਾ ਹੀ ਸਾਡਾ ਸਭ ਤੋਂ ਵੱਡਾ ਸੰਕਟ ਹੈ। ਇਸੇ ਸੰਕਟ ਤੋਂ ਪਾਰ ਜਾ ਕੇ ਹੀ ਮਨੁੱਖ ਬਚੇਗਾ। ਮਨੁੱਖ ਹੋਵੇਗਾ ਤਾਂ ਮਨੁੱਖਤਾ ਹੋਵੇਗੀ, ਮਨੁੱਖਤਾ ਹੋਵੇਗੀ ਤਾਂ ਇਹ ਸੰਸਾਰ ਚੱਲੇਗਾ। ਮਨੁੱਖ ਨੂੰ ਬਚਾਉਣਾ ਕਿਹਨੇ ਹੈ? ਇਹ ਸਵਾਲ ਹੈ, ਜਿਹਦੇ 'ਚ ਉਤਰ ਕੇ ਹੀ ਜੁਆਬ ਮਿਲੇਗਾ।

ਸਵਾਲ ਇਹੀ ਹੈ ਕਿ ਦਹਿਸ਼ਤ ਦਾ ਖਿਲਾਰਿਆ ਇਹ ਮਲਬਾ ਕਿਹਨੇ ਸਾਫ ਕਰਨਾ ਹੈ? ਸਿਰਫ ਮਲਬਾ ਹੀ ਸਾਫ ਨਹੀਂ ਕਰਨਾ ਸਗੋਂ ਨਵੀਂ ਉਸਾਰੀ ਕਿਹਨੇ ਕਰਨੀ ਹੈ? ਸਿਰਫ ਨਵੀਂ ਉਸਾਰੀ ਹੀ ਨਹੀਂ ਕਰਨੀ, ਮੁੜ ਕੇ ਸੜਕਾਂ, ਗਲੀਆਂ, ਮੁਹੱਲੇ ਤੇ ਘਰ ਮਲਬੇ 'ਚ ਤਬਦੀਲ ਨਾ ਹੋਣ, ਇਹ ਹਾਲਾਤ ਕਿਹਨੇ ਪੈਦਾ ਕਰਨੇ ਹਨ? ਜੁਆਬ ਇਹੀ ਹੈ ਕਿ ਇਹ ਸਭ ਕੁਝ ਆਪਣੇ ਹੀ ਜ਼ਿੰਮੇ ਹੈ। ਆਪਾਂ ਯਾਨੀ ਕਿ ਆਮ ਲੋਕ। ਆਪਾਂ ਜਿਹੜੇ ਕਿ ਦਹਿਸ਼ਤ ਦੀਆਂ ਸੰਗੀਨਾਂ ਦੀਆਂ ਨੋਕਾਂ 'ਤੇ ਹਾਂ। ਆਪਾਂ ਹੀ ਇਨ੍ਹਾਂ ਸੰਗੀਨਾਂ ਦੇ ਮੂੰਹ ਮੋੜਨੇ ਹਨ।

ਕਰਾਈਸਟਚਰਚ ਨੇ ਅਮਨ ਦੇ ਕਾਤਲਾਂ ਨੂੰ ਜੁਆਬ ਦੇ ਦਿੱਤਾ ਹੈ। ਕਰਾਈਸਟਚਰਚ ਜ਼ਿੰਦਗੀ ਦੀਆਂ ਪਗਡੰਡੀਆਂ 'ਤੇ ਤੁਰ ਪਿਆ ਹੈ। ਤੁਰਨਾ ਹੀ ਸੀ ਕਿਉਂਕਿ ਜ਼ਿੰਦਗੀ ਕਦੇ ਰੁਕਦੀ ਨਹੀਂ। ਇਸ ਤੋਂ ਪਹਿਲਾਂ ਵੀ ਦੁਨੀਆ ਭਰ ਵਿਚ ਬੜਾ ਕੁਝ ਹੋਇਆ ਹੈ। ਮੁੰਬਈ ਦੀ ਜ਼ਿੰਦਗੀ ਰੁਕੀ ਤਾਂ ਨਹੀਂ। ਪੰਜਾਬ ਨੇ ਵੀ ਤਾਂ ਆਪਣੇ ਪਿੰਡੇ 'ਤੇ ਪਏ ਡੂੰਘੇ ਜ਼ਖ਼ਮ ਆਪੇ ਹੀ ਭਰੇ ਹਨ। ਜੰਮੂ-ਕਸ਼ਮੀਰ ਨੇ ਵੀ ਤਾਂ ਹਰ ਪਲ ਸੁਲਗਣ ਦੇ ਬਾਵਜੂਦ ਜਿਉਣਾ ਨਹੀਂ ਛੱਡਿਆ। ਨਿਊਯਾਰਕ ਦਾ ਦਿਲ ਵੀ ਧੜਕ ਰਿਹਾ ਹੈ। ਅਫਗਾਨਿਸਤਾਨ ਨੇ ਵੀ ਮਰਨਾ ਨਹੀਂ। ਇਰਾਕ ਵੀ ਵਸਦਾ ਹੀ ਰਹਿਣਾ ਹੈ। ਇਹ ਮਨੁੱਖ ਦੀ ਜਿੱਤ ਹੈ। ਇਹ ਵੱਖਰੀ ਗੱਲ ਹੈ ਕਿ ਭੁੱਲਿਆ ਕੁਝ ਨਹੀਂ ਜਾਂਦਾ ਤੇ ਨਾ ਹੀ ਭੁਲਣਾ ਚਾਹੀਦਾ ਹੈ। ਪਰ ਜ਼ਖ਼ਮ ਦੇਣ ਵਾਲਿਆਂ ਦੀ ਨਿਸ਼ਾਨਦੇਹੀ ਤਾਂ ਜ਼ਰੂਰੀ ਹੈ ਤਾਂ ਹੀ ਤਾਂ ਆਪਣਾ ਕੱਲ ਸਾਂਭ ਸਕਾਂਗੇ।

ਅਸਲ ਗੱਲ ਇਹ ਹੈ ਕਿ ਦਹਿਸ਼ਤ ਅਤੇ ਦਹਿਸ਼ਤਵਾਦ ਦੀ ਸਿਆਸਤ ਨੂੰ ਸਮਝਿਆ ਜਾਵੇ। ਨਿਊਜ਼ੀਲੈਂਡ ਦੇ ਗੋਲੀਆਂ ਦਾ ਮੀਂਹ ਵਰ੍ਹਾਉਣ ਵਾਲੇ ਬਰੈਂਟਨ ਹੈਰੀਸਨ ਨੇ ਬਿਆਨ ਦਿੱਤਾ ਹੈ ਕਿ ਉਹ ਯਹੂਦੀਆਂ, ਮੁਸਲਮਾਨਾਂ ਤੇ ਕਾਲੇ ਲੋਕਾਂ ਦੇ ਸਖ਼ਤ ਖ਼ਿਲਾਫ਼ ਹੈ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਪ੍ਰਭਾਵਤ ਹੈ। ਸੰਸਾਰ ਜਾਣਦਾ ਹੈ ਕਿ ਡੋਨਾਲਡ ਟਰੰਪ ਪ੍ਰਵਾਸੀਆਂ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹੈ। ਖ਼ੁਦ ਨੂੰ ਸਭ ਤੋਂ ਸਰਵੋਤਮ ਮੰਨ ਲੈਣ ਦੀ ਜ਼ਹਿਰੀਲੀ ਧਾਰਨਾ ਅਮਰੀਕਾ ਤੋਂ 12 ਹਜ਼ਾਰ 542 ਕਿਲੋਮੀਟਰ ਦੂਰ ਨਿਊਜ਼ੀਲੈਂਡ ਤੱਕ ਕਿੰਨੀ ਤੇਜ਼ੀ ਨਾਲ ਪਹੁੰਚੀ ਹੈ, ਇਹ ਕਰਾਈਸਟਚਰਚ ਦੀਆਂ ਦੋ ਮਸਜਿਦਾਂ 'ਤੇ ਹਮਲੇ ਦੇ ਰੂਪ 'ਚ ਦੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਅਮਰੀਕਾ ਵਾਂਗ ਹੀ ਨਿਊਜ਼ੀਲੈਂਡ ਵਿਚ ਵੀ ਹਥਿਆਰਾਂ 'ਤੇ ਕਿਸੇ ਤਰ੍ਹਾਂ ਦੀ ਕੋਈ ਪਾਬੰਦੀ ਨਾ ਹੋਣਾ ਵੀ ਇੱਥੇ ਵਿਚਾਰਨ ਵਾਲਾ ਮਾਮਲਾ ਹੈ। ਹਥਿਆਰਾਂ ਦੀ ਮੰਡੀ ਤੇ ਹਥਿਆਰਾਂ ਦੇ ਸੌਦਾਗਰਾਂ ਦੀ ਦੁਨੀਆ ਭਰ 'ਚ ਆਪਣਾ ਇਹ ਮਾਲ ਵੇਚਣ ਦੀ ਲਾਲਸਾ ਇਸ ਤਰ੍ਹਾਂ ਦੇ ਹਮਲਿਆਂ ਦੇ ਨਾਲ ਹੀ, ਧਰਮ ਤੇ ਫਿਰਕਿਆਂ ਦੇ ਨਾਂਅ 'ਤੇ ਹਿੰਸਾ ਤੇ ਗਾਹੇ ਵਗਾਹੇ ਦੋ ਮੁਲਕਾਂ ਵਿਚਾਲੇ ਜੰਗ ਵਰਗੇ ਹਾਲਾਤ ਪੈਦਾ ਕਰਨ ਦਾ ਕਾਰਨ ਬਣਦੀ ਹੈ।

ਆਪਣਾ ਬਚਾਅ ਇਸੇ ਗੱਲ ਵਿਚ ਹੀ ਹੈ ਕਿ ਅਸੀਂ ਸਭ ਕੁਝ ਗਲੋਬਲ ਹੋ ਜਾਣ ਦੇ ਦੌਰ 'ਚ ਆਪਣੀਆਂ ਸੰਵੇਦਨਾਵਾਂ ਨੂੰ ਬਚਾ ਕੇ ਰੱਖੀਏ। ਮਨੁੱਖ ਹੀ ਮਨੁੱਖ ਦਾ ਦਾਰੂ ਹੈ, ਇਸ ਨੂੰ ਆਪਣੇ ਦਿਲਾਂ ਦੀਆਂ ਗੁਥਲੀਆਂ ਵਿਚ ਸਾਂਭਣਾ ਹੀ ਮਨੁੱਖਤਾ ਨੂੰ ਬਚਾਉਣ ਦਾ ਇਕੋ ਇਕ ਵਸੀਲਾ ਹੈ। ਕਰਾਈਟਚਰਚ, ਮੁੰਬਈ, ਇਸਲਾਮਾਬਾਦ, ਕੰਧਾਰ, ਬਗਦਾਦ, ਲੰਡਨ ਤੇ ਨਿਊਯਾਰਕ ਸਭ ਸਾਡੇ ਹਨ। ਆਓ ਇਨ੍ਹਾਂ ਨੂੰ ਬਚਾਉਣ ਦੀ ਲੜਾਈ ਵਿਚ ਆਪੋ-ਆਪਣਾ ਹਿੱਸਾ ਪਾਈਏ।

ਪੁਲਵਾਮਾ ਦਾ ਸੰਤਾਪ

ਲੋਕ ਵਿਰੋਧੀ ਹੈ ਹਿੰਦ-ਪਾਕਿ ਸਬੰਧਾਂ ਵਿਚਲੀ ਕਸ਼ੀਦਗੀ

- ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com



ਪੁਲਵਾਮਾ ਵਿਚ ਵਾਪਰੀ ਅੱਤਵਾਦੀ ਘਟਨਾ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਲਗਭਗ ਸਵਾ ਸੌ ਵਿਸਫੋਟਕਾਂ ਦੀ ਭਰੀ ਗੱਡੀ ਕੇਂਦਰੀ ਰਿਜ਼ਰਵ ਫੋਰਸ ਦੀਆਂ ਮੁੱਖ ਮਾਰਗ ਤੋਂ ਗੁਜ਼ਰ ਰਹੀਆਂ ਗੱਡੀਆਂ ਦੇ ਕਾਫ਼ਲੇ ਨਾਲ ਟਕਰਾ ਦਿੱਤੀ ਗਈ। ਸਿੱਟੇ ਵਜੋਂ ਕੇਂਦਰੀ ਰਿਜ਼ਰਵ ਫੋਰਸ ਦੇ ਬਿਆਲੀ ਜਵਾਨ ਸ਼ਹੀਦ ਹੋ ਗਏ। ਘਟਨਾ ਸਥਾਨ ਤਬਾਹੀ ਦਾ ਖੌਫ਼ਨਾਕ ਮੰਜ਼ਰ ਪੇਸ਼ ਕਰਦਾ ਸੀ, ਦ੍ਰਿਸ਼ ਸੱਚਮੁੱਚ ਹੀ ਦਿਲ ਨੂੰ ਹਲੂਣ ਦੇਣ ਵਾਲਾ ਸੀ। ਇਸ ਫਿਦਾਇਨ ਹਮਲੇ ਦੀ ਜ਼ਿੰਮੇਵਾਰੀ ਜੈਸ਼-ਏ-ਮੁਹੰਮਦ ਨਾਂ ਦੇ ਅੱਤਵਾਦੀ ਸੰਗਠਨ ਨੇ ਲਈ ਹੈ। ਇਸ ਘਟਨਾ ਦੀ ਦੇਸ਼-ਵਿਦੇਸ਼ ਵਿਚ ਘੋਰ ਨਿੰਦਾ ਹੋਈ ਹੈ। ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਇਸ ਘਟਨਾ ਦੀ ਇਕਮੁੱਠ ਹੋ ਕੇ ਆਲੋਚਨਾ ਕਰਦਿਆਂ ਇਸ ਨੂੰ 'ਦੇਸ਼ ਦੀ ਆਤਮਾ' ਉੱਪਰ ਹਮਲਾ ਕਰਾਰ ਦਿੱਤਾ ਹੈ। ਰਾਜਨੀਤਕ ਪਾਰਟੀਆਂ ਨੇ ਹੀ ਨਹੀਂ ਦੇਸ਼ ਦੇ ਸਾਰੇ ਵੱਖ-ਵੱਖ ਧਾਰਮਕ ਭਾਈਚਾਰਿਆਂ ਨੇ ਵੀ ਇਸ ਘਟਨਾ ਦੀ ਕਰੜੇ ਸ਼ਬਦਾਂ ਵਿਚ ਵਿਰੋਧਤਾ ਕੀਤੀ ਹੈ। ਕਹਿਣ ਤੋਂ ਭਾਵ ਇਹ ਹੈ ਕਿ ਇਸ ਕਾਇਰਤਾ ਪੂਰਨ ਹਮਲੇ ਦੇ ਵਿਰੋਧ ਵਿਚ ਪੂਰੇ ਦੇਸ਼ ਨੇ ਇਕਮੁੱਠਤਾ ਦਿਖਾਈ ਹੈ ਅਤੇ ਦੇਸ਼ ਭਗਤੀ ਦਾ ਪੁਖਤਾ ਪ੍ਰਮਾਣ ਪੇਸ਼ ਕੀਤਾ ਹੈ।

ਸਮੇਂ ਦੀ ਨਜ਼ਾਕਤ ਦੇ ਮੱਦੇਨਜ਼ਰ ਅੱਤਵਾਦ ਨਾਲ ਜੁੜੇ ਹੋਏ ਬਹੁਤ ਸਾਰੇ ਪ੍ਰਸ਼ਨ ਨਜ਼ਰਅੰਦਾਜ਼ ਕੀਤੇ ਜਾ ਰਹੇ ਹਨ। ਸੰਭਵ ਹੈ ਕਿ ਇਨ੍ਹਾਂ ਪ੍ਰਸ਼ਨਾਂ ਨੂੰ ਹਾਲ ਦੀ ਘੜੀ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਨਿਕਟ ਭਵਿੱਖ ਵਿਚ ਜ਼ੋਰਦਾਰ ਢੰਗ ਨਾਲ ਉਭਾਰੇ ਵੀ ਜਾ ਸਕਦੇ ਹਨ। ਇਨ੍ਹਾਂ ਪ੍ਰਸ਼ਨਾਂ ਨੂੰ ਸੰਖੇਪ ਰੂਪ ਵਿਚ ਯਾਦ ਕਰ ਲੈਣਾ ਵੀ ਗ਼ੈਰ-ਪ੍ਰਸ਼ੰਗਿਕ ਨਹੀਂ ਰਹੇਗਾ। 2014 ਦੀਆਂ ਚੋਣਾਂ ਦੇ ਦੌਰਾਨ ਮੌਜੂਦਾ ਪ੍ਰਧਾਨ ਮੰਤਰੀ ਨੇ ਛਪੰਜਾ ਇੰਚ ਦੀ ਛਾਤੀ ਠੋਕ ਕੇ ਕਿਹਾ ਸੀ ਕਿ ਅੱਤਵਾਦੀ ਘਟਨਾਨਵਾਂ ਉਸ ਸਮੇਂ ਦੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਕੁਸ਼ਾਸਨ ਦਾ ਸਿੱਟਾ ਹਨ ਤੇ ਜਦ ਸਰਕਾਰ ਉਨ੍ਹਾਂ ਦੀ (ਮਿ. ਮੋਦੀ) ਦੀ ਅਗਵਾਈ ਵਿਚ ਬਣੇਗੀ ਤਾਂ ਅੱਤਵਾਦ ਦਾ ਤਰਜੀਹੀ ਆਧਾਰ 'ਤੇ ਖਾਤਮਾ ਕਰ ਦਿੱਤਾ ਜਾਵੇਗਾ। ਜਦੋਂ ਨੋਟਬੰਦੀ ਦਾ ਫੈਸਲਾ ਲਿਆ ਉਦੋਂ ਵੀ ਸ਼੍ਰੀ ਮੋਦੀ ਨੇ ਇਹੋ ਗੱਲ ਦੁਹਰਾਈ ਕਿ ਕਾਂਗਰਸ ਦੀ ਭ੍ਰਿਸ਼ਟ ਰਾਜਨੀਤੀ ਕਾਰਨ ਅੱਤਵਾਦੀਆਂ ਨੂੰ ਧਨ ਹਾਸਲ ਹੁੰਦਾ ਹੈ ਤੇ ਨੋਟਬੰਦੀ ਅੱਤਵਾਦੀਆਂ ਕੋਲ ਜਮ੍ਹਾਂ ਧਨ ਨੂੰ ਬੇਅਸਰ ਕਰ ਦੇਵੇਗੀ ਤੇ ਇੰਝ ਅੱਤਵਾਦ ਦੀ ਰੀੜ੍ਹ ਦੀ ਹੱਡੀ ਟੁੱਟ ਜਾਵੇਗੀ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਲਗਭਗ ਪੰਜ ਵਰ੍ਹੇ ਪੂਰੇ ਕਰ ਲਏ ਹਨ, ਨੋਟਬੰਦੀ ਨੇ ਵੀ ਆਪਣੇ ਰੰਗ ਵਿਖਾ ਦਿੱਤੇ ਹਨ। ਦੇਸ਼ ਦੇ ਅਰਥਚਾਰੇ ਨੂੰ ਅਸਤ-ਵਿਅਸਤ ਕਰ ਦਿੱਤਾ ਹੈ। ਆਰਥਕਤਾ ਦੇ ਹਰ ਸੈਕਟਰ ਦਾ ਕੋਈ ਨਾ ਕੋਈ ਹਿੱਸਾ ਨੋਟਬੰਦੀ ਦੀ ਮਾਰ ਹੇਠ ਐਸਾ ਆਇਆ ਕਿ ਹੁਣ ਤੱਕ ਸੰਭਲ ਨਹੀਂ ਸਕਿਆ, ਪਰ ਅੱਤਵਾਦ ਨੂੰ ਕੋਈ ਫ਼ਰਕ ਨਹੀਂ ਪਿਆ। ਇਹ ਜਿਉਂ ਦਾ ਤਿਉਂ ਬਣਿਆ ਹੋਇਆ ਹੈ।

ਹੁਣ ਤੱਕ ਇਹ ਸਮਝਿਆ ਜਾਂਦਾ ਰਿਹਾ ਹੈ ਕਿ ਲੋਕਾਂ ਦਾ ਚੇਤਾ ਕੋਈ ਬਹੁਤਾ ਚੰਗਾ ਨਹੀਂ ਹੁੰਦਾ। ਉਹ ਹੋਈਆਂ-ਬੀਤੀਆਂ ਅਤੇ ਕਹੀਆਂ-ਸੁਣੀਆਂ ਗੱਲਾਂ ਨੂੰ ਛੇਤੀ ਹੀ ਭੁੱਲ ਜਾਂਦੇ ਹਨ। ਪ੍ਰੰਤੂ ਹੁਣ ਸਮਾਂ ਬਦਲ ਗਿਆ ਹੈ। ਜ਼ਮਾਨਾ ਹੋਰ ਦਾ ਹੋਰ ਆ ਗਿਆ ਹੈ। ਘਟਨਾਵਾਂ ਤੇ ਗੱਲਾਂ ਦਾ ਰਿਕਾਰਡ ਰੱਖਣ ਲਈ ਕੰਪਿਊਟਰਾਈਜ਼ਡ ਤਕਨੀਕਾਂ ਦੀ ਚੜ੍ਹ ਮੱਚੀ ਹੋਈ ਹੈ। ਇਸ ਲਈ ਹੁਣ ਲੋਕਾਂ ਦਾ ਚੇਤਾ, ਜੇਕਰ ਕੁਝ ਕਮਜ਼ੋਰ ਵੀ ਹੈ, ਇਨ੍ਹਾਂ ਤਕਨੀਕਾਂ ਰਾਹੀਂ ਮੁੜ ਜੀਵਤ ਕੀਤਾ ਜਾ ਸਕਦਾ ਹੈ। ਸ਼ਾਇਦ ਇਹੀ ਵਰ੍ਹਾ ਹੈ ਕਿ ਸੋਸ਼ਲ ਮੀਡੀਆ ਵਿਚ ਸ਼੍ਰੀ ਮੋਦੀ ਦੀਆਂ 2014 ਵਾਲੀਆਂ ਤਕਰੀਰਾਂ ਦੀਆਂ ਵੀਡੀਓਜ਼ ਜ਼ਿਆਦਾ ਵਜਾਈਆਂ ਜਾਂਦੀਆਂ ਹਨ ਅਤੇ ਜੋ ਕੁਝ ਉਹ ਹੁਣ ਕਹਿ ਰਹੇ ਹਨ, ਉਸ ਵੱਲ ਘੱਟ ਧਿਆਨ ਦਿੱਤਾ ਜਾ ਰਿਹਾ ਹੈ।

ਇਸ ਵੇਲੇ ਅੱਤਵਾਦ ਬਾਰੇ ਕਦੋਂ, ਕੌਣ, ਕੀ ਕਹਿੰਦਾ ਰਿਹਾ ਹੈ, ਸਬੰਧੀ ਸਰਸਰੀ ਤੌਰ 'ਤੇ ਸੋਚਣਾ ਬਣਦਾ ਹੈ। ਵਧੇਰੇ ਕਰਕੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸ਼ੋਕ ਗ੍ਰਸਤ ਪਰਿਵਾਰਾਂ ਦਾ ਦੁੱਖ ਵੰਡਾਈਏ, ਉਨ੍ਹਾਂ ਦੇ ਗ਼ਮ ਵਿਚ ਸ਼ਰੀਕ ਹੋਈਏ। ਉਂਝ ਜੇ ਸਰਸਰੀ ਤੌਰ 'ਤੇ ਵੀ ਵੇਖੀਏ ਜਾਂ ਵਿਚਾਰੀਏ ਤਾਂ ਸਾਡਾ ਧਿਆਨ ਇਕਦਮ ਇਸ ਗੱਲ ਵੱਲ ਚਲਾ ਜਾਂਦਾ ਹੈ ਕਿ ਇਹ ਘਟਨਾਵਾਂ ਚੋਣਾਂ ਦੇ ਨੇੜੇ ਹੀ ਕਿਉਂ ਵਾਪਰਦੀਆਂ ਹਨ?

ਮੁੰਬਈ ਦੇ ਅਸ਼ੋਕਾ ਹੋਟਲ ਉੱਪਰ ਹਮਲੇ ਦੀ ਘਟਨਾ ਵੀ ਚੋਣਾਂ ਦੇ ਦੌਰਾਨ ਹੀ ਵਾਪਰੀ ਸੀ, ਜਿਸ ਨੂੰ ਇਲੈੱਕਟ੍ਰੱਨਿਕ ਮੀਡੀਆ ਨੇ ਲਾਈਵ ਪੇਸ਼ ਕੀਤਾ ਸੀ। ਆਖ਼ਰ ਕਿਉਂ ਲਾਈਵ ਪੇਸ਼ ਕੀਤਾ ਸੀ? ਇਹ ਬਹੁਤ ਵੱਡਾ ਸਵਾਲ ਹੈ ਤੇ ਮੱਲੋਮੱਲੀ ਰਾਜਨੀਤਕ ਅਰਥ ਗ੍ਰਹਿਣ ਕਰ ਜਾਂਦਾ ਹੈ। ਪੁਲਵਾਮਾ ਦੀ ਅੱਤਵਾਦੀ ਘਟਨਾ ਵੀ ਉਦੋਂ ਵਾਪਰੀ ਹੈ ਜਦੋਂ ਚੋਣਾਂ ਵਿਚ ਮਸਾਂ ਦੋ ਕੁ ਮਹੀਨੇ ਹੀ ਬਾਕੀ ਹਨ। ਸੋ, ਸੋਚਣਾ (ਸਰਸਰੀ ਤੌਰ 'ਤੇ) ਜ਼ਰੂਰੀ ਹੋ ਜਦਾ ਹੈ ਕਿ ਆਖ਼ਰ ਸਿਲਸਿਲੇਵਾਰ ਅਜਿਹਾ ਕਿਉਂ ਹੋ ਰਿਹਾ ਹੈ? ਕੀ ਇਸ ਨਾਲ ਵੋਟਾਂ ਖਾਤਰ ਧਰੁਵੀਕਰਨ ਤਾਂ ਨਹੀਂ ਹੋ ਰਿਹਾ? ਕੀ ਇਹ ਘਟਨਾਵਾਂ ਕਿਸੇ ਵਿਸ਼ੇਸ਼ ਧਿਰ ਦੀ ਚੁਣਾਵੀ ਮਨਸ਼ਾ ਨੂੰ ਤਾਂ ਨਹੀਂ ਪੂਰਾ ਕਰ ਰਹੀਆਂ? ਸੰਭਵ ਹੈ ਕਿ ਇਨ੍ਹਾਂ ਘਟਨਾਵਾਂ ਪਿੱਛੇ ਅਜਿਹੀ ਕੋਈ ਸੋਚ ਨਾ ਕੰਮ ਕਰ ਰਹੀ ਹੋਵੇ। ਪਰ ਜੇਕਰ ਕੋਈ ਅਜਿਹੀ ਸੋਚ ਕੰਮ ਕਰ ਰਹੀ ਹੈ ਤਾਂ ਇਹ ਬੜੀ ਸ਼ਰਮਨਾਕ ਗੱਲ ਹੈ।

ਆਮ ਗਰੀਬ ਲੋਕਾਂ, ਕਿਸਾਨ ਪੁੱਤਰਾਂ ਦੀ ਰਾਜਨੀਤੀ ਲਈ ਬਲੀ ਲੈ ਲੈਣਾ, ਇਕ ਸਿਰੇ ਦਾ ਅਣਮਨੁੱਖੀ ਕਾਰਾ ਹੈ। ਇਨ੍ਹਾਂ ਘਟਨਾਵਾਂ ਦਾ ਚੋਣਾਂ ਨਾਲ ਕੋਈ ਸਰੋਕਾਰ ਹੈ ਜਾਂ ਨਹੀਂ,ਇਹ ਇਕ ਵੱਖਰਾ ਮੁੱਦਾ ਹੈ। ਪਰ ਹੋਰ ਲੋਕਾਂ ਨੂੰ ਵੀ ਇਨ੍ਹਾਂ ਘਟਨਾਵਾਂ, ਜੋ ਵੱਡਾ ਤਣਾਓ ਪੈਦਾ ਕਰਦੀਆਂ ਹਨ, ਵਿਚੋਂ ਕਿਵੇਂ ਨਾ ਕਿਵੇਂ ਚੋਣਾਂ ਦੀ ਆਹਟ ਸੁਣਾਈ ਦਿੰਦੀ ਹੈ। ਹਰਮਨ-ਪਿਆਰੇ ਸ਼ਾਇਰ ਰਾਹਤ ਇੰਦੋਰੀ ਦਾ ਇਕ ਸ਼ਿਅਰ ਹੈ:

ਸਰਹੱਦੋਂ ਪਰ ਬਹੁਤ ਤਨਾਵ ਹੈ ਕਯਾ?
ਕੁਛ ਪਤਾ ਕਰੋ ਕਹੀਂ ਚੁਨਾਵ ਹੈ ਕਯਾ?

ਪਲਵਾਮਾ ਸੰਤਾਪ ਦੇ ਚੱਲਦਿਆਂ ਸਾਡੇ ਲਈ ਜ਼ਿਆਦਾ ਫਿਕਰਮੰਦੀ ਵਾਲਾ ਵਿਸ਼ਾ ਹਿੰਦ-ਪਾਕਿ ਸਬੰਧ ਹਨ। ਹਿੰਦ-ਪਾਕਿ ਦੇ ਸਬੰਧਾਂ ਵਿਚਲੀ ਕਸ਼ੀਦਗੀ ਹਿੰਦੋਸਤਾਨ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੇ ਲੋਕਾਂ (ਆਮ) ਲਈ ਘਾਤਕ ਹੈ। ਫਿਰਕੂ ਜਨੂੰਨੀਆਂ ਦੀਆਂ ਵਿਆਖਿਆਵਾਂ ਕੋਈ ਵੀ ਕਿਉਂ ਨਾ ਹੋਣ ਅਸੀਂ ਦੋਵੇਂ ਮੁਲਕ ਇਕ-ਦਜੇ ਦੇ ਹਮਸਾਏ ਹੀ ਨਹੀਂ ਸਗੋਂ ਇਕ ਮੁਲਕ ਹੀ ਹਾਂ ਤੇ ਬਿਗਾਨਿਆਂ ਨੇ ਸਾਨੂੰ ਦੋ ਦੇਸ਼ਾਂ ਵਿਚ ਵੰਡਿਆ ਹੋਇਆ ਹੈ। ਇਕੋ ਭਾਸ਼ਾ ਬੋਲਣ ਵਾਲੇ ਦੋ ਮੁਲਕ ਹਮੇਸ਼ਾ ਧੱਕੇ ਨਾਲ ਹੀ 'ਦੋ' ਬਣਾਏ ਗਏ ਹੁੰਦੇ ਹਨ। ਹੁਣ ਜਦੋਂ ਕਾਰਪੋਰੇਟ ਪੱਖੀ ਇਲੈੱਕਟ੍ਰੱਨਿਕ ਮੀਡੀਆ 'ਖ਼ੂਨ ਦਾ ਬਦਲਾ ਖ਼ੂਨ' ਦੇ ਨਾਅਰੇ ਲਗਾ/ਲਗਵਾ ਰਿਹਾ ਹੈ, ਸਾਨੂੰ ਬਹੁਤ ਸੰਜੀਦਗੀ ਤੋਂ ਕੰਮ ਲੈਣ ਦੀ ਲੋੜ ਹੈ ਤੇ ਆਪਣਾ ਸੰਤੁਲਨ ਬਰਕਰਾਰ ਰੱਖਣ ਦੀ ਲੋੜ ਵੀ ਹੈ। ਫਿਰ ਵੀ 'ਖ਼ੂਨ ਦਾ ਬਦਲਾ ਖ਼ੂਨ' ਦੀ ਨੀਤੀ ਨੂੰ ਜੇਕਰ ਅਮਲੀ ਰੂਪ ਦਿੱਤਾ ਜਾਂਦਾ ਹੈ ਤਾਂ ਓਧਰ ਵੀ ਉਸੇ ਵਰਗ ਦੇ ਲੋਕ ਜਾਨਾਂ ਤੋਂ ਹੱਥ ਧੋ ਬੈਠਣਗੇ, ਜਿਸ ਵਰਗ ਦੇ ਲੋਕਾਂ ਨੂੰ ਇਧਰ ਸ਼ਹਾਦਤ ਦਾ ਜਾਮ ਪੀਣਾ ਪਿਆ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਓਧਰਲੇ ਸੈਨਿਕ ਵੀ ਚੀਮੇ, ਮਾਨ, ਸੰਧੂ, ਬਾਜਵੇ ਹੀ ਹਨ, ਉਨ੍ਹਾਂ ਦਾ ਕੇਵਲ ਧਰਮ ਹੀ ਵੱਖਰਾ ਹੈ ਤੇ ਉਹ ਵੀ ਆਮ ਕਿਸਾਨਾਂ ਦੇ ਪੁੱਤ ਹਨ। ਲੋਕਾਂ ਨੂੰ ਦੋਵਾਂ ਮੁਲਕਾਂ ਦੇ ਹਾਕਮਾਂ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਕਸ਼ੀਦਗੀ ਖ਼ਤਮ ਕੀਤੀ ਜਾਵੇ। ਅਰਬਾਂ ਰੁਪਏ ਦਾ ਵਪਾਰ ਜੋ ਪਹਿਲਾਂ ਹੀ ਦੋਵਾਂ ਮੁਲਕਾਂ ਦਰਮਿਆਨ ਹੋ ਰਿਹਾ ਉਸ ਨੂੰ ਹੋਰ ਵਧਾਇਆ ਜਾਵੇ ਅਤੇ ਹਿੰਦ ਮਹਾਂਦੀਪ ਵਿਚ ਅਨ ਤੇ ਖ਼ੁਸ਼ਹਾਲੀ ਨੂੰ ਪਹਿਲ ਦਿੱਤੀ ਜਾਵੇ।

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

ਬਹੁਤ ਖਤਰਨਾਕ ਹੈ ਸੰਘ ਪਰਿਵਾਰ ਦੀ ਫਿਰਕੂ ਦਹਿਸ਼ਤਗਰਦੀ

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਪਹਿਲੀਆਂ ਆਮ ਚੋਣਾਂ ਵਾਂਗ ਇਸ ਵਾਰ ਵੀ ਇਹ ਜਨਮੱਤ ਲੰਘ ਜਾਣਾ ਹੈ ਤੇ ਨਵੀਂ ਸਰਕਾਰ ਸੱਤਾ 'ਤੇ ਬਿਰਾਜਮਾਨ ਹੋ ਜਾਵੇਗੀ। ਪਿਛਲੇ ਕੀਤੇ ਕੰਮਾਂ ਬਾਰੇ ਕੋਈ ਠੀਕ ਤੇ ਠੋਸ ਜਾਣਕਾਰੀ ਦੇ ਕੇ ਵੋਟਾਂ ਹਾਸਲ ਕਰਨ ਦੀ ਜਗ੍ਹਾ ਤਰ੍ਹਾਂ-ਤਰ੍ਹਾਂ ਦੇ ਨਵੇਂ ਲੋਕ ਭਰਮਾਊ ਵਾਅਦੇ ਕੀਤੇ ਜਾਣਗੇ ਤੇ ਸੱਤਾ ਪ੍ਰਾਪਤੀ ਤੋਂ ਬਾਅਦ ਪਹਿਲਾਂ ਦੀ ਤਰ੍ਹਾਂ ਉਨ੍ਹਾਂ ਨੂੰ ਵਿਸਾਰ ਦਿੱਤਾ ਜਾਏਗਾ। ਚੋਣ ਪ੍ਰਚਾਰ ਤੇ ਮਨੋਰਥ ਪੱਤਰਾਂ ਵਿਚ ਭਾਰਤੀ ਲੋਕਾਂ ਨੂੰ ਦਰਪੇਸ਼ ਗਰੀਬੀ, ਬੇਰੁਜ਼ਗਾਰੀ, ਕੁਪੋਸ਼ਨ, ਅਨਪੜ੍ਹਤਾ, ਭੈੜੀਆਂ ਜੀਵਨ ਹਾਲਤਾਂ ਆਦਿ ਸਵਾਲਾਂ ਦਾ ਜ਼ਿਕਰ ਤਾਂ ਕੀਤਾ ਜਾਵੇਗਾ, ਪ੍ਰੰਤੂ ਉਨ੍ਹਾਂ ਦੇ ਸਮਾਧਾਨ ਕਰਨ ਬਾਰੇ ਨਾ ਤਾਂ ਮੌਜੂਦਾ ਹਾਕਮ ਜਮਾਤਾਂ ਦੀਆਂ ਰਾਜਨੀਤਕ ਪਾਰਟੀਆਂ ਕੋਲ ਕੋਈ ਨੀਤੀ ਹੈ ਤੇ ਨਾ ਹੀ ਨੀਅਤ। ਪੈਸੇ, ਬਾਹੂਬਲੀਆਂ ਤੇ ਜ਼ਰਖਰੀਦ ਮੀਡੀਆ ਦੇ ਧੂਆਂਧਾਰ ਪ੍ਰਚਾਰ ਦੀ ਸਹਾਇਤਾ ਨਾਲ ਚੋਣ ਲੜਨ ਵਾਲੇ ਜ਼ਿਆਦਾ ਉਮੀਦਵਾਰਾਂ ਦਾ ਨਿੱਜੀ-ਬਿਊਰਾ (Biodata) ਫਿਰ ਇਹੀ ਸਿੱਧ ਕਰੇਗਾ ਕਿ 'ਰਾਜਨੀਤੀ ਬਦਮਾਸ਼ ਤੇ ਲੁਟੇਰੇ ਲੋਕਾਂ ਦੀ ਆਖਰੀ ਤੇ ਸੁਰੱਖਿਅਤ ਛੁਪਣ ਥਾਂ ਹੈ।'

ਪ੍ਰੰਤੂ ਪਹਿਲਾਂ ਤੋਂ ਹੀ ਸਾਡੇ ਲੋਕਰਾਜੀ ਢਾਂਚੇ ਨੂੰ ਲੱਗੀਆਂ ਅਲਾਮਤਾਂ ਦੇ ਨਾਲ ਇਸ ਵਾਰ ਆਰ.ਐਸ.ਐਸ. ਤੇ ਉਸ ਦੇ ਸੰਗੀ ਸਾਥੀਆਂ ਦੀ ਅਗਵਾਈ ਹੇਠ ਫਿਰਕੂ ਫਾਸ਼ੀਵਾਦੀ ਸ਼ਕਤੀਆਂ ਵਲੋਂ ਜਿਨ੍ਹਾਂ ਢੰਗਾਂ ਨਾਲ ਧਰਮਾਂ ਤੇ ਫਿਰਕਾਪ੍ਰਸਤੀ ਦਾ ਹਥਿਆਰ ਵਰਤਕੇ ਹੁਣ ਤੋਂ ਹੀ ਚੋਣ ਪ੍ਰਚਾਰ ਨੂੰ ਜ਼ਹਿਰੀਲਾ ਬਣਾਉਣ ਦਾ ਯਤਨ ਹੋ ਰਿਹਾ ਹੈ, ਉਹ ਦੇਸ਼ ਦੇ ਸ਼ਾਨਦਾਰ ਇਤਿਹਾਸ ਨੂੰ ਕਲੰਕਤ ਕਰਨ ਤੇ ਭਵਿੱਖ ਨੂੰ ਧੁੰਦਲਾ ਬਣਾਉਣ ਦੀ ਪਰਿਯੋਜਨਾ ਵਜੋਂ ਹੀ ਜਾਣਿਆ ਜਾਵੇਗਾ। ਪੰਜ ਸਾਲਾਂ ਦੇ ਮੋਦੀ ਸ਼ਾਸਨ 'ਚ ਬਹੁਤ ਕੁਝ ਸ਼ਰਮਿੰਦਾ ਕਰਨ ਵਾਲਾ ਵਾਪਰ ਚੁੱਕਾ ਹੈ। ਵਿਗਿਆਨਕ ਤੇ ਤਰਕਸ਼ੀਲ ਸੋਚਣੀ ਤੇ ਪ੍ਰਾਪਤੀਆਂ ਨੂੰ ਅੰਧ ਵਿਸ਼ਵਾਸ਼, ਪਿਛਾਖੜੀ, ਕਰਮ ਕਾਂਡੀ ਤੇ ਹਨੇਰਵਿਰਤੀ ਵਾਲੀਆਂ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਨਾਲ ਤਸ਼ਰੀਹਾਂ ਦੇਣ ਦੇ ਯਤਨ ਸੰਘ ਸੈਨਾਵਾਂ ਤੇ ਖੁਦ ਪ੍ਰਧਾਨ ਮੰਤਰੀ ਵਲੋਂ ਆਰੰਭੇ ਗਏ ਹਨ। ਜਿਹੜੀਆਂ ਵਿਗਿਆਨਕ ਉਪਲੱਭਧੀਆਂ ਅਜੇ ਵੀ ਅਧੂਰੀਆਂ ਹਨ, ਪ੍ਰਧਾਨ ਮੰਤਰੀ ਸਮੇਤ ਸਾਰਾ ਫਿਰਕੂ ਲਾਣਾ ਉਨ੍ਹਾਂ ਨੂੰ ਹਜ਼ਾਰਾਂ ਸਾਲ ਪਹਿਲਾਂ ਮੌਜੂਦ ਸਨਾਤਨੀ ਯੁੱਗ ਦੀਆਂ ਵਿਸ਼ੇਸ਼ਤਾਈਆਂ ਦੱਸ ਰਿਹਾ ਹੈ। ਸਦੀਆਂ ਤੋਂ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚਕਾਰ ਵੱਖ-ਵੱਖ ਵਿਵਾਦਾਂ ਤੇ ਮੱਤਭੇਦਾਂ ਦੇ ਬਾਵਜੂਦ ਆਪਸ ਵਿਚ ਮਿਲਜੁਲ ਕੇ ਰਹਿਣਾ ਤੇ ਇਕ ਦੂਸਰੇ ਦੀ ਦਲੀਲ ਨੂੰ ਸੁਣਨ ਦਾ ਮਾਦਾ ਰੱਖਣਾ ਸਾਡੇ ਸਮਾਜ ਦੀ ਅਨੇਕਤਾ ਵਿਚ ਏਕਤਾ ਦਾ ਵਿਲੱਖਣ ਨਮੂਨਾ ਹੈ। ਖਾਣ ਪੀਣ ਤੇ ਪਹਿਨਣ ਦੀਆਂ ਆਦਤਾਂ ਦੀ ਆਜ਼ਾਦੀ ਉਪਰ ਕਿਸੇ ਨੇ ਕਦੀ ਕਿੰਤੂ ਪ੍ਰੰਤੂ ਨਹੀਂ ਕੀਤਾ, ਜਿਵੇਂ ਸੰਘ ਦੇ ਲੱਠਮਾਰਾਂ ਹੜਦੁੰਗਾਂ ਵਲੋਂ ਹੁਣ ਕੀਤਾ ਜਾ ਰਿਹਾ ਹੈ। ਦੇਸ਼ ਦੇ ਬਾਹਰੋਂ ਆ ਕੇ ਵਸੇ ਆਰੀਆ ਲੋਕ ਤੇ ਮੁਸਲਮਾਨ ਇਸ ਧਰਤੀ ਨਾਲ ਜੁੜ ਗਏ ਤੇ ਇਥੋਂ ਦੀਆਂ ਪ੍ਰਚੱਲਤ ਰਹੁ ਰੀਤਾਂ, ਰਸਮਾਂ ਤੇ ਬੋਲੀਆਂ ਨਾਲ ਆਪਣੇ ਨਿਵੇਕਲੇ ਸਭਿਆਚਾਰ ਦਾ ਆਤਮਸਾਤ ਕਰ ਲਿਆ। ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਵਿਰੁੱਧ ਆਜ਼ਾਦੀ ਦਾ ਝੰਡਾ ਬੁਲੰਦ ਕਰਨ ਵਾਲੇ ਇਕੱਲੇ ਇਥੋਂ ਦੇ ਮੂਲ ਵਾਸੀ ਹੀ ਨਹੀਂ, ਬਲਕਿ ਬਾਹਰੋਂ ਆ ਕੇ ਵਸੇ ਵੱਖ-ਵੱਖ ਜਾਤੀਆਂ, ਧਰਮਾਂ ਤੇ ਨਸਲਾਂ ਦੇ ਜਨ ਮਾਨਸ ਵੀ ਇਸ ਜਦੋ ਜਹਿਦ ਵਿਚ ਸ਼ਾਮਲ ਹੋ ਗਏ। ਇਸ ਸਾਂਝੀ ਲੜਾਈ ਦਾ ਸਦਕਾ ਹੀ ਅਸੀਂ ਸਾਮਰਾਜੀ ਗੁਲਾਮੀ ਤੋਂ ਛੁਟਕਾਰਾ ਪਾਇਆ ਤੇ ਦੇਸ਼ ਅੰਦਰ ਲੋਕ ਰਾਜ ਤੇ ਧਰਮ ਨਿਰਪੱਖਤਾ ਦੇ ਅਸੂਲਾਂ ਨੂੰ ਸਾਹਮਣੇ ਰੱਖ ਕੇ ਨਵੇਂ ਭਾਰਤ ਦੀ ਕਲਪਨਾ ਕਰ ਸਕੇ ਹਾਂ, ਜਿੱਥੇ ਬਰਾਬਰਤਾ, ਆਜ਼ਾਦੀ ਤੇ ਭਰਾਤਰੀ ਸਦਭਾਵਨਾਵਾਂ ਦਾ ਬੋਲਬਾਲਾ ਹੋਵੇ। ਭਾਵੇਂ ਇਹ ਸਾਰਾ ਕੁੱਝ ਤਾਂ ਵੱਖ-ਵੱਖ ਰੰਗਾਂ ਦੇ ਲੁਟੇਰੇ ਹਾਕਮਾਂ ਦੀਆਂ ਲੋਕ ਮਾਰੂ ਨੀਤੀਆਂ ਸਦਕਾ ਸੰਭਵ ਨਹੀਂ ਹੋ ਸਕਿਆ, ਪ੍ਰੰਤੂ ਵੱਖ-ਵੱਖ ਧਰਮਾਂ, ਜਾਤਾਂ, ਬੋਲੀਆਂ ਤੇ ਸਭਿਆਚਾਰਾਂ ਦੇ ਮਾਲਕ ਜਨਸਮੂਹ ਦੇਸ਼ ਦੀ ਭੂਗੋਲਿਕ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਵਿਚ ਸਫਲ ਰਹੇ। ਪ੍ਰੰਤੂ ਹੁਣ ਇਸ ਸਾਰੇ ਕੁੱਝ ਨੂੰ, 1925 ਵਿਚ ਅੰਗਰੇਜ਼ੀ ਸਾਮਰਾਜ ਦੀ ਸੇਵਾ ਹਿੱਤ ਜਨਮੀ ਆਰ.ਐਸ.ਐਸ. ਆਪਣੇ ਧਰਮ ਅਧਾਰਤ ਦੇਸ਼ (ਹਿੰਦੂ ਰਾਸ਼ਟਰ) ਦੇ ਮਿਸ਼ਨ ਨੂੰ ਸਫਲ ਕਰਨ ਵਾਸਤੇ, ਤਬਾਹ ਕਰਨਾ ਚਾਹੁੰਦੀ ਹੈ। 'ਗਊ ਰੱਖਿਆ' ਦਾ ਮੁੱਦਾ ਕਿਸੇ ਧਾਰਮਿਕ ਆਸਥਾ ਨਾਲੋਂ ਜ਼ਿਆਦਾ ਮੁਸਲਮਾਨਾਂ, ਇਸਾਈਆਂ ਤੇ ਦਲਿਤ ਸਮਾਜ ਉਪਰ 'ਮਨੂੰਵਾਦੀ ਸਮਾਜਿਕ ਅਵਸਥਾ' ਕਾਇਮ ਕਰਨ ਹਿੱਤ ਜਬਰ ਜ਼ੁਲਮ ਢਾਹੁਣ ਦਾ ਸਬੱਬ ਬਣਿਆ ਹੋਇਆ ਹੈ। ਕੌਮੀ ਨਾਗਰਿਕਤਾ (ਸੋਧ) ਬਿਲ ਰਾਹੀਂ ਕਿਸੇ ਵੀ ਸਮੇਂ ਗੁਆਂਢੀ ਦੇਸ਼ਾਂ ਤੋਂ ਪਲਾਇਨ ਕਰਕੇ ਆਏ ਸ਼ਰਨਾਰਥੀਆਂ ਵਿਚੋਂ ਸਿਰਫ ਮੁਸਲਮਾਨਾਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਨਾ ਕਰਨ ਵਾਲੇ ਤਜਵੀਜਤ ਕਾਨੂੰਨ ਰਾਹੀਂ ਇਸ ਧਰਮ ਨਾਲ ਸੰਬੰਧਤ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇ ਅਧਿਕਾਰ ਤੋਂ ਵੰਚਿਤ ਕਰਨਾ ਅਣਮਨੁੱਖੀ ਹੀ ਨਹੀਂ, ਬਲਕਿ ਦੇਸ਼ ਦੇ ਵੱਖ-ਵੱਖ ਧਰਮਾਂ ਨਾਲ ਸਬੰਧਤ ਲੋਕਾਂ ਅੰਦਰ ਨਫਰਤ ਦੀ ਦੀਵਾਰ ਖੜ੍ਹੀ ਕਰਕੇ ਦੇਸ਼ ਨੂੰ ਖੰਡਿਤ ਕਰਨ ਦੀ ਸਾਜਿਸ਼ ਦੇ ਤੁਲ ਹੈ। ਅਸੀਂ ਭਾਰਤੀ ਲੋਕ ਤਾਂ ਅਮਰੀਕਾ, ਇੰਗਲੈਂਡ, ਕਨੇਡਾ ਆਦਿ ਦੇਸ਼ਾਂ ਵਿਚ ਕੁਝ ਕੁ ਸਾਲ ਵੱਸਣ ਤੋਂ ਬਾਅਦ ਉਥੋਂ ਦੀ ਪੱਕੀ ਨਾਗਰਿਕਤਾ ਦੀ ਮੰਗ ਕਰ ਰਹੇ ਹਾਂ ਤੇ ਭਾਜਪਾ ਸਰਕਾਰ ਦਹਾਕਿਆਂ ਤੋਂ ਭਾਰਤ ਵਿਚ ਪਲਾਇਨ ਕਰਕੇ ਆਏ ਸ਼ਰਨਾਰਥੀਆਂ ਨੂੰ ਨਾਗਰਿਕਤਾ ਤੋਂ ਵੰਚਿਤ ਕਰਨਾ ਚਾਹੁੰਦੀ ਹੈ।

ਮੋਦੀ ਰਾਜ ਅੰਦਰ ਭਾਜਪਾ ਸ਼ਾਸਿਤ ਪ੍ਰਾਂਤਾਂ ਅੰਦਰ ਫਿਰਕਾਦਾਰਾਨਾ ਤੇ ਜਾਤੀ-ਪਾਤੀ ਅਧਾਰ 'ਤੇ ਭੀੜਤੰਤਰ ਰਾਹੀਂ ਬੇਗੁਨਾਹ ਲੋਕਾਂ ਦੀਆਂ ਹੱਤਿਆਵਾਂ ਆਮ ਵਰਤਾਰਾ ਬਣ ਗਿਆ ਹੈ। ਆਪੂੰ ਬਣੇ ਧਰਮ ਤੇ ਸਭਿਆਚਾਰ ਦੇ ਠੇਕੇਦਾਰ ਵੱਖ-ਵੱਖ 'ਸੈਨਾਵਾਂ' ਦੇ ਨਾਂਅ ਹੇਠਾਂ ਹਰ ਰੋਜ਼ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਤੇ ਔਰਤਾਂ (ਕਈ ਵਾਰ ਸਮੇਤ ਹਿੰਦੂਆਂ ਦੇ) ਨਾਲ ਜਿਸ ਤਰ੍ਹਾਂ ਦਾ ਦੁਰਵਿਹਾਰ ਕਰਦੇ ਹਨ, ਉਸ ਨੇ ਜਰਮਨੀ 'ਚ ਹਿਟਲਰਸ਼ਾਹੀ ਦੇ ਦਿਨਾਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਜਦੋਂ ਮੋਦੀ ਦੇ ਗੁਜਰਾਤ ਵਿਚ ਮੁਸਲਮਾਨਾਂ ਵਿਰੁੱਧ ਫਿਰਕੂ ਦੰਗੇ ਹੋ ਰਹੇ ਸਨ, ਤਾਂ ਭਾਜਪਾ ਨਾਲ ਸੰਬੰਧਤ ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਨੇ ਨਰਿੰਦਰ ਮੋਦੀ ਨੂੰ 'ਰਾਜ ਧਰਮ' ਨਿਭਾਉਣ ਦੀ ਨਸੀਹਤ ਦੇ ਕੇ ਦੰਗੇ ਰੋਕਣ ਦੀ ਤਾੜਨਾ ਕੀਤੀ ਸੀ। ਪ੍ਰੰਤੂ ਅੱਜ ਤਾਂ ਖ਼ੁਦ ਪ੍ਰਧਾਨ ਮੰਤਰੀ ਆਪਣੇ ਭਾਸ਼ਣਾਂ ਤੇ ਅਮਲਾਂ ਅੰਦਰ ਦੰਗਾਕਾਰੀਆਂ ਨੂੰ ਹਿੰਸਾ ਕਰਨ ਲਈ ਉਤਸ਼ਾਹਤ ਕਰਦਾ ਹੈ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇਕ ਕੱਟੜਹਿੰਦੂਵਾਦੀ ਸੰਗਠਨ 'ਹਿੰਦੂ ਮਹਾਸਭਾ' ਨਾਲ ਸਬੰਧਤ ਇਕ ਮਹਿਲਾ ਵਲੋਂ 30 ਜਨਵਰੀ ਨੂੰ, 1948 'ਚ ਮਹਾਤਮਾ ਗਾਂਧੀ ਦੀ ਹੱਤਿਆ ਵਾਲੇ ਦਿਨ, ਮਹਾਤਮਾ ਗਾਂਧੀ ਦਾ ਪੁਤਲਾ ਬਣਾ ਕੇ ਉਸਨੂੰ ਗੋਲੀਆਂ (ਖਿਡਾਉਣੇ ਪਸਤੌਲ ਨਾਲ) ਦਾ ਨਿਸ਼ਾਨਾ ਬਣਾ ਕੇ ਕਤਲ ਕੀਤਾ ਅਤੇ ਇਸ ਸਾਰੀ ਘਿਰਣਤ ਕਾਰਵਾਈ ਨੂੰ ਮੀਡੀਆ ਰਾਹੀਂ ਇਕ ਮਾਣਯੋਗ ਬਹਾਦਰੀ ਦੇ ਕਾਰਨਾਮੇ ਵਜੋਂ ਪ੍ਰਚਾਰਿਆ ਗਿਆ। ਆਰ.ਐਸ.ਐਸ. ਨਾਲ ਸਬੰਧਤ ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਦਾ ਮੰਦਰ ਉਸਾਰਨਾ ਸੰਘ ਦੀ ਵਿਚਾਰਧਾਰਾ ਦੀ ਰੌਸ਼ਨੀ ਵਿਚ ਹੀ ਦੇਖਿਆ ਜਾਣਾ ਚਾਹੀਦਾ ਹੈ।

ਸੰਘ ਮੁਖੀ ਮੋਹਨ ਭਾਗਵਤ ਵਲੋਂ ਤੇ ਹੋਰ ਬਹੁਤ ਸਾਰੇ ਨਾਮ ਨਿਹਾਦ ਸਾਧੂਆਂ ਤੇ ਭਾਜਪਾ ਆਗੂਆਂ ਵਲੋਂ ਅਯੁੱਧਿਆ ਵਿਚ ਝਗੜੇ ਵਾਲੀ ਜਗ੍ਹਾ ਰਾਮ ਮੰਦਰ ਉਸਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਨੂੰ ਖੁੱਲ੍ਹੇ ਰੂਪ ਵਿਚ "ਰਾਮ ਮੰਦਰ-ਬਾਬਰੀ ਮਸਜਿੱਦ" ਝਗੜੇ ਦਾ ਫੈਸਲਾ ਕਰਨ ਸਮੇਂ ਭਾਰਤੀ ਸੰਵਿਧਾਨ ਦਾ ਨਹੀਂ ਬਲਕਿ ਹਿੰਦੂਆਂ ਦੀਆਂ ਧਾਰਮਕ ਭਾਵਨਾਵਾਂ ਦਾ ਅਨੁਸਰਨ ਕਰਨ ਦੀਆਂ ਧਮਕੀ ਭਰੇ ਲਹਿਜੇ ਅੰਦਰ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ। ਝਗੜਾ ਰਾਮ ਮੰਦਰ ਦੀ ਉਸਾਰੀ ਦਾ ਨਹੀਂ, ਬਲਕਿ ਇਕ ਝਗੜੇ ਵਾਲੀ ਜਗ੍ਹਾ ਦੀ ਮਾਲਕੀ ਦੇ ਹੱਕ ਦਾ ਹੈ, ਜੋ 71 ਸਾਲਾਂ ਤੋਂ ਚਲਦਾ ਆ ਰਿਹਾ ਹੈ। ਸੰਘ ਤੇ ਭਾਜਪਾ ਬੁਲਾਰੇ ਜਾਣ ਬੁਝ ਕੇ ਦੇਸ਼ ਦੇ ਸਾਰੇ ਹੋਰ ਮਸਲੇ ਛੱਡ ਕੇ, ਜੋ ਇਸ ਦੇਸ਼ ਦੀ ਸਵਾ ਸੌ ਕਰੋੜ ਆਬਾਦੀ (ਜਿਸ ਵਿਚ ਬਹੁ ਗਿਣਤੀ ਹਿੰਦੂਆਂ ਦੀ ਹੈ) ਦੀਆਂ ਜ਼ਿੰਦਗੀਆਂ ਨਾਲ ਸੰਬੰਧਤ ਹਨ, ਅਯੁਧਿਆ 'ਚ ਰਾਮ ਮੰਦਰ ਦੀ ਉਸਾਰੀ ਤੇ ਕੇਰਲਾ ਵਿਚ ਸਬਰੀਮਾਲਾ ਮੰਦਰ ਅੰਦਰ 15 ਤੋਂ 50 ਸਾਲ ਦੀਆਂ ਔਰਤਾਂ ਦੇ ਪ੍ਰਵੇਸ਼ ਕਰਨ ਦੇ ਅਧਿਕਾਰ ਨੂੰ ਗਲਤ ਠਹਿਰਾ ਕੇ ਲੋਕਾਂ ਗੋਚਰੇ ਬਹਿਸ ਦਾ ਕੇਂਦਰੀ ਮੁੱਦਾ ਬਣਾ ਰਹੇ ਹਨ। ਇਕ ਪਾਸੇ ਭਾਜਪਾ ਆਗੂ ਇਸਲਾਮ ਅੰਦਰ 'ਤਿੰਨ ਤਲਾਕ' ਦੀ ਪ੍ਰਚੱਲਤ ਪ੍ਰੰਪਰਾ ਨੂੰ ਔਰਤਾਂ ਦੀ ਆਜ਼ਾਦੀ ਦੇ ਨਾਂਅ ਉਪਰ ਖਤਮ ਕਰਨ ਦੇ ਕਾਨੂੰਨ ਬਨਾਉਣ ਦੀਆਂ ਦਲੀਲਾਂ ਦਿੰਦੇ ਨਹੀਂ ਥੱਕਦੇ ਤੇ ਦੂਜੇ ਬੰਨੇ, 15 ਤੋਂ 50 ਸਾਲ ਤੱਕ ਦੀ ਉਮਰ ਵਾਲੀਆਂ ਹਿੰਦੂ ਔਰਤਾਂ ਦੀ ਸਬਰੀਮਾਲਾ ਮੰਦਰ ਵਿਚ ਪ੍ਰਵੇਸ਼ ਨੂੰ ਰੋਕਣ ਲਈ 'ਹਿੰਦੂ ਆਸਥਾ' ਦਾ ਸਹਾਰਾ ਲੈ ਕੇ ਹਿੰਸਾ ਭੜਕਾ ਰਹੇ ਹਨ। ਇਸਤੋਂ ਘਟੀਆ ਤੇ ਔਰਤ ਵਿਰੋਧੀ ਸੋਚ ਹੋਰ ਕੀ ਹੋ ਸਕਦੀ ਹੈ, ਜਿਸ ਬਾਰੇ ਸੰਘ ਪਰਿਵਾਰ ਮਾਣ ਜਤਾ ਰਿਹਾ ਹੈ ?

ਫਿਰਕਾਪ੍ਰਸਤੀ ਦੇ ਰੰਗ ਵਿਚ ਰੰਗਿਆ ਅੱਤਵਾਦ ਤੇ ਫਾਸ਼ੀਵਾਦ ਦਾ ਜਿੰਨ ਇਕ ਵਾਰ ਬੋਤਲ 'ਚੋਂ ਬਾਹਰ ਆ ਜਾਣ ਦੇ ਬਾਅਦ ਦੁਬਾਰਾ ਉਸ ਵਿਚ ਬੰਦ ਕਰਨਾ ਜੇਕਰ ਅਸੰਭਵ ਨਹੀਂ ਹੈ, ਤਾਂ ਕਠਿਨ ਜ਼ਰੂਰ ਹੈ। ਪੰਜਾਬ ਦੇ ਖਾਲਿਸਤਾਨੀ ਲਹਿਰ ਦੇ ਮੁਢਲੇ ਦੌਰ 'ਚ ਹਾਕਮ ਜਮਾਤਾਂ ਦੇ ਰਾਜਸੀ ਦਲ ਰਾਜਸੀ ਮੁਫਾਦਾਂ ਵਾਸਤੇ ਇਕ ਦੂਸਰੇ ਨੂੰ ਮਾਤ ਪਾਉਣ ਲਈ ਅੱਤਵਾਦੀ ਤੇ ਫਿਰਕੂ ਤੱਤਾਂ ਦਾ ਇਸਤੇਮਾਲ ਕਰਦੇ ਰਹੇ ਹਨ। ਪ੍ਰੰਤੂ ਜਦੋਂ ਖਾਲਿਸਤਾਨੀ ਜਰਵਾਣਿਆਂ ਨੂੰ ਦੇਸ਼ ਅੰਦਰੋਂ ਤੇ ਬਾਹਰੋਂ ਸਹਾਇਤਾ ਮਿਲਣ 'ਤੇ 'ਧਰਮ ਯੁੱਧ' ਦੇ ਪਰਦੇ ਹੇਠਾਂ ਸਾਧਾਰਨ ਲੋਕਾਂ ਦੀ ਹਮਾਇਤ ਪ੍ਰਾਪਤ ਹੋਣ ਲੱਗ ਪਈ, ਤਾਂ ਹਥਿਆਰਬੰਦ ਅੱਤਵਾਦੀ ਦਸਤੇ ਆਪਣੇ ਆਪ ਨੂੰ ਅਜਿੱਤ ਸਮਝਣ ਲੱਗ ਪਏ, ਤਦ ਫਿਰ ਜਿਸ ਤਰ੍ਹਾਂ ਉਨ੍ਹਾਂ ਵਲੋਂ ਪੰਜਾਬ ਅੰਦਰ ਮੌਤ ਦਾ ਤਾਂਡਵ ਨਾਚ ਰਚਿਆ ਤੇ ਆਪਣੇ ਸਮਾਜ ਵਿਰੋਧੀ ਕਾਰਨਾਮਿਆਂ ਨੂੰ ਸਿਰੇ ਚਾੜ੍ਹਨ ਲਈ ਧਾਰਮਕ ਅਸਥਾਨਾਂ ਦੀ ਦੁਰਵਰਤੋਂ ਕੀਤੀ, ਉਸ ਨਾਲ ਦੇਸ਼, ਪੰਜਾਬ ਤੇ ਸਿੱਖ ਧਰਮ ਦਾ ਵੱਡਾ ਨੁਕਸਾਨ ਹੋਇਆ। ਪੰਜਾਬ ਦੀਆਂ ਹਕੀਕੀ ਮੰਗਾਂ ਮੰਨਣ ਤੋਂ ਕਾਂਗਰਸੀ ਹਾਕਮਾਂ ਦੀ ਹਠਧਰਮੀ, ਸੂਬੇ ਅੰਦਰ ਅੱਤਵਾਦੀ ਕਾਰਵਾਈਆਂ ਕਾਰਨ ਹਜ਼ਾਰਾਂ ਬੇਗੁਨਾਹ ਲੋਕਾਂ ਦੀਆਂ ਮੌਤਾਂ, ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦਾ ਕਤਲ ਤੇ ਦਿੱਲੀ ਦੀਆਂ ਸੜਕਾਂ 'ਤੇ ਹਜ਼ਾਰਾਂ ਸਿੱਖਾਂ ਦੇ ਖ਼ੂਨ ਦੀ ਖੇਡੀ ਗਈ ਹੋਲੀ, ਇਹ ਸਾਰੀਆਂ ਘਟਨਾਵਾਂ ਇਕ ਦੂਸਰੇ ਨਾਲ ਅੰਤਰ ਸਬੰਧਤ ਹਨ। ਇਕੱਲੀ ਕਾਂਗਰਸ ਨਹੀਂ, ਸਗੋਂ ਪੰਜਾਬ ਵਿਚਲੀਆਂ ਅੱਤਵਾਦੀ ਘਟਨਾਵਾਂ ਦੇ ਸਬੰਧ ਵਿਚ ਅੱਤਵਾਦੀ ਤੱਤਾਂ ਤੇ ਸਮੁੱਚੀ ਸਿੱਖ ਜਨਤਾ ਨੂੰ ਇਕੋ ਰੱਸੇ ਬੰਨ੍ਹਣ ਵਾਲੇ ਫਿਰਕੂ ਲੋਕਾਂ ਦੇ ਪ੍ਰਚਾਰ ਸਦਕਾ ਦੇਸ਼ ਭਰ 'ਚ ਸਿੱਖਾਂ ਪ੍ਰਤੀ ਉਪਜੀ ਨਫਰਤ ਦਿੱਲੀ ਤੇ ਹੋਰ ਅਨੇਕਾਂ ਸ਼ਹਿਰਾਂ ਵਿਚ ਸਿੱਖਾਂ ਦੇ ਕਤਲੇਆਮ ਲਈ ਦੋਸ਼ੀ ਹੈ। ਫਿਰਕਾਪ੍ਰਸਤੀ ਦੀ ਪਾਣ ਦਿੱਤਾ ਹੋਇਆ ਜ਼ਹਿਰੀਲਾ ਖੰਜਰ ਆਪਣੇ ਵਿਰੋਧੀ ਲੋਕਾਂ ਦੇ ਕਤਲਾਂ ਤੋਂ ਅੱਗੇ ਜਾ ਕੇ ਅੰਤਮ ਰੂਪ ਵਿਚ ਆਪਣੇ ਖੇਮੇ ਦੇ ਲੋਕਾਂ ਦਾ ਘਾਣ ਕਰਨ ਦੇ ਰਾਹੇ ਤੁਰ ਪੈਂਦਾ ਹੈ। ਫਿਰਕੂ ਫਾਸ਼ੀਵਾਦ ਹਰ ਸਮੇਂ ਆਪਣੇ ਆਪ ਨੂੰ ਅਸੁਰੱਖਿਅਤ ਸਮਝਦਾ ਹੋਇਆ ਹਿੰਸਾ ਤੇ ਉਤਾਰੂ ਰਹਿੰਦਾ ਹੈ ਤੇ ਮੰਤਕੀ ਰੂਪ 'ਚ ਆਪਣਿਆਂ ਦੇ ਖ਼ੂਨ ਦਾ ਵੀ ਪਿਆਸਾ ਹੋ ਨਿਬੜਦਾ ਹੈ। ਸੰਘ ਦੁਆਰਾ ਫੈਲਾਇਆ ਜਾ ਰਿਹਾ ਫਿਰਕੂ ਫਾਸ਼ੀਵਾਦ ਵੀ ਇਸੇ ਖਸਲਤ ਦਾ ਮਾਲਕ ਹੈ। ਸੰਘ ਦਾ ਰਾਮ ਮੰਦਰ ਉਸਾਰਨ ਦਾ ਨਾਅਰਾ ਕਿਸੇ ਹਕੀਕੀ ਧਾਰਮਕ ਆਸਥਾ ਦਾ ਮੁੱਦਾ ਨਹੀਂ। ਇਹ ਤਾਂ 'ਹਿੰਦੂ ਰਾਸ਼ਟਰ' ਦੀ ਕਾਇਮੀ ਲਈ ਧਾਰਮਕ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਨੂੰ ਡਰ ਤੇ ਸਹਿਮ ਦੇ ਮਾਹੌਲ ਵਿਚ ਰੱਖਣ ਦਾ ਸਾਧਨ ਮਾਤਰ ਹੈ, ਤਾਂਕਿ ਮਨੂੰਵਾਦੀ ਸਮਾਜਿਕ ਵਿਵਸਥਾ ਕਾਇਮ ਕਰਨ ਦਾ ਕੰਮ ਸੌਖਿਆ ਨੇਪਰੇ ਚਾੜ੍ਹਿਆ ਜਾ ਸਕੇ। ਜੇਕਰ ਰਾਮ ਮੰਦਰ ਦਾ ਮੁੱਦਾ ਸ਼ਾਂਤੀਪੂਰਨ ਢੰਗ ਨਾਲ ਹੱਲ ਵੀ ਹੋ ਜਾਂਦਾ ਹੈ, ਤਦ ਸੰਘ ਕੋਲ ਹੋਰ ਅਜਿਹੇ ਮੁੱਦਿਆਂ ਦੀ ਘਾਟ ਨਹੀਂ ਹੈ, ਜੋ ਲੋਕਾਂ ਅੰਦਰ ਫਿਰਕੂ ਵੰਡ ਨੂੰ ਮਜ਼ਬੂਤ ਕਰਨ ਤੇ ਲੋਕ ਰਾਜ ਦੇ ਜੜ੍ਹੀਂ ਤੇਲ ਦੇਣ।



ਇਸੇ ਲਈ 2019 ਦੀਆਂ ਲੋਕ ਸਭਾ ਚੋਣਾਂ ਸੰਘ ਪਰਿਵਾਰ ਤੇ ਭਾਜਪਾ ਦੇ ਫਿਰਕੂ ਇਰਾਦਿਆਂ ਨੂੰ ਭਾਂਜ ਦੇਣ ਦੇ ਦੇਸ਼ ਦੇ ਧਰਮ ਨਿਰਪੱਖ ਤੇ ਲੋਕਰਾਜੀ ਸਮਾਜਿਕ ਤਾਣੇ ਬਾਣੇ ਨੂੰ ਕਾਇਮ ਰੱਖਣ ਦੀ ਜੰਗ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿਚੋਂ ਕਿਸੇ ਲੋਕ ਪੱਖੀ ਸਰਕਾਰ ਜਾਂ ਆਰਥਕ ਨੀਤੀਆਂ ਦਾ ਮੁਤਬਾਦਲ ਨਹੀਂ ਨਿਕਲਣਾ, ਬਲਕਿ ਫਿਰਕੂ ਫਾਸ਼ੀਵਾਦੀ ਜਾਂ ਜਮਹੂਰੀ ਤੇ ਧਰਮ ਨਿਰਪੱਖ ਸ਼ਕਤੀਆਂ ਵਿਚੋਂ ਇਕ ਦੀ ਹਾਰ ਜਾਂ ਜਿੱਤ ਨੇ ਦੇਸ਼ ਦੇ ਮੌਜੂਦਾ ਸਮਾਜਕ ਤੇ ਭੂਗੋਲਿਕ ਸਰੂਪ ਨੂੰ ਪ੍ਰਭਾਵਿਤ ਜ਼ਰੂਰ ਕਰਨਾ ਹੈ। ਦੇਸ਼ ਦੀ ਏਕਤਾ, ਅਖੰਡਤਾ, ਫਿਰਕੂ ਸਦਭਾਵਨਾ, ਸਹਿਨਸ਼ੀਲਤਾ ਤੇ ਵਿਰੋਧ ਕਰਨ ਦੇ ਅਧਿਕਾਰ ਦੀ ਰਾਖੀ ਲਈ ਅਤੀ ਜ਼ਰੂਰੀ ਹੈ ਕਿ ਚੋਣਾਂ ਅੰਦਰ ਫਿਰਕੂ ਫਾਸ਼ੀਵਾਦੀ ਤਾਕਤਾਂ ਦੀ ਕਰਾਰੀ ਹਾਰ ਹੋਵੇ।

ਸਾਮਰਾਜ ਵਿਰੋਧੀ ਸੰਘਰਸ਼ ਨੂੰ ਤੇਜ਼ ਕਰਨਾ ਹੀ ਸ਼ਹੀਦ-ਇ-ਆਜ਼ਮ ਨੂੰ ਸੱਚੀ ਸ਼ਰਧਾਂਜਲੀ

ਸਰਬਜੀਤ ਗਿੱਲ

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਦਾ ਦਿਨ 23 ਮਾਰਚ ਪੂਰੇ ਦੇਸ਼ 'ਚ ਸ਼ਹੀਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਅੰਗਰੇਜ਼ ਸਾਮਰਾਜ ਨੇ ਸਾਜ਼ਿਸ਼ ਤਹਿਤ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੇ ਤਖ਼ਤੇ 'ਤੇ ਚੜ੍ਹਾ ਦਿੱਤਾ ਸੀ। ਵਿਚਾਰਧਾਰਕ ਤੇ ਸਿਧਾਂਤਕ ਪੱਖ ਤੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਆਰੰਭਿਆ ਸੰਘਰਸ਼ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਸੀ। ਉਹ ਹਰ ਕੀਮਤ 'ਤੇ ਅੰਗਰੇਜ਼ ਸਾਮਰਾਜ ਨੂੰ ਦੇਸ਼ ਤੋਂ ਬਾਹਰ ਕੱਢਣਾ ਚਾਹੁੰਦੇ ਸਨ। ਉਨ੍ਹਾਂ ਵਲੋਂ ਲਗਾਇਆ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਸਿਰਫ਼ ਨਾਅਰਾ ਹੀ ਨਹੀਂ ਸੀ ਸਗੋਂ ਇਸ ਨਾਅਰੇ ਦੀ ਸੰਪੂਰਨਤਾ 'ਸਾਮਰਾਜਵਾਦ ਮੁਰਦਾਬਾਦ' ਨਾਲ ਹੀ ਹੁੰਦੀ ਹੈ। ਉਨ੍ਹਾਂ ਮੁਤਾਬਕ : "ਸਿਰਫ਼ ਬਗ਼ਾਵਤ ਨੂੰ ਇਨਕਲਾਬ ਕਹਿਣਾ ਗ਼ਲਤੀ ਹੈ, ਹਾਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖ਼ਰਕਾਰ ਬਗ਼ਾਵਤਾਂ ਦਾ ਨਤੀਜਾ ਇਨਕਲਾਬ ਦੀ ਸ਼ਕਲ 'ਚ ਤਬਦੀਲ ਹੋ ਜਾਇਆ ਕਰਦਾ ਹੈ।"

ਸਾਮਰਾਜ ਤੇ ਸਰਮਾਏਦਾਰ ਪੱਖੀ ਵੱਖ-ਵੱਖ ਪਾਰਟੀਆਂ ਦੇ ਆਗੂ ਵੀ ਇਸ ਦਿਨ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਂਅ ਹੇਠ ਮਗਰਮੱਛ ਦੇ ਹੰਝੂ ਵਹਾਉਂਦੇ ਨਹੀਂ ਥੱਕਦੇ। ਉਹ ਸ਼ਹੀਦਾਂ ਦੇ ਪਦ ਚਿੰਨ੍ਹਾਂ 'ਤੇ ਚੱਲਣ ਦਾ ਐਲਾਨ ਵੀ ਕਰਦੇ ਹਨ ਪਰ ਅਗਲੇ ਹੀ ਦਿਨ ਸਾਮਰਾਜ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੰਦੇ ਹਨ, ਜਿਨ੍ਹਾਂ ਦਾ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਰੋਧ ਕੀਤਾ ਸੀ। ਦੇਸ਼ ਦੀਆਂ ਹਾਕਮ ਪਾਰਟੀਆਂ ਸਮੇਤ ਹੋਰ ਕਈ ਪਾਰਟੀਆਂ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨੂੰ ਜਿਸ ਢੰਗ ਨਾਲ ਵਰਤਣਾ ਸ਼ੁਰੂ ਕਰ ਦਿੱਤਾ ਹੈ, ਉਸ ਨਾਲ ਇਸ ਨਾਅਰੇ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਹਰ ਜਣਾ-ਖਣਾਂ ਇਸ ਨਾਅਰੇ ਦੀ ਵਰਤੋਂ ਕਰਨ ਲੱਗ ਪਿਆ ਹੈ। ਐਪਰ, ਇਹ ਲੋਕ 'ਸਾਮਰਾਜਵਾਦ ਮੁਰਦਾਬਾਦ' ਨੂੰ ਭੁੱਲ ਜਾਂਦੇ ਹਨ।

ਦੇਸ਼ ਦੇ ਕੁਦਰਤੀ ਸਾਧਨ ਜਲ, ਜੰਗਲ ਅਤੇ ਜ਼ਮੀਨ 'ਤੇ ਹੌਲੀ ਹੌਲੀ ਸਾਮਰਾਜੀ ਕੰਪਨੀਆਂ ਕਾਬਜ਼ ਹੋ ਰਹੀਆਂ ਹਨ। ਜਿਸ ਦੇਸ਼ 'ਚੋਂ ਭਗਤ ਸਿੰਘ ਵਰਗੇ ਹਜ਼ਾਰਾਂ ਸੂਰਬੀਰਾਂ ਨੇ ਅਥਾਹ ਕੁਰਬਾਨੀ ਕਰਕੇ ਸਾਮਰਾਜੀਆਂ ਨੂੰ ਬਾਹਰ ਕੱਢਣ ਦਾ ਉੱਦਮ ਕੀਤਾ ਸੀ, ਉਸ ਨੂੰ ਦੇਸ਼ ਦੇ ਹਾਕਮ ਮੁੜ ਸੱਦਾ ਦੇ ਰਹੇ ਹਨ। ਅਜੋਕੇ ਦੌਰ 'ਚ ਹਰ ਰੰਗ ਦੇ ਹਾਕਮ ਕਿਤੇ ਵੀ ਸਾਮਰਾਜ ਦਾ ਵਿਰੋਧ ਕਰਦੇ ਨਜ਼ਰ ਨਹੀਂ ਆਉਂਦੇ। ਹਾਕਮ ਧਿਰ ਦੀਆਂ ਨੀਤੀਆਂ ਜੇ ਲੋਕ ਪੱਖੀ ਹੋਣਗੀਆਂ ਤਾਂ ਹੀ ਲੋਕਾਂ ਦਾ ਭਲਾ ਹੋ ਸਕਦਾ ਹੈ। ਜੇ ਇਹ ਨੀਤੀਆਂ ਸਾਮਰਾਜ ਪੱਖੀ ਹੋਣਗੀਆਂ ਤਾਂ ਸਾਮਰਾਜੀ ਦੇਸ਼ਾਂ ਨੇ ਸਾਡੇ ਦੇਸ਼ ਨੂੰ ਲੁੱਟਣ ਤੋਂ ਸਿਵਾ ਹੋਰ ਕੁੱਝ ਨਹੀਂ ਕਰਨਾ। ਮੁਨਾਫ਼ਾ ਹੀ ਇਨ੍ਹਾਂ ਸਾਮਰਾਜੀਆਂ ਦਾ ਉਦੇਸ਼ ਹੈ। ਮੁਨਾਫ਼ੇ ਲਈ ਇਨ੍ਹਾਂ ਨੂੰ ਮਨੁੱਖਤਾ ਦਾ ਘਾਣ ਵੀ ਕਰਨਾ ਪੈ ਜਾਵੇ, ਇਨ੍ਹਾਂ ਲਈ ਇਹ ਬਹੁਤ ਹੀ ਛੋਟੀ ਜਿਹੀ ਗੱਲ ਹੈ।

ਸ਼ਹੀਦ ਭਗਤ ਸਿੰਘ ਨੇ ਮਹਿਜ਼ 23 ਸਾਲ ਦੀ ਉਮਰ 'ਚ ਹੀ ਸਾਮਰਾਜ ਦੀਆਂ ਕਰਤੂਤਾਂ ਨੂੰ ਜਾਣ ਲਿਆ ਸੀ। ਇਹ ਕਰਤੂਤਾਂ ਹੁਣ ਦੇ ਸਮੇਂ ਦੌਰਾਨ ਬਹੁਤ ਹੀ ਤਿੱਖੇ ਰੂਪ 'ਚ ਸਾਹਮਣੇ ਆ ਰਹੀਆਂ ਹਨ। ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਿਵ ਵਰਮਾ ਅਨੁਸਾਰ ਉਸ ਵੇਲੇ ਸਮਾਜਵਾਦ ਜ਼ਮਾਨੇ ਦੀ ਪੁਕਾਰ ਸੀ, ਜਿਸ ਨੂੰ ਸਭ ਤੋਂ ਪਹਿਲਾਂ ਭਗਤ ਸਿੰਘ ਨੇ ਸੁਣਿਆ ਅਤੇ ਪਛਾਣਿਆ। ਇਸ ਮਾਮਲੇ 'ਚ ਉਹ ਆਪਣੇ ਸਾਥੀਆਂ ਤੋਂ ਬਹੁਤ ਅੱਗੇ ਸੀ। ਸਾਮਰਾਜ ਦੇ ਦਫ਼ਨ ਤੋਂ ਬਿਨਾਂ ਇਨਕਲਾਬ ਦਾ ਸਰੂਪ ਸਮਾਜਵਾਦੀ ਨਹੀਂ ਹੋ ਸਕਦਾ। ਅਜਿਹੇ ਹਾਲਾਤ 'ਚ ਹੀ ਭਗਤ ਸਿੰਘ ਨੇ ਸਮਾਜਵਾਦ ਨੂੰ ਨਾਲ ਜੋੜਦਿਆਂ ਆਪਣੀ ਜਥੇਬੰਦੀ ਦੇ ਨਾਂਅ 'ਚ 'ਸਮਾਜਵਾਦੀ' ਸ਼ਬਦ ਨੂੰ ਸ਼ਾਮਲ ਕਰ ਦਿੱਤਾ ਸੀ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਦੇ ਦਸੰਬਰ 1929 ਨੂੰ ਲਾਹੌਰ ਕਾਂਗਰਸ 'ਚ ਵੰਡੇ ਗਏ ਮੈਨੀਫੈਸਟੋ 'ਚ ਸ਼ਹੀਦ ਭਗਤ ਸਿੰਘ ਦੇ ਸਾਥੀ ਭਗਵਤੀ ਚਰਨ ਵੋਹਰਾ ਲਿਖਦੇ ਹਨ "ਭਾਰਤ ਸਾਮਰਾਜਵਾਦ ਦੇ ਜੂਲ਼ੇ ਹੇਠ ਪਿਸ ਰਿਹਾ ਹੈ। ਇਸ ਦੇ ਕਰੋੜਾਂ ਲੋਕ ਅੱਜ ਅਗਿਆਨਤਾ ਅਤੇ ਗ਼ਰੀਬੀ ਦੇ ਸ਼ਿਕਾਰ ਹੋ ਰਹੇ ਹਨ। ਭਾਰਤ ਦੀ ਬਹੁਤ ਵੱਡੀ ਗਿਣਤੀ, ਜੋ ਕਿਰਤੀਆਂ, ਕਿਸਾਨਾਂ ਦੀ ਹੈ, ਉਨ੍ਹਾਂ ਨੂੰ ਵਿਦੇਸ਼ੀ ਦਾਬੇ ਅਤੇ ਆਰਥਕ ਲੁੱਟ ਨੇ ਹੱਥਲ਼ ਕਰ ਦਿੱਤਾ ਹੈ। ਭਾਰਤੀ ਕਿਰਤੀ ਵਰਗ ਦੀ ਹਾਲਤ ਅੱਜ ਅਤਿ ਗੰਭੀਰ ਹੈ। ਉਸ ਨੂੰ ਦੋਹਰੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਵਿਦੇਸ਼ੀ ਪੂੰਜੀਵਾਦ ਦਾ ਇੱਕ ਪਾਸੇ ਤੋਂ ਅਤੇ ਭਾਰਤੀ ਪੂੰਜੀਵਾਦ ਦੇ ਧੋਖੇ ਭਰੇ ਹਮਲੇ ਦਾ ਦੂਜੇ ਪਾਸੇ ਤੋਂ ਖ਼ਤਰਾ ਹੈ। ਭਾਰਤੀ ਪੂੰਜੀਵਾਦ, ਵਿਦੇਸ਼ੀ ਪੂੰਜੀਵਾਦ ਨਾਲ ਹਰ ਰੋਜ਼ ਵਧੇਰੇ ਗਠਜੋੜ ਕਰ ਰਿਹਾ ਹੈ।" ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ 'ਚ ਵੀ ਮਨੁੱਖਤਾ ਨੂੰ ਅਹਿਮ ਮੰਨਦੇ ਹੋਏ ਅੰਗਰੇਜ਼ ਸਾਮਰਾਜ ਦਾ ਡਟ ਕੇ ਵਿਰੋਧ ਕਰਦੇ ਹੋਏ ਲਿਖਦੇ ਹਨ ਕਿ "ਸਾਡੇ ਵਿਚੋਂ ਵੀ ਕਈ ਅਜਿਹੇ ਹਨ ਜੋ ਆਪਣੇ ਆਲਸ ਤੇ ਨਿਕੰਮੇਪਣ ਨੂੰ ਅੰਤਰਰਾਸ਼ਟਵਾਦ ਦੇ ਬੁਰਕੇ 'ਚ ਛਪਾਉਂਦੇ ਹਨ। ਜੇ ਉਨ੍ਹਾਂ ਨੂੰ ਸੇਵਾ ਲਈ ਕਹੋ ਤਾਂ ਉਹ ਜਵਾਬ ਦੇਣਗੇ, 'ਜਨਾਬ, ਅਸੀਂ ਤਾਂ ਕੌਮਾਂਤਰੀਵਾਦੀ ਹਾਂ ਅਤੇ ਅਸੀਂ ਕੌਮਾਂਤਰੀ ਭਾਈਚਾਰੇ ਵਿਚ ਵਿਸ਼ਵਾਸ ਰੱਖਦੇ ਹਾਂ। ਇਸ ਤਰ੍ਹਾਂ ਅੰਗਰੇਜ਼ ਵੀ ਸਾਡੇ ਭਰਾ ਹਨ, ਫਿਰ ਉਨ੍ਹਾਂ ਨਾਲ ਲੜਾਈ ਕਾਹਦੀ ?" ਕਿੱਡਾ ਨੇਕ ਖ਼ਿਆਲ ਹੈ ਤੇ ਕਿੰਨੀ ਖ਼ੂਬਸੂਰਤ ਗੱਲ ਹੈ! ਪਰ ਉਹ ਇਸ ਦੇ ਅਸਲੀ ਭਾਵ ਨੂੰ ਨਹੀਂ ਸਮਝਦੇ। ਮਨੁੱਖੀ ਭਾਈਚਾਰੇ ਦਾ ਅਸੂਲ ਮੰਗ ਕਰਦਾ ਹੈ ਕਿ ਇੱਕ ਆਦਮੀ ਦੇ ਹੱਥੋਂ ਦੂਜੇ ਆਦਮੀ ਅਤੇ ਇੱਕ ਕੌਮ ਹੱਥੋਂ ਦੂਜੀ ਕੌਮ ਦੀ ਲੁੱਟ ਖਸੁੱਟ ਦਾ ਅੰਤ ਕਰ ਦਿੱਤਾ ਜਾਵੇ। ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਬਗੈਰ ਹਰ ਇੱਕ ਨੂੰ ਤਰੱਕੀ ਦੇ ਇਕੋ ਜਿਹੇ ਮੌਕੇ ਦਿੱਤੇ ਜਾਣ ਪਰ ਅੰਗਰੇਜ਼ ਰਾਜ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਉਲਟ ਕੰਮ ਕਰ ਰਿਹਾ ਹੈ ਅਤੇ ਇਹ ਸਾਡੇ ਕਿਸੇ ਕੰਮ ਦਾ ਨਹੀਂ ਹੈ।"

ਸਾਮਰਾਜ ਦੇ ਖ਼ਿਲਾਫ਼ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਹਰ ਤਰ੍ਹਾਂ ਦੀ ਜੰਗ ਲੜ ਰਹੇ ਸਨ ਅਤੇ ਕੋਈ ਵੀ ਮੌਕਾ ਨਹੀਂ ਗਵਾ ਰਹੇ ਸਨ, ਜਿਸ ਦੀ ਮਿਸਾਲ 24 ਜਨਵਰੀ 1930 ਨੂੰ ਲੈਨਿਨ ਦਿਵਸ ਦੇ ਮੌਕੇ ਤੀਜੀ ਇੰਟਰਨੈਸ਼ਨਲ ਨੂੰ ਭੇਜੀ ਇੱਕ ਤਾਰ ਤੋਂ ਮਿਲਦੀ ਹੈ। ਜਿਸ ਬਾਰੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਸਿੰਘ ਵਲੋਂ ਸੰਪਾਦਤ ਕਿਤਾਬ 'ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ' 'ਚ ਲਿਖਿਆ ਹੈ ਕਿ ਇਸ ਦਿਨ ਲਾਹੌਰ ਸਾਜ਼ਿਸ਼ ਕੇਸ ਦੇ ਮੁਲਜ਼ਮ ਲਾਲ ਰੁਮਾਲ ਬੰਨ੍ਹ ਕੇ ਅਦਾਲਤ 'ਚ ਆਏ ਸਨ। ਉਹ ਕਾਕੋਰੀ ਦੇ ਗੀਤ ਗਾਉਂਦੇ ਰਹੇ ਸਨ। ਮੈਜਿਸਟਰੇਟ ਦੇ ਆਉਣ 'ਤੇ ਉਨ੍ਹਾਂ ਸਮਾਜਵਾਦੀ 'ਇਨਕਲਾਬ ਜ਼ਿੰਦਾਬਾਦ', 'ਕਮਿਊਨਿਸਟ ਇੰਟਰਨੈਸ਼ਨਲ ਜ਼ਿੰਦਾਬਾਦ', 'ਲੈਨਿਨ ਜ਼ਿੰਦਾਬਾਦ', 'ਪ੍ਰੋਲਤਾਰੀ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਦੇ ਨਾਅਰੇ ਬੁਲੰਦ ਕੀਤੇ ਅਤੇ ਭੇਜੀ ਗਈ ਤਾਰ 'ਚ ਇਉਂ ਲਿਖਿਆ "ਲੈਨਿਨ ਦਿਵਸ ਦੇ ਮੌਕੇ 'ਤੇ ਅਸੀਂ ਸੋਵੀਅਤ ਰੂਸ ਵਿਚ ਹੋ ਰਹੇ ਮਹਾਨ ਤਜ਼ਰਬੇ ਦੀ ਸਾਥੀ ਲੈਨਿਨ ਦੀ ਸਫਲਤਾ ਨੂੰ ਅਗਾਂਹ ਖੜ੍ਹਨ ਦੀ ਜਿੱਤ ਵਾਸਤੇ ਆਪਣੀਆਂ ਦਿਲੀ ਵਧਾਈਆਂ ਭੇਜਦੇ ਹਾਂ। ਸੰਸਾਰ ਇਨਕਲਾਬੀ ਲਹਿਰ ਨਾਲ ਅਸੀਂ ਆਪਣੇ ਆਪ ਨੂੰ ਜੋੜਨਾ ਚਾਹੁੰਦੇ ਹਾਂ। ਮਜ਼ਦੂਰਾਂ ਦੇ ਰਾਜ ਦੀ ਜੈ ਹੋਵੇ। ਸਰਮਾਏਦਾਰੀ ਦੀ ਖੈ ਹੋਵੇ। ਸਾਮਰਾਜਵਾਦ ਮੁਰਦਾਬਾਦ।"



ਸ਼ਹੀਦ ਭਗਤ ਸਿੰਘ ਦਾ ਬਿੰਬ ਕੁੱਝ ਲੋਕ ਧਾਰਮਕ ਅਤੇ ਕੁੱਝ ਲੋਕ ਬੰਬਾਂ, ਪਿਸਤੌਲਾਂ ਵਾਲਾ ਬਣਾਉਣ ਦੀ ਕੋਸ਼ਿਸ਼ 'ਚ ਲੱਗੇ ਰਹਿੰਦੇ ਹਨ। ਧਾਰਮਕ ਤੌਰ 'ਤੇ ਬਿੰਬ ਬਣਾਉਣ ਵਾਲਿਆਂ ਨੂੰ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਜ਼ਰੂਰ ਪੜ੍ਹ ਲੈਣੀਆਂ ਚਾਹੀਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕਿਸੇ ਸ਼ਖ਼ਸੀਅਤ ਨੂੰ ਉਸ ਨਜ਼ਰੀਏ ਨਾਲ ਹੀ ਵਾਚਣਾ ਚਾਹੀਦਾ ਹੈ, ਜਿਹੜੀ ਉਸ ਦੀ ਕਰਮ ਭੂਮੀ ਹੋਵੇ। ਸ਼ਹੀਦ ਭਗਤ ਸਿੰਘ ਦੀ ਕਰਮ ਭੂਮੀ ਧਾਰਮਕ ਨਹੀਂ ਸੀ ਸਗੋਂ ਰਾਜਨੀਤਕ ਸੀ। 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਦੀ ਰਾਜਨੀਤੀ ਹੀ ਉਨ੍ਹਾਂ ਦੀ ਕੇਂਦਰੀ ਰਾਜਨੀਤੀ ਸੀ। ਇਸ ਦੇ ਬਾਵਜੂਦ ਵੀ ਭਗਤ ਸਿੰਘ ਨੇ ਦੂਜੀਆਂ ਲਹਿਰਾਂ ਦੀਆਂ ਚੰਗੀਆਂ ਗੱਲਾਂ ਦਾ ਪ੍ਰਭਾਵ ਜ਼ਰੂਰ ਕਬੂਲਿਆਂ ਸੀ ਪਰ ਕੇਂਦਰ 'ਚ ਉਨ੍ਹਾਂ ਨੇ ਆਪਣੀ ਲੋਕ ਪੱਖੀ ਅਤੇ ਮਨੁੱਖਤਾ ਵਾਦੀ ਰਾਜਨੀਤੀ ਨੂੰ ਹੀ ਰੱਖਿਆ ਸੀ। ਬੰਬਾਂ, ਪਿਸਤੌਲਾਂ ਦੇ ਸਬੰਧ 'ਚ ਵੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਬੀ.ਕੇ. ਦੱਤ ਨੇ ਇਨਕਲਾਬ ਦੇ ਸ਼ਬਦ ਬਾਰੇ ਲਿਖਦਿਆਂ ਕਿਹਾ ਕਿ "ਇਸ ਲਫ਼ਜ਼ ਦਾ ਇੱਕ ਸ਼ਬਦ-ਕੋਸ਼ ਵਾਲਾ ਮਤਲਬ ਵੀ ਹੈ ਪਰ ਇਸ ਦੇ ਸਿਰਫ਼ ਸ਼ਬਦ-ਕੋਸ਼ ਵਾਲੇ ਅਰਥ ਨੂੰ ਲੈਣਾ ਕਾਫ਼ੀ ਨਹੀਂ, ਇਸ ਲਫ਼ਜ਼ ਨਾਲ ਉਨ੍ਹਾਂ ਲੋਕਾਂ ਦੀਆਂ ਜਿਹੜੇ ਇਸ ਨੂੰ ਪੇਸ਼ ਕਰਦੇ ਹਨ, ਕੁੱਝ ਖ਼ਾਸ ਹਕੀਕਤਾਂ ਸਬੰਧਤ ਹੁੰਦੀਆਂ ਹਨ। ਸਾਡੀਆਂ ਇਨਕਲਾਬ ਪਸੰਦਾਂ ਦੀਆਂ ਨਜ਼ਰਾਂ ਵਿਚ ਇਹ ਇੱਕ ਪਾਕ ਅਤੇ ਇੱਜ਼ਤਯੋਗ ਲਫ਼ਜ਼ ਹੈ। ਅਸੀਂ ਅਦਾਲਤ ਦੇ ਸਾਹਮਣੇ ਜਿਹੜਾ ਬਿਆਨ ਦਿੱਤਾ ਸੀ, ਉਸ ਨੇ ਇਸ ਪਾਕ ਲਫ਼ਜ਼ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਸੀ। ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ ? ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ਼ ਬੰਬਾਂ ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲਾਂ ਤਾਂ ਕਦੀ ਕਦਾਈਂ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣ ਜਾਂਦੇ ਹਨ ਪਰ ਮੁਕੰਮਲ ਇਨਕਲਾਬ ਨਹੀਂ ਕਹਿਲਾ ਸਕਦੇ।"

'ਇਨਕਲਾਬ' ਨੂੰ ਹੋਰ ਸਪਸ਼ਟ ਕਰਦਿਆਂ ਲਿਖਿਆ ਹੈ ਕਿ "ਇਨਕਲਾਬ ਤੋਂ ਸਾਡਾ ਭਾਵ ਸਪਸ਼ਟ ਹੈ। ਇਸ ਸਦੀ ਵਿਚ ਇਸ ਦੇ ਸਿਰਫ਼ ਇਕ ਹੀ ਮਤਲਬ ਹੋ ਸਕਦੇ ਹਨ : ਜਨਤਾ ਲਈ, ਜਨਤਾ ਦਾ, ਰਾਜਨੀਤਕ ਤਾਕਤ 'ਤੇ ਕਬਜ਼ਾ। ਅਸਲ ਵਿਚ ਇਹ ਹੈ 'ਇਨਕਲਾਬ'। ਬਾਕੀ ਸਭ ਬਗ਼ਾਵਤਾਂ ਤਾਂ ਸਿਰਫ਼ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਆਂਧ ਨੂੰ ਹੀ ਅੱਗੇ ਤੋਰਦੀਆਂ ਹਨ। ਕਿਸੇ ਵੀ ਹੱਦ ਤੱਕ ਲੋਕਾਂ ਨਾਲ ਜਾਂ ਉਨ੍ਹਾਂ ਦੇ ਉਦੇਸ਼ ਲਈ ਦਿਖਾਈ ਹਮਦਰਦੀ, ਜਨਤਾ ਤੋਂ ਅਸਲੀਅਤ ਨੂੰ ਛੁਪਾ ਨਹੀਂ ਸਕਦੀ, ਉਹ ਛਲਾਵੇ ਨੂੰ ਪਛਾਣਦੇ ਹਨ। ਭਾਰਤ ਵਿਚ ਵੀ, ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ, ਕੁੱਝ ਨਹੀਂ ਚਾਹੁੰਦੇ ਹਾਂ। ਭਾਰਤੀ ਕਿਰਤੀ ਨੇ, ਭਾਰਤ ਅੰਦਰ ਸਾਮਰਾਜਵਾਦੀ ਅਤੇ ਉਨ੍ਹਾਂ ਦੇ ਮਦਦਗਾਰਾਂ ਨੂੰ, ਜੋ ਕਿ ਉਸ ਆਰਥਕ ਸਿਸਟਮ, ਜਿਸ ਦੀਆਂ ਜੜ੍ਹਾਂ ਲੁੱਟ 'ਤੇ ਅਧਾਰਿਤ ਹਨ, ਦੇ ਪੈਰੋਕਾਰ ਹਨ, ਹਟਾ ਕੇ ਅੱਗੇ ਆਉਣਾ ਹੈ। ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਝੱਲਣਾ ਚਾਹੁੰਦੇ। ਬੁਰਾਈਆਂ, ਇੱਕ ਹਿਤ ਦੇ ਸਮੂਹ ਵਾਂਗ ਹੈ, ਜੋ ਇੱਕ ਦੂਜੇ ਦੀ ਥਾਂ ਲੈਣ ਨੂੰ ਤਿਆਰ ਹਨ।

ਸਾਮਰਾਜਵਾਦੀਆਂ ਨੂੰ ਗੱਦੀਉਂ ਲਾਹੁਣ ਲਈ ਭਾਰਤ ਦਾ ਇਕੋ ਇੱਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ। ਹਰ ਵਿਚਾਰ ਦੇ ਕੌਮਵਾਦੀ, ਇੱਕ ਉਦੇਸ਼ 'ਤੇ ਸਹਿਮਤ ਹਨ ਸਾਮਰਾਜਵਾਦੀਆਂ ਤੋਂ ਆਜ਼ਾਦੀ ਪ੍ਰਾਪਤੀ। ਉਨ੍ਹਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਦੀ ਲਹਿਰ ਦੀ ਚਾਲਕ ਸ਼ਕਤੀ ਬਾਗੀ ਜਨਤਾ ਹੈ ਅਤੇ ਉਨ੍ਹਾਂ ਦੇ ਜੁਝਾਰੂ ਜਨਤਕ ਐਕਸ਼ਨਾਂ ਰਾਹੀਂ ਹੀ ਕਾਮਯਾਬੀ ਪ੍ਰਾਪਤ ਹੋਣੀ ਹੈ। ਕਿਉਂਕਿ ਇਸ ਲਈ ਸੌਖੀ ਤਰ੍ਹਾਂ ਹੀਲਾ ਨਹੀਂ ਹੋ ਸਕਦਾ, ਇਸ ਕਰਕੇ ਆਪਣੇ ਆਪ ਨਾਲ ਛਲਾਵਾ ਕਰਕੇ ਉਸ ਪਾਸੇ ਲਪਕਦੇ ਹਨ, ਜਿਸਨੂੰ ਉਹ ਆਰਜ਼ੀ ਇਲਾਜ, ਪਰ ਝਟਪਟ ਅਤੇ ਪ੍ਰਭਾਵਸ਼ਾਲੀ ਸਮਝਦੇ ਹਨ। ਯਾਨੀ ਕਿ ਚੰਦ ਸੈਂਕੜੇ ਦ੍ਰਿੜ੍ਹ ਆਦਰਸ਼ਵਾਦੀ ਕੌਮ ਪ੍ਰਸਤਾਂ ਦੀ ਹਥਿਆਰਬੰਦ ਮੁਖਲਾਫਤ ਰਾਹੀਂ ਵਿਦੇਸ਼ੀ ਰਾਜ ਨੂੰ ਉਲਟਾ ਕੇ ਰਿਆਸਤ ਨੂੰ ਸਮਾਜਵਾਦੀ ਲੀਹਾਂ 'ਤੇ ਮੁੜ ਸੰਗਠਤ ਕਰਨਾ। ਉਨ੍ਹਾਂ ਨੂੰ ਵਕਤ ਦੀ ਅਸਲੀਅਤ ਵਿਚ ਝਾਕਣਾ ਚਾਹੀਦਾ ਹੈ। ਹਥਿਆਰ ਜ਼ਿਆਦਾ ਗਿਣਤੀ ਵਿਚ ਪ੍ਰਾਪਤ ਨਹੀਂ ਹਨ ਅਤੇ ਜੁਝਾਰੂ ਲੋਕਾਂ ਤੋਂ ਵੱਖਰੇ ਹੋ ਕੇ ਅਨਟਰੇਂਡ ਗਰੁੱਪ ਦੀ ਬਗ਼ਾਵਤ ਅੱਜ ਦੇ ਯੁੱਗ ਵਿਚ ਸਫਲਤਾ ਦਾ ਕੋਈ ਮੌਕਾ ਨਹੀਂ ਹੈ। ਕੌਮਪ੍ਰਸਤਾਂ ਦੇ ਕਾਮਯਾਬ ਹੋਣ ਲਈ, ਉਨ੍ਹਾਂ ਨੂੰ ਕੌਮ ਨੂੰ ਹਰਕਤ ਵਿਚ ਲਿਆਉਣਾ ਚਾਹੀਦਾ ਹੈ ਅਤੇ ਬਗ਼ਾਵਤ ਲਈ ਖੜ੍ਹੇ ਕਰਨਾ ਚਾਹੀਦਾ ਹੈ। ਕੌਮ, ਕਾਂਗਰਸ ਦੇ ਲਾਊਡ ਸਪੀਕਰ ਨਹੀਂ ਹੈ, ਸਗੋਂ ਮਜ਼ਦੂਰ ਕਿਸਾਨ ਹਨ, ਜਿਹੜੇ ਭਾਰਤ ਦੀ 95 ਫ਼ੀਸਦੀ ਵਸੋਂ ਹਨ। ਕੌਮ ਆਪਣੇ ਆਪ ਨੂੰ ਕੌਮੀਕਰਨ ਦੇ ਯਕੀਨ 'ਤੇ ਹੀ ਹਰਕਤ ਵਿਚ ਲਿਆਏਗੀ, ਯਾਨੀ ਕਿ ਸਾਮਰਾਜਵਾਦੀ ਪੂੰਜੀਪਤੀ ਦੀ ਗ਼ੁਲਾਮੀ ਤੋਂ ਮੁਕਤੀ ਦੇ ਯਕੀਨ ਦਿਵਾਉਣ 'ਤੇ। ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਕਿਰਤੀ ਇਨਕਲਾਬ ਦੇ ਸਿਵਾਏ, ਨਾ ਕਿਸੇ ਹੋਰ ਇਨਕਲਾਬ ਦੀ ਇੱਛਾ ਕਰਨੀ ਚਾਹੀਦੀ ਹੈ ਅਤੇ ਨਾ ਹੀ ਉਹ ਕਾਮਯਾਬ ਹੋ ਸਕਦਾ ਹੈ।"

ਸਾਡੇ ਦੇਸ਼ ਦੇ ਸੰਵਿਧਾਨ 'ਚ ਚਾਹੇ ਸ਼ਬਦ ਸਮਾਜਵਾਦੀ ਲਿਖਿਆ ਹੋਇਆ ਹੈ ਪਰ ਕਿਸੇ ਨੇ ਨੀਤੀਆਂ ਬਦਲਣ ਦੀ ਹਾਲੇ ਤੱਕ ਗੱਲ ਨਹੀਂ ਕੀਤੀ। ਸਾਮਰਾਜੀ ਦੇਸ਼ਾਂ ਵਲੋਂ ਸੰਚਾਲਤ ਨੀਤੀਆਂ ਨੂੰ ਹੋਰ ਤੇਜ਼ੀ ਨਾਲ ਲਾਗੂ ਕਰਨ ਦੇ ਯਤਨ ਪਹਿਲਾਂ ਵੀ ਅਤੇ ਹੁਣ ਵੀ ਤੇਜ਼ੀ ਨਾਲ ਜਾਰੀ ਹਨ। ਅਜੋਕੇ ਦੌਰ 'ਚ ਵੀ ਸਾਮਰਾਜ ਦੇ ਆਪਣੇ ਸੰਕਟ ਹਨ, ਇਹ ਸੰਕਟ ਦੂਰ ਕੀਤੇ ਹੀ ਨਹੀਂ ਜਾ ਸਕਦੇ ਕਿਉਂਕਿ ਇਨ੍ਹਾਂ ਦੀ ਪਹੁੰਚ ਮਨੁੱਖਤਾ ਵਾਦੀ ਹੁੰਦੀ ਹੀ ਨਹੀਂ। ਅਕਸਰ ਇਹ ਆਪਣੇ ਸੰਕਟ ਦੂਜੇ ਦੇਸ਼ਾਂ 'ਤੇ ਹੀ ਲੱਦਦੇ ਰਹਿੰਦੇ ਹਨ। ਆਪਣੇ ਮੁਨਾਫ਼ੇ ਲਈ ਇਕ ਦੂਜੇ ਦੇਸ਼ਾਂ ਨੂੰ ਆਪਸ 'ਚ ਲੜਾਉਣਾ ਵੀ ਇਨ੍ਹਾਂ ਦਾ ਕੰਮ ਹੈ। ਇਸ ਬਾਰੇ ਪੰਛੀ ਝਾਤ ਮਾਰਦਿਆਂ, ਬਿਨਾਂ ਕਿਸੇ ਠੋਸ ਕਾਰਨ ਇਰਾਕ 'ਤੇ ਜੰਗ ਥੋਪੀ ਅਤੇ ਮਗਰੋਂ ਅਫਿਗਾਨਸਤਾਨ 'ਚ ਆਪਣੀਆਂ ਫ਼ੌਜਾਂ ਭੇਜ ਦਿੱਤੀਆਂ। ਫ਼ਲਸਤੀਨ, ਸੀਰੀਆਂ ਸਮੇਤ ਹੋਰ ਅਨੇਕਾਂ ਦੇਸ਼ਾਂ 'ਚ ਸਾਮਰਾਜੀਆਂ ਦੀ ਲੋੜੋਂ ਵੱਧ ਦਖ਼ਲਅੰਦਾਜ਼ੀ ਮਨੁੱਖਤਾ ਦੇ ਭਲੇ ਲਈ ਨਹੀਂ ਸਗੋਂ ਜੰਗਾਂ 'ਚ ਝੋਕੇ ਗਏ ਦੇਸ਼ਾਂ ਨੂੰ ਹਥਿਆਰਾਂ ਦੀ ਮੰਡੀ ਵਜੋਂ ਦੇਖਣਾ ਹੀ ਹੈ। ਆਪਣੇ ਸੰਕਟ ਟਾਲਣ ਲਈ ਕਦੇ ਯੂਰਪ ਇਕੱਠਾ ਹੋ ਰਿਹਾ ਹੁੰਦਾ ਹੈ ਅਤੇ ਯੂਕੇ ਇਸ 'ਚੋਂ ਬਾਹਰ। ਕਦੇ ਮੈਕਸੀਕੋ ਦੇ ਬਾਰਡਰ ਨਾਲ ਕੰਧ ਬਣਾਉਣ ਦਾ ਮਸਲਾ ਸਾਹਮਣੇ ਆ ਰਿਹਾ ਹੁੰਦਾ ਹੈ ਕਦੇ ਟਰੰਪ ਨੂੰ ਵਿਦੇਸ਼ਾਂ 'ਚੋਂ ਰੁਜ਼ਗਾਰ ਲਈ ਆ ਰਹੇ ਲੋਕ ਸਤਾ ਰਹੇ ਹੁੰਦੇ ਹਨ। ਸਾਮਰਾਜੀ ਦੇਸ਼ ਵਪਾਰ ਲਈ ਆਪ ਹਰ ਪਾਸੇ ਜਾਣ ਲਈ ਤਿਆਰ ਰਹਿੰਦੇ ਹਨ ਪਰ ਰੁਜ਼ਗਾਰ ਦੀ ਭਾਲ 'ਚ ਇੱਧਰੋਂ ਉੱਧਰ ਜਾ ਰਹੇ ਲੋਕਾਂ 'ਤੇ ਪਾਬੰਦੀਆਂ ਲਗਾ ਕੇ ਰੱਖਦੇ ਹਨ।

ਇਸ ਸਾਮਰਾਜ ਦੀ ਪਛਾਣ ਸ਼ਹੀਦ ਭਗਤ ਸਿੰਘ ਨੇ ਤਾਂ ਉਸ ਵੇਲੇ ਹੀ ਕਰ ਲਈ ਸੀ ਜਦੋਂ ਉਸ ਦੀ ਉਮਰ ਹਾਲੇ 23 ਸਾਲਾਂ ਤੋਂ ਵੀ ਘੱਟ ਦੀ ਸੀ। ਐਪਰ ਸਾਡੇ ਦੇਸ਼ ਦੀਆਂ ਬੁਰਜ਼ੂਆ ਪਾਰਟੀਆਂ ਦਾ ਕਿਰਦਾਰ ਸਾਮਰਾਜ ਦੇ ਹੱਕ ਦਾ ਹੀ ਰਿਹਾ ਹੈ। ਲੋੜ ਪੈਣ 'ਤੇ ਇਹ ਪਾਰਟੀਆਂ ਇਕੱਠੀਆਂ ਹੋ ਜਾਂਦੀਆਂ ਹਨ ਪਰ ਸਾਮਰਾਜ ਦਾ ਵਿਰੋਧ ਕਿਤੇ ਵੀ ਨਹੀਂ ਕਰਦੀਆਂ। 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਸਿਰਫ਼ ਲੋਕਾਂ ਨੂੰ ਮੂਰਖ ਬਣਾਉਣ ਲਈ ਹੀ ਲਾਉਂਦੀਆਂ ਹਨ। ਲੋਕਾਂ ਨੂੰ, ਆਪਣੇ ਵਡੇਰੇ ਹਿੱਤਾਂ ਦੀ ਰਾਖੀ ਲਈ, ਇਕੱਠੇ ਹੋ ਕੇ ਇਨ੍ਹਾਂ ਸਾਮਰਾਜੀ ਨੀਤੀਆਂ ਨੂੰ ਲਾਗੂ ਕਰਨ ਵਾਲੀਆਂ ਪਾਰਟੀਆਂ ਖ਼ਿਲਾਫ਼ ਲੜਨਾ ਹੀ ਪੈਣਾ ਹੈ। ਇਹ ਲੜਾਈ ਉਸ ਵੇਲੇ ਤੱਕ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਬੰਦ ਨਹੀਂ ਹੋ ਜਾਂਦੀ। ਸ਼ਹੀਦ ਭਗਤ ਸਿੰਘ ਨੇ ਆਪਣਾ ਸਾਮਾਰਜ ਵਿਰੋਧੀ ਨਿਸ਼ਾਨਾ ਮਿੱਥ ਕੇ ਸ਼ਹੀਦੀ ਤੋਂ ਪਹਿਲਾਂ ਕਿਹਾ ਸੀ ਕਿ "ਮੇਰੀ ਦਲੇਰੀ ਭਰੇ ਢੰਗ ਨਾਲ ਹੱਸਦਿਆਂ ਹੱਸਦਿਆਂ ਫ਼ਾਂਸੀ ਚੜ੍ਹਨ ਦੀ ਸੂਰਤ ਵਿਚ ਹਿੰਦੋਸਤਾਨੀ ਮਾਵਾਂ ਆਪਣਿਆਂ ਬੱਚਿਆਂ ਦੇ ਭਗਤ ਸਿੰਘ ਬਣਨ ਦੀ ਆਰਜ਼ੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵੱਧ ਜਾਏਗੀ ਕਿ ਇਨਕਲਾਬ ਨੂੰ ਰੋਕਣਾ ਸਭ ਸ਼ੈਤਾਨ ਸਾਮਰਾਜਵਾਦੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ।" ਆਓ, ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ ਨੂੰ ਬਚਾਉਣ ਲਈ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਉਕਤ ਵਿਚਾਰਾਂ 'ਤੇ ਪਹਿਰਾ ਦਿੰਦੇ ਹੋਏ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਂਦੇ ਹੋਏ ਸਾਮਰਾਜਵਾਦ ਵਿਰੋਧੀ ਜੰਗ ਨੂੰ ਹੋਰ ਤੇਜ਼ ਕਰੀਏ। ਇਹੀ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਦਾ ਅਸਲ ਸੁਨੇਹਾ ਹੈ।

ਰਾਫ਼ੇਲ ਲੜਾਕੂ ਜਹਾਜ਼ਾਂ ਦੇ ਸੌਦੇ ਦਾ ਕੱਚ-ਸੱਚ

ਇਸ ਸੌਦੇ ਵਿਚ ਪ੍ਰਧਾਨ ਮੰਤਰੀ ਦਫਤਰ ਦਾ ਸਿੱਧਾ ਦਖਲ ਸਥਾਪਤ ਨਿਯਮਾਂ ਦੇ ਵਿਰੁੱਧ ਹੈ ਅਤੇ ਮੰਦੀ ਭਾਵਨਾ ਤੋਂ ਪ੍ਰੇਰਿਤ ਹੈ। ਇਹ 'ਚੌਕੀਦਾਰ ਦੇ ਚੋਰ ਹੋਣ' ਨੂੰ ਸਪਸ਼ਟ ਰੂਪ ਵਿਚ ਸਥਾਪਤ ਕਰ ਰਿਹਾ ਹੈ।

ਪ੍ਰੋ. ਜੈਪਾਲ ਸਿੰਘ

ਭਾਰਤੀ ਹਵਾਈ ਫੌਜ ਲਈ ਲੋੜੀਂਦੇ ਰਾਫੇਲ ਲੜਾਕੂ ਜਹਾਜ਼ਾਂ ਦੇ ਸੌਦੇ ਦਾ ਰੇੜਕਾ ਕਾਫੀ ਦੇਰ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰੇ ਦਮਗੱਜੇ : "ਨਾ ਖਾਊਂਗਾ, ਨਾ ਖਾਨੇ ਦੂੰਗਾ" ਦੀ ਫੂਕ ਨਿਕਲ ਗਈ ਹੈ। ਹੁਣੇ-ਹੁਣੇ ਚੈਨਈ ਤੋਂ ਛਪਦੇ ਮਸ਼ਹੂਰ ਅਖਬਾਰ 'ਦ ਹਿੰਦੂ' ਜਿਸ ਨੇ ਪਹਿਲਾਂ ਬੋਫਰਜ਼ ਤੋਪ ਸੌਦੇ 'ਚ ਹੋਈ ਦਲਾਲੀ ਦੇ ਪੈਸਿਆਂ ਦਾ ਭਾਂਡਾ ਭੰਨਿਆ ਸੀ, ਹੁਣ ਰਾਫੇਲ ਸੌਦੇ ਨਾਲ ਸਬੰਧਤ ਉਹ ਤੱਥ ਉਜਾਗਰ ਕੀਤੇ ਹਨ, ਜੋ ਕੇਂਦਰ ਦੀ ਇਸ ਭ੍ਰਿਸ਼ਟ ਸਰਕਾਰ ਨੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਤੋਂ ਵੀ ਛੁਪਾਏ ਸਨ ਤੇ ਜੋ ਪ੍ਰਧਾਨ ਮੰਤਰੀ ਦੇ ਦਫਤਰ ਦੀ ਬੇਲੋੜੀ ਅਤੇ ਰੱਖਿਆ ਮੰਤਰਾਲੇ ਦੀ ਖਰੀਦ ਸੰਬੰਧੀ ਚਲ ਰਹੀ ਪ੍ਰਕਿਰਿਆ ਦੇ ਸਮਾਨੰਤਰ ਦਖਲ ਅੰਦਾਜ਼ੀ ਨੂੰ ਦਰਸਾਉਂਦੇ ਹਨ। ਆਓ ਇਸ ਸੌਦੇ ਦੀ ਪਿੱਠ ਭੂਮੀ 'ਤੇ ਇਕ ਨਜ਼ਰ ਮਾਰਦੇ ਹਾਂ।

ਭਾਰਤੀ ਹਵਾਈ ਫੌਜ ਨੇ ਆਪਣੇ ਲਈ ਅਤੀ ਲੋੜੀਂਦੇ 126 ਲੜਾਕੂ ਜਹਾਜ਼ ਪ੍ਰਾਪਤ ਕਰਨ ਲਈ ਸੰਨ 2007 'ਚ ਅੰਤਰ ਰਾਸ਼ਟਰੀ ਕੰਪਨੀਆਂ ਤੋਂ ਟੈਂਡਰਾਂ ਦੀ ਮੰਗ ਕੀਤੀ ਸੀ ਅਤੇ ਖਰੀਦੇ ਜਾਣ ਵਾਲੇ ਜਹਾਜ਼ਾਂ ਦੇ ਮਿਆਰ ਅਤੇ ਲੱਗਣ ਵਾਲੇ ਸਾਜੋ ਸਾਮਾਨ ਬਾਰੇ ਪੂਰੇ ਵਿਸਥਾਰ ਨਾਲ ਮਾਪ ਦੰਡ ਵੀ ਦੱਸੇ ਸਨ। ਇਸ ਬਾਰੇ ਫਰਾਂਸ ਦੀ ਕੰਪਨੀ 'ਦਾਸੋਂ ਏਵੀਏਸ਼ਨ' ਨੇ ਸਭ ਤੋਂ ਘੱਟ ਰੇਟ ਦੱਸੇ ਅਤੇ ਚਾਰ ਯੂਰਪੀ ਦੇਸ਼ਾਂ ਯੂ.ਕੇ., ਜਰਮਨੀ, ਇਟਲੀ ਅਤੇ ਸਪੇਨ ਦੀ ਸਾਂਝੀ ਭਾਗੀਦਾਰੀ ਨਾਲ ਬਣੀ ਕੰਪਨੀ 'ਯੂਰੋਫਾਈਟਰ' ਦੇ ਰੇਟ ਦੂਜੇ ਨੰਬਰ 'ਤੇ ਸਨ। ਇਸ ਤਰ੍ਹਾਂ ਉਸ ਸਮੇਂ ਦੀ ਡਾ. ਮਨਮੋਹਨ ਸਿੰਘ ਦੀ ਯੂ.ਪੀ.ਏ. ਸਰਕਾਰ ਨੇ ਦਾਸੋਂ ਏਵੀਏਸ਼ਨ ਨਾਲ ਗੱਲਬਾਤ ਦਾ ਸਿਲਸਿਲਾ ਅੱਗੇ ਵਧਾਇਆ। ਐਨੀ ਵੱਡੀ ਖਰੀਦ 'ਚ ਕਿਸੇ ਕਿਸਮ ਦੀ ਦਲਾਲੀ ਅਤੇ ਰਿਸ਼ਵਤ ਰੋਕਣ ਲਈ ਅਤੇ ਭਾਰਤ ਪੱਖੀ ਸ਼ਰਤਾਂ ਮੰਨਾਉਣ ਲਈ ਸਮੇਂ ਸਮੇਂ 'ਤੇ ਮਾਨਕ (ਸਟੈਂਡਰਡ) ਅਤੇ ਸਪਲਾਈ ਦੇ ਤੌਰ-ਤਰੀਕੇ ਤਹਿ ਕੀਤੇ ਗਏ।





ਇਸ ਮੰਤਵ ਲਈ 29 ਅਗਸਤ 2001 ਤੋਂ 'ਰੱਖਿਆ ਖਰੀਦ ਕੌਂਸਲ' (DAC) ਦੀ ਸਥਾਪਨਾ ਕੀਤੀ ਗਈ ਸੀ। ਜਿਸਦਾ ਮੁੱਖੀ ਰੱਖਿਆ ਮੰਤਰੀ ਹੁੰਦਾ ਅਤੇ ਤਿੰਨੇ ਸੈਨਾਵਾਂ ਆਰਮੀ, ਨੇਵੀ ਅਤੇ ਏਅਰ ਫੋਰਸ ਦੇ ਮੁਖੀਆਂ ਸਮੇਤ 12 ਹੋਰ ਮੈਂਬਰ ਹੁੰਦੇ ਹਨ। ਇਸ ਦਾ ਕੰਮ ਖਰੀਦ ਸੰਬੰਧੀ ਨੀਤੀ ਨਿਰਦੇਸ਼ ਤਿਆਰ ਕਰਨਾ ਹੁੰਦਾ ਹੈ ਅਤੇ ਸਾਰੇ ਮੈਂਬਰਾਂ ਦੇ ਆਪਣੇ ਆਪਣੇ ਫਰਜ਼ ਹੁੰਦੇ ਹਨ ਤੇ ਰੱਖਿਆ ਸਕੱਤਰ ਮੁੱਖੀ ਕਾਰਜਕਰਤਾ ਵਜੋਂ ਕੰਮ ਕਰਦਾ ਹੈ। ਸਮੇਂ ਸਮੇਂ ਰੱਖਿਆ ਖਰੀਦ ਵਿਧੀ (DPP) ਘੜੀ ਜਾਂਦੀ ਹੈ ਅਤੇ ਹਰ ਸੌਦੇ ਲਈ ਉਸ ਖੇਤਰ ਨਾਲ ਸਬੰਧਤ ਮਾਹਰਾਂ ਦੇ ਆਧਾਰ 'ਤੇ ਕੁੱਝ ਹੋਰ ਮੈਂਬਰ ਪਾ ਕੇ 'ਭਾਰਤੀ ਗੱਲਬਾਤ ਕਮੇਟੀ' (INT) ਬਣਾਈ ਜਾਂਦੀ ਹੈ, ਜੋ ਕੀਮਤਾਂ ਤੇ ਹੋਰ ਤਕਨੀਕੀ ਲੋੜਾਂ ਬਾਰੇ ਗੱਲਬਾਤ ਕਰਦੀ ਹੈ। ਇਸ ਸਾਰੀ ਪ੍ਰਕਿਰਿਆ ਵਿਚ ਪ੍ਰਧਾਨ ਮੰਤਰੀ ਦੇ ਦਫਤਰ ਦਾ ਕੋਈ ਰੋਲ ਨਹੀਂ ਹੁੰਦਾ।

ਇਸ ਪੂਰੇ ਮਸਲੇ ਦੀ ਤਹਿ ਤੱਕ ਜਾਣ ਲਈ ਹੇਠ ਲਿਖੀ ਸਮਾਂ ਸਾਰਨੀ ਦਿੱਤੀ ਜਾਂਦੀ ਹੈ।

29 ਅਗਸਤ 2001 : ਰੱਖਿਆ ਖਰੀਦ ਕੌਂਸਲ (413) ਦੀ ਸਥਾਪਨਾ (ਵਾਜਪਾਈ ਜੀ ਦੀ ਸਰਕਾਰ)

30 ਦਸੰਬਰ 2002 : ਰੱਖਿਆ ਖਰੀਦ ਨੂੰ ਲੈਅਬੱਧ ਕਰਨ ਲਈ ਰੱਖਿਆ ਖਰੀਦ ਪ੍ਰਕਿਰਿਆ (DPP) ਨੂੰ ਪ੍ਰਵਾਨ ਕੀਤਾ ਗਿਆ। (ਵਾਜਪਾਈ ਦੀ ਸਰਕਾਰ)

ਔਫਸੈਟ ਪਾਲਿਸੀ, 2005 : ਇਹ ਪਾਲਿਸੀ ਵਿਦੇਸ਼ੀ ਸਪਲਾਇਰ ਨੂੰ ਠੇਕੇ ਦੀ ਕੀਮਤ ਦਾ ਘੱਟੋ-ਘੱਟ 30 ਪ੍ਰਤੀਸ਼ਤ ਹਿੱਸਾ ਭਾਰਤ 'ਚ ਖਰਚਣ ਲਈ ਪਾਬੰਦ ਕਰਦੀ ਹੈ। (ਡਾ.ਮਨਮੋਹਨ ਸਿੰਘ ਦੀ ਸਰਕਾਰ)

28 ਅਗਸਤ 2007 : ਰੱਖਿਆ ਮੰਤਰਾਲੇ ਨੇ 126 ਮੀਡੀਅਮ ਮਲਟੀ ਰੋਲ, ਲੜਾਕੂ ਜਹਾਜ਼ ਖਰੀਦਣ ਲਈ ਬੇਨਤੀ ਕੀਤੀ ਤੇ ਟੈਂਡਰ ਮੰਗੇ। (ਡਾ. ਮਨਮੋਹਨ ਸਿੰਘ ਦੀ ਸਰਕਾਰ)

ਮਈ, 2011 : ਭਿੰਨ-ਭਿੰਨ ਟੈਂਡਰਾਂ 'ਚ ਮੁਕਾਬਲੇ ਬਾਅਦ ਦਾਸੋ ਏਵੀਏਸ਼ਨ ਅਤੇ ਯੂਰੋਫਾਈਟਰ ਨਾਂਅ ਦੀਆਂ ਦੋ ਕੰਪਨੀਆਂ ਨੂੰ ਵਿਚਾਰ ਅਧੀਨ ਲਿਆਂਦਾ।

30 ਜਨਵਰੀ, 2012 : ਸਭ ਤੋਂ ਘੱਟ ਕੀਮਤ ਦੱਸਣ ਕਰਕੇ ਦਾਸੋਂ ਏਵੀਏਸ਼ਨ ਨੂੰ ਰਾਫੇਲ ਲੜਾਕੂ ਜਹਾਜ਼ਾਂ ਲਈ ਚੁਣ ਲਿਆ ਗਿਆ।

13 ਮਾਰਚ 2014 : ਦਾਸੋਂ ਏਵੀਏਸ਼ਨ ਅਤੇ ਭਾਰਤੀ ਸਰਕਾਰੀ ਕੰਪਨੀ ਹਿੰਦੁਸਤਾਨ ਏਐਰੋਨੈਟਿਕਸ ਲਿਮਟਿਡ (HAL) (ਔਫਸੈਟ ਭਾਈਵਾਲ) ਵਿਚਕਾਰ 126 ਵਿਚੋਂ 108 ਲੜਾਕੂ ਜਹਾਜ਼ਾਂ ਲਈ ਕ੍ਰਮਵਾਰ 70% ਅਤੇ 30% ਕੰਮ ਦੇ ਹਿੱਸੇ ਲਈ ਸਮਝੌਤਾ ਹੋਇਆ।

8 ਅਗਸਤ 2014 : ਉਸ ਸਮੇਂ ਦੇ ਰੱਖਿਆ ਮੰਤਰੀ ਨੇ ਪਾਰਲੀਮੈਂਟ 'ਚ ਦੱਸਿਆ ਕਿ ਸਿੱਧੇ ਉਡਣ ਦੀ ਅਵਸਥਾ 'ਚ ਤਿਆਰ 18 ਲੜਾਕੂ ਜਹਾਜ਼, ਸਮਝੌਤਾ ਹੋਣ ਦੇ 3-4 ਸਾਲਾਂ ਵਿਚ ਮਿਲਣ ਦੀ ਉਮੀਦ ਹੈ ਤੇ ਬਾਕੀ ਰਹਿੰਦੇ 108 ਅਗਲੇ 7 ਸਾਲਾਂ 'ਚ ਮਿਲ ਜਾਣਗੇ। (ਮੋਦੀ ਜੀ ਦੀ ਸਰਕਾਰ)

28 ਮਾਰਚ, 2015 : ਅਨਿਲ ਅੰਬਾਨੀ ਦੀ ਰਿਲਾਇੰਸ ਡਿਫੈਂਸ ਲਿਮਿਟਿਡ (RDL) ਨਾਂਅ ਦੀ ਗੈਰ ਸਰਕਾਰੀ ਕੰਪਨੀ ਦੀ ਰਜਿਸਟਰੇਸ਼ਨ ਹੁੰਦੀ ਹੈ।

8 ਅਪ੍ਰੈਲ 2015 : ਉਸ ਸਮੇਂ ਦੇ ਵਿਦੇਸ਼ ਸਕੱਤਰ ਦਾ ਕਹਿਣਾ ਸੀ ਕਿ ਦਾਸੋਂ ਏਵੀਏਸ਼ਨ, ਡਿਫੈਂਸ ਮੰਤਰਾਲੇ ਅਤੇ ਹਿੰਦੁਸਤਾਨ ਏਅਰੋਨੈਟਿਸ ਵਿਚਕਾਰ ਡਿਟੇਲ 'ਚ ਗੱਲਬਾਤ ਜਾਰੀ ਹੈ।

10 ਅਪ੍ਰੈਲ, 2015 : ਅਚਾਨਕ ਪ੍ਰਧਾਨ ਮੰਤਰੀ ਮੋਦੀ ਤੇ ਫਰਾਂਸ ਦੇ ਤਤਕਾਲੀ ਰਾਸ਼ਟਰਪਤੀ ਫਰਾਂਸਵਾਂ ਔਲਾਂਦ ਵਿਚਕਾਰ ਰਾਫੇਲ ਬਾਰੇ ਨਵਾਂ ਸਮਝੌਤਾ ਹੋ ਜਾਂਦਾ ਹੈ ਜਿਸ ਮੁਤਾਬਕ 126 ਦੀ ਬਜਾਏ ਸਿਰਫ 36 ਲੜਾਕੂ ਜਹਾਜ਼ ਬਣੇ ਬਣਾਏ ਖਰੀਦਣੇ ਹਨ। ਇਸ ਨੂੰ ਅੰਤਰ-ਸਰਕਾਰ ਸਮਝੌਤੇ (971) ਵਜੋਂ ਜਾਣਿਆ ਜਾਂਦਾ ਹੈ।

26 ਜਨਵਰੀ 2016 : ਭਾਰਤ ਅਤੇ ਫਰਾਂਸ, ਇਕ ਸਮਝੌਤਾ ਵਿਗਿਆਪਨ (MOU) 'ਤੇ ਦਸਤਖਤ ਕਰਦੇ ਹਨ।

23 ਸਤੰਬਰ 2016 : ਅੰਤਰ-ਸਰਕਾਰ ਸਮਝੌਤੇ 'ਤੇ ਦਸਤਖਤ ਹੁੰਦੇ ਹਨ।

18 ਨਵੰਬਰ 2016 : ਰੌਲਾ ਪੈਣ 'ਤੇ ਸਰਕਾਰ ਪਾਰਲੀਮੈਂਟ 'ਚ ਬਿਆਨ ਦਿੰਦੀ ਹੈ ਕਿ ਹਰੇਕ ਰਾਫੇਲ ਲੜਾਕੂ ਜਹਾਜ਼ ਦੀ ਕੀਮਤ ਲਗਭਗ 670 ਕਰੋੜ ਰੁਪਏ ਹੈ ਤੇ ਸਾਰੇ ਜਹਾਜ਼ 2022 ਤੱਕ ਪ੍ਰਾਪਤ ਹੋ ਜਾਣਗੇ।

31 ਦਸੰਬਰ 2016 : ਦਾਸੋਂ ਏਵੀਏਸ਼ਨ ਨੇ ਆਪਣੀ ਸਲਾਨਾ ਰਿਪੋਰਟ 'ਚ ਦੱਸਿਆ ਕਿ 36 ਰਾਫੇਲ ਜਹਾਜ਼ਾਂ ਦੀ ਕੀਮਤ 60,000 ਕਰੋੜ ਰੁਪਏ ਅਦਾ ਹੋਈ ਹੈ। ਇਸ ਮੁਤਾਬਕ ਇਕ ਜਹਾਜ਼ ਦੀ ਕੀਮਤ ਲਗਭਗ 1667 ਕਰੋੜ ਰੁਪਏ ਬਣਦੀ ਹੈ ਜੋ ਕਿ 18 ਨਵੰਬਰ 2016 ਨੂੰ ਪਾਰਲੀਮੈਂਟ 'ਚ ਦੱਸੀ ਗਈ ਕੀਮਤ 670 ਕਰੋੜ ਨਾਲੋਂ ਲਗਭਗ ਢਾਈ ਗੁਣਾ ਹੈ।

13 ਮਾਰਚ 2018 : 36 ਰਾਫੇਲ ਲੜਾਕੂ ਜਹਾਜ਼ਾਂ ਦੀ ਖਰੀਦ ਸਬੰਧੀ ਅਤੇ ਇਸਤੋਂ ਆਈ ਲਾਗਤ ਬਾਰੇ ਇਕ ਜਨਹਿਤ ਪਟੀਸ਼ਨ ਸੁਪਰੀਮ ਕੋਰਟ 'ਚ ਦਾਖਲ ਕਰਕੇ ਮੰਗ ਕੀਤੀ ਗਈ ਕਿ ਇਸ ਦੀ ਕੋਈ ਆਜ਼ਾਦ ਤੇ ਨਿਰਪੱਖ ਜਾਂਚ ਦੇ ਨਿਰਦੇਸ਼ ਦਿੱਤੇ ਜਾਣ।

13 ਜੁਲਾਈ 2018 : ਰਿਲਾਇੰਸ ਡਿਫੈਂਸ ਲਿਮਿਟਿਡ ਨੇ ਔਫਸੈਟ ਸਹਿਯੋਗੀ ਵਜੋਂ ਕੁਲ ਸੌਦੇ 'ਚ 50% ਭਾਵ 30,000 ਕਰੋੜ ਦੇ ਸਾਮਾਨ ਬਣਾਉਣ ਲਈ ਦਾਸੋਂ-ਕੰਪਨੀ ਨਾਲ ਰਲ ਕੇ ਨਾਗਪੁਰ ਨੇੜੇ ਮਿਹਾਨ 'ਚ ਦਾਸੋ ਰਿਲਾਇੰਸ ਏਅਰੋਸਪੇਸ ਲਿਮਿਟਿਡ ਦਾ ਨੀਂਹ ਪੱਥਰ ਰੱਖਿਆ।

5 ਸਤੰਬਰ 2018 : ਸੁਪਰੀਮ ਕੋਰਟ ਨੇ ਉਪਰੋਕਤ ਜਨਹਿਤ ਪਟੀਸ਼ਨ ਨੂੰ ਸੁਨਣ 'ਤੇ ਸਹਿਮਤੀ ਜਤਾਈ।

18 ਸਤੰਬਰ 2018 : ਸੁਪਰੀਮ ਕੋਰਟ ਨੇ ਜਨਹਿਤ ਪਟੀਸ਼ਨ, ਜਿਸ ਵਿਚ ਰਾਫੇਲ ਜਹਾਜ਼ਾਂ 'ਤੇ ਰੋਕ ਦੀ ਮੰਗ ਕੀਤੀ ਗਈ ਸੀ, 'ਤੇ ਸੁਣਵਾਈ ਅੱਗੇ ਪਾ ਦਿੱਤੀ।

10 ਅਕਤੂਬਰ 2018 : ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਫੈਸਲਾ ਲੈਣ ਦੀ ਵਿਧੀ ਦੀ ਡਿਟੇਲ ਸੀਲਬੰਦ ਲਿਫਾਫੇ 'ਚ ਦੇਣ ਲਈ ਕਿਹਾ।

24 ਅਕਤੂਬਰ 2018 : ਬੀਜੇਪੀ ਦੇ ਸਾਬਕਾ ਮੰਤਰੀਆਂ ਯਸ਼ਵੰਤ ਸਿਨਹਾ ਅਤੇ ਅਰੁਣ ਸ਼ੋਰੀ ਨੇ ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸ਼ਣ ਨਾਲ ਮਿਲਕੇ, ਰਾਫੇਲ ਲੜਾਕੂ ਜੈਟ ਸੌਦੇ ਬਾਰੇ ਕੇਸ ਦਰਜ ਕਰਾਉਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ।

31 ਅਕਤੂਬਰ 2018 : ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤਾ ਕਿ ਉਹ 10 ਦਿਨਾਂ ਦੇ ਅੰਦਰ-ਅੰਦਰ 36 ਰਾਫੇਲ ਲੜਾਕੂ ਜੈਟਾਂ ਦੀਆਂ ਕੀਮਤਾਂ ਸੀਲਬੰਦ ਲਿਫਾਫੇ 'ਚ ਦੇਵੇ।

12 ਨਵੰਬਰ 2018 : ਕੇਂਦਰ ਸਰਕਾਰ ਨੇ 36 ਰਾਫੇਲ ਜਹਾਜ਼ਾਂ ਦੀਆਂ ਕੀਮਤਾਂ ਦੀ ਡਿਟੇਲ ਅਤੇ ਉਨ੍ਹਾਂ ਸਾਰੇ ਕਦਮਾਂ ਦੀ ਡਿਟੇਲ, ਜਿਨ੍ਹਾਂ ਰਾਹੀਂ ਫੈਸਲਾ ਲਿਆ ਗਿਆ ਸੀ, ਸੁਪਰੀਮ ਕੋਰਟ ਨੂੰ ਦੇ ਦਿੱਤੀ।

14 ਦਸੰਬਰ 2018 : ਸੁਪਰੀਮ ਕੋਰਟ ਨੇ ਕੋਰਟ ਦੀ ਨਿਗਰਾਨੀ ਅਧੀਨ ਹੋਣ ਵਾਲੀ ਜਾਂਚ ਸੰਬੰਧੀ ਫੈਸਲਾ ਰਾਖਵਾਂ ਰੱਖ ਲਿਆ।

14 ਦਸੰਬਰ 2018 : ਸੁਪਰੀਮ ਕੋਰਟ ਨੇ ਕਿਹਾ ਕਿ ਫੈਸਲਾ ਲੈਣ ਦੀ ਵਿਧੀ 'ਤੇ ਕੋਈ ਸ਼ੱਕ ਦਾ ਮੌਕਾ ਨਹੀਂ ਅਤੇ ਉਸ ਨੇ ਇਸ ਸੌਦੇ ਬਾਰੇ ਕੇਸ ਦਰਜ ਕਰਕੇ ਸੀਬੀਆਈ ਤੋਂ ਜਾਂਚ ਕਰਾਉਣ ਬਾਰੇ ਸਾਰੀਆਂ ਪਟੀਸ਼ਨਾਂ ਖਾਰਜ ਕਰ ਦਿੱਤੀਆਂ।

ਉਪਰੋਕਤ ਘਟਨਾਕ੍ਰਮ 'ਤੇ ਸਰਸਰੀ ਝਾਤ ਦੱਸਦੀ ਹੈ ਕਿ ਕਿਤੇ ਨਾ ਕਿਤੇ ਕੋਈ ਵੱਡੀ ਗੜਬੜ ਜ਼ਰੂਰ ਹੋਈ ਹੈ, ਜਿਸ ਨੂੰ ਛੁਪਾਉਣ ਦੀਆਂ ਸਰਕਾਰ ਵਲੋਂ ਲਗਾਤਾਰ ਕੋਸ਼ਿਸ਼ਾਂ ਹੋਈਆਂ ਹਨ। ਪਾਰਲੀਮੈਂਟ 'ਚ ਦਿੱਤੇ ਬਿਆਨ 'ਚ ਇਕ ਲੜਾਕੂ ਜਹਾਜ਼ ਦੀ ਕੀਮਤ 670 ਕਰੋੜ ਰੁਪਏ ਤੋਂ ਢਾਈ ਗੁਣਾ ਵੱਧਕੇ ਭਾਵ 1667 ਕਰੋੜ ਰੁਪਏ ਕਿਵੇਂ ਹੋਈ ਦਾ ਕੋਈ ਵੀ ਤਸੱਲੀਬਖਸ਼ ਜਵਾਬ ਨਹੀਂ। ਫਿਰ ਸੁਪਰੀਮ ਕੋਰਟ ਦੇ 14 ਦਸੰਬਰ ਦੇ ਫੈਸਲੇ ਤੋਂ ਲੱਗਦਾ ਹੈ ਕਿ ਸਭ ਠੀਕ-ਠਾਕ ਹੈ। ਪਰ ਬੋਫਰਜ਼ ਤੋਪ ਘੁਟਾਲੇ, ਜਿਸ ਨਾਲ ਰਾਜੀਵ ਗਾਂਧੀ ਦੀ ਸਰਕਾਰ, ਜੋ 404 ਲੋਕ ਸਭਾ ਮੈਂਬਰਾਂ ਦੇ ਰਿਕਾਰਡ ਤੋੜ ਬਹੁਮਤ ਨਾਲ ਬਣੀ ਸੀ, ਦੇ ਐਸੇ ਪੈਰ ਹਿੱਲੇ ਕਿ ਨਾ ਸਿਰਫ 1989 'ਚ ਕਾਂਗਰਸ ਨੂੰ ਹਰਾ ਕੇ ਸ਼੍ਰੀ ਵੀ.ਪੀ. ਸਿੰਘ ਦੀ ਸਰਕਾਰ ਬਣੀ, ਬਲਕਿ ਉਸਤੋਂ ਬਾਅਦ ਕਾਂਗਰਸ ਆਪ ਇਕੱਲੇ ਤੌਰ 'ਤੇ ਬਹੁਮਤ ਦੀ ਸਰਕਾਰ ਨਹੀਂ ਬਣਾ ਸਕੀ ਹੈ। ਚਾਹੇ ਇਸ ਦੁਰਦਸ਼ਾ ਦਾ ਮੁੱਖ ਕਾਰਨ ਤਾਂ ਉਸ ਵਲੋਂ ਅਪਣਾਈਆਂ ਸਰਮਾਏਦਾਰ-ਜਗੀਰਦਾਰ ਤੇ ਕਾਰਪੋਰੇਟ ਪੱਖੀ ਤੇ ਲੋਕ ਵਿਰੋਧੀ ਨੀਤੀਆਂ ਹੀ ਸਨ, ਪਰ ਬੋਫਰਜ਼ ਘੁਟਾਲੇ ਦਾ ਧੱਬਾ ਹਾਲੇ ਵੀ ਕਾਂਗਰਸ ਦਾ ਪਿੱਛਾ ਨਹੀਂ ਛੱਡ ਰਿਹਾ। ਉਸ ਘੁਟਾਲੇ ਨੂੰ ਖੋਜੀ ਪੱਤਰਕਾਰ, ਜੋ ਕਿ ਜਾਨ ਜੋਖ਼ਮ 'ਚ ਪਾ ਕੇ ਕੀਤੀ ਜਾਂਦੀ ਹੈ, ਮਸ਼ਹੂਰ ਪੱਤਰਕਾਰ ਚਿਤਰਾ ਸੁਬਰਾਮਨੀਅਮ ਨੇ ਐਨ.ਰਾਮ ਦੀ ਸੰਪਾਦਕੀ ਅਧੀਨ ਮਸ਼ਹੂਰ ਅਖਬਾਰ 'ਦ ਹਿੰਦੂ' 'ਚ ਨੰਗਾ ਕੀਤਾ ਸੀ। ਉਸੇ ਅਖਬਾਰ ਦੇ ਕਰਤਾ ਧਰਤਾ ਐਨ.ਰਾਮ ਵਲੋਂ ਰਾਫੇਲ ਜਹਾਜ਼ਾਂ ਸਬੰਧੀ ਫਾਈਲਾਂ 'ਚੋਂ ਉਹ ਨੋਟ ਅਤੇ ਹਿੱਸੇ 8 ਫਰਵਰੀ ਅਤੇ 13 ਫਰਵਰੀ ਨੂੰ ਛਾਪ ਕੇ ਮੋਦੀ ਤੇ ਉਸ ਦੇ ਮੰਤਰੀਆਂ 'ਚ ਖਲਬਲੀ ਮਚਾ ਦਿੱਤੀ ਹੈ।

8 ਫਰਵਰੀ 2019 ਨੂੰ 'ਦ ਹਿੰਦੂ' ਅਖਬਾਰ 'ਚ ਫਾਈਲ ਦੇ ਜੋ ਨੋਟ ਛਾਪੇ ਗਏ ਉਨ੍ਹਾਂ ਮੁਤਾਬਕ ਮਿਤੀ 24 ਨਵੰਬਰ 2015, ਨੂੰ ਰੱਖਿਆ ਖਰੀਦ ਕਮੇਟੀ ਨਾਲ ਜੁੜੇ ਡਿਪਟੀ ਸਕੱਤਰ ਸ਼੍ਰੀ ਐਸ.ਕੇ. ਸ਼ਰਮਾ ਨੇ ਲਿਖਿਆ ਕਿ, "ਕਿ ਅਸੀਂ ਪ੍ਰਧਾਨ ਮੰਤਰੀ ਦਫਤਰ ਨੂੰ

ਸਲਾਹ ਦੇਈਏ ਕਿ ਕੋਈ ਵੀ ਉਹ ਅਫਸਰ ਜੋ ਭਾਰਤੀ ਗੱਲਬਾਤ ਟੀਮ ਦਾ ਹਿੱਸਾ ਨਹੀਂ, ਫਰਾਂਸ ਸਰਕਾਰ ਦੇ ਅਫਸਰਾਂ ਨਾਲ ਸਮਾਨੰਤਰ ਗੱਲਬਾਤ ਤੋਂ ਗੁਰੇਜ ਕਰੇ। ਜੇਕਰ ਫਿਰ ਵੀ ਪ੍ਰਧਾਨ ਮੰਤਰੀ ਦਫਤਰ ਨੂੰ ਰੱਖਿਆ ਮੰਤਰਾਲੇ ਦੀ ਟੀਮ ਦੁਆਰਾ ਕੀਤੀ ਜਾ ਰਹੀ ਗੱਲਬਾਤ ’ਤੇ ਵਿਸ਼ਵਾਸ ਨਹੀਂ ਤਾਂ ਪ੍ਰਧਾਨ ਮੰਤਰੀ ਦਫਤਰ ਵਲੋਂ ਇਸ ਕੇਸ ਵਿਚ ਸੋਧੀ ਹੋਈ ਵਿਧੀ ਯੋਗ ਪੱਧਰ ’ਤੇ ਅਪਣਾ ਕੇ ਗੱਲਬਾਤ ਕੀਤੀ ਜਾ ਸਕਦੀ ਹੈ।” ਇਸ ਨੋਟ ’ਚ ਇਹ ਵੀ ਲਿਖਿਆ ਗਿਆ ਕਿ, “ਫਰਾਂਸ ਦੇ ਰੱਖਿਆ ਮੰਤਰੀ ਦੇ ਡਿਪਲੋਮੈਟਿਕ ਸਲਾਹਕਾਰ ਅਤੇ ਪ੍ਰਧਾਨ ਮੰਤਰੀ (ਮੋਦੀ) ਦੇ ਜੁਆਇੰਟ ਸਕੱਤਰ ਵਿਚਕਾਰ ਗੱਲਬਾਤ, ਰੱਖਿਆ ਮੰਤਰਾਲੇ ਵਲੋਂ ਕਾਇਮ ਕੀਤੀ ਭਾਰਤੀ ਗੱਲਬਾਤ ਟੀਮ (Indian Negatiating Team-INT) ਵਲੋਂ ਚਲਾਈ ਫਾਰਮਲ ਗੱਲਬਾਤ ਦੇ ਸਮਾਨੰਤਰ ਕਾਰਵਾਈ ਹੈ ਅਤੇ ਅਜਿਹੀ ਸਮਾਨੰਤਰ ਗੱਲਬਾਤ ਸਾਡੇ ਦੇਸ਼ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਕਿਉਂਕਿ ਫਰਾਂਸਿਸੀ ਧਿਰ ਅਜਿਹੀ ਗੱਲਬਾਤ ਨੂੰ ਆਪਣੇ ਹਿੱਤਾਂ ’ਚ ਵਰਤਣ ਲਈ ਲਾਹਾ ਲੈ ਸਕਦੀ ਹੈ, ਜਿਸ ਨਾਲ ਭਾਰਤੀ ਗੱਲਬਾਤ ਟੀਮ ਦੀ ਸਥਿਤੀ ਕਮਜ਼ੋਰ ਹੁੰਦੀ ਹੈ। ਇਸ ਕੇਸ ਵਿਚ ਅਜਿਹਾ ਹੀ ਵਾਪਰਿਆ ਹੈ।”

ਇਸ ਨੋਟ ’ਤੇ 24.11.2015 ਨੂੰ ਹੀ ਜੁਆਇੰਟ ਸਕੱਤਰ ਤੇ ਹਥਿਆਰ ਪ੍ਰਾਪਤੀ ਮੈਨੇਜਰ (ਏਅਰ) ਅਤੇ ਡਾਇਰੈਕਟਰ ਜਨਰਲ ਨੇ ਵੀ ਦਸਤਖਤ ਕੀਤੇ ਅਤੇ ਅੰਤ ਵਿਚ ਤਤਕਾਲੀ ਰੱਖਿਆ ਸਕੱਤਰ ਜੀ. ਮੋਹਨ ਕੁਮਾਰ ਨੇ ਆਪਣੇ ਹੱਥ ਲਿਖ ਕੇ ਤਤਕਾਲੀ ਰੱਖਿਆ ਮੰਤਰੀ ਸ੍ਰੀ ਮੋਹਨ ਪਰੀਕਰ ਨੂੰ ਭੇਜਿਆ ਕਿ, “ਰੱਖਿਆ ਮੰਤਰੀ ਜੀ, ਕ੍ਰਿਪਾ ਕਰਕੇ ਦੇਖਣ। ਇਹ ਆਸ ਕੀਤੀ ਜਾਂਦੀ ਹੈ ਕਿ ਪ੍ਰਧਾਨ ਮੰਤਰੀ ਦਫਤਰ ਵਲੋਂ ਅਜਿਹੀ ਗੱਲਬਾਤ ਤੋਂ ਪਰਹੇਜ਼ ਕੀਤਾ ਜਾਵੇ ਕਿਉਂਕਿ ਇਸ ਨਾਲ ਸਾਡੀ ਗੱਲਬਾਤ ਦੀ ਸਥਿਤੀ ਬੜੀ ਗੰਭੀਰ ਰੂਪ ’ਚ ਕਮਜ਼ੋਰ ਹੁੰਦੀ ਹੈ।”

ਉਪਰੋਕਤ ਰਿਪੋਰਟ ਦੇ ਛਪਣ ਨਾਲ ਹੀ 8 ਫਰਵਰੀ ਨੂੰ ਪਾਰਲੀਮੈਂਟ ’ਚ ਰੌਲਾ ਪੈ ਗਿਆ ਤੇ ਰੱਖਿਆ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਜੋ ਸਭ ਕੁੱਝ ਪਾਰਲੀਮੈਂਟ ਤੋਂ ਵੀ ਲਕੋ ਕੇ ਰੱਖ ਰਹੀ ਸੀ, ਨੇ ‘ਦ ਹਿੰਦੂ’ ਅਖਬਾਰ ਦੀ ਪੱਤਰਕਾਰਤਾ ਦੇ ਮਿਆਰੀ ਹੋਣ ’ਤੇ ਹੀ ਸਵਾਲ ਉਠਾਉਂਦਿਆ ਕਿਹਾ ਕਿ ਉਸਨੇ ਰੱਖਿਆ ਮੰਤਰੀ (ਸ਼੍ਰੀ ਮਨੋਹਰ ਪਰੀਕਰ) ਦਾ ਨੋਟ ਕਿਉਂ ਨਹੀਂ ਛਾਪਿਆ ਤੇ ਉਸੇ ਦਿਨ ਪੂਰਨ ਹਨੇਰੇ ’ਚ ਰੱਖੇ ਗਏ ਉਪਰੋਕਤ ਨੋਟਸ ਦੇ ਨਾਲ ਮਨੋਹਰ ਪਰੀਕਰ ਦਾ ਨੋਟ ਵੀ ਸਾਰੇ ਮੋਦੀ ਭਗਤ ਚੈਨਲਾਂ ਤੇ ਅਖਬਾਰਾਂ ਦੀਆਂ ਸੁਰਖੀਆਂ ਬਣ ਗਿਆ। ਇਹ ਨੋਟ ਇਸ ਤਰ੍ਹਾਂ ਹੈ “ਇਉਂ ਪ੍ਰਤੀਤ ਹੁੰਦਾ ਹੈ ਕਿ ਪ੍ਰਧਾਨ ਮੰਤਰੀ ਦਫਤਰ ਅਤੇ ਫਰਾਂਸ ਦੇ ਰਾਸ਼ਟਰਪਤੀ ਦਾ ਦਫਤਰ ਇਸ ਮਾਮਲੇ ਦੀ ਪ੍ਰਗਤੀ ਦਾ ਨਿਰੀਖਣ ਕਰ ਰਹੇ ਹਨ, ਜਿਹੜਾ ਮਸਲਾ ਦੋਨਾਂ ਵਿਚਕਾਰ ਸਿਖਰਲੀ ਗੱਲਬਾਤ ਦਾ ਸਿੱਟਾ ਹੈ। ਨੋਟ ਦਾ ਪੈਰਾ ਨੰ. 5 ਵਧੇਰੇ ਪ੍ਰਤੀਕ੍ਰਿਆਤਮਕ ਪ੍ਰਤੀਤ ਹੁੰਦਾ ਹੈ। ਰੱਖਿਆ ਸਕੱਤਰ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢ ਲੈਣ।” ਇਸ ਨੋਟ ਨਾਲ ਜੋ ਵਿਧੀ ਖਰੀਦ ਲਈ ਤਹਿ ਕੀਤੀ ਗਈ ਹੈ, ਉਸਦੀਆਂ ਵੀ ਧੱਜੀਆਂ ਉਡਦੀਆਂ ਹਨ। ਪ੍ਰਧਾਨ ਮੰਤਰੀ, ਨਿਰੀਖਣ ਕਰਨ ਲਈ ਆਪਣੇ ਰੱਖਿਆ ਮੰਤਰੀ ਜਾਂ ਰੱਖਿਆ ਸਕੱਤਰ ਤੋਂ ਮਸਲੇ ਦੀ ਪ੍ਰਗਤੀ ਤਾਂ ਪੁੱਛ ਸਕਦਾ ਹੈ ਪਰ ਉਸਦਾ ਦਫਤਰ ਫਰਾਂਸ ਨਾਲ ਕੀਮਤਾਂ ਤੇ ਹੋਰ ਮਸਲਿਆਂ ਤੇ ਗੱਲਬਾਤ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਰੱਖਦਾ। ਬਹੁਤ ਸਾਰੇ ਹੋਰ ਅਖਬਾਰਾਂ ਨੇ ਵੀ ਰੱਖਿਆ ਮੰਤਰੀ ਦੇ ਬਚਾਓ ਵਾਲੇ ਨੋਟ ਨੂੰ, ਉਲਟਾ ਉਨ੍ਹਾਂ ਵਿਰੁੱਧ ਹੀ ਵਰਤਿਆ ਇਹ ਨੋਟ 24.11.2015 ਤੋਂ ਲਗਭਗ ਡੇਢ ਮਹੀਨਾ ਬਾਅਦ 11.01.2016 ਨੂੰ ਲਿਖਿਆ ਗਿਆ।

ਇਸੇ ਅਖਬਾਰ ‘ਦ ਹਿੰਦੂ’ ਨੇ 13 ਫਰਵਰੀ 2019 ਨੂੰ ਖਰੀਦ ਸੌਦੇ ’ਚ ਲੱਗੇ 7 ਮੈਂਬਰਾਂ ’ਚੋਂ 3 ਡੂਮੈਨ (ਆਪਣੇ-ਆਪਣੇ ਖੇਤਰ ਦੇ) ਮਾਹਰਾਂ ਵਲੋਂ ਲਿਖੇ ਨੋਟ ਵੀ ਛਾਪ ਦਿੱਤੇ। ਇਨ੍ਹਾਂ ਮਾਹਰਾਂ ਨੇ ਲੜਾਕੂ ਜਹਾਜ਼ਾਂ ਦੀ ਕੀਮਤ ਬਾਰੇ, ਦਾਸੋਂ ਕੰਪਨੀ ਦੀ ਤਰਫੋਂ ਫਰਾਂਸ ਸਰਕਾਰ ਵਲੋਂ ਪ੍ਰਭੂਸੱਤਾ ਗਾਰੰਟੀ ਜਾਂ ਬੈਂਕ ਗਾਰੰਟੀ ਵਗੈਰਾ ਨਾਲ ਸੰਬੰਧਤ 8 ਪੰਨਿਆਂ ਦਾ ਪੂਰੀ ਤਫਸੀਲ ਨਾਲ ਨੋਟ ਬਣਾਇਆ ਤਾਂ ਕਿ ਭਾਰਤੀ ਹਿੱਤ ਸੁਰੱਖਿਅਤ ਰਹਿਣ। ਪਰ ਪ੍ਰਧਾਨ ਮੰਤਰੀ ਦਫਤਰ ਦੀ ਦਖਲ ਅੰਦਾਜ਼ੀ ਕਾਰਨ ਫਰਾਂਸ ਸਰਕਾਰ ਤੋਂ ਅਜਿਹੀ ਕੋਈ ਵੀ ਗਾਰੰਟੀ ਲੈਣ ਤੋਂ ਬਿਨਾਂ ਹੀ ਸਿਰਫ ਦਿਲਾਸਾ ਪੱਤਰ ਹੀ ਲਿਆ ਗਿਆ। ਜਿਸ ਨਾਲ ਜੇ ਦਾਸੋਂ ਕੰਪਨੀ ਜਿਸਨੇ ਭਾਰਤ ਤੋਂ ਪਹਿਲਾਂ ਪੈਸੇ ਲੈ ਕੇ, ਮਗਰੋਂ ਸਮਝੌਤੇ ਦੀਆਂ ਕੋਈ ਮੱਦਾਂ ਲਾਗੂ ਨਾ ਕੀਤੀਆਂ ਤਾਂ ਭਾਰਤ ਪਹਿਲਾਂ ਉਸ ਕੰਪਨੀ ਵਿਰੁੱਧ ਲੰਬੀ ਕਾਨੂੰਨੀ ਲੜਾਈ ਲੜੇਗਾ ਤੇ ਸਭ ਕੁੱਝ ਹੱਕ ’ਚ ਹੋਣ ਦੇ ਬਾਵਜੂਦ ਵੀ ਜੇ ਦਾਸੋਂ ਏਵੀਏਸ਼ਨ ਕੰਪਨੀ ਉਨ੍ਹਾਂ ਮੱਦਾਂ ਨੂੰ ਲਾਗੂ ਨਹੀਂ ਕਰਦੀ ਤਾਂ ਹੀ ਫਰਾਂਸ ਸਰਕਾਰ ਦਖਲ ਦੇਵੇਗੀ। ਜਦ 7 ’ਚੋਂ 3 ਖੇਤਰੀ ਮਾਹਰਾਂ ਵਲੋਂ ਪੂਰਾ ਜ਼ੋਰ ਪਾਇਆ ਗਿਆ ਸੀ ਕਿ ਫਰਾਂਸ ਸਰਕਾਰ ਸਮਝੌਤੇ ਦੀ ਹਰ ਮਦ ਲਾਗੂ ਕਰਾਉਣ ਲਈ ਪਾਬੰਦ ਹੋਵੇਗੀ।

ਭ੍ਰਿਸ਼ਟਾਚਾਰ ਵਿਰੋਧੀ ਸੁਝਾਅ ਵੀ 3 ਖੇਤਰੀ ਮਾਹਰਾਂ ਵਲੋਂ ਲਾਗੂ ਕਵਾਉਣ ਲਈ ਲਿਖਿਆ ਗਿਆ। ਪਰ ਦੂਜੇ 4 ਮੈਂਬਰਾਂ ਜੋ ਇਨ੍ਹਾਂ ਮਸਲਿਆਂ ਦੇ ਮਾਹਰ ਨਹੀਂ, ਵਲੋਂ ਇਨ੍ਹਾਂ ਇਤਰਾਜਾਂ ਦੀ ਪਰਵਾਹ ਕੀਤੇ ਬਗੈਰ ਹੀ ਸਮਝੌਤਾ ਸਿਰੇ ਚੜ੍ਹਵਾ ਦਿੱਤਾ। ਕੀਮਤਾਂ ਦੇ ਮਸਲੇ ’ਚ ਰਾਫੇਲ ਲੜਾਕੂ ਜਹਾਜ਼ਾਂ ’ਚ ਜੋ ਭਾਰਤ ਲਈ ਲੋੜੀਂਦੇ 13 ਖਾਸ ਵਾਧੇ ਸਨ, ਉਹ ਬੇਸਕੀਮਤ ’ਤੇ ਜਿੰਨੀ ਰਕਮ 126 ਜਹਾਜ਼ਾਂ ਲਈ ਸੀ, ਉਨੀ ਹੀ 36 ’ਤੇ ਦੇ ਦਿੱਤੀ, ਜਿਸਦਾ ਵੀ ਇਨ੍ਹਾਂ ਮਾਹਰਾਂ ਨੇ ਲਿਖ ਕੇ ਦਲੀਲਾਂ ਸਹਿਤ ਵਿਰੋਧ ਕੀਤਾ। ਪਰ ਇਨ੍ਹਾਂ ਨੂੰ ਪੱਕੇ ਖਰਚੇ ਕਹਿ ਕੇ ਦੇਸ਼ ਦਾ ਪੈਸਾ ਲੁਟਾਇਆ ਗਿਆ ਹੈ।

ਸੁਪਰੀਮ ਕੋਰਟ ਨੂੰ ਹਨੇਰੇ ’ਚ ਰੱਖਿਆ ਗਿਆ

ਉਪਰੋਕਤ ਸਾਰੇ ਖੁਲਾਸੇ, ਸਰਕਾਰ ਵਲੋਂ ਸੀਲਬੰਦ ਲਿਫਾਫੇ ’ਚ ਸੁਪਰੀਮ ਕੋਰਟ ਨੂੰ ਦਿੱਤੇ ਕਾਗਜਾਂ-ਪੱਤਰਾਂ ਦਾ ਹਿੱਸਾ ਨਹੀਂ, ਜੋ ਹੁਣ ਸੁਪਰੀਮ ਕੋਰਟ ’ਚ ਲੰਬਿਤ ਰੀਵਿਊ ਪਟੀਸ਼ਨ ਦਾ ਹਿੱਸਾ ਬਣਨ ਦੀ ਸੰਭਾਵਨਾ ਹੈ। ਸਰਕਾਰ ਖਾਸ ਤੌਰ ’ਤੇ ਪ੍ਰਧਾਨ ਮੰਤਰੀ ਤੇ ਉਸਦਾ ਦਫਤਰ ਕਿਸੇ ਵੱਡੇ ਸਕੈਂਡਲ ਦਾ ਹਿੱਸਾ ਹੋਣ ਦੇ ਨਾਲ ਨਾਲ ਸੁਪਰੀਮ ਕੋਰਟ ਨੂੰ ਗੁੰਮਰਾਹ ਕਰਨ ਦਾ ਵੀ ਦੋਸ਼ੀ ਹੈ। ਪੱਤਰਕਾਰਾਂ ਦੇ ਨਿਰਪੱਖ ਹਿੱਸਿਆਂ ਵਲੋਂ ਪ੍ਰਧਾਨ ਮੰਤਰੀ ’ਤੇ ਸ਼ਰੇਆਮ ਦੋਸ਼ ਲਾਏ ਜਾ ਰਹੇ ਹਨ। ਇੱਥੋਂ ਤੱਕ ਕਿ ਆਪਣੇ ਆਪ ਨੂੰ ਨਿਰਪੱਖ ਕਹਾਉਣ ਵਾਲੇ ਪੱਤਰਕਾਰ ਸ਼੍ਰੀ ਸ਼ੇਖਰ ਗੁਪਤਾ ਜੋ ਟੇਢੇ ਢੰਗ ਨਾਲ ਬਹੁਤ ਸਾਰੇ ਮਸਲਿਆਂ ’ਤੇ ਮੋਦੀ ਦਾ ਪੱਖ ਪੂਰਦੇ ਹਨ ਨੇ ਵੀ ਆਪਣੀ 3-4 ਵੀਡੀਓਜ਼ ’ਚ ਦੋ ਗੱਲਾਂ ਤੇ ਨਿੱਖਰ ਕੇ ਮੋਦੀ ਨੂੰ ਭੰਡਿਆ ਹੈ-ਪਹਿਲੀ ਗੱਲ 126 ਜਹਾਜ਼ਾਂ ਦੀ ਬਜਾਏ ਬਿਨਾਂ ਮੰਗ ਕਰਨ ਦੇ 36 ਜਹਾਜ਼ਾਂ ਦੀ ਗੱਲ ਕਿਵੇਂ ਆ ਗਈ। ਦੂਜਾ ਹਿੰਦੂਸਤਾਨ ਏਅਰੋਨੈਟਿਸ ਲਿਮਟਿਡ (HAL) ਵਰਗੀ ਤਜਰਬੇਕਾਰ ਸਰਕਾਰੀ ਕੰਪਨੀ ਦੀ ਬਜਾਏ ਬਿਨਾਂ ਕਿਸੇ ਸਾਜੋ ਸਾਮਾਨ ਦੇ ਤੇ ਬਿਨਾਂ ਕਿਸੇ ਲੋੜੀਂਦੇ ਸਟਾਫ ਤੋਂ ਅਨਿਲ ਅੰਬਾਨੀ ਦੀ ਹਵਾ ’ਚ ਲਟਕਦੀ ਬਰਾਏ ਨਾਮ ਕੰਪਨੀ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਔਫਸੈਟ ਭਾਈਵਾਲ ਕਿਵੇਂ ਬਣਾਇਆ ਗਿਆ। ਸਰਕਾਰ ਦਾ ਇਹ ਕਹਿਣਾ ਕਿ ਦਾਸੋਂ ਕੰਪਨੀ ਨੇ ਖੁਦ ਇਸ ਕੰਪਨੀ ਨੂੰ ਭਾਈਵਾਲ ਬਣਾਇਆ ਵੀ ਦਰੁਸਤ ਨਹੀਂ। ਜਿਸਦਾ ਸਭ ਤੋਂ ਵੱਡਾ ਸਬੂਤ ਫਰਾਂਸ ਦੇ ਤਤਕਾਲੀ ਰਾਸ਼ਟਰਪਤੀ ਫਰਾਂਸਵਾ ਔਲਾਂਦ ਦਾ 22 ਸਤੰਬਰ 2018 ਦਾ ਇਹ ਬਿਆਨ ਹੈ ਕਿ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਔਫਸੈਟ ਭਾਈਵਾਲ ਬਨਾਉਣਾ ਸਾਡੀ ਮਜ਼ਬੂਰੀ ਸੀ ਕਿਉਂਕਿ ਇਹ ਭਾਰਤ ਦੀ ਸ਼ਰਤ ਸੀ। ਸਾਫ ਜ਼ਾਹਰ ਹੈ ਕਿ ਦੇਸ਼ਪੱਖੀ ਸ਼ਰਤਾਂ ਛੱਡ ਕੇ ਅਨਿਲ ਅੰਬਾਨੀ ਨੂੰ 30,000 ਕਰੋੜ ਰੁਪਏ ਲੋਕਾਂ ਦੇ ਟੈਕਸਾਂ ’ਚੋਂ ਦੇਣੇ ਹੀ ਮੁੱਖ ਕੰਮ ਸੀ।

ਲਗਭਗ ਸਾਰੀ ਵਿਰੋਧੀ ਧਿਰ ਹੀ ਇਸ ਸੌਦੇ ਤੇ ਮੋਦੀ ਨੂੰ ਤੇ ਸਰਕਾਰ ਨੂੰ ਘੇਰ ਰਹੀ ਹੈ। ਕਾਂਗਰਸ ਪ੍ਰਧਾਨ ਤਾਂ ਸ਼ਰੇਆਮ ਹੀ ਕਹਿ ਰਿਹਾ ਹੈ ਕਿ ‘ਚੌਕੀਦਾਰ ਚੋਰ ਹੈ’ ਪਰ ਸਰਕਾਰ ਦੀ ਭਾਈਵਾਲ ਤੇ ਭਾਰਤੀ ਜਨਤਾ ਪਾਰਟੀ ਦੀ ਸਭ ਤੋਂ ਵੱਧ ਵਿਚਾਰਧਾਰਕ ਭਾਈਵਾਲ ਸ਼ਿਵ ਸੈਨਾ ਨੇ ਵੀ ਆਪਣੇ ਮੁੱਖ ਪਰਚੇ ‘ਸਾਮਨਾ’ ’ਚ 9 ਫਰਵਰੀ ਨੂੰ ਇੱਥੋਂ ਤੱਕ ਲਿਖਿਆ ਹੈ ਕਿ “ਭਾਜਪਾ ਦੇ ਰਾਜ ਵਿਚ ਰਾਸ਼ਟਰਵਾਦ ਤੇ ਦੇਸ਼ ਭਗਤੀ ਦੀਆਂ ਪਰਿਭਾਸ਼ਾਵਾਂ ਹੀ ਬਦਲਾ ਦਿੱਤੀਆਂ ਗਈਆਂ ਹਨ। ਜੋ ਰਾਫੇਲ ਸੌਦੇ ਦਾ ਗੁਣਗਾਨ ਕਰਦੇ ਹਨ, ਉਹ ਦੇਸ਼ ਭਗਤ ਤੇ ਜੋ ਸਵਾਲ ਉਠਾਉਂਦੇ ਹਨ ਉਹ ਦੇਸ਼ ਧਰੋਹੀ।” ਉਨ੍ਹਾਂ ਨੇ ਹੋਰ ਵੀ ਲਿਖਿਆ ਹੈ ਕਿ, “ਪ੍ਰਧਾਨ ਮੰਤਰੀ ਇਹ ਦੱਸਣ ਦੀ ਖੇਚਲ ਕਰਨ ਕਿ ਰਾਫੇਲ ਸੌਦੇ ਦਾ ਮਕਸਦ ਹਵਾਈ ਫੌਜ ਨੂੰ ਮਜ਼ਬੂਤ ਕਰਨਾ ਸੀ ਜਾਂ ਫਿਰ ਇਕ ਉਦਯੋਗਪਤੀ ਨੂੰ।”

ਲੱਗਦਾ ਹੈ ਕਿ ਭਵਿੱਖ ਵਿਚ ਰਾਫੇਲ ਸੌਦੇ ਦੀਆਂ ਹੋਰ ਪਰਤਾਂ ਵੀ ਖੁੱਲਣਗੀਆਂ ਤੇ ਇਹ ਸਰਕਾਰ ਦੇ ਗਲੇ ਦੀ ਹੱਡੀ ਸਾਬਤ ਹੋਵੇਗਾ।

ਉਪਰੋਕਤ ਤੱਥ ਭਲੀਭਾਂਤ ਦਰਸਾਉਂਦੇ ਹਨ ਕਿ ਇਸ ਸੌਦੇ ਵਿਚ ਪ੍ਰਧਾਨ ਮੰਤਰੀ ਦਫਤਰ ਦਾ ਸਿੱਧਾ ਦਖਲ ਸਥਾਪਤ ਨਿਯਮਾਂ ਦੇ ਵਿਰੁੱਧ ਹੈ ਅਤੇ ਮੰਦੀ ਭਾਵਨਾ ਤੋਂ ਪ੍ਰੇਰਿਤ ਹੈ। ਇਹ ‘ਚੌਕੀਦਾਰ ਦੇ ਚੋਰ ਹੋਣ’ ਨੂੰ ਸਪੱਸ਼ਟ ਰੂਪ ਵਿਚ ਸਥਾਪਤ ਕਰ ਰਿਹਾ ਹੈ।

ਨਿਊਜ਼ੀਲੈਂਡ ਮਸਜਿਦ ਹਮਲੇ 'ਚ 50 ਦੀ ਮੌਤ, 50 ਤੋਂ ਵੱਧ ਜ਼ਖ਼ਮੀ

☛ ਪ੍ਰਧਾਨ ਮੰਤਰੀ ਜੈਸਿੰਡਾ ਅਰਡਨਰ ਵਲੋਂ ਦਹਿਸ਼ਤੀ ਘਟਨਾ ਕਰਾਰ

☛ ਗ੍ਰਿਫ਼ਤਾਰ ਆਸਟਰੇਲਿਆਈ ਨਾਗਰਿਕ ਨਸਲਵਾਦੀ ਤੇ ਟਰੰਪ ਦਾ ਪ੍ਰਸ਼ੰਸਕ



ਨਿਊਜ਼ੀਲੈਂਡ (ਨਦਬ) : ਨਿਊਜ਼ੀਲੈਂਡ ਦੇ ਕਰਾਈਸਟਚਰਚ ਦੀਆਂ ਦੋ ਮਸਜਿਦਾਂ ਵਿਚ ਹੋਈ ਗੋਲੀਬਾਰੀ ਵਿਚ 50 ਲੋਕਾਂ ਦੀ ਮੌਤ ਹੋਈ ਹੈ। ਇਸ ਹਮਲੇ ਵਿਚ 50 ਤੋਂ ਜ਼ਿਆਦਾ ਲੋਕ ਗੰਭੀਰ ਜ਼ਖ਼ਮੀ ਹੋਏ ਹਨ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਨੇ ਇਸ ਨੂੰ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਆਰਡਨਰ ਨੇ ਮਰਨ ਵਾਲਿਆਂ ਦੀ ਸੰਖਿਆ ਦੀ ਪੁਸ਼ਟੀ ਕਰਦਿਆਂ ਇਸ ਨੂੰ ਆਪਣੇ ਦੇਸ਼ ਲਈ 'ਕਾਲਾ ਦਿਨ' ਦੱਸਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਇਕ ਔਰਤ ਸਮੇਤ ਚਾਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਇਸ ਸਬੰਧ ਵਿਚ ਆਸਟਰੇਲਿਆਈ ਨਾਗਰਿਕ ਬ੍ਰੇਨਟਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬ੍ਰੇਨਟਨ ਨੂੰ ਨਸਲ ਦੇ ਆਧਾਰ 'ਤੇ, ਗੋਰਿਆਂ ਦਾ ਰਾਸ਼ਟਰਵਾਦ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਪ੍ਰੇਰਿਤ ਦੱਸਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ, 'ਕਰਾਈਸਟਚਰਚ ਇਨ੍ਹਾਂ ਪੀੜਤਾਂ ਦਾ ਘਰ ਸੀ। ਇਨ੍ਹਾਂ ਵਿਚੋਂ ਬਹੁਤ ਲੋਕਾਂ ਨੇ ਸ਼ਾਇਦ ਇੱਥੇ ਜਨਮ ਨਾ ਲਿਆ ਹੋਵੇ। ਕਈ ਲੋਕਾਂ ਲਈ ਨਿਊਜ਼ੀਲੈਂਡ ਉਨ੍ਹਾਂ ਦੀ ਪਸੰਦ ਦਾ ਦੇਸ਼ ਸੀ।'

ਜ਼ਿਕਰਯੋਗ ਹੈ ਕਿ ਕਥਿਤ ਹਮਲਾਵਰ ਨੇ ਇਸ ਘਟਨਾ ਦੀ ਲਾਈਵ ਸਟ੍ਰੀਮਿੰਗ ਫੇਸਬੁੱਕ ਅਤੇ ਆਪਣੇ ਇੰਸਟਾਗਰਾਮ ਅਕਾਊਂਟ 'ਤੇ ਵੀ ਕੀਤੀ ਸੀ। ਜਿਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਸ ਘਟਨਾ ਦੀ ਵੀਡੀਓ ਪ੍ਰਸਾਰਤ ਕੀਤੀ ਜਾਣ ਲੱਗੀ। ਫੇਸਬੁੱਕ ਨੇ ਟਵੀਟ ਕਰ ਕੇ ਦੱਸਿਆ ਕਿ ਉਸ ਨੇ ਹਮਲਾਵਰ ਦੇ ਫੇਸਬੁੱਕ ਅਤੇ ਇੰਸਟਾਗਰਾਮ ਅਕਾਊਂਟ ਤੋਂ ਇਨ੍ਹਾਂ ਵੀਡੀਓਜ਼ ਨੂੰ ਹਟਾ ਦਿੱਤਾ ਹੈ। ਨਾਲ ਹੀ ਫੇਸਬੁੱਕ ਨੇ ਕਿਹਾ ਹੈ ਕਿ ਉਹ ਇਸ ਅਪਰਾਧ ਅਤੇ ਕਾਤਲ ਦੀ ਪ੍ਰਸ਼ੰਸਾ ਕਰਨ ਵਾਲੇ ਵੀਡੀਓਜ਼ ਨੂੰ ਵੀ ਹਟਾ ਰਹੇ ਹਨ। ਇਸ ਤੋਂ ਬਾਅਦ ਕੀਤੇ ਟਵੀਟ ਵਿਚ ਫੇਸਬੁੱਕ ਨਿਊਜ਼ੀਲੈਂਡ ਦੀ ਮਿਆ ਗਾਰਲਿਕ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਨਿਊਜ਼ੀਲੈਂਡ ਪੁਲੀਸ ਨਾਲ ਮਿਲ ਕੇ ਕੰਮ ਕਰੇਗਾ ਕਿਉਂਕਿ ਉਨ੍ਹਾਂ ਦੀ ਜਾਂਚ ਜਾਰੀ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਦੇਸ਼ ਦੇ ਨਾਂ ਸੰਦੇਸ਼ ਵਿਚ ਕਿਹਾ ਸੀ, "ਮੈਂ ਤੁਹਾਨੂੰ ਦੱਸ ਸਕਦੀ ਹਾਂ ਕਿ ਇਹ ਨਿਊਜ਼ੀਲੈਂਡ ਦਾ ਸਭ ਤੋਂ ਕਾਲਾ ਦਿਨ ਹੈ।" ਨਿਊਜ਼ੀਲੈਂਡ ਦੇ ਪੁਲੀਸ ਕਮਿਸ਼ਨਰ ਮਾਈਕ ਬੁਸ਼ ਨੇ ਦੱਸਿਆ ਕਿ ਇਸ ਮਾਮਲੇ ਵਿਚ ਚਾਰ ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜਿਸ ਵਿਚ 3 ਪੁਰਸ਼ ਤੇ ਇਕ ਔਰਤ ਸ਼ਾਮਲ ਹੈ। ਹੁਣ ਤੱਕ ਇਹ ਨਹੀਂ ਕਿਹਾ ਜਾ ਸਕਦਾ ਕਿ ਖ਼ਤਰਾ ਹੋ ਗਿਆ ਹੈ।

ਆਸਟਰੇਲਿਆਈ ਪ੍ਰਧਾਨ ਮੰਤਰੀ ਸਕੱਟ ਮਾਰਿਸਨ ਨੇ ਪੁਸ਼ਟੀ ਕੀਤੀ ਹੈ ਕਿ ਹਮਲਾਵਰਾਂ ਵਿਚੋਂ ਇਕ 28 ਸਾਲ ਦਾ ਆਸਟਰੇਲਿਆਈ ਨਾਗਰਿਕ ਹੈ। ਉਨ੍ਹਾਂ ਨੇ ਹਮਾਲਵਰ ਨੂੰ 'ਅਤਿ ਦੱਖਣਪੰਥੀ ਅਤਿਵਾਦੀ' ਦੱਸਿਆ ਹੈ। ਉਨ੍ਹਾਂ ਕਿਹਾ, 'ਇਹ ਘਟਨਾ ਸਾਨੂੰ ਦਸਦੀ ਹੈ ਕਿ ਬੁਰੇ ਲੋਕ ਹਮੇਸ਼ਾ ਸਾਡੇ ਵਿਚ ਹੀ ਮੌਜੂਦ ਹੁੰਦੇ ਹਨ ਤੇ ਉਹ ਕਦੇ ਵੀ ਅਜਿਹੇ ਹਮਲੇ ਕਰ ਸਕਦੇ ਹਨ।'

ਅਮਰੀਕੀ ਸਕੂਲਾਂ ਵਿਚ ਹੋ ਰਹੀ ਸ਼ੂਟਿੰਗ ਮੁਕਾਬਲਿਆਂ ਵਿਚ ਨੈਸ਼ਨਲ ਰਾਈਫਲ ਐਸੋਸੀਏਸ਼ਨ ਕਰ ਰਿਹੈ ਮਦਦ

ਗਨ ਹਿੰਸਾ ਤੋਂ ਪ੍ਰੇਸ਼ਾਨ ਅਮਰੀਕਾ ਵਿਚ ਫਾਇਰਿੰਗ ਦੌਰਾਨ ਵਿਦਿਆਰਥੀਆਂ ਦੀ ਹਿੱਸੇਦਾਰੀ 3 ਸਾਲ 'ਚ 137% ਵਧੀ

ਗੋਲੀਬਾਰੀ ਦੀਆਂ ਘਟਨਾਵਾਂ ਦਾ ਵਿਰੋਧ ਕਰਨ ਵਾਲੇ ਸਕੂਲ ਤੱਕ ਲੈ ਰਹੇ ਹਨ ਹਿੱਸਾ

ਨੈਸ਼ਨਲ ਰਾਈਫਲ ਐਸੋਸੀਏਸ਼ਨ ਸਕੂਲਾਂ ਨੂੰ ਦੇ ਰਿਹਾ ਹੈ 40 ਲੱਖ ਡਾਲਰ ਦੀ ਮਦਦ

ਯੂ.ਐਸ.ਏ. ਹਾਈ ਸਕੂਲ ਕਲੇ ਟਾਰਗੇਟ ਲੀਗ ਵਿਚ 20 ਰਾਜਾਂ ਦੀਆਂ 800 ਟੀਮਾਂ ਨੇ ਹਿੱਸਾ ਲਿਆ



ਸ਼ੂਟਿੰਗ ਟੀਮ ਦਾ ਮੈਂਬਰ ਜ਼ਿਆਦਾ ਘਾਤਕ, ਇਸ ਦਾ ਕੋਈ ਪ੍ਰਮਾਣ ਨਹੀਂ

ਅਜਿਹੀ ਕੋਈ ਰਿਸਰਚ ਸਾਹਮਣੇ ਨਹੀਂ ਆਈ ਜੋ ਦਰਸਾਉਂਦੀ ਹੋਵੇ ਕਿ ਸ਼ੂਟਿੰਗ ਟੀਮ ਵਿਚ ਸ਼ਾਮਲ ਹੋਣ ਤੋਂ ਬਾਅਦ ਤੁਸੀਂ ਗਨ ਨਾਲ ਜ਼ਿਆਦਾ ਨੁਕਸਾਨ ਪਹੁੰਚਾ ਸਕਦੇ ਹੋ। ਟਰੈਪ ਸ਼ੂਟਿੰਗ ਨਾਲ ਜੁੜੇ ਕੁਝ ਸਿਆਸੀ ਝੁਕਾਅ ਦਰਸਾਉਂਦੇ ਹਨ। ਉਦਾਹਰਣ ਲਈ ਮਿਨੇਸੋਟਾ ਚੈਂਪੀਅਨਸ਼ਿਪ ਵਿਚ ਇਕ ਮੁੰਡੇ ਨੇ ਗੋਰਿਆਂ ਦੀ ਸ਼੍ਰੇਸ਼ਟਤਾ ਦੱਸਣ ਵਾਲਾ ਕਨਫੈਡਰੇਟ ਫਲੈਗ ਲਾਇਆ ਹੋਇਆ ਸੀ।

ਸੀਨ ਗਰੇਗਰੀ

ਅਮਰੀਕਾ ਵਿਚ ਗਨ ਹਿੰਸਾ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਖ਼ਾਸ ਤੌਰ 'ਤੇ ਸਕੂਲਾਂ ਵਿਚ ਵਿਦਿਆਰਥੀਆਂ ਵਲੋਂ ਹਤਿਆਵਾਂ ਦੇ ਕਈ ਮਾਮਲੇ ਦੇਖੇ ਗਏ ਹਨ। ਇਸ ਦੇ ਬਾਵਜੂਦ ਵਿਦਿਆਰਥੀਆਂ ਦੀ ਸ਼ੂਟਿੰਗ ਚੈਂਪੀਅਨਸ਼ਿਪ ਵਿਚ ਹਿੱਸੇਦਾਰ 'ਚ 137 ਫੀਸਦੀ ਤੱਕ ਦਾ ਵਾਧਾ ਦੇਖਿਆ ਗਿਆ ਹੈ। ਅਜਿਹੇ ਮੁਕਾਬਲਿਆਂ ਵਿਚ ਸਕੂਲ ਜ਼ਿਆਦਾ ਸਰਗਰਮ ਹੁੰਦੇ ਜਾ ਰਹੇ ਹਨ।

ਮਿਨੇਸੋਟਾ ਸਟੇਟ ਹਾਈ ਸਕੂਲ ਦੀ ਕਲੇ ਟਾਰਗੇਟ ਨਿਸ਼ਾਨੇਬਾਜ਼ੀ ਲੀਗ ਚੈਂਪੀਅਨਸ਼ਿਪ ਦੁਨੀਆ ਦਾ ਸਭ ਤੋਂ ਵੱਡਾ ਸ਼ੂਟਿੰਗ ਮੁਕਾਬਲਾ ਹੋਣ ਦਾ ਦਾਅਵਾ ਕਰਦੀ ਹਹੈ। ਪਿਛਲੇ ਸਾਲ ਜੂਨ ਵਿਚ 300 ਸਕੂਲਾਂ ਦੇ 8000 ਵਿਦਿਆਰਥੀਆਂ ਨੇ ਇਸ ਵਿਚ ਹਿੱਸਾ ਲਿਆ ਸੀ। ਉਥੇ ਅਮਰੀਕੀ ਫ਼ੌਜ, ਨੈਸ਼ਨਲ ਰਾਈਫਲ ਐਸੋਸੀਏਸ਼ਨ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੀ ਸ਼ਰਟ ਵੇਚ ਰਹੇ ਇਕ ਵਿਅਕਤੀ ਦੇ ਸਪਾਂਸਰ ਟੈਂਟ ਲੱਗੇ ਸਨ। ਇਹ ਦ੍ਰਿਸ਼ ਆਟੋ ਰੇਸ ਨੇਸਕਾਰ ਸਰਕਿਟ ਦੇ ਸਾਹਮਣੇ ਲਗਦਾ ਹੈ। ਫਰਕ ਸਿਰਫ਼ ਏਨਾ ਹੈ ਕਿ ਇਸ ਵਿਚ ਹਿੱਸਾ ਲੈਣ ਵਾਲੇ ਸਟਾਰ ਨਾਬਾਲਗ ਲੜਕੇ ਅਤੇ ਲੜਕੀਆਂ ਸਨ। ਅਮਰੀਕਾ ਵਿਚ ਸਕੂਲਾਂ ਅਤੇ ਹੋਰਨਾਂ ਥਾਵਾਂ ਵਿਚ ਸਮੂਹਕ ਗੋਲੀਬਾਰੀ ਦੀਆਂ ਘਟਨਾਵਾਂ ਮਗਰੋਂ ਕਈ ਸਕੂਲਾਂ ਵਿਚ ਵਿਰੋਧ ਪ੍ਰਦਰਸ਼ਨ ਹੋਏ।

ਬਾਕੀ ਸਫਾ 41 'ਤੇ

ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ

ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ ਗ਼ਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ ਗ਼ਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ, ਉਥੇ ਇਸੇ ਸਾਲ ਗ਼ਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadr Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 21 ਵਿਦਵਾਨਾਂ ਦੇ ਗ਼ਦਰ ਲਹਿਰ ਬਾਰੇ ਖੋਜ ਭਰਪੂਰ 27 ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੁਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦੇਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸੰਕੀਰਨ ਢੰਗ ਨਾਲ ਪ੍ਰਭਾਸ਼ਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਵਿਆਪਕ ਸਾਜ਼ਿਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫ਼ਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ; ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫ਼ਰਜ਼ ਹੈ...

.... ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁੱਲ ਸਹਾਇਤਾ ਜ਼ਰੂਰ ਕਰੇਗੀ, ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"

ਅਦਾਰਾ 'ਨਵੀਂ ਦੁਨੀਆ' 'ਗ਼ਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣੇ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।

ਜਿਗਰੇ ਵਾਲੇ ਇਨਕਲਾਬੀ

ਗ਼ਦਰ ਦੇ ਲੱਛਣ - ਨਸਲੀ -ਸਭਿਆਚਾਰਕ ਰੋਹ ਤੇ ਕੌਮੀ ਸਵੈਮਾਨ

ਮਾਰਕ ਜਿਉਰਜਨਸਮੇਅਰ



ਇਸ ਸਦੀ ਦੇ ਪਹਿਲੇ ਦਹਾਕਿਆਂ ਵਿਚ, ਕੈਲੀਫੋਰਨੀਆ ਨੇ ਇਕ ਐਸੇ ਬਹੁਤ ਹੀ ਵਚਿੱਤਰ ਅਤੇ ਯਾਦਗਾਰੀ ਹੰਭਲੇ ਦਾ ਦ੍ਰਿਸ਼ ਮੁਹੱਈਆ ਕੀਤਾ ਜੋ ਅਮਰੀਕਾ ਅੰਦਰ ਕਿਸੇ ਨਸਲੀ-ਸੱਭਿਆਚਾਰਕ ਭਾਈਚਾਰੇ ਵਲੋਂ ਸ਼ੁਰੂ ਕੀਤਾ ਗਿਆ ਸੀ; ਹਿੰਦੁਸਤਾਨ ਦੇ ਪ੍ਰਵਾਸੀ ਨਾਗਰਿਕਾਂ ਦੇ ਇਕ ਗਰੁੱਪ ਵਲੋਂ ਇਕ ਇਨਕਲਾਬੀ ਫ਼ੌਜ ਬਣਾਉਣ, ਸਮੁੰਦਰ ਤੋਂ ਹੁੰਦੇ ਹੋਏ ਹਿੰਦੁਸਤਾਨ ਉੱਪਰ ਧਾਵਾ ਬੋਲਣ ਅਤੇ ਇਸ ਨੂੰ ਬਰਤਾਨਵੀ ਰਾਜ ਦੀ ਜਕੜ ਵਿੱਚੋਂ ਆਜ਼ਾਦ ਕਰਾਉਣ ਦਾ ਯਤਨ। ਇਹ ਜਿਵੇਂ ਵਾਪਰਿਆ, ਇਕ ਖ਼ਿਆਲੀ ਉਮੀਦ ਅਤੇ ਇਕ ਤ੍ਰਾਸਦਿਕ ਮਿਸ਼ਨ ਸੀ।

ਇਸ ਨੂੰ ਜਥੇਬੰਦ ਕਰਨ ਵਾਲੇ ਪੰਜਾਬੀਆਂ ਨੇ ਇਸ ਨੂੰ ਗ਼ਦਰ ਕਿਹਾ। ਇਸ ਦਾ ਭਾਵ ਸੀ "ਫ਼ੌਜੀ ਵਿਦਰੋਹ" ਜਾਂ "ਬਗ਼ਾਵਤ" ਅਤੇ ਉਨ੍ਹਾਂ ਦੇ ਵਧ ਰਹੇ ਪ੍ਰਚਾਰ ਦੇ ਸਿੱਟੇ ਵਜੋਂ 1915 'ਚ ਇਸ ਦਾ ਯਤਨ ਕੀਤਾ ਗਿਆ। ਹਥਿਆਰਾਂ ਅਤੇ ਪ੍ਰਚਾਰ ਸਮੱਗਰੀ ਨਾਲ ਲੱਦੀਆਂ ਪੰਜ ਕਿਸ਼ਤੀਆਂ ਕੈਲੀਫੋਰਨੀਆ ਦੀ ਪੰਜ ਵੱਖੋ-ਵੱਖਰੀਆਂ ਬੰਦਰਗਾਹਾਂ ਤੋਂ ਪਾਣੀ ਵਿਚ ਠਿੱਲ ਪਈਆਂ, ਜਿਨ੍ਹਾਂ ਦੀ ਅਦਾਇਗੀ ਜਰਮਨ ਜੰਗੀ ਮਿਸ਼ਨ ਨੇ ਕੀਤੀ ਸੀ। ਆਹ, ਇਨ੍ਹਾਂ 'ਚੋਂ ਜ਼ਿਆਦਾਤਰ ਬਰਤਾਨਵੀਆਂ ਨੇ ਸਫ਼ਰ ਦੌਰਾਨ ਹੀ ਫੜ ਲਈਆਂ। ਜੋ ਕੰਢੇ 'ਤੇ ਜਾ ਪਹੁੰਚੀਆਂ ਉਨ੍ਹਾਂ ਦਾ ਵਾਹ ਬਰਤਾਨਵੀ ਅਧਿਕਾਰੀ ਨਾਲ ਪਿਆ, ਅਤੇ ਕਈ ਆਗੂਆਂ ਨੂੰ ਫਾਹੇ ਲਾ ਦਿੱਤਾ ਗਿਆ। ਬਾਕੀਆਂ ਉੱਪਰ ਅਮਰੀਕਨ ਸਰਕਾਰ ਨੇ ਮੁਕੱਦਮਾ ਚਲਾਇਆ ਅਤੇ ਉਨ੍ਹਾਂ 'ਚੋਂ ਕਈਆਂ ਨੂੰ ਡੀਪੋਰਟ ਕਰ ਦਿੱਤਾ ਗਿਆ।

ਜਗਿਆਸਾ ਇਹ ਹੈ ਕਿ ਲਹਿਰ ਦੇ ਮੈਂਬਰ ਉਸ ਵਕਤ ਪਿੱਛੇ ਹਿੰਦੁਸਤਾਨ ਵਿਚ ਆਪਣੇ ਰਾਸ਼ਟਰਵਾਦੀ ਹਮਦੇਸ਼ਭਗਤਾਂ ਤੋਂ ਜ਼ਿਆਦਾ ਖਾੜਕੂ ਸਨ। ਉਨ੍ਹਾਂ ਦੀ ਆਜ਼ਾਦ ਲਹਿਰ ਕਰੀਬ-ਕਰੀਬ ਇਕੱਲੇ ਅਮਰੀਕਾ ਵਿਚ ਸੀ, ਅਤੇ ਇਸਦੇ ਹਿੰਦੁਸਤਾਨ ਨਾਲ ਸਬੰਧ ਉੱਘੜਵੇਂ ਰੂਪ 'ਚ ਕਮਜ਼ੋਰ ਸਨ। ਉਨ੍ਹਾਂ ਦੇ ਹੰਭਲੇ ਦੀ ਮਾਰਮਿਕਤਾ ਉਨ੍ਹਾਂ ਦੇ ਨਿਖੇੜੇ ਤੋਂ ਸਮਝ ਪੈਂਦੀ ਹੈ: ਬਾਗ਼ੀਆਂ ਦੀ ਇਕ ਨਿਹਚਾਵਾਨ ਟੋਲੀ ਜਿਨ੍ਹਾਂ ਨੇ ਅੱਧੀ ਦੁਨੀਆ ਦੇ ਫ਼ਾਸਲੇ 'ਤੇ ਬਰਤਾਨਵੀ ਹਿੰਦੁਸਤਾਨ ਵਿਰੁੱਧ ਇਕੱਲਿਆਂ ਹੀ ਗ਼ਦਰ ਜਾਰੀ ਰੱਖਿਆ।

ਫਿਰ ਉਨ੍ਹਾਂ ਨੇ ਇਹ ਕਿਉਂ ਕੀਤਾ? ਇਸ ਸਵਾਲ ਦੇ ਜਵਾਬ ਦੇ ਪਾਸਾਰ ਗ਼ਦਰ ਦੀ ਘਟਨਾ ਤੋਂ ਪਾਰ ਹਨ, ਕਿਉਂਕਿ ਗ਼ਦਰ ਜਿਨਾ ਵੀ ਅਜੀਬ ਲੱਗ ਸਕਦਾ ਹੈ, ਇਹ ਪ੍ਰਵਾਸੀ ਭਾਈਚਾਰੇ ਦੇ ਅੰਦਰ ਖਾੜਕੂ ਰਾਸ਼ਟਰਵਾਦ ਦੇ ਨਮੂਨੇ ਦੇ ਫਿੱਟ ਬੈਠਦਾ ਹੈ ਜਿਸ ਵਿਚ ਆਇਰਿਸ਼ ਰਾਸ਼ਟਰਵਾਦੀ, ਚੀਨੀ ਅਤੇ ਕੋਰੀਆਈ ਇਨਕਲਾਬੀ, ਅਤੇ ਸਾਡੇ ਸਮਿਆਂ ਵਿਚ ਇਰਾਨੀ ਖਾੜਕੂ ਸ਼ਾਮਲ ਹਨ। ਫਿਰ, ਗ਼ਦਰ ਦੇ ਮਾਮਲੇ ਵਿਚ ਨਸਲੀ-ਸੱਭਿਆਚਾਰਕ ਰੋਹ ਅਤੇ ਰਾਸ਼ਟਰਵਾਦੀ ਗੌਰਵ ਦੇ ਲੱਛਣ ਹਨ, ਅਤੇ ਉਨ੍ਹਾਂ ਦਰਮਿਆਨ ਸਬੰਧ ਮੰਗ ਕਰਦਾ ਹੈ ਕਿ ਇਸ ਨੂੰ ਸਮਝਿਆ ਜਾਵੇ।

ਸਾਡੀ ਛਾਣਬੀਣ ਪੈਸੀਫਿਕ ਤੋਂ ਦੋਵੇਂ ਦਿਸ਼ਾਵਾਂ ਵੱਲ ਨੂੰ ਲੈ ਤੁਰਦੀ ਹੈ: ਅਮਰੀਕੀ ਪ੍ਰਸੰਗ ਅਤੇ ਹਿੰਦੁਸਤਾਨੀ। ਪੰਜਾਬ ਪ੍ਰਸੰਗ ਸਾਨੂੰ ਇਹ ਸਮਝਣ ਵਿਚ ਮਦਦ ਕਰਦਾ ਹੈ ਕਿ ਪਹਿਲੀ ਗੱਲ ਤਾਂ ਇਹ ਕਿ ਇਹ ਆਵਾਸੀ ਅਮਰੀਕਾ ਕਿਉਂ ਆਏ: ਇਸ ਸਦੀ ਦੇ ਸ਼ੁਰੂ ਦੀ ਆਰਥਕ, ਸਮਾਜੀ ਅਤੇ ਸਿਆਸੀ ਹਲਚਲ। ਅਮਰੀਕੀ ਪ੍ਰਸੰਗ ਇਹ ਵਿਆਖਿਆ ਕਰਨ ਲਈ ਅੰਦਾਜ਼ਾ ਮੁਹੱਈਆ ਕਰਦਾ ਹੈ ਕਿ ਨਵੇਂ ਆਵਾਸੀ ਭਾਈਚਾਰੇ ਦੀਆਂ ਮਾਯੂਸੀਆਂ ਦਾ ਦੋਹਰੇ ਸੰਕਟ ਵਜੋਂ ਅਨੁਭਵ ਕਿਵੇਂ ਹੋਇਆ ਸੀ ਅਤੇ ਇਹ ਗ਼ਦਰ ਖਾੜਕੂਪਣ ਵਿਚ ਕਿਵੇਂ ਬਦਲੀਆਂ ਸਨ। ਉੱਤਰੀ ਅਮਰੀਕਨ ਗੋਰਿਆਂ ਦੇ ਤੁਅੱਸਬ ਪ੍ਰਤੀ ਵਿਰੋਧ-ਭਾਵਨਾ ਹਿੰਦੁਸਤਾਨ ਵਿਚ ਬਸਤੀਵਾਦੀ ਦਾਬੇ ਵਿਰੁੱਧ ਰਾਸ਼ਟਰਵਾਦੀ ਸੰਘਰਸ਼ ਨਾਲ ਜਾ ਜੁੜੀ ਸੀ। ਅਮਰੀਕਾ ਵਿਚ, ਨਵਾਂ ਆਵਾਸੀ ਭਾਈਚਾਰਾ ਆਪਣੀ ਜਾਗਰੂਕਤਾ ਨੂੰ ਬਰਕਰਾਰ ਰੱਖਣ ਦਾ ਯਤਨ ਕਰ ਰਿਹਾ ਸੀ, ਅਤੇ ਇਕ ਨਸਲੀ-ਸੱਭਿਆਚਾਰਕ ਕਿਰਤੀ ਜਮਾਤ ਵਜੋਂ ਆਪਣੀ ਨਵੀਂ ਪਛਾਣ ਨੂੰ ਵਿਕਸਤ ਕਰ ਰਿਹਾ ਸੀ, ਇਹ ਸਭ ਭੈਅ ਅਤੇ ਸੰਦੇਹ ਦੇ ਮਾਹੌਲ ਵਿਚ ਹੋ ਰਿਹਾ ਸੀ। ਅਮਰੀਕਾ ਅਤੇ ਹਿੰਦੁਸਤਾਨ ਅੰਦਰ ਦਾਬੇ ਵਿਰੁੱਧ ਸੰਘਰਸ਼ ਇਕ ਸੰਘਰਸ਼ ਵਿਚ ਜੁੜ ਗਿਆ: ਯਾਨੀ ਗ਼ਦਰ।

ਤਾਂ ਫਿਰ, ਗ਼ਦਰ ਪਛਾਣ ਜੋ ਰਾਸ਼ਟਰਵਾਦ ਅਤੇ ਫਿਰਕਾਵਾਦ ਉਹ ਹਿੰਦੁਸਤਾਨ ਤੋਂ ਨਾਲ ਲਿਆਏ, ਅਤੇ ਜਮਾਤੀ ਚੇਤਨਾ ਤੇ ਨਸਲੀ-ਸੱਭਿਆਚਾਰਕ ਪਛਾਣ ਜੋ ਉਨ੍ਹਾਂ ਨੂੰ ਅਮਰੀਕਾ ਵਿਚ ਮਾਲੂਮ ਹੋਈ ਦੋਵਾਂ ਦਾ ਮਿਸ਼ਰਣ ਸੀ। ਪਹਿਲਾ ਨਹੱਕੀਆਂ ਬਰਤਾਨਵੀ ਨੀਤੀਆਂ ਅਤੇ ਪੰਜਾਬ ਅੰਦਰ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਅੰਦਰ ਮੌਜੂਦ ਤਣਾਵਾਂ ਨੂੰ ਹੁੰਗਾਰਾ ਸੀ ਅਤੇ ਮਗਰਲਾ ਅਮਰੀਕਾ ਅੰਦਰ ਆਰਥਕ ਤੇ ਨਸਲੀ ਦਾਬੇ ਨੂੰ ਹੁੰਗਾਰਾ ਸੀ। ਇਹ ਤੱਤ ਗ਼ਦਰ ਲਹਿਰ ਦੇ ਮਿਸ਼ਰਤ ਮਨੋਰਥ ਬਣਦੇ ਸਨ; ਜੋ ਜਥੇਬੰਦੀ ਅੰਦਰਲੇ ਤਣਾਵਾਂ ਵਿਚ ਜ਼ਾਹਰ ਹੁੰਦੇ ਸਨ, ਅਤੇ ਇਨ੍ਹਾਂ ਦਾ ਝਲਕਾਰਾ ਇਸ ਦੀ ਮੈਂਬਰਸ਼ਿਪ ਦੀ ਬਣਤਰ ਵਿਚ ਵੀ ਪੈਂਦਾ ਸੀ।

ਲਹਿਰ ਦੇ ਰਲੇ-ਮਿਲੇ ਹਮਾਇਤੀ

ਸਦੀ ਦੇ ਅਖ਼ੀਰ 'ਚ ਕੈਨੇਡਾ ਅਤੇ ਅਮਰੀਕਾ ਦੇ ਪੱਛਮੀ ਕੋਸਟ ਉੱਪਰ ਆਏ ਹਿੰਦੁਸਤਾਨੀ ਮੁੱਖ ਤੌਰ 'ਤੇ ਪੰਜਾਬੀ, ਅਨਪੜ੍ਹ ਕਿਸਾਨ ਤੇ ਮਜ਼ਦੂਰ, ਵਿਦਿਆਰਥੀ, ਅਤੇ ਪੁਜਾਰੀ ਸਨ। ਗ਼ਦਰ ਲਹਿਰ ਇਨ੍ਹਾਂ ਦਾ ਮਿਸ਼ਰਣ ਸੀ; ਅਤੇ ਉਨ੍ਹਾਂ ਦੇ ਸਮਾਜੀ ਸਰੋਕਾਰ ਉਨ੍ਹਾਂ ਦੇ ਕਿੱਤਿਆਂ ਦੀ ਤਰ੍ਹਾਂ ਵੱਖੋ-ਵੱਖਰੇ ਸਨ।

ਲਹਿਰ ਵਿਚ ਸਿਆਸੀ ਪਨਾਹ ਲੈਣ ਵਾਲੇ ਸ਼ਾਮਲ ਸਨ ਜਿਨ੍ਹਾਂ ਦੇ ਦੇਖਿਆ ਕਿ ਉੱਤਰੀ ਅਮਰੀਕਾ ਬਸਤੀਵਾਦੀ ਰਾਜ ਵਿਰੁੱਧ ਬੋਲਣ ਲਈ ਸੁਖਾਵੀਂ ਜਗ੍ਹਾ ਸੀ। ਗ਼ਦਰ ਦਾ ਸਭ ਤੋਂ ਉੱਭਰਵਾਂ ਅਤੇ ਧੜੱਲੇਦਾਰ ਆਗੂ, ਹਰਦਿਆਲ, ਮਹਿਮਾਨ ਵਿਦਵਾਨ ਵਜੋਂ ਅਮਰੀਕਾ ਆਇਆ ਸੀ; ਪਰ ਉਹ ਉਸ ਵਡੇਰੀ ਆਜ਼ਾਦੀ ਕਾਰਨ ਵੀ ਆਇਆ ਸੀ ਜੋ ਉਸ ਦੀ ਸੋਚ ਅਨੁਸਾਰ ਅਮਰੀਕਾ ਮੁਹੱਈਆ ਕਰਦਾ ਸੀ। ਗ਼ਦਰ ਅਖ਼ਬਾਰ ਦਾ ਸੰਪਾਦਕ, ਰਾਮ ਚੰਦਰ, ਅਤੇ ਇਕ ਅਹਿਮ ਯੁੱਧਨੀਤੀਵਾਨ ਅਤੇ ਹਰ ਪਾਸੇ ਸੰਪਰਕ ਰੱਖਣ ਵਾਲੀ ਕੜੀ, ਬਰਕਤਉੱਲਾ ਵੀ ਅਮਰੀਕਾ ਆਉਣ ਤੋਂ ਪਹਿਲਾਂ ਰਾਸ਼ਟਰਵਾਦੀ ਲਹਿਰ ਵਿਚ ਸ਼ਾਮਲ ਰਹੇ ਸਨ। ਆਪਣੀ ਬੌਧਿਕ ਅਤੇ ਸਿਆਸੀ ਲੀਡਰਸ਼ਿਪ ਤੋਂ ਬਗ਼ੈਰ ਗ਼ਦਰ ਲਹਿਰ ਹੋਂਦ ਵਿਚ ਨਹੀਂ ਆ ਸਕਦੀ ਸੀ, ਪਰ ਉਨ੍ਹਾਂ ਦੀ ਭੂਮਿਕਾ ਨੂੰ ਵਧਾ-ਚੜ੍ਹਾਕੇ ਨਹੀਂ ਦੇਖਣਾ ਚਾਹੀਦਾ। ਆਪਣੀ ਕੁਲ ਵਿਦਵਤਾ ਅਤੇ ਕਰਾਮਾਤੀ ਅਥਾਰਟੀ ਦੇ ਬਾਵਜੂਦ, ਹਰਦਿਆਲ ਇਕ ਡਾਵਾਂਡੋਲ ਆਗੂ ਸੀ ਜੋ ਲਹਿਰ ਦੇ ਇਤਿਹਾਸ ਦੇ ਸਭ ਤੋਂ ਅਹਿਮ ਵਰ੍ਹਿਆਂ ਤੋਂ ਪਹਿਲਾਂ ਹੀ 1914 'ਚ ਲਹਿਰ ਅਤੇ ਅਮਰੀਕਾ ਦੋਵਾਂ ਨੂੰ ਛੱਡ ਕੇ ਉੱਥੋਂ ਚਲਾ ਗਿਆ ਸੀ।

ਆਵਾਸੀ ਕਿਰਤੀ, ਕਿਸਾਨ, ਅਤੇ ਵਿਦਿਆਰਥੀ ਲਹਿਰ ਦਾ ਵੱਡਾ ਹਮਾਇਤੀ ਹਿੱਸਾ ਸਨ। ਬਾਬਾ ਸੋਹਣ ਸਿੰਘ ਭਕਨਾ, ਜਿਸ ਨੂੰ ਕਈਆਂ ਵਲੋਂ ਗ਼ਦਰ ਲਹਿਰ ਦਾ ਬਾਨੀ ਮੰਨਿਆ ਜਾਂਦਾ ਹੈ, ਓਰੇਗਾਨ ਦੀ ਇਕ ਲੱਕੜ ਮਿੱਲ ਵਿਚ ਮਜ਼ਦੂਰ ਰਿਹਾ ਸੀ। ਸਟਾਕਟਨ, ਕੈਲੀਫੋਰਨੀਆ ਲਾਗੇ ਦਾ ਆਲੂ ਉਤਪਾਦਕ ਜਵਾਲਾ ਸਿੰਘ ਲਹਿਰ ਦੀ ਮਾਲੀ ਮਦਦ ਕਰਦਾ ਸੀ; ਅਤੇ ਭਗਵਾਨ ਸਿੰਘ, ਜਿਸਨੇ 1917 'ਚ ਪਾਰਟੀ ਦੇ ਵੰਡੇ ਜਾਣ 'ਤੇ ਗ਼ਦਰ ਪਾਰਟੀ ਦੀ ਕਮਾਨ ਸੰਭਾਲੀ, ਦੇ ਗਿਆਨੀ (ਗ੍ਰੰਥੀ) ਵਜੋਂ ਆਵਾਸੀ ਮਜ਼ਦੂਰ ਭਾਈਚਾਰੇ ਨਾਲ ਗੂੜ੍ਹੇ ਸਬੰਧ ਸਨ। ਕਾਡਰਾਂ ਦਾ ਸ਼ਹਾਦਤ ਦਾ ਜਾਮ ਪੀਣ ਵਾਲਾ ਨੌਜਵਾਨ ਆਗੂ ਕਰਤਾਰ ਸਿੰਘ ਸਰਾਭਾ, ਜੋ 1914-1915 'ਚ ਪੰਜਾਬ ਅੰਦਰ ਬਗ਼ਾਵਤ ਖੜ੍ਹੀ ਕਰਨ ਲਈ ਵਾਪਸ ਪਰਤ ਗਿਆ ਸੀ, ਉਹ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਖੇ ਵਿਦਿਆਰਥੀ ਵਜੋਂ ਅਮਰੀਕਾ ਆਇਆ ਸੀ।

ਬੰਦਾ ਸੋਚੇਗਾ ਕਿ ਆਵਾਸੀ ਕਿਰਤੀ ਅਤੇ ਵਿਦਿਆਰਥੀ ਤਾਂ ਹਿੰਦੁਸਤਾਨ ਪਿੱਛੇ ਛੱਡ ਆਏ ਸਨ। ਭਾਵੇਂ ਇਹ ਹੋ ਹੀ ਸਕਦਾ ਹੈ ਉਨ੍ਹਾਂ ਦੇ ਆਪਣੇ ਵਤਨ ਨਾਲ ਸਬੰਧ ਪੀਡੇ ਹੋਣਗੇ ਪਰ ਉਮੀਦ ਇਹੀ ਕੀਤੀ ਜਾਵੇਗੀ ਕਿ ਉਹ ਬਸਤੀਵਾਦੀ ਦਾਬੇ ਤੋਂ ਭਾਵੁਕ ਤੌਰ 'ਤੇ ਟੁੱਟੇ ਹੋਏ ਹੋਣਗੇ, ਅਤੇ ਉਨ੍ਹਾਂ ਦੀ ਰੁਚੀ ਸਿਰਫ਼ ਆਪਣੀਆਂ ਹੀ ਨਿੱਜੀ ਆਰਥਕ ਅਤੇ ਪੜ੍ਹਾਈ ਦੀਆਂ ਪ੍ਰਾਪਤੀਆਂ ਵਿਚ ਹੋਵੇਗੀ। ਇਂਵ, ਲਹਿਰ ਅੰਦਰ ਵਿਦਿਆਰਥੀਆਂ ਤੇ ਕਿਰਤੀਆਂ ਦੀ ਬਹੁਤ ਜ਼ਿਆਦਾ ਸ਼ਮੂਲੀਅਤ - ਰਾਸ਼ਟਰਵਾਦੀ ਕਾਜ ਲਈ ਆਖ਼ਰੀ ਸਾਹਾਂ ਤਕ ਉਨ੍ਹਾਂ ਦੀ ਵਚਨਬੱਧਤਾ - ਦੀ ਵਿਆਖਿਆ ਹੋਰ, ਵਧੇਰੇ ਨਿੱਜੀ, ਸਰੋਕਾਰਾਂ ਨੂੰ ਮਿਲਾਕੇ ਹੀ ਕੀਤੀ ਜਾ ਸਕਦੀ ਹੈ।



ਬਾਕੀ ਅਗਲੇ ਅੰਕ ਵਿਚ

ਕ੍ਰਿਸ਼ਨ ਭਨੋਟ



ਕ੍ਰਿਸ਼ਨ ਭਨੋਟ ਕਨੇਡਾ ਵਸਦੇ ਉੱਘੇ ਪੰਜਾਬੀ ਉਸਤਾਦ ਕਵੀ ਹਨ। ਉਨ੍ਹਾਂ ਨੇ ਗ਼ਜ਼ਲ ਸੰਗ੍ਰਹਿ ਤੇ ਗ਼ਜ਼ਲ ਦੇ ਅਰੂਜ਼ ਬਾਰੇ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਹਨ: ਉਮਰ ਦੇ ਵਰਕੇ, 'ਗ਼ਜ਼ਲ ਦੀ ਬਣਤਰ ਤੇ ਅਰੂਜ਼' 'ਮਹਿਕ ਦੇ ਹਸਤਾਖ਼ਰ', 'ਜਲ-ਤਰੰਗ', 'ਤਲਖ਼ ਪਲ', 'ਚੁੱਪ ਦਾ ਸੰਗੀਤ', 'ਸੋਨੇ ਦੀ ਸਲੀਬ ਤੋਂ' ਅਤੇ 'ਵਿਅੰਗ ਲੀਲਾ'।

ਕ੍ਰਿਸ਼ਨ ਭਨੋਟ ਦੀਆਂ ਕਵਿਤਾਵਾਂ

ਅਸੀਂ ਹਸਕੇ ਲੰਘਾ ਦੇਣੀ...

ਅਸੀਂ ਹਸਕੇ ਲੰਘਾ ਦੇਣੀ ਗ਼ਮਾਂ ਦੀ ਰਾਤ ਉੱਪਰ ਦੀ।
ਚੜ੍ਹੀ ਆਉਂਦੀ ਹਨੇਰੇ ਚੀਰਦੀ ਪ੍ਰਭਾਤ ਉੱਪਰ ਦੀ।

ਮੈਂ ਆਖਰ ਜਿੱਤਣਾ ਹੈ ਮਿਲ਼ਣ ਹਾਰਾਂ ਸੈਂਕੜੇ ਵਾਰੀ,
ਯਕੀਨ ਐਨਾ ਕਿ ਹੋ ਸਕਦੀ ਨ ਮੈਥੋਂ ਮਾਤ ਉੱਪਰ ਦੀ।

ਤਿਰੇ ਹਿਜਰਾਂ ਚ ਲਾਈਆਂ ਮੇਰੀਆਂ ਅੱਖੀਆਂ ਨੇ ਉਹ ਝੜੀਆਂ,
ਇਨ੍ਹਾਂ ਝੜੀਆਂ ਤੋਂ ਹੋ ਸਕਦੀ ਨਹੀਂ ਬਰਸਾਤ ਉੱਪਰ ਦੀ।

ਅਨੇਕਾਂ ਮੁਸ਼ਕਲਾਂ ਮੈਂ ਆਪਣੇ ਹੱਥੀਂ ਹੰਢਾਈਆਂ ਨੇ,
ਨ ਮਾਰੀ ਮੁਸ਼ਕਲਾਂ ਤੇ ਓਪਰੀ ਮੈਂ ਝਾਤ ਉੱਪਰ ਦੀ।

ਸ਼ਰੀਫਾਂ ਨੂੰ ਭਲਾ ਹੁਣ ਕੌਣ ਪੁੱਛਦਾ ਹੈ ਤਿਰੀ ਨਗਰੀ,
ਸ਼ਰੀਫਾਂ ਚੋਂ ਤਾਂ ਹਰ ਖੇਤਰ ਚ ਨੇ ਕਮਜ਼ਾਤ ਉੱਪਰ ਦੀ।

ਅਜੇ ਕਿੰਨੀਆਂ ਨਿਵਾਣਾਂ ਵੱਲ ਜਾਣਾ ਹੋਰ ਹੈ ਇਸਨੇ,
ਕਹਾਉਂਦੀ ਸਾਰੀਆਂ ਜ਼ਾਤਾਂ ਚੋਂ ਆਦਮ ਜ਼ਾਤ ਉੱਪਰ ਦੀ।

ਰਹੇ ਹਾਲਾਤ ਵਿਚ ਤੇ ਜਜ਼ਬਿਆਂ ਵਿਚ ਘੋਲ਼ ਤਾਂ ਚਲਦਾ,
ਕਦੇ ਹਾਲਾਤ ਉੱਪਰ ਦੀ, ਕਦੇ ਜਜ਼ਬਾਤ ਉੱਪਰ ਦੀ।

ਕਿਸੇ ਨਿਰਵਾਣ ਦੀ, ਮੁਕਤੀ ਦੀ, ਮੈਨੂੰ ਲੋੜ ਨਾ ਕੋਈ,
ਮਿਲ਼ੀ ਮੁਕਤੀ ਦੇ ਨਾਲ਼ੋਂ ਜ਼ਿੰਦਗੀ ਦੀ ਦਾਤ ਉੱਪਰ ਦੀ।

ਕਹਾਉਨੈਂ ਸੰਤ, ਮਾਇਆ ਨਾਗਣੀ ਨੂੰ ਮਾਰਦੈਂ ਜੱਫ਼ੇ,
ਤਿਰਾ ਕਿਰਦਾਰ ਨੀਵਾਂ 'ਕ੍ਰਿਸ਼ਨ' ਕਰਦੈਂ ਬਾਤ ਉੱਪਰ ਦੀ।

ਇਕ ਇਮਤਿਹਾਨ ਜ਼ਿੰਦਗੀ....

ਇਕ ਇਮਤਿਹਾਨ ਜ਼ਿੰਦਗੀ, ਹਿੰਮਤ ਨਾ ਹਾਰਨਾ।
ਹਿੰਮਤ ਨਾ ਹਾਰਨਾ ਕਦੀ, ਹਿੰਮਤ ਨਾ ਹਾਰਨਾ।

ਤਰਸੀ ਪਈ ਹੈ ਤੇਰਿਆਂ ਪੈਰਾਂ ਦੀ ਧੂੜ ਨੂੰ,
ਮੰਜ਼ਿਲ ਉਡੀਕਦੀ ਖੜ੍ਹੀ, ਹਿੰਮਤ ਨਾ ਹਾਰਨਾ।

ਰੋਕੇਗਾ ਕੌਣ ਜਿੱਤਣੋਂ, ਕਿਸਦੀ ਮਜ਼ਾਲ ਹੈ,
ਇਕ ਸ਼ਰਤ ਹੈ ਕਿ ਆਪਣੀ, ਹਿੰਮਤ ਨਾ ਹਾਰਨਾ।

ਮਿਲਦੇ ਜ਼ਰੂਰ, ਮਿਲਣ ਪਰ ਸਹਿਕੇ ਮੁਸੀਬਤਾਂ,
ਰਸ, ਰਾਗ,ਰੰਗ,ਰੌਸ਼ਨੀ, ਹਿੰਮਤ ਨਾ ਹਾਰਨਾ।

ਛੇਕਾਂ ਦੇ ਨਾਲ ਬਾਂਸ ਜਿਉਂ, ਬਣਦਾ ਹੈ ਬੰਸਰੀ,
ਜ਼ਖ਼ਮਾਂ ਦੇ ਨਾਲ ਜ਼ਿੰਦਗੀ, ਹਿੰਮਤ ਨਾ ਹਾਰਨਾ।

ਹੋ ਕੇ ਨਿਰਾਸ਼ ਝੂਰਨਾ, ਕੁਝ ਨਾ ਸੁਆਰਦਾ,
ਜੀਵਨ ਸੰਘਰਸ਼ ਹੈ ਬਈ, ਹਿੰਮਤ ਨਾ ਹਾਰਨਾ।

ਮਿਲਣੀ, ਵਿਯੋਗ, ਗ਼ਮ,ਖ਼ੁਸ਼ੀ, ਪਤਝੜ ਅਤੇ ਬਹਾਰ,
ਇਹਨਾ ਦਾ ਮੇਲ ਕੁਦਰਤੀ, ਹਿੰਮਤ ਨਾ ਹਾਰਨਾ।

ਛੱਡਣਾ ਨਹੀਂ ਹੈ ਕ੍ਰਿਸ਼ਨ ਤੂੰ ਆਸ਼ਾ ਦਾ ਲੜ ਕਦੀ,
ਆਵੇ ਜਦੋਂ ਔਖੀ ਘੜੀ, ਹਿੰਮਤ ਨਾ ਹਾਰਨਾ।

ਇੱਕ ਦੂਜੇ ਦੀ ਖ਼ੁਸ਼ੀ ਦੇ ਨਾਲ...

ਇੱਕ ਦੂਜੇ ਦੀ ਖ਼ੁਸ਼ੀ ਦੇ ਨਾਲ ਏਨਾ ਵੈਰ ਕਿਉਂ,
ਆਦਮੀ ਨੂੰ ਆਦਮੀ ਦੇ ਨਾਲ ਏਨਾ ਵੈਰ ਕਿਉਂ ।

ਬਾਜ ਵਾਂਗੂੰ ਇਹ ਅਚਿੰਤੇ ਝਪਟ ਪੈਂਦੀ ਕਿਉਂ ਸਦਾ,
ਮੌਤ ਨੂੰ ਹੈ ਜ਼ਿੰਦਗੀ ਦੇ ਨਾਲ ਏਨਾ ਵੈਰ ਕਿਉਂ ।

ਕੁੱਖ ਵਿਚ ਹੀ ਮਸਲ ਦਿੰਦੇ ਨੇ ਵਿਚਾਰੀ ਮਹਿਕ ਨੂੰ,
ਮਾਲੀਆਂ ਨੂੰ ਹੈ ਕਲੀ ਦੇ ਨਾਲ ਏਨਾ ਵੈਰ ਕਿਉਂ ।

ਚੰਨ ਮੁਖੜੇ ਨੂੰ ਸੰਵਾਰਨ ਦੀ ਪਈ ਹੈ ਲੋੜ ਕੀ,
ਸੁਹਣਿਆਂ ਦਾ ਸਾਦਗੀ ਦੇ ਨਾਲ਼ ਏਨਾ ਵੈਰ ਕਿਉਂ ।

ਜਦ ਕਿਤੇ ਦੀਵਾ ਜਗੇ, ਦੀਵਾ ਬੁਝਾਉਣਾ ਲੋਚਦੇ,
ਨੇਰ੍ਹਿਆਂ ਦਾ ਰੌਸ਼ਨੀ ਦੇ ਨਾਲ ਏਨਾ ਵੈਰ ਕਿਉਂ ।

ਖਾਣੇ, ਪੀਣੇ, ਲੜਨੇ, ਮਰਨੇ ਨੂੰ ਅਸੀਂ ਮੋਹਰੀ ਸਦਾ,
ਕੌਮ ਦਾ ਹੈ ਸੋਚਣੀ ਦੇ ਨਾਲ ਏਨਾ ਵੈਰ ਕਿਉਂ ।

ਜਦ ਕਦੇ ਮੌਕਾ ਮਿਲੇ, ਪਿੱਠ ਵਿਚ ਛੁਰਾ ਨੇ ਖੋਭਦੇ,
ਦੋਸਤਾਂ ਨੂੰ ਦੋਸਤੀ ਦੇ ਨਾਲ ਏਨਾ ਵੈਰ ਕਿਉਂ ।

ਕਿਉਂ ਰਹੇਂ ਗ਼ਮਗ਼ੀਨ ਹਰ ਪਲ, ਗ਼ਮ ਸਦਾ ਰਹਿਣੇ ਨਹੀਂ,
ਮੁਸਕਰਾ ਤੂੰ, ਮੁਸਕਣੀ ਦੇ ਨਾਲ ਏਨਾ ਵੈਰ ਕਿਉਂ ।

ਘਿਰ ਗਏ ਏਨੇ ਵਿਰੋਧਾ ਵਿਚ ਆਪਾਂ ਕ੍ਰਿਸ਼ਨ ਹੁਣ,
ਕੀ ਕਹਾਂ ਕੀਹਦਾ ਹੈ ਕੀਹਦੇ ਨਾਲ ਏਨਾ ਵੈਰ ਕਿਉਂ ।

ਖਿਲਰੇ ਜੁ ਰਾਹਾਂ 'ਚ....

ਖਿਲਰੇ ਜੁ ਰਾਹਾਂ 'ਚ, ਕੁਝ ਤਾਂ ਕੰਡੇ ਬੁਹਾਰਦੇ।
ਸਿਰ ਆਪਣੇ ਤੋਂ, ਜ਼ਿੰਦਗੀ ਦਾ ਰਿਣ ਉਤਾਰ ਦੇ।

ਓਹੀ ਅਖ਼ੀਰ ਲੁੱਟਦੇ ਬੁੱਲੇ ਬਹਾਰ ਦੇ।
ਜੋ ਲੋਕ ਪਤਝੜਾਂ ਦੀਆਂ ਛਮਕਾਂ ਸਹਾਰਦੇ।

ਕਿੰਨੀ ਵੀ ਤਾਰਨੀ ਪਵੇ, ਕੀਮਤ ਉਹ ਤਾਰਦੇ।
ਪਾਉਣੈ ਜਿਨ੍ਹਾਂ ਨੇ ਲਕਸ਼, ਉਸ ਸੀਅ ਨਾ ਉਚਾਰਦੇ।

ਜਿੰਨਾ ਸਕੇਂ ਸਕਾਰ ਤੂੰ ਸੁਪਨਾ ਸਕਾਰ ਦੇ।
ਜਿੰਨੀ ਸਕੇਂ ਸੰਵਾਰ ਤੂੰ ਦੁਨੀਆਂ ਸੰਵਾਰ ਦੇ।

ਮੈਂ ਤਾਂ ਹਮੇਸ਼ ਹੀ ਖੜ੍ਹਾਂ ਹਾਜ਼ਰ ਤਿਰੇ ਲਈ,
ਤੈਨੂੰ ਜਦੋਂ ਵੀ ਲੋੜ ਹੈ ਤੂੰ ਹਾਕ ਮਾਰ ਦੇ।

ਐਵੇਂ ਨਾ ਹੋ ਉਦਾਸ ਤੂੰ ਕੁਝ ਫੜ ਕਰਾਰ ਹੁਣ,
ਤੂੰ ਉੱਠ, ਚੱਲ, ਢਹਿੰਦੀਆਂ ਸੋਚਾਂ ਨਕਾਰਦੇ।

ਪਤਵੰਤਿਆਂ ਨੂੰ ਸ਼ੋਭਦੈ, ਦੂਹਰਾ ਮਿਆਰ ਤਾਂ,
ਹੁੰਦੀ ਜ਼ਰਾ ਨ ਮੈਲ਼ ਵੀ, ਦਿਲ ਵਿਚ ਗੰਵਾਰ ਦੇ।

ਅਪਣੀ ਜ਼ੁਬਾਨ 'ਕਿਸ਼ਨ' ਦੇਹ, ਤੂੰ ਲੋਕ-ਪੀੜ ਨੂੰ,
ਲੋਕਾਂ ਦਾ ਦਰਦ, ਰੀਝ, ਚਾਅ, ਜਜ਼ਬਾ ਉਭਾਰ ਦੇ।

ਚੱਲੇ ਗ਼ਜ਼ਲ ਦੀ ਗੱਲ ਤਾਂ ਤੇਰੇ 'ਤੇ ਮੁੱਕਦੀ,
ਪਿੱਛੇ ਖੜ੍ਹਾ ਏਂ 'ਕਿਸ਼ਨ' ਤੂੰ ਲੰਮੀ ਕਤਾਰ ਦੇ।

ਗੀਟਾ ਹਾਂ ਵਾਸਤਾ ਰਿਹਾ ਹੈ....

ਗੀਟਾ ਹਾਂ ਵਾਸਤਾ ਰਿਹਾ ਹੈ, ਪੱਥਰਾਂ ਦੇ ਨਾਲ਼।
ਹੋਇਆਂ ਮੈਂ ਗੋਲ਼ ਕਿੰਨੀਆਂ ਹੀ ਠੋਕਰਾਂ ਦੇ ਨਾਲ਼।

ਉਡਣਾ ਨਹੀਂ ਹੈ ਮਾਂਗਵੇਂ ਖੰਭਾਂ ਦੇ ਜ਼ੋਰ 'ਤੇ,
ਮੈਂ ਲੋਚਦਾ ਹਾਂ ਉੱਡਣਾ, ਅਪਣੇ ਪਰਾਂ ਦੇ ਨਾਲ਼।

ਦਿਲ ਤੋੜ ਕੇ ਖ਼ੁਸ਼ ਹੋ ਗਿਉਂ ਹੁਣ ਤਾਂ ਤੂੰ ਬਖ਼ਸ਼ ਦੇਹ,
ਕਿਉਂ ਖੇਡਣਾ ਤੂੰ ਲੋਚਦਾ ਏਂ ਕੰਕਰਾਂ ਦੇ ਨਾਲ਼।

ਸੱਟਾਂ ਪਲ਼ੋਸ ਬੈਠ ਕੇ ਜ਼ਖ਼ਮਾਂ 'ਤੇ ਮਾਣ ਕਰ,
ਪਾ ਲੈ ਤੂੰ ਹੋਰ ਦੋਸਤੀ ਜ਼ੋਰਾਵਰਾਂ ਦੇ ਨਾਲ਼।

ਭੂ-ਹੇਰਵਾ ਮਨੁੱਖ ਦਾ ਘਟਦਾ ਹੈ ਵਕ ?ਤ ਨਾਲ਼,
ਪੈਂਦਾ ਹੈ ਵਕ ?ਤ ਨਾਲ਼ ਮੋਹ ਨਵਿਆਂ ਘਰਾਂ ਦੇ ਨਾਲ਼।

ਜਾਣੈਂ ਵਲੈਤ ਬਣਕੇ ਕਲਾਕਾਰ ਸੋਚ ਲੈ,
ਕੁਝ ਮੇਲ਼ ਜੋਲ਼ ਗੰਢ ਲੈ, ਪਰਮੋਟਰਾਂ ਦੇ ਨਾਲ਼।

ਭਰਦੀ ਹੈ ਜੇਬ ਤਾਂ ਬਿਲੇ ਲ਼ਗਣ ਦੇ ਵਾਸਤੇ,
ਭਰਦੀ ਬਿਲਾਂ ਦੇ ਨਾਲ਼ ਹੈ ਉੱਡਦੀ ਕਰਾਂ ਦੇ ਨਾਲ਼।

ਕੀ ਹੈ ਕਵੀ ਦਾ, ਹੈ ਕਵੀ ਬੱਚੇ ਦੇ ਵਾਂਗਰਾਂ,
ਇਹ ਪਰਚਿਆ ਰਹੇ ਸਦਾ ਹੀ ਅੱਖਰਾਂ ਦੇ ਨਾਲ਼।

ਅੰਬਾਂ ਦੀ ਥਾਂ ਅੰਬਾਕੜੀ ਲਾਹੇ ਨਾ 'ਕਿਸ਼ਨ' ਭੁੱਖ,
ਲਹਿੰਦੀ ਨਾ ਭੁੱਖ ਮੇਲ਼ ਦੀ, ਖ਼ਤ ਪੱਤਰਾਂ ਦੇ ਨਾਲ਼।

ਵਫ਼ਾਦਾਰੀ ਬਦਲ ਜਾਂਦਾ ਏ ਪਲ ਪਲ....

ਵਫ਼ਾਦਾਰੀ ਬਦਲ ਜਾਂਦਾ ਏ ਪਲ ਪਲ, ਦਲ-ਬਦਲ ਵਾਂਗੂੰ।
ਮਹਾਂ-ਨਗਰੀ ਤਿਰਾ ਹਰ ਇਕ ਬਸ਼ਰ, ਲੱਗਦਾ ਏ ਛਲ ਵਾਂਗੂੰ।

ਤੂੰ ਚਿੱਕੜ ਵਿਚ ਘਿਰਿਐਂ, ਇਹ ਤਾਂ ਤੇਰੀ, ਖੁ ?ਸ਼ਨਸੀਬੀ ਹੈ,
ਤਿਰੇ ਹਿੱਸੇ 'ਚ ਹੀ ਆਇਐ ਮਨਾ, ਖਿੜਨਾ ਕੰਵਲ ਵਾਂਗੂੰ।

ਰਤਾ ਵੀ ਧੁੱਪ ਜੋ ਸਹਿੰਦੇ ਨ ਕੁਮਲ਼ਾ ਕੇ ਬਿਖ਼ਰ ਜਾਂਦੇ,
ਜੁ ਸਹਿੰਦੇ ਮੌਸਮਾਂ ਦੀ ਮਾਰ,ਉਹ ਰਸ ਜਾਣ ਫ਼ਲ਼ ਵਾਂਗੂੰ।

ਦਿਹਾੜੀ ਵਾਂਗ ਇਕ ਪਲ ਬੀਤਦੈ ਇਹ ਵੀ ਸਮਾਂ ਆਉਂਦੈ,
ਕਦੇ ਉਹ ਵੀ ਸਮਾਂ, ਜਾਂਦੀ ਦਿਹਾੜੀ, ਬੀਤ ਪਲ ਵਾਂਗੂੰ।

ਉਹ ਪੁੰਨੂੰ ਸੁਪਨਿਆਂ ਦਾ ਛਲ ਗਿਆ ਹੈ ਜਿੰਦ ਸੱਸੀ ਨੂੰ,
ਤੇ ਕੋਹਾਂ ਤੀਕ ਸਾਹਵੇਂ-ਜ਼ਿੰਦਗੀ ਪਸਰੀ ਹੈ ਥਲ ਵਾਂਗੂੰ।

ਰਹੇ ਨਾ ਬੇਸੁਰੀ, ਇਹ ਵੀ ਕਿਸੇ ਸੁਰਤਾਲ ਵਿਚ ਬੱਝੇ,
ਅਸੀਂ ਤਾਂ ਲੋਚਦੇ ਹਾਂ ਜ਼ਿੰਦਗੀ ਦੀ ਸੁਰ, ਗ਼ਜ਼ਲ ਵਾਂਗੂੰ।

ਬੁਝੇਗੀ ਪਿਆਸ ਏਸੇ ਆਸ ਦੇ ਵਿਚ ਦੌੜਦੇ ਰਹੀਏ,
ਮਹਾਂ-ਨਗਰੀ, ਤਿਰਾ ਕੈਸਾ ਤਲਿੱਸਮ, ਰੇਤ ਛਲ਼ ਵਾਂਗੂੰ

ਯਥਾਰਥ ਨਾਲ਼ ਵਾਹ ਪੈਂਦੈ, ਤਾਂ ਅਸਲੀ ਰੂਪ ਹੀ ਬਚਦੈ,
ਦਿਖਾਵੇ ਦੀ ਚਮਕ ਸਾਰੀ ਤਾਂ ਲਹਿ ਜਾਂਦੀ ਨਿਕਲ ਵਾਂਗੂੰ।

ਕਿਤੇ ਦਮ ਤੋੜ ਬੈਠੇ, ਕਿਸ਼ਨ ਤੂੰ ਦੇਖੀਂ ਗ਼ਜ਼ਲ ਤੇਰੀ,
ਪੁਆ ਬੈਠੀਂ ਨਾ ਪੈਖੜ ਡਾਲਰਾਂ ਦਾ, ਨਾਗ-ਵਲ਼ ਵਾਂਗੂੰ।

ਐਸ. ਤਰਸੇਮ: ਸ਼ਬਦ ਦੇ ਸਹੀ ਅਰਥਾਂ ਵਿਚ ਸੂਰਮਾ ਸੀ ਉਹ !





ਗੁਰਬਚਨ ਸਿੰਘ ਭੁੱਲਰ

ਨਿਹੰਗ-ਬੋਲੇ ਵਿਚ ਨੇਤਰਹੀਣ ਨੂੰ ਸੂਰਮਾ ਕਿਹਾ ਜਾਂਦਾ ਹੈ। ਵਿਗਿਆਨ ਅਨੁਸਾਰ ਮਨੁੱਖੀ ਦਿਮਾ.ਗ ਜਿੰਨੀ ਸਮਝ ਹਾਸਲ ਕਰਦਾ ਹੈ, ਉਸ ਦਾ 80 ਫ਼ੀਸਦੀ ਅੱਖਾਂ ਰਾਹੀਂ ਹਾਸਲ ਹੁੰਦਾ ਹੈ। ਇਹ 80 ਫ਼ੀਸਦੀ ਸਮਰੱਥਾ ਗੁਆ ਕੇ ਜੀਵਨ ਦੀ ਮੁਸ਼ਕਲ ਡਗਰ ਉੱਤੇ ਚਲਦੇ ਰਹਿਣ ਵਾਲਾ ਹਰ ਨੇਤਰਹੀਣ, ਠੀਕ ਹੀ, ਸੂਰਮਾ ਹੁੰਦਾ ਹੈ। ਇਹ ਸ਼ਬਦ ਪਰ ਜਿੰਨਾ ਐਸ. ਤਰਸੇਮ ਦੇ ਮੇਚ ਆਉਂਦਾ ਸੀ, ਉਹ ਵਿਰਲੇ-ਟਾਵੇਂ ਨੇਤਰਹੀਣਾਂ ਦੇ ਹੀ ਆਉਂਦਾ ਹੈ।

ਤਰਸੇਮ ਮੈਨੂੰ ਪਹਿਲੀ ਵਾਰ 1965 ਵਿਚ ਮਿਲਿਆ ਸੀ। ਰਾਮ ਸਰੂਪ ਅਣਖੀ ਨਾਲ ਓਦੋਂ ਤੱਕ ਮੇਰੀ ਦੋਸਤੀ ਗੂੜ੍ਹੀ ਹੋ ਚੁੱਕੀ ਸੀ। ਅਸੀਂ ਅਕਸਰ ਮਿਲਦੇ ਰਹਿੰਦੇ। ਇਸ ਵਾਰ ਆਇਆ ਤਾਂ ਉਹਦੇ ਨਾਲ ਇਕ ਮੁੰਡਾ ਹੋਰ ਸੀ। ਅਣਖੀ ਨੇ ਜਾਣ-ਪਛਾਣ ਕਰਵਾਈ, "ਇਹ ਆਪਣਾ ਤਰਸੇਮ ਐ, ਤਪੇ ਤੋਂ। ਇਹਨੂੰ ਵੀ ਲਿਖਣ-ਪੜ੍ਹਨ ਦਾ ਸ਼ੌਕ ਐ।" ਅਣਖੀ ਦਾ ਬੋਲਿਆ ਸ਼ਬਦ 'ਆਪਣਾ' ਭਵਿੱਖਵਾਚੀ ਸਿੱਧ ਹੋਇਆ। ਛੇਤੀ ਹੀ ਤਰਸੇਮ ਮੇਰਾ ਆਪਣਾ ਹੋ ਗਿਆ। ਉਹ ਬਹੁਤ ਮੋਹਖੋਰਾ ਬੰਦਾ ਸੀ ਤੇ ਬਹੁਤ ਛੇਤੀ ਮੇਰੇ ਸਾਰੇ ਪਰਿਵਾਰ ਦੇ ਨੇੜੇ ਹੋ ਗਿਆ। ਉਹਦਾ ਤਪਾ ਮੇਰੇ ਪਿੰਡ ਤੋਂ ਕੁੱਲ ਪੰਜ ਕੋਹ ਤਾਂ ਵਾਟ ਸੀ। ਤਪੇ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਉਹ ਕਾਫ਼ੀ ਸਮਾਂ ਉੱਥੇ ਹੀ ਸਕੂਲ ਅਧਿਆਪਕ ਰਿਹਾ ਸੀ।

ਇਕ ਦਿਨ ਉਹਨੇ ਦੱਸਿਆ, ਉਹਦੀ ਨਜ਼ਰ ਹੌਲ਼ੀ ਹੌਲ਼ੀ ਪਰ ਲਗਾਤਾਰ ਘਟ ਰਹੀ ਹੈ। ਉਹ ਪਟਿਆਲੇ ਤੋਂ ਇਲਾਜ ਕਰਵਾ ਰਿਹਾ ਸੀ, ਪਰ ਕੋਈ ਫ਼ਰਕ ਨਹੀਂ ਸੀ ਪੈ ਰਿਹਾ। ਆਖ਼ਰ ਇਕ ਚੰਦਰੇ ਦਿਨ ਉਸ ਸਮੇਂ ਦੇ ਅੱਖਾਂ ਦੇ ਪ੍ਰਮੁੱਖ ਸਿਆਣੇ, ਡਾ. ਧਨਵੰਤ ਸਿੰਘ ਨੇ ਉਹਨੂੰ ਬਿਠਾ ਕੇ ਕਿਹਾ, "ਕਾਕਾ, ਤੂੰ ਪੜ੍ਹਿਆ-ਲਿਖਿਆ ਹੈਂ। ਉਮੀਦ ਹੈ, ਮੇਰੀ ਗੱਲ ਨੂੰ ਧੀਰਜ ਨਾਲ ਸੁਣੇਂ, ਸਮਝੇਂ ਤੇ ਲਵੇਂਗਾ। ਹੁਣ ਇਹ ਜਾਣਕਾਰੀ ਨਾ ਦੇਣਾ ਤੇਰੇ ਲਈ ਠੀਕ ਨਹੀਂ ਹੋਵੇਗਾ। ਤੇਰੀਆਂ ਅੱਖਾਂ ਨੂੰ ਅਜਿਹਾ ਰੋਗ ਹੈ ਜਿਸ ਦਾ ਕੋਈ ਇਲਾਜ ਨਹੀਂ। ਆਪਣੇ ਦੇਸ ਵਿਚ ਵੀ ਨਹੀਂ, ਅਮਰੀਕਾ ਤੇ ਰੂਸ ਵਿਚ ਵੀ ਨਹੀਂ। ਤੇਰੀਆਂ ਅੱਖਾਂ ਦੀ ਜੋਤ ਹੌਲ਼ੀ ਹੌਲ਼ੀ ਘਟਦੀ ਜਾਵੇਗੀ। ਪਰ ਤੂੰ ਨਿਰਾਸ਼ ਨਹੀਂ ਹੋਣਾ। ਇਹ ਕੋਈ ਛੇਤੀ ਵਾਪਰਨ ਵਾਲੀ ਗੱਲ ਨਹੀਂ, ਬੜਾ ਲੰਮਾ ਸਮਾਂ ਲੱਗੇਗਾ। ਹਾਲਾਤ ਅਨੁਸਾਰ ਢਲਣ ਦਾ ਗੁਰ ਸਿੱਖ ਲਵੇਂਗਾ ਤਾਂ ਜ਼ਿੰਦਗੀ ਜਿਉਣ ਵਿਚ ਮੁਸ਼ਕਲ ਬਹੁਤੀ ਨਹੀਂ ਆਵੇਗੀ।"

ਡਾ. ਧਨਵੰਤ ਸਿੰਘ ਦੀ ਦੱਸੀ ਹੋਈ ਇਹ ਹੋਣੀ ਵਾਪਰਦੀ ਵੀ ਮੈਂ ਨੇੜਿਉਂ ਦੇਖੀ ਤੇ ਤਰਸੇਮ ਦਾ ਇਸ ਅਨੁਸਾਰ ਢਲਣਾ ਤੇ ਇਸ ਉੱਤੇ ਹਾਵੀ ਹੋਣਾ ਵੀ ਮੈਂ ਨੇੜਿਉਂ ਦੇਖਿਆ। ਉਹ ਨੇਤਰਹੀਣਾਂ ਦੇ ਇਕ ਕੁੱਲ-ਹਿੰਦ ਸੰਗਠਨ ਨਾਲ ਜੁੜਿਆ ਹੋਇਆ ਸੀ। ਉਹ ਉਹਦੀਆਂ ਮੀਟਿੰਗਾਂ ਵਾਸਤੇ ਦਿੱਲੀ ਆਉਂਦਾ ਤਾਂ ਮੇਰੇ ਕੋਲ ਠਹਿਰਦਾ। ਕੁਝ ਸਮਾਂ ਉਹ ਆਪਣੇ ਕਿਸੇ ਸਕੇ-ਸੰਬੰਧੀ ਨੂੰ ਨਾਲ ਲੈ ਕੇ ਆਉਂਦਾ ਰਿਹਾ, ਫੇਰ ਉਹਨੇ ਸਹਾਇਕ ਰੱਖ ਲਿਆ। ਜਦੋਂ ਉਹਦਾ ਪੁੱਤਰ ਸੋਵੀਅਤ ਯੂਨੀਅਨ ਡਾਕਟਰੀ ਕਰਨ ਗਿਆ, ਸਾਲ ਵਿਚ ਦਿੱਲੀ ਦੇ ਉਹਦੇ ਦੋ ਚੱਕਰ ਹੋਰ ਪੱਕੇ ਹੋ ਗਏ। ਉਹ ਛੁੱਟੀਆਂ ਵਿਚ ਆਏ ਪੁੱਤਰ ਨੂੰ ਲੈਣ ਤੇ ਛੱਡਣ ਜ਼ਰੂਰ ਆਉਂਦਾ। ਮੈਂ ਹਸਦਾ, "ਤਰਸੇਮ, ਤੇਰਾ ਮੁੰਡਾ ਸੁੱਖ ਨਾਲ ਜਵਾਨ ਹੋ ਗਿਆ। ਪਰਦੇਸ ਵਿਚ ਪੜ੍ਹਦਾ ਹੈ। ਹੁਣ ਇਹਦੇ ਉੱਤੇ ਏਨਾ ਇਤਬਾਰ ਤਾਂ ਕਰ ਕਿ ਮਾਲੇਰਕੋਟਲੇ ਤੇ ਦਿੱਲੀ ਵਿਚਕਾਰਲਾ ਸਫ਼ਰ ਇਕੱਲਾ ਕਰ ਸਕਦਾ ਹੈ!" ਉਹਦਾ ਮੱਤ ਸੀ, "ਅੱਜਕੱਲ੍ਹ ਦੇ ਨਿਆਣੇ ਆਪਣੇ ਜਿੰਨੀ ਜ਼ਿੰਮੇਵਾਰੀ ਕਾਹਨੂੰ ਸਿਖਦੇ ਨੇ!" ਉਹਨੇ ਇਹ ਆਉਣਾ-ਜਾਣਾ ਬਣਾਈ ਹੀ ਰੱਖਿਆ।

ਓਦੋਂ ਉਹਦਾ ਕਹਿਣਾ ਸੀ ਕਿ ਜੇ ਕੋਈ ਬੰਦਾ ਨੇੜੇ ਹੀ ਚਾਨਣ ਵਿਚ ਖੜ੍ਹਾ ਹੋਵੇ, ਉਹ ਪਛਾਣ ਲੈਂਦਾ ਹੈ। ਹੋਰ ਕੁਝ ਸਾਲ ਬੀਤੇ ਤਾਂ ਉਹਨੂੰ ਇਉਂ ਖਲੋਤੇ ਬੰਦਿਆਂ ਦੀ ਪਛਾਣ ਆਉਣੋਂ ਹਟ ਗਈ, ਸਿਰਫ਼ ਧੁੰਦਲੇ ਆਕਾਰ ਦਿੱਸਣ ਲੱਗੇ। ਉਹ ਉਨ੍ਹਾਂ ਆਕਾਰਾਂ ਦੀ ਗਿਣਤੀ ਦੱਸ ਸਕਦਾ ਸੀ, ਪਛਾਣ ਨਹੀਂ। ਇਉਂ ਆਖ਼ਰ ਹੁੰਦੇ ਹੁੰਦੇ ਉਹਦੇ ਨੈਣਾਂ ਦੇ ਬੂਹੇ ਬਿਲਕੁਲ ਬੰਦ ਹੋ ਗਏ। ਵੱਡੀ ਗੱਲ ਇਹ ਕਿ ਇਸ ਹਾਲਤ ਵਿਚ ਵੀ ਉਹ ਡੋਲਿਆ ਨਹੀਂ ਸਗੋਂ ਉਹਨੇ ਧੀਰਜ ਬਣਾਈ ਰੱਖਿਆ ਅਤੇ ਮੁਸ਼ਕਲ ਨਾਲ ਲੜਨ ਤੇ ਇਸ ਉੱਤੇ ਕਾਬੂ ਪਾਉਣ ਦੀ ਦ੍ਰਿੜ੍ਹਤਾ ਦਿਖਾਈ। ਇਹ ਉਹਦੀ ਸੂਰਮਗਤੀ ਹੀ ਤਾਂ ਸੀ!

ਆਮ ਕਰਕੇ ਅਜਿਹੀ ਅਵਸਥਾ ਵਿਚ ਪਏ ਬੰਦੇ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਨਜ਼ਰ ਹੁੰਦਿਆਂ ਜਿੰਨੀ ਕੁ ਪੜ੍ਹਾਈ ਕਰ ਸਕਿਆ ਹੈ, ਉਹਨੂੰ ਬਾਕੀ ਜੀਵਨ ਲਈ ਟੇਕ ਬਣਾ ਲਵੇ, ਪਰ ਤਰਸੇਮ ਰੁਕਣ ਵਾਲਾ ਬੰਦਾ ਨਹੀਂ ਸੀ। ਸਗੋਂ ਉਹਦੇ ਬਾਰੇ ਤਾਂ ਸੱਚ ਇਹ ਹੈ ਕਿ ਉਹਨੇ ਪੜ੍ਹਾਈ-ਲਿਖਾਈ ਵਿਚ ਜੋ ਕੁਝ ਹਾਸਲ ਕੀਤਾ, ਬਹੁਤਾ ਜੋਤਹੀਣ ਹੁੰਦਿਆਂ ਹੀ ਕੀਤਾ। ਉਹਨੇ ਪੰਜਾਬੀ, ਹਿੰਦੀ ਤੇ ਫ਼ਾਰਸੀ ਵਿਚ ਤਿੰਨ ਐਮ.ਏ. ਕੀਤੀਆਂ। ਜੇ ਮੈਂ ਭੁਲੇਖਾ ਨਹੀਂ ਖਾਂਦਾ, ਤਿੰਨਾਂ ਵਿਚ ਹੀ ਉਹ ਪਹਿਲੇ ਸਥਾਨ ਉੱਤੇ ਰਿਹਾ। ਆਪਣੇ ਮਨਪਸੰਦ ਕਵੀ ਬਾਵਾ ਬਲਵੰਤ ਦੀ ਕਵਿਤਾ ਦੀ ਨਿਰਖ-ਪਰਖ ਕਰਦਿਆਂ ਉਹਨੇ ਪੀ-ਐਚ. ਡੀ. ਦੀ ਡਿਗਰੀ ਲਈ। 1983 ਵਿਚ ਉਹ ਸਰਕਾਰੀ ਕਾਲਜ ਮਾਲੇਰਕੋਟਲਾ ਵਿਚ ਲੈਕਚਰਾਰ ਲੱਗ ਗਿਆ ਅਤੇ 2002 ਵਿਚ ਸੇਵਾਮੁਕਤੀ ਤੱਕ ਉੱਥੇ ਹੀ ਪੜ੍ਹਾਉਂਦਾ ਰਿਹਾ। ਇਹ ਅਧਿਆਪਕ ਵਜੋਂ ਉਹਦੀ ਮਿਹਨਤ ਤੇ ਲਗਨ ਦਾ ਪ੍ਰਮਾਣ ਹੈ ਕਿ ਉਹਦੇ ਵਿਦਿਆਰਥੀ ਪੂਰੀ ਤਰ੍ਹਾਂ ਸੰਤੁਸ਼ਟ ਰਹੇ।

ਉਹ ਏਨੇ ਕੰਮਾਂ ਨੂੰ ਹੱਥ ਪਾਉਂਦਾ ਜਿੰਨਿਆਂ ਨੂੰ ਆਮ ਕਰਕੇ ਬਹੁਤੇ ਅੱਖਾਂ ਵਾਲੇ ਵੀ ਪਾਉਂਦੇ ਨਹੀਂ। ਉਹ ਅਜਿਹੇ ਕੰਮਾਂ ਨੂੰ ਵੀ ਹੱਥ ਪਾਉਂਦਾ ਜਿਨ੍ਹਾਂ ਵਿਚ ਪੈਣ ਦੀ, ਮੇਰੀ ਸਮਝ ਅਨੁਸਾਰ, ਉਹਨੂੰ ਇਸ ਅਵਸਥਾ ਵਿਚ ਕੋਈ ਲੋੜ ਨਹੀਂ ਸੀ। ਉਹਦੀਆਂ ਪਰ ਆਪਣੀਆਂ ਦਲੀਲਾਂ ਹੁੰਦੀਆਂ। ਮਿਸਾਲ ਵਜੋਂ, ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪ੍ਰਧਾਨਗੀ ਜਾਂ ਜਨਰਲ ਸਕੱਤਰੀ ਲਈ ਚੋਣ ਲੜਦਾ ਤੇ ਜਿੱਤਦਾ। ਮੈਂ ਆਖਦਾ, "ਤੂੰ ਏਨੇ ਸਮੇਂ ਵਿਚ ਲਿਖਣ-ਪੜ੍ਹਨ ਦਾ ਕੋਈ ਕੰਮ ਕਰ। ਕੀ ਕੱਢਣਾ-ਪਾਉਣਾ ਹੈ ਇਨ੍ਹਾਂ ਪ੍ਰਧਾਨਗੀਆਂ ਤੇ ਸਕੱਤਰੀਆਂ ਤੋਂ!" ਉਹ ਪੂਰੀ ਗੰਭੀਰਤਾ ਨਾਲ ਆਖਦਾ, "ਨਹੀਂ, ਪੰਜਾਬੀ ਭਾਸ਼ਾ ਦਾ ਵਾਹ ਸਭ ਅਜਿਹੀਆਂ ਸਰਕਾਰਾਂ ਨਾਲ ਪੈਂਦਾ ਹੈ ਜਿਨ੍ਹਾਂ ਦੀ ਨਜ਼ਰ ਵਿਚ ਇਹਦੀ ਕੋਈ ਕਦਰ-ਕੀਮਤ ਨਹੀਂ। ਕੋਈ ਪੁਸਤਕਾਂ ਦੀਆਂ ਘੁੰਡ-ਚੁਕਾਈਆਂ ਤੇ ਗੋਸ਼ਟੀਆਂ ਤੱਕ ਸੀਮਤ ਰਹਿਣ ਵਾਲੇ ਅਹੁਦੇਦਾਰ ਆ ਗਏ, ਪੰਜਾਬੀ ਦੀ ਬਾਤ ਕਿਸੇ ਨੇ ਨਹੀਂ ਪੁੱਛਣੀ। ਇੱਥੇ ਤਾਂ ਲਗਾਤਾਰ ਸੰਘਰਸ਼ ਕਰਨਾ ਪੈਣਾ ਹੈ!" ਉਹਦੀ ਇਸ ਦਲੀਲ ਦੀ ਭਲਾ ਕੀ ਕਾਟ ਹੋ ਸਕਦੀ ਸੀ! ਇਹ ਸੰਘਰਸ਼ ਵੀ ਕਾ.ਗਜ਼ੀ ਨਹੀਂ ਸੀ ਰਹਿੰਦਾ। ਧਰਨੇ ਵੀ ਦਿੱਤੇ ਜਾਂਦੇ, ਮਟਕਾ ਚੌਕ ਵਿਚ ਲੇਖਕਾਂ ਉੱਤੇ ਪੁਲੀਸ ਦੀਆਂ ਡਾਂਗਾਂ ਵੀ ਵਰ੍ਹਦੀਆਂ ਤੇ ਸੀਖਾਂ ਪਿੱਛੇ ਵੀ ਜਾਣਾ ਪੈਂਦਾ। ਉਹ ਖੱਬੀ ਵਿਚਾਰਧਾਰਾ ਦਾ ਪੱਕਾ ਵਿਸ਼ਵਾਸੀ ਸੀ। ਖੱਬੀ ਸਿਆਸਤ ਕਿਹੋ ਜਿਹੇ ਵੀ ਵਿੰਗਵਲੇਵਿਆਂ ਵਿਚ ਪੈਂਦੀ ਰਹੀ, ਵਿਚਾਰਧਾਰਾ ਤੋਂ ਉਹਦਾ ਵਿਸ਼ਵਾਸ ਅੰਤ ਤੱਕ ਨਹੀਂ ਸੀ ਡੋਲਿਆ।

ਸਵੇਰੇ 'ਪੰਜਾਬੀ ਟ੍ਰਿਬਿਊਨ' ਸੁਣਨਾ ਤੇ ਫੇਰ ਰਸਾਲਿਆਂ ਦੇ ਨਵੇਂ ਆਏ ਅੰਕਾਂ ਵਿਚੋਂ ਲੰਘਣਾ ਉਹਦਾ ਨਿੱਤਨੇਮ ਸੀ। ਸਹਾਇਕ ਨੇ ਸੁਰਖੀ ਪੜ੍ਹਨੀ, ਤਰਸੇਮ ਨੇ ਮਤਲਬ ਦੀ ਗੱਲ ਸੁਣ ਲੈਣੀ ਤੇ ਬਾਕੀ ਸਭ ਕੁਝ ਤੋਂ ਪਾਸੇ ਦੀ ਲੰਘ ਜਾਣਾ। ਇਸੇ ਪਾਠਕੀ ਜੁਗਤ ਨਾਲ ਉਹ ਰੀਵਿਊਆਂ ਵਿਚੋਂ ਸੁੰਘ ਕੇ ਮਤਲਬ ਦੀਆਂ ਨਵੀਆਂ ਪੁਸਤਕਾਂ ਦੀ ਵੀ ਟੋਹ ਰੱਖਦਾ। ਅਸਲ ਅਸ਼ਕੇ ਆਖਣ ਵਾਲੀ ਤਾਂ ਉਹਦੀ ਮੌਲਿਕ ਰਚਨਾ ਹੈ। ਉਹਨੇ ਚਾਰ ਕਹਾਣੀ-ਸੰਗ੍ਰਹਿ, ਤਿੰਨ .ਗਜ਼ਲ-ਸੰਗ੍ਰਹਿ, ਇਕ .ਗਜ਼ਲਾਂ, ਗੀਤਾਂ ਤੇ ਕਵਿਤਾਵਾਂ ਦੀ ਪੁਸਤਕ, ਆਲੋਚਨਾ ਦੀਆਂ ਦਸ ਪੁਸਤਕਾਂ, ਦੋ ਭਾਗਾਂ ਵਿਚ ਸਵੈਜੀਵਨੀ ਤੇ ਇਕ ਸਾਹਿਤਕ ਸਵੈਜੀਵਨੀ ਅਤੇ ਨੇੜਲਿਆਂ ਦੇ ਸ਼ਬਦ-ਚਿੱਤਰਾਂ ਦੀਆਂ ਤਿੰਨ ਪੁਸਤਕਾਂ ਪਾਠਕਾਂ ਨੂੰ ਦਿੱਤੀਆਂ। ਉਹਦੀਆਂ ਤਿੰਨ ਪੁਸਤਕਾਂ ਹਿੰਦੀ ਵਿਚ ਵੀ ਛਪੀਆਂ। ਸਵੈਜੀਵਨੀ 'ਧ੍ਰਿਤਰਾਸ਼ਟਰ' ਬਹੁਤ ਚਰਚਿਤ ਰਹੀ। ਏਨਾ ਹੀ ਧਿਆਨ .ਗਜ਼ਲ ਦੀ ਖੋਜ ਸੰਬੰਧੀ ਉਹਦੀਆਂ ਦੋ ਵੱਡ-ਆਕਾਰੀ ਪੁਸਤਕਾਂ ਨੇ ਖਿੱਚਿਆ। ਇਨ੍ਹਾਂ ਨੂੰ ਲਿਖਣ ਸਮੇਂ ਉਹਨੂੰ ਦਰਜਨਾਂ .ਗਜ਼ਲਕਾਰਾਂ ਦੀਆਂ ਰਚਨਾਵਾਂ ਸੁਣਨੀਆਂ ਤੇ ਰਚਨਾ ਵਿਚ ਸਮੋਣੀਆਂ ਪਈਆਂ। ਨੇਤਰਹੀਣਤਾ ਨੇ ਉਹਦਾ ਚੇਤਾ ਬੜਾ ਨਰੋਆ ਬਣਾ ਦਿੱਤਾ ਸੀ। ਕਿਸੇ ਹਵਾਲੇ ਦੀ ਲੋੜ ਵੇਲੇ ਉਹ ਸਹਾਇਕ ਨੂੰ ਥਹੁ-ਟਿਕਾਣਾ ਦੱਸ ਕੇ ਝੱਟ ਉਹ ਪੰਨਾ ਕਢਵਾ ਲੈਂਦਾ।

ਬਾਕੀ ਸਫ਼ਾ 41 'ਤੇ



ਮੇਰੀ ਕਵਿਤਾ ਈ ਮੇਰਾ ਵਜੂਦ ਐ

ਪਾਲ ਕੌਰ

ਪਾਲ ਕੌਰ; ਪੰਜਾਬੀ ਦੀ ਜ਼ਹੀਨ ਕਵਿੱਤਰੀ। ਆਪਣੀ ਕਵਿਤਾ ਨੂੰ ਆਪਣਾ ਵਜੂਦ ਮੰਨਣ ਵਾਲੀ ਇਸ ਸ਼ਾਇਰਾ ਦਾ ਬਚਪਨ ਤੋਂ ਜਵਾਨੀ ਤੱਕ ਸਫ਼ਰ ਉਸ ਨੂੰ ਅਜਿਹਾ ਮੁੱਢਲਾ ਅਨੁਭਵ ਪ੍ਰਦਾਨ ਕਰਦਾ ਹੈ; ਜੋ ਉਸ ਦੀ ਸਮੁੱਚੀ ਕਵਿਤਾ ਦਾ ਆਧਾਰ ਬਣ ਜਾਂਦਾ ਹੈ। ਇਸ ਅਨੁਭਵ ਵਿਚ ਸਿਰੇ ਦੀ ਪੀੜ ਹੈ, ਜੋ ਭਾਵੇਂ ਨਿੱਜੀ ਹੈ ਪਰ ਕਵਿਤਾ ਵਿਚ ਸਮੂਹਕ ਪੀੜ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਦਰਅਸਲ; ਪਾਲ ਕੌਰ ਦਾ ਕਵਿਤਾ ਤੱਕ ਪਹੁੰਚਣ ਦਾ ਜ਼ਰੀਆ ਹੀ ਉਹਦਾ ਅਨੁਭਵ ਹੈ। ਉਹਦਾ ਕਹਿਣਾ ਹੈ – "ਕਵਿਤਾ ਵਿਚ ਜਿੰਨੀ ਦੇਰ ਤੱਕ ਤੁਹਾਡਾ ਜੀਵਿਆ ਹੋਇਆ ਅਨੁਭਵ ਨਹੀਂ ਆਉਂਦਾ, ਉਹ ਕਵਿਤਾ ਨਹੀਂ ਬਣਦੀ।

ਸੱਤ ਕਾਵਿ ਪੁਸਤਕਾਂ, ਇਕ ਆਲੋਚਨਾ ਪੁਸਤਕ, ਇਕ ਵਾਰਤਕ ਅਤੇ ਦੋ ਸੰਪਾਦਤ ਪੁਸਤਕਾਂ ਦੀ ਰਚੇਤਾ ਪਾਲ ਕੌਰ ਦੀ ਪ੍ਰਤੀਨਿੱਧ ਕਵਿਤਾ 'ਖੱਬਲ਼ ਤੋਂ ਉਹਦੇ ਸਮੁੱਚੇ ਕਾਵਿ–ਜਗਤ ਦੀ ਬੁਨਿਆਦ ਬੱਝਦੀ ਹੈ; ਇਸ ਚ ਉਹ
ਕਹਿੰਦੀ ਹੈ

ਜਦੋਂ ਮੈਂ ਜੰਮੀ ਸਾਂ,
ਤਾਂ ਮੈਨੂੰ ਦੇਖ ਕੇ ਕਿਸੇ ਨੇ ਪਿੱਠ ਕਰ ਲਈ ਸੀ
ਤੇ ਕਿਸੇ ਨੇ ਮੂੰਹ ਫੇਰ ਲਿਆ ਸੀ!
ਤੇ ਜਿਵੇਂ ਕਹਿੰਦੇ ਨੇ,
ਇੱਕੀ ਦਿਨਾਂ ਵਿਚ ਬੱਚਾ
ਪਿਉ ਦੀ ਪੱਗ ਪਛਾਣ ਲੈਂਦਾ ਏ,
ਮੈਂ ਪਿੱਠ ਪਛਾਣ ਲਈ ਸੀ।

ਅਸੀਂ ਪੁਛਿਆ – "ਤੁਹਾਡੇ ਮੁਤਾਬਕ ਔਰਤ ਦੇ ਸੰਪੂਰਨ ਹੋਣ ਦਾ ਸੰਕਲਪ ਕੀ ਹੈ?
ਕਹਿਣ
ਲੱਗੀ – "ਆਪਣੇ ਪੈਰਾਂ ਤੇ ਖੜੇ ਹੋਣਾ, ਆਪਣੀ ਇਛਾ ਤੇ ਸੋਚ ਮੁਤਾਬਕ ਜੀਣਾ, ਅੰਦਰ ਕੋਈ ਪਿਆਸ ਨਾ ਰਹਿ ਜਾਣਾ ਤੇ ਆਪਣੀ ਸਮੁੱਚਤਾ ਵਿਚ ਹਾਜ਼ਰ ਰਹਿਣਾ। ਬਿਲਕੁਲ ਇਵੇਂ ਦੀ ਹੈ ਪਾਲ ਕੌਰ ਤੇ ਇਵੇਂ ਦੀ ਹੀ ਹੈ ਉਹਦੀ ਕਵਿਤਾ।

ਮੁਲਾਕਾਤੀ : ਸੁਸ਼ੀਲ ਦੁਸਾਂਝ, ਕਰਮਜੀਤ ਸਿਘ

ਟੇਪ ਤੋਂ ਉਤਾਰਾ : ਕਮਲ ਦੁਸਾਂਝ

ਪਿਤਾ, ਪੱਗ ਤੇ ਪਿੱਠ

ਸਵਾਲ : ਕਹਿੰਦੇ ਨੇ, "ਬੱਚਾ ਜਨਮ ਤੋਂ ਇੱਕੀ ਦਿਨਾਂ ਵਿਚ ਆਪਣੇ ਪਿਉ ਦੀ ਪੱਗ ਪਛਾਣ ਲੈਂਦੈ, ਮੈਂ ਪਿੱਠ ਪਛਾਣ ਲਈ ਸੀ।

ਇਹ ਤੁਹਾਡਾ ਕਥਨ ਹੈ। ਕੀ ਮਾਜਰਾ ਹੈ ਇਹ?

ਪਾਲ ਕੌਰ : ਮੇਰੇ ਜਨਮ ਤੋਂ ਪਹਿਲਾਂ ਪੰਜ ਭੈਣਾਂ ਸੀ ਤੇ ਉਨ੍ਹਾਂ ਤੋਂ ਮਗਰੋਂ ਦੋ ਭਰਾ ਸੀ। ਤੇ ਜਦੋਂ ਮੈਂ ਹੋਣ ਵਾਲੀ ਸੀ, ਤਾਂ ਪਿਤਾ ਜੀ ਨੇ ਕਿਹਾ ਕਿ ਸਾਨੂੰ ਹੋਰ ਬੱਚਾ ਨਹੀਂ ਚਾਹੀਦਾ। ਬੱਚਾ ਖ਼ਤਮ ਕਰਨ ਲਈ ਦਾਈ ਤੋਂ ਪੂੜੀਆਂ ਲੈ ਕੇ ਮਾਂ ਨੂੰ ਦਿੱਤੀਆਂ ਗਈਆਂ, ਪਰ ਉਨ੍ਹਾਂ ਨੇ ਕੋਈ ਕੰਮ ਹੀ ਨਾ ਕੀਤਾ। ਮੇਰਾ ਜਨਮ ਹੋ ਗਿਆ। ਤੇ ਉਹ ਮੇਰੀ ਮਾਂ ਨਾਲ ਬੜੇ ਖ਼ਫ਼ਾ ਰਹੇ ਕਿ ਇਕ ਤਾਂ ਬੱਚਾ ਚਾਹੀਦਾ ਨਹੀਂ ਸੀ, ਉਪਰੋਂ ਕੁੜੀ ਜੰਮ ਪਈ। ਮਾਂ ਨਾਲ ਮਹੀਨਾ ਭਰ ਨਹੀਂ ਬੋਲੇ...ਮੈਨੂੰ ਯਾਦ ਐ ਬਹੁਤ ਛੋਟੇ ਸਾਂ, ਮੈਂ ਉਦੋਂ ਕੋਈ 5–6 ਸਾਲ ਦੀ ਹੋ ਗਈ ਸਾਂ, ਪਰ ਉਨ੍ਹਾਂ ਨੇ ਮੇਰੇ ਨਾਲ ਕਦੇ ਗੱਲ ਨਹੀਂ ਕੀਤੀ। ਇਸੇ ਕਰਕੇ ਪਿਤਾ ਦੀ ਪਿੱਠ ਦਾ ਜ਼ਿਕਰ ਮੇਰੀ ਕਵਿਤਾ ਵਿਚ ਆਉਂਦੈ।

ਬਸ ਤੁਸੀ ਸਮਝ ਸਕਦੇ ਹੋ ਕਿ ਮੇਰੀ ਸਮੁੱਚੀ ਕਵਿਤਾ ਦੀ ਬੁਨਿਆਦ ਹੀ ਇਥੋਂ ਬੱਝਦੀ ਹੈ।

ਸਵਾਲ : ਕਵਿਤਾ ਦੀ ਗੱਲ ਤੁਰੀ ਹੈ ਤਾਂ ਤੁਹਾਡੀ ਇਸ ਬਾਰੇ ਹੀ ਬੜੀ ਚਰਚਿਤ ਕਵਿਤਾ ਐ 'ਖੱਬਲ਼। ਇਸ ਕਵਿਤਾ ਤਕ ਤੁਸੀ ਕਿਵੇਂ ਪਹੁੰਚਦੇ ਹੋ?

ਪਾਲ ਕੌਰ : ਇਹ ਕਵਿਤਾ ਮੈਂ 1980 ਦੇ ਆਸ–ਪਾਸ ਲਿਖੀ ਐ...20 ਕੁ ਵਰ੍ਹਿਆਂ ਦੀ ਹੋਵਾਂਗੀ ਉਦੋਂ ਮੈਂ...ਲੇਕਿਨ ਇਹਦਾ ਸਾਰਾ ਅਨੁਭਵ ਮੇਰੇ ਜੰਮਣ ਤੋਂ ਹੀ ਐ। ਜਿਵੇਂ ਮੈਂ ਤੁਹਾਨੂੰ ਦੱਸਿਐ ਕਿ ਮੇਰੇ ਜਨਮ ਵੇਲੇ ਮੇਰੇ ਮਾਂ–ਪਿਓ ਦੀ ਪ੍ਰਤੀਕਿਰਿਆ ਕੀ ਸੀ। ਇਹ ਸਭ ਕੁਝ ਮੈਂ ਵੱਡੀ ਹੋ ਕੇ ਸੁਣਦੀ ਆਂ। ਮੇਰੀ ਮਾਂ ਆਪਣੀ ਸਹੇਲੀ ਨਾਲ ਗੱਲ ਕਰ ਰਹੀ ਐ...ਕਿ ਕਿਵੇਂ ਕਿਵੇਂ ਹੋਇਆ...ਇਹ ਅਹਿਸਾਸ ਮੇਰੇ ਅੰਦਰ ਉਸ ਵੇਲੇ ਕਿਤੇ ਬੈਠ ਗਿਆ...ਸਕੂਲ ਵਿਚ ਪੜ੍ਹਦੀ ਸੀ ਉਦੋਂ ਮੈਂ...ਤੇ ਜਦੋਂ ਵੱਡੀ ਹੋਈ ਤਾਂ ਇਹ ਗੱਲਾਂ ਮੇਰੇ ਅੰਦਰ ਕਿਤੇ ਰਿਝਦੀਆਂ ਰਹੀਆਂ ਤੇ ਕਵਿਤਾ ਬਣ ਕੇ ਬਾਹਰ ਨਿਕਲੀਆਂ। ਵੈਸੇ ਮੇਰੀ ਸਿਰਜਣ ਪ੍ਰਕਿਰਿਆ ਇਹੀ ਹੈ ਕਿ ਮੇਰੇ ਮਨ ਵਿਚ ਕੋਈ ਗੱਲ ਬੈਠਦੀ ਐ ਤਾਂ ਉਹ ਨਿਰੰਤਰ ਚਲਦੀ ਰਹਿੰਦੀ ਐ...ਫੇਰ ਮੈਨੂੰ ਜਦੋਂ ਉਹਦੇ ਬਰਾਬਰ ਕੋਈ ਮੈਟਾਫਰ ਮਿਲ ਜਾਂਦੈ...ਤੇ ਉਹ ਫੇਰ ਲਿਖੀ ਜਾਂਦੀ ਆ।

ਜਿਵੇਂ 'ਖੱਬਲ਼ਦਾ ਮੈਟਾਫਰ ਐ... ਇਹ ਮੇਰੇ ਕੋਲ ਕਿਧਰੋਂ ਆਇਆ? ਦਰਅਸਲ 'ਖੱਬਲ਼ਅਜਿਹਾ ਘਾਹ ਐ ਜਿਹੜਾ ਇਕ ਤਾਂ ਆਪ ਹੀ ਉਗਦੈ ਤੇ ਜੇ ਤੁਸੀਂ ਇਹਨੂੰ ਪੁੱਟ ਦਿੰਦੇ ਹੋ ਤਾਂ ਇਹ ਫੇਰ ਉਗ ਪੈਂਦੈ... ਇਹਨੂੰ ਕੋਈ ਬੀਜਦਾ ਨਹੀਂ ਐ...ਉਹ ਆਪਣੇ ਆਪ ਉਗਦੈ...ਜੇ ਉਹ ਖੇਤਾਂ ਵਿਚ ਉਗ ਗਿਆ ਤਾਂ ਜਦੋਂ ਖੇਤੀ ਕਰਨੀ ਐ ਤਾਂ ਗੋਡੀ ਕਰਦਿਆਂ ਇਹਨੂੰ ਪੁੱਟ ਸੁੱਟਦੇ ਨੇ...ਤੇ ਉਹ ਫਿਰ ਉੱਗ ਪੈਂਦੇ...ਇਹ ਧਿਆਨ ਆਉਂਦਿਆਂ ਮੈਨੂੰ ਲੱਗਿਆ ਇਹ ਮੇਰੀ ਜ਼ਿੰਦਗੀ ਐ...।

ਜਦੋਂ ਮੈਂ ਜੰਮੀ ਸਾਂ,
ਤਾਂ ਮੈਨੂੰ ਵੇਖ ਕੇ ਕਿਸੇ ਨੇ ਪਿੱਠ ਕਰ ਲਈ ਸੀ
ਤੇ ਕਿਸੇ ਨੇ ਮੂੰਹ ਫੇਰ ਲਿਆ ਸੀ!
ਤੇ ਜਿਵੇਂ ਕਹਿੰਦੇ ਨੇ,
ਇੱਕੀ ਦਿਨਾਂ ਵਿਚ ਬੱਚਾ ਪਿਓ ਦੀ ਪੱਗ ਪਛਾਣ ਲੈਂਦਾ ਏ
ਮੈਂ ਪਿੱਠ ਪਛਾਣ ਲਈ ਸੀ।

ਇਹ ਪਿੱਠ ਮੇਰੇ ਪਿਤਾ ਦੀ ਸੀ ਜੋ ਮੈਂ ਪਛਾਣ ਲਈ ਸੀ। ਇਹੀ ਬੇਸ ਐ ਮੇਰੀ ਸਾਰੀ ਕਵਿਤਾ ਦਾ। ਦੇਸ ਰਾਜ ਕਾਲੀ ਕਹਿੰਦੈ ਕਿ ਇਹ ਕੁਦਰਤ ਦੀ ਕਵਿਤਾ ਐ...ਮੈਂ ਕਹਿਨੀਂ ਆਂ ਇਹ ਕੁਦਰਤ ਤੋਂ ਹੀ ਲਿਆ ਗਿਆ ਰੂਪਕ ਐ। ਜਿਹੜਾ ਬੰਦਾ ਮੇਰੇ ਬਚਪਨ ਨੂੰ ਨਹੀਂ ਜਾਣਦਾ...ਇਸ ਗੱਲ ਤੋਂ ਵਾਕਫ਼ ਨਹੀਂ... ਹੋ ਸਕਦੈ ਇਸ ਗੱਲ ਨੂੰ ਇਵੇਂ ਲੈ ਲਵੇ। ਦੇਖੋ, ਜੀਹਨੇ ਕਵਿਤਾ ਲਿਖਣੀ ਸੀ ਲਿਖ ਦਿੱਤੀ...ਅੱਗੋਂ ਪੜ੍ਹਨ ਵਾਲਾ ਇਹਨੂੰ ਕਿਵੇਂ ਲੈਂਦੈ, ਇਹ ਉਹਦੀ ਸਮਝ ਐ...। ਹੁਣ ਕਾਲੀ ਇਹਨੂੰ ਕੁਦਰਤ ਦੀ ਕਵਿਤਾ ਕਹਿ ਸਕਦੈ ਕਿ ਇਹਦੇ ਵਿਚ ਤਾਂ ਖੱਬਲ ਦੀ ਗੱਲ ਕੀਤੀ ਗਈ ਐ...ਤੁਸੀਂ ਇਹਨੂੰ ਏਦਾਂ ਵੀ ਪੜ੍ਹ ਸਕਦੇ ਓ ਕਿ ਪਾਲ ਕੌਰ ਨੇ ਆਪਣੇ ਨਿੱਜੀ ਅਹਿਸਾਸ ਲਿਖੇ ਨੇ।

ਸਵਾਲ : 'ਖ਼ਲਾਅਵਾਸੀ ਤੋਂ ਲੈ ਕੇ 'ਪੌਣ ਤੜ੍ਹਾਗੀ ਤਕ ਦੇ ਕਾਵਿ ਸੰਗ੍ਰਹਿ ਵਿਚ ਕੋਈ ਵਿਕਾਸ ਦੀ ਰੇਖਾ ਖਿੱਚੀ ਜਾ ਸਕਦੀ ਹੈ?

ਪਾਲ ਕੌਰ : ਜੋ ਵਿਕਾਸ ਰੇਖਾ ਮੇਰੀ ਹੈ, ਮੇਰੇ ਜੀਵਨ ਦੀ ਹੈ, ਉਹੀ ਮੇਰੀ ਕਵਿਤਾ ਦੀ ਹੈ। ਮੈਨੂੰ ਲੱਗਦਾ ਹੈ ਇਹ ਕੰਮ ਅਲੋਚਕਾਂ ਖੋਜੀਆਂ ਤੇ ਪਾਠਕਾਂ 'ਤੇ ਛੱਡ ਦੇਈਏ ਤਾਂ ਚੰਗਾ ਹੈ। ਹੁਣ ਤੱਕ ਤਾਂ ਮੇਰੇ ਜੀਵਨ, ਮੇਰੀ ਕਵਿਤਾ ਅਤੇ ਉਸ ਉਪਰ ਅਲੋਚਨਾ ਵੀ ਕਾਫ਼ੀ ਛਪ ਚੁੱਕੀ ਹੈ।


ਕਵਿਤਾ, ਦਰਦ, ਗਹਿਰਾਈ

ਸਵਾਲ : ਕਈ ਵਾਰ ਦੇਖਣ ਵਿਚ ਆਇਆ ਹੈ ਕਿ ਔਰਤਾਂ ਦੀ ਕਵਿਤਾ ਵਿਚ ਮਰਦ ਵਿਰੋਧੀ ਸੁਰ ਹੁੰਦੀ ਹੈ। ਉਨ੍ਹਾਂ ਨੂੰ ਵਾਕਿਆ ਹੀ ਮਰਦ ਵਲੋਂ ਦਰਦ ਮਿਲਿਆ ਹੁੰਦਾ ਹੈ ਜਾਂ ਉਹ ਕਿਸੇ ਪਰਿਵਾਰਕ ਜ਼ਿੰਮੇਵਾਰੀ ਤੋਂ ਮੁਕਤ ਹੋ ਕੇ ਆਪਣੀ ਸਿਰਜਣ ਪ੍ਰਕਿਰਿਆ ਵਿਚ ਮਰਦ ਵਿਰੋਧੀ ਸੁਰ ਅਪਣਾ ਲੈਂਦੀ ਹੈ?

ਪਾਲ ਕੌਰ : ਦੇਖੋ...ਦਰਦ ਤਾਂ ਗਹਿਰਾਈ ਦਿੰਦਾ ਈ ਐ ਜ਼ਿੰਦਗੀ ਵਿਚ। ਜਿੰਨਾ ਜ਼ਿਆਦਾ ਤੁਸੀਂ ਸੰਘਰਸ਼ ਕੀਤਾ ਹੁੰਦਾ, ਓਨੀ ਜ਼ਿਆਦਾ ਤੁਹਾਡੀ ਰਚਨਾ ਵਿਚ ਗਹਿਰਾਈ ਹੁੰਦੀ ਐ। ਤੁਹਾਡੀ ਸੋਚ ਵਿਚ, ਤੁਹਾਡੇ ਕੰਮਾਂ ਵਿਚ...ਜੇ ਤੁਸੀਂ ਕਲਾਕਾਰ ਹੋਂ ਤਾਂ ਤੁਹਾਡੇ ਹਰ ਕੰਮ ਵਿਚ ਉਸ ਦਰਦ ਦੀ ਝਲਕ ਪੈਂਦੀ ਹੈ। ਮਰਦ ਖ਼ਿਲਾਫ਼ ਜਿਹੜੀ ਤੁਸੀਂ ਗੱਲ ਕਰ ਰਹੇ ਹੋ, ਮੈਂ ਸਮਝਦੀ ਆਂ ਉਨ੍ਹਾਂ ਕਵਿਤਰੀਆਂ ਦਾ ਅਨੁਭਵ ਐਸਾ ਰਹਿੰਦੈ...।

ਹੁਣ ਮੈਂ ਤੁਹਾਨੂੰ ਪਿਛਲੇ ਦਿਨਾਂ ਦੀ ਗੱਲ ਸੁਣਾਉਂਦੀ ਆਂ...ਅਸੀਂ ਸੋਲਨ ਗਏ ਸੀ...ਉਥੇ ਆਪਣੀ ਰਚਨਾ ਦੀ ਸਿਰਜਣ ਪ੍ਰਕਿਰਿਆ ਦੇ ਅਹਿਸਾਸ ਸਾਂਝੇ ਕਰਨੇ ਸੀ... ਵਿਸ਼ਾਲ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਦੱਸਿਆ ਕਿ–ਮੇਰੀ ਬੀਵੀ ਨੇ ਮੈਨੂੰ ਸਬੂਤਾਂ ਸਮੇਤ ਕਈ ਵਾਰ ਫੜਿਆ ਤੇ ਮੈਨੂੰ ਮਾਫ਼ ਕਰ ਦਿੱਤਾ। ਦਰਅਸਲ, ਪਹਿਲੇ ਦਿਨ ਤੋਂ ਇਹ ਗੱਲ ਤੁਰੀ ਸੀ...ਉਥੇ ਇਕ ਅਸ਼ੋਕ ਭੰਡਾਰੀ ਸੀ, ਜੀਹਨੇ ਕਿਹਾ–ਮੇਰੇ ਗੁਰੂ ਨੇ ਕਿਹਾ ਕਿ ਜੇ ਤੂੰ ਚੰਗੀ ਸ਼ਾਇਰੀ ਕਰਨੀ ਐ ਤਾਂ ਤੇਰੇ ਕੋਲ ਖ਼ੂਬਸੂਰਤ ਔਰਤ ਜ਼ਰੂਰ ਹੋਣੀ ਚਾਹੀਦੀ ਐ... ਅਗਲੇ ਦਿਨ ਜਦੋਂ ਵਿਸ਼ਾਲ ਬੋਲਦੈ ਤਾਂ ਉਹ ਇਹ ਕਹਿ ਰਿਹੈ ਕਿ ਮੇਰੀ ਬੀਵੀ ਨੇ ਮੈਨੂੰ ਕਈ ਵਾਰ ਸਬੂਤਾਂ ਸਮੇਤ ਫੜਿਆ ਪਰ ਮੈਨੂੰ ਮਾਫ਼ ਕਰ ਦਿੱਤਾ। ਇੱਥੇ ਹੁਣ ਮੇਰਾ ਰਿਐਕਸ਼ਨ ਬੜਾ ਤਿੱਖਾ ਸੀ–ਬਈ, ਬੀਵੀਆਂ ਨੂੰ ਤਾਂ ਤੁਸੀਂ ਦੇਵੀ ਬਣਾ ਕੇ ਘਰ ਬਿਠਾ ਦਿਓ ਕਿ

ਸਫ਼ਰ ਦਰ ਸਫ਼ਰ ਪਾਲ ਕੌਰ





ਵੱਡੀ ਭੈਣ ਇਕਬਾਲ ਕੌਰ ਅਤੇ ਜੀਜਾ ਜੀ ਅਮਰ ਸਿੰਘ।

ਤੂੰ ਤਾਂ ਬੜੀ ਚੰਗੀ ਐਂ...ਮੈਂ ਜੋ ਮਰਜ਼ੀ ਕਰਾਂ ਤੂੰ ਤਾਂ ਮੈਨੂੰ ਮਾਫ਼ ਕਰ ਈ ਦੇਣੈ...ਤੇ ਫੇਰ ਕਵਿਤਾ ਲਿਖਣ ਲਈ ਇਕ ਹੋਰ ਖ਼ੂਬਸੂਰਤ ਔਰਤ ਚਾਹੀਦੀ ਐ...। ਫੇਰ ਮੈਂ ਵਿਸ਼ਾਲ ਨੂੰ ਪੁਛਿਆ ਕਿ ਜੇ ਤੇਰੀ ਥਾਂ 'ਤੇ ਤੇਰੀ ਪਤਨੀ ਕਵਿਤਰੀ ਐ...ਔਰ ਉਹਦੀ ਜ਼ਿੰਦਗੀ ਵਿਚ ਕੋਈ ਹੋਰ ਬੰਦਾ ਐ...ਤੂੰ ਸਬੂਤ ਸਮੇਤ ਉਹਨੂੰ ਫੜ ਲੈਨੈਂ ਤਾਂ ਫੇਰ ਤੂੰ ਕੀ ਕਰੇਂਗਾ? ਮਾਫ਼ ਕਰ ਦਏਂਗਾ ਓਦਾਂ? ਫੇਰ ਉਹ ਕਹਿੰਦਾ-ਕਰਨਾ ਪੈਂਦੈ ਜੀ...। ਜਿਹੜਾ ਹੁਣ ਥੋਡਾ ਸਵਾਲ ਐ ਤਾਂ ਇਹਨੂੰ ਇਵੇਂ ਕਿਉਂ ਨਹੀਂ ਲਿਆ ਜਾਂਦਾ ਕਿ ਕੋਈ ਕਵਿੱਤਰੀ ਐ, ਉਹਦੀ ਜ਼ਿੰਦਗੀ ਵਿਚ ਕੋਈ ਬੰਦਾ ਆਉਂਦੈ ਤਾਂ ਮਰਦ ਵੀ ਖੁੱਲ੍ਹੇ ਦਿਲ ਨਾਲ ਸਵੀਕਾਰ ਕਰੇ...ਦਰਦ ਵੀ ਆਪੇ ਖ਼ਤਮ ਹੋ ਜਾਏਗਾ। ਮੈਂ ਤਾਂ ਮਨਜੀਤ ਟਿਵਾਣਾ ਦੀ ਮਿਸਾਲ ਦਿੰਦੀ ਹੁੰਦੀ ਆਂ-ਉਹਨੇ ਇਕ ਕਵਿਤਾ (ਪਤੀ ਇਕ ਭੁੱਖਾ ਭੇੜੀਆ) ਕੀ ਲਿਖੀ, ਪੰਜਾਬੀ ਦੇ ਸਾਰੇ ਆਲੋਚਕਾਂ ਨੇ ਉਹਦੀ ਸਾਰੀ ਰਚਨਾ ਈ ਰੱਦ ਕਰ ਦਿੱਤੀ। ਬਾਕੀ ਕਵਿਤਾਵਾਂ ਤਾਂ ਛੱਡੋ, ਇਸ ਕਵਿਤਾ ਦੀ ਵੀ ਇਕੋ ਲਾਈਨ ਫੜ ਕੇ ਰੱਖੀ, ਬਾਕੀ ਕਵਿਤਾ ਦੀ ਗੱਲ ਈ ਨਹੀਂ ਕੀਤੀ...ਬਰਦਾਸ਼ਤ ਈ ਨਹੀਂ ਹੋਈ ਇਨ੍ਹਾਂ ਤੋਂ। ਹੁਣ ਅੰਮ੍ਰਿਤਾ ਵੀ ਇਕ ਥਾਂ ਲਿਖਦੇ ਨੇ ਕਿ ਔਰਤ ਗਿੱਲਾ ਆਟੈ, ਜਿਹਨੂੰ ਅੰਦਰ ਚੂਹੇ ਪੈਂਦੇ ਨੇ ਤੇ ਬਾਹਰ ਕਾਂ। ਅੰਮ੍ਰਿਤਾ ਵੇਲੇ ਵੀ ਇਹੋ ਜਿਹੀਆਂ ਗੱਲਾਂ ਹੁੰਦੀਆਂ ਸਨ ਤੇ ਅੱਜ ਵੀ ਐ...ਹੁਣ ਕਿਹੜਾ ਸੁਸਾਇਟੀ 'ਚੋਂ ਬਲਾਤਕਾਰ ਵਰਗੀਆਂ ਘਟਨਾਵਾਂ ਰੁਕ ਗਈਆਂ, ਛੇੜਖਾਣੀਆਂ ਰੁਕ ਗਈਆਂ...ਸਗੋਂ ਹੋਰ ਵੀ ਵੱਧ ਗਈਆਂ।

ਸਵਾਲ : ਤੁਸੀਂ ਹੁਣ ਮਨਜੀਤ ਟਿਵਾਣਾ ਦਾ ਜ਼ਿਕਰ ਕੀਤਾ- ਭੁੱਖਾ ਭੇੜੀਆ... ਕਵਿਤਾ ਦੇ ਹਵਾਲੇ ਨਾਲ। ਪੰਜਾਬੀ ਕਵਿਤਾ ਵਿਚ ਜਿਵੇਂ ਤੁਸੀਂ ਹੋ, ਮਨਜੀਤ ਟਿਵਾਣਾ ਜਾਂ ਫੇਰ ਨਿਰੂਪਮਾ ਦੱਤ ਨੇ, ਤੁਸੀਂ ਜਿਸ ਸੁਰ ਵਿਚ ਕਵਿਤਾ ਲਿਖ ਰਹੇ ਹੋ, ਪੰਜਾਬੀ ਵਿਚ ਨਾਰੀ ਕਾਵਿ ਕਿੱਥੇ ਕੁ ਖਲੋਤੈ?

ਪਾਲ ਕੌਰ : ਦੋ-ਤਿੰਨ ਹਿੱਸੇ ਐ ਥੋਡੇ ਸਵਾਲ ਦੇ...ਅੰਮ੍ਰਿਤਾ ਤੋਂ ਬਾਅਦ ਮੈਨੂੰ ਲਗਦੈ ਪੰਜਾਬੀ ਦੀ ਕੋਈ ਵੀ ਕਵਿਤਰੀ ਹਾਲੇ ਉਥੇ ਤੱਕ ਨਹੀਂ ਪੁੱਜੀ... ਜੋ ਥਾਂ ਉਨ੍ਹਾਂ ਬਣਾ ਲਈ ਸੀ...ਔਰ...ਔਰਤ ਦੀਆਂ ਸਮੱਸਿਆਵਾਂ ਦਾ ਜ਼ਿਕਰ ਉਨ੍ਹਾਂ ਦੀ ਤੀਜੀ-ਚੌਥੀ ਕਿਤਾਬ ਵਿਚ ਆਇਆ ਸੀ। ਉਸ ਤੋਂ ਬਾਅਦ ਮਨਜੀਤ ਟਿਵਾਣਾ, ਮਨਜੀਤ ਇੰਦਰਾ, ਪ੍ਰਭਜੋਤ... ਇਨ੍ਹਾਂ ਦੀ ਕਵਿਤਾ ਵਿਚ ਨਾਰੀ ਚਿੰਤਨ ਘੱਟ ਸੀ...। ਮਨਜੀਤ ਟਿਵਾਣਾ ਦੀ ਇਕ-ਅੱਧ ਕਵਿਤਾ ਨੂੰ ਛੱਡ ਕੇ ਉਹਦੀ ਕਵਿਤਾ ਵਿਚ ਹੋਰ ਵੀ ਸਰੋਕਾਰ ਸਨ...। ਥੋੜ੍ਹਾ ਥੋੜ੍ਹਾ ਲਿਖ ਸਾਰੀਆਂ ਰਹੀਆਂ ਸਨ। ਇਹ ਨੂਰ ਸਾਹਿਬ (ਸੁਤਿੰਦਰ ਨੂਰ) ਦੀ ਘਾੜਤ ਸੀ ਕਿ ਉਨ੍ਹਾਂ ਨੇ ਵੱਖਰੇ ਤੌਰ 'ਤੇ ਨਾਰੀਵਾਦ ਦੀ ਗੱਲ ਸ਼ੁਰੂ ਕਰ ਦਿੱਤੀ। ਪੀਰੂ ਪ੍ਰੇਮਣ ਦੇ ਯੁੱਗ ਵਿਚ...ਜਦੋਂ ਉਹ ਗੁਲਾਬ ਦਾਸੀ ਪਰੰਪਰਾ ਵਿਚ ਆ ਕੇ ਕਵਿਤਾ ਲਿਖਦੀ ਐ... ਨਾਰੀਵਾਦ ਤਾਂ ਉਥੇ ਵੀ ਸੀ...ਪਰ ਜਦੋਂ ਨੂਰ ਸਾਹਿਬ ਨੇ ਨਾਰੀਵਾਦ ਦੀ ਮੁੱਖ ਧਾਰਾ ਨਾਲੋਂ ਵੱਖਰੀ ਗੱਲ ਛੇੜੀ...ਇਹ 2000 ਤੋਂ ਕੁਝ ਦੋ-ਚਾਰ ਸਾਲ ਪਹਿਲਾਂ ਦੀ ਗੱਲ ਐ...ਅਸਲ ਵਿਚ ਜਿਵੇਂ ਵਨੀਤਾ ਕਵਿਤਾ ਲਿਖ ਰਹੀ ਸੀ...ਉਹਦੀ ਕੁਝ ਕਵਿਤਾ ਨਾਰੀਵਾਦੀ ਚਿੰਤਨ ਦੀ ਹੈ...ਸੋ, ਉਹਦਾ ਵੀ ਨਾਂ ਸਥਾਪਤ ਕਰਨ ਦੀ ਗੱਲ ਸੀ...ਪਰ ਮੈਂ ਨਹੀਂ ਮੰਨਦੀ ਕਿ ਵਨੀਤਾ ਦੀ ਬਹੁਤੀ ਕਵਿਤਾ ਵਿਚ ਨਾਰੀ ਚਿੰਤਨ ਹੈ...ਉਹ ਸਮਰਪਣ ਹੈ...ਜਿਵੇਂ ਤਸਕੀਨ ਕਹਿੰਦੈ ਕਿ ਉਹ ਨਤਮਸਤਕੀ ਕਵਿਤਾ ਐ...। ਮੈਨੂੰ ਉਹਦੀ ਕਵਿਤਾ 'ਚ ਮਰਦ ਪ੍ਰਧਾਨ ਸਮਾਜ ਦੀ ਵਿਰੋਧਤਾ ਏਨੀ ਖੁੱਲ੍ਹੇ ਰੂਪ ਵਿਚ ਨਜ਼ਰ ਨਹੀਂ ਆਉਂਦੀ। ਟਿਵਾਣਾ ਦੀ ਕਵਿਤਾ ਮੈਨੂੰ ਵਨੀਤਾ ਨਾਲੋਂ ਜ਼ਿਆਦਾ ਵਿਰੋਧੀ ਸੁਰ ਦੀ ਲਗਦੀ ਹੈ...ਉਹਦੀ ਕਵਿਤਾ ਵਿਚ ਸੀ ਬਗ਼ਾਵਤ... ਚਾਹੇ ਉਹ ਸਮਕਾਲੀ ਸਬੰਧਾਂ ਵਿਚ ਲਗਾ ਲਓ...ਪਰ ਉਹਦਾ ਨਿੱਜੀ ਜੀਵਨ ਐਸਾ ਸੀ ਕਿ ਹਨੇਰਿਆਂ ਵਿਚ ਗਵਾਚ ਗਈ। ਮਨਜੀਤ ਇੰਦਰਾ ਦੀ ਕਵਿਤਾ ਵਿਚ ਨਾਰੀਵਾਦੀ ਚਿੰਤਨ ਘੱਟ ਐ।

ਮੇਰੀ ਕਵਿਤਾ 'ਚ ਮੇਰਾ ਵਜੂਦ ਸ਼ੁਰੂ ਤੋਂ ਐ... ਇਹਦੇ ਵਿਚ ਮਰਦ ਸਮਾਜ ਦਾ ਏਨਾ ਖੁੱਲ੍ਹ ਕੇ ਵਿਰੋਧ ਨਹੀਂ ਐ...ਅਸਲ 'ਚ ਸੱਤਾ ਦਾ ਵਿਰੋਧ ਐ, ਆਦਮੀ ਦਾ ਨਹੀਂ। ਸੱਤਾ ਦਾ ਵਿਰੋਧ ਉਹੀ ਕਰ ਸਕਦੈ, ਜਿਹੜਾ ਇਹਦੇ ਬਾਰੇ ਜ਼ਰਾ ਸੁਚੇਤ ਹੋਵੇਗਾ। ਆ ਜਿਹੜੀਆਂ ਨਵੀਆਂ ਕੁੜੀਆਂ ਲਿਖ ਰਹੀਆਂ ਨੇ...ਉਨ੍ਹਾਂ ਅੰਦਰ ਚਿਣਗ ਹੈ। ਮਸਲਨ ਬਲਜੀਤ ਮਲਹਾਂਸ ਐ...ਉਹ ਵੀ ਸਮਕਾਲੀ ਸਰੋਕਾਰਾਂ 'ਤੇ ਵੀ ਲਿਖ ਰਹੀ ਐ... ਨਾਰੀਵਾਦੀ ਚਿੰਤਨ ਵੀ ਹੈ ਉਹਦੀ ਕਵਿਤਾ ਵਿਚ। ਗੁਰਬੀਰ ਕੌਰ ਐ...ਨੀਤੂ ਅਰੌੜਾ ਵੀ ਐ...ਨੀਤੂ ਅਰੌੜਾ ਦੀ ਕਵਿਤਾ ਵਿਚ ਵਿਚਾਰਧਾਰਾ ਜ਼ਿਆਦਾ ਹੈ...ਸ਼ਿਲਪ ਘੱਟ। ਲੇਕਿਨ ਉਹ ਸੁਚੇਤ ਐ...ਉਹਨੇ ਸੁਚੇਤ ਹੋ ਕੇ ਲਿਖਿਐ...। ਅਮਰਜੀਤ ਘੁੰਮਣ ਵੀ ਐ...। ਇਹ ਵੀ ਹੁੰਦੈ ਕਿ ਕਈ ਕਵਿਤਰੀਆਂ ਇਕਦਮ ਬਹੁਤ ਚੜ੍ਹ ਜਾਂਦੀਆਂ ਨੇ...ਪਰ ਬਾਅਦ 'ਚ ਉਹ ਗੱਲ ਨਹੀਂ ਰਹਿੰਦੀ...ਇਹਦੇ ਵਿਚ ਆਲੋਚਕ ਵੀ ਇਕ ਕਾਰਨ ਐ...ਉਹ ਕਿਸੇ ਨੂੰ ਤਾਂ ਪੂਰੀ ਤਰ੍ਹਾਂ ਉਪਰ ਚੜ੍ਹਾ ਦਿੰਦੇ ਨੇ ਤੇ ਫੇਰ ਉਨ੍ਹਾਂ ਦਾ ਨਾਂ-ਥੇਅ ਹੀ ਨਹੀਂ ਦਿਖਦਾ। ਨੀਤੂ ਅਰੌੜਾ ਨੂੰ ਵੀ ਆਲੋਚਕਾਂ ਨੇ ਸ਼ੁਰੂ ਸ਼ੁਰੂ ਵਿਚ ਉਪਰ ਚੁੱਕਿਆ। ਜਸਲੀਨ ਬਾਰੇ ਤਾਂ ਨੂਰ ਸਾਹਿਬ ਕਹਿਣ ਲੱਗ ਪਏ ਸਨ, ਬਈ ਕਵਿਤਾ ਲਿਖ ਰਹੀ ਐ ਤਾਂ ਬੱਸ ਇਹ ਕੁੜੀ। ਮੈਨੂੰ ਇਹ ਲਗਦੈ ਕਿ ਉਹ ਕਵਿਤਾ ਦੀ ਤਾਰੀਫ਼ ਨਹੀਂ ਹੁੰਦੀ...ਕੁੜੀ ਦੀ ਤਾਰੀਫ਼ ਹੋ ਰਹੀ ਹੁੰਦੀ ਐ। ਜੇ ਹੁਣ ਕੁੜੀ ਇਸ ਸੱਚ ਨੂੰ ਸਮਝ ਲਏ ਤਾਂ ਉਹ ਅੱਗੇ ਵੀ ਨਿਕਲ ਸਕਦੀ ਐ ਤੇ ਜੇ ਨਾ ਸਮਝੇ ਤਾਂ ਜਲਦੀ ਡਿਗ ਵੀ ਜਾਂਦੀ ਐ।

ਇਕ ਪ੍ਰੋਗਰਾਮ ਵਿਚ ਵਨੀਤਾ ਨੇ ਕਵਿਤਾ ਪੜ੍ਹੀ-

ਤੂੰ ਇਕ ਬਿਰਖ਼ ਤੇ ਮੈਂ ਫੁੱਲ ਦੀ ਪੱਤੀ।

ਮੈਂ ਉਸੇ ਵੇਲੇ ਸਵਾਲ ਪੁੱਛ ਲਿਆ ਤੇ ਇਹਦੇ 'ਤੇ ਨੂਰ ਸਾਹਿਬ ਦਾ ਬੜਾ ਤਿੱਖਾ ਰਿਐਕਸ਼ਨ ਆਇਆ। ਮੈਂ ਪੁਛਿਆ ਸੀ ਕਿ ਜੇ ਅਸੀਂ ਇਕ ਪੱਤੀ ਹੀ ਬਣ ਕੇ ਰਹਿਣੈ ਤਾਂ ਫੇਰ ਸਾਡੀ ਲੜਾਈ ਕਾਹਦੀ ਐ। ਜੇ ਹੁਣ ਅਸੀਂ ਨਾਰੀ ਚਿੰਤਨ ਦੀ ਗੱਲ ਕਰਨੀ ਐ ਤਾਂ ਜਿਹੜੇ ਪ੍ਰਤੀਕ ਵਰਤਣੇ ਨੇ, ਉਹ ਵੀ ਤਾਂ ਉਸ ਹਿਸਾਬ ਨਾਲ ਹੋਣੇ ਚਾਹੀਦੇ ਨੇ...ਤਾਂ ਹੀ ਤਾਂ ਬਦਲਾਅ ਆਏਗਾ।

ਕਵਿਤਾ ਦੀ ਸੋਝੀ

ਸਵਾਲ : ਤੁਹਾਨੂੰ ਲੱਗਦਾ ਹੈ ਕਿ ਕਵਿਤਾ ਨੂੰ ਨਾਰੀਵਾਦ ਵਿਚ ਬੰਨ੍ਹਣ ਦੀ ਲੋੜ ਸੀ?

ਪਾਲ ਕੌਰ : ਜਦੋਂ ਦੁਨੀਆ ਵਿਚ ਫੈਮੇਨਿਜ਼ਮ ਦੀ ਚਰਚਾ ਹੋ ਰਹੀ ਐ...ਨਾਰੀਵਾਦੀ ਅੰਦੋਲਨ ਚੱਲ ਰਹੇ ਨੇ...ਤੇ ਉਸ ਵੇਲੇ ਪੰਜਾਬੀ ਵਿਚ ਵੀ ਉਹਦੀ ਚਰਚਾ ਕਰਨਾ, ਕਹਿ ਲਓ ਲੋੜ ਸੀ। ਪਰ ਇਹਦੇ ਕੁਝ ਨੁਕਸਾਨ ਵੀ ਨੇ। ਜੇ ਕੁਝ ਕਵਿੱਤਰੀਆਂ ਦਾ ਮੁੱਖ ਧਾਰਾ 'ਚ ਨਾਂ ਨਹੀਂ ਸੀ ਆਉਂਦਾ ਤਾਂ ਇਧਰ ਆ ਜਾਂਦਾ ਸੀ। ਹੁਣ ਮੇਰੀ ਕਵਿਤਾ ਵੀ ਬਹੁਤ ਸਮਕਾਲੀ ਸਰੋਕਾਰਾਂ 'ਤੇ ਸੀ ਪਰ ਉਹਨੂੰ ਵੀ ਨਾਰੀਵਾਦ ਵਿਚ ਸ਼ਾਮਲ ਕਰ ਦਿੱਤਾ ਤੇ ਉਹ ਖ਼ਤਮ ਹੋ ਗਈ। ਪੰਜਾਬ ਦੇ ਉਸ ਕਾਲੇ ਦੌਰ ਬਾਰੇ ਮੇਰੀ ਕਵਿਤਾ ਆਈ ਸੀ-

ਅਸੀਂ ਟਾਂਕ ਤੇ ਜਿਸਤ ਹਿੰਦਸੇ
ਸਾਲਮ ਦੀ ਸਾਲਮ ਗਿਣਤੀ ਵਿਚ ਅੱਗੜ ਪਿਛੜ ਪਏ ਸਾਂ
ਪਰ ਸ਼ਾਹੂਕਾਰਾਂ ਦੇ ਲੇਖਿਆਂ ਤੇ ਲੰਡਿਆਂ ਨੇ ਸਾਨੂੰ
ਵੱਖੋ-ਵੱਖ ਖੜ੍ਹਾ ਕਰ ਦਿੱਤਾ ਹੈ
ਟਾਂਕ ਵੱਖਰੇ ਤੇ ਜਿਸਤ ਵੱਖਰੇ।

ਹੁਣ ਇਹ ਕਵਿਤਾ ਉਸ ਵੇਲੇ ਦੇ ਹਾਲਾਤ 'ਤੇ ਲਿਖੀ ਗਈ ਸੀ...ਪਰ ਉਨ੍ਹਾਂ ਨੇ ਮੇਰੀ ਕਵਿਤਾ ਨੂੰ ਮਰਦ-ਔਰਤ ਦੀ ਕਵਿਤਾ ਬਣਾ ਕੇ ਨਾਰੀਵਾਦ ਦਾ ਹਿੱਸਾ ਬਣਾ ਦਿੱਤਾ। ਕਵਿਤਾ ਦੀ ਗਹਿਰਾਈ ਦੇ ਅਰਥ ਉਹਦੇ ਵਿਚ ਹੀ ਪਏ ਹੁੰਦੇ ਨੇ। ਹੋਰ ਮੇਰੀਆਂ ਕਈ ਕਵਿਤਾਵਾਂ ਸੀ ਜਿਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ...ਉਨ੍ਹਾਂ ਦੇ ਅਰਥ ਬਦਲ ਦਿੱਤੇ।

ਸਵਾਲ : ਤੁਸੀਂ ਉਦੋਂ ਲਿਖਣਾ ਸ਼ੁਰੂ ਕੀਤਾ ਜਦੋਂ ਪ੍ਰਗਤੀਵਾਦੀ ਲਹਿਰ ਤੇ ਫੇਰ ਪ੍ਰਯੋਗਾਵਾਦੀ ਲਹਿਰ ਸੀ। ਤੁਸੀਂ ਇਨ੍ਹਾਂ ਲਹਿਰਾਂ ਵਿਚ ਆਪਣੀ ਕਵਿਤਾ ਨੂੰ ਕਿੱਥੇ ਰੱਖਦੇ ਹੋ ਜਾਂ ਤੁਹਾਡੇ 'ਤੇ ਉਹਦਾ ਕੀ ਅਸਰ ਰਿਹਾ?

ਪਾਲ ਕੌਰ : ਜਦੋਂ ਮੈਂ ਕਵਿਤਾ ਦੇ ਖੇਤਰ ਵਿਚ ਆਈ ਤਾਂ ਉਦੋਂ ਇਹ ਦੌਰ ਲੰਘ ਚੁੱਕੇ ਸੀ। ਪ੍ਰਯੋਗਸ਼ੀਲਤਾ ਕਿਤੇ ਕਿਤੇ ਬਚੀ ਸੀ। ਦਰਅਸਲ; ਪਾਸ਼ ਤੇ ਪਾਤਰ ਤੋਂ ਬਾਅਦ ਜਿਹੜੀ ਕਵਿਤਾ ਹੈ, ਉਹਦੇ ਵਿਚ ਮੇਰਾ ਜ਼ਿਕਰ ਹੁੰਦਾ ਹੈ...ਉਸ ਦੌਰ ਵਿਚ ਮੇਰੀ ਸ਼ਮੂਲੀਅਤ ਮੰਨੀ ਜਾਂਦੀ ਐ। ਵੈਸੇ ਵੀ ਜਿਹੜੀ ਕਵਿਤਾ ਲਹਿਰਾਂ ਨਾਲ ਜੋੜ ਕੇ ਲਿਖੀ ਜਾਂਦੀ ਐ, ਉਹ ਬਹੁਤ ਘੱਟ ਸਦੀਵੀ ਹੁੰਦੀ ਹੈ। ਲਹਿਰਾਂ ਦੀ ਉਸ ਵੇਲੇ ਆਪਣੀ ਜ਼ਰੂਰਤ ਹੁੰਦੀ ਐ...ਉਹ ਕਵਿਤਾ ਪੂਰਾ ਕਰਦੀ ਐ। ਇਸੇ ਤਰ੍ਹਾਂ ਪੰਜਾਬ ਨਾਲ ਸਬੰਧਤ ਵੀ ਬਹੁਤ ਘੱਟ ਕਵਿਤਾ ਰਹਿ ਗਈ, ਜਿਹੜੀ ਅਸੀਂ ਕਹਿ ਸਕਦੇ ਹਾਂ ਕਿ ਉਹ ਸਦੀਵੀ ਹੈ। ਉਸ ਵੇਲੇ ਦੀ ਭਾਵੁਕਤਾ 'ਚ ਜੋ ਕਵਿਤਾ ਲਿਖੀ ਜਾਂਦੀ ਹੈ, ਉਹ ਵਕਤ ਦੇ ਨਾਲ ਨਾਲ ਖ਼ਤਮ ਹੋ ਜਾਂਦੀ ਹੈ।

ਸਵਾਲ : ਜਦੋਂ ਤੁਸੀਂ ਲਿਖਣਾ ਸ਼ੁਰੂ ਕੀਤਾ ਤਾਂ ਤੁਹਾਡਾ ਕੋਈ ਰੋਲ ਮਾਡਲ ਵੀ ਸੀ?

ਪਾਲ ਕੌਰ : ਨਹੀਂ...ਜਦੋਂ ਮੈਂ ਲਿਖਣਾ ਸ਼ੁਰੂ ਕੀਤਾ, ਉਸ ਵੇਲੇ ਤਾਂ ਮੇਰੀ ਜ਼ਿੰਦਗੀ ਹੀ ਮੇਰਾ ਰੋਲ ਮਾਡਲ ਸੀ...ਮੇਰੇ ਆਪਣੇ ਹੀ ਦੁੱਖ-ਦਰਦ ਸੀ। ਹੌਲੀ ਹੌਲੀ ਜਿਵੇਂ ਮੈਂ ਪੜ੍ਹਨਾ ਸ਼ੁਰੂ ਕੀਤਾ...ਲਿਖਣਾ ਸ਼ੁਰੂ ਕੀਤਾ...ਤਾਂ ਸੋਚ ਉਵੇਂ ਉਵੇਂ ਢਲਦੀ ਗਈ।

ਸਵਾਲ : ਕਵਿਤਾ ਵਿਚ ਜਦੋਂ ਥੋਡਾ ਨਿੱਜ ਸਮੂਹ ਵਿਚ ਤਬਦੀਲ ਹੁੰਦੈ ਤਾਂ ਉਹਦੀ ਸੋਝੀ ਤੁਹਾਨੂੰ ਕਿਵੇਂ ਆਈ?

ਪਾਲ ਕੌਰ : ਮੈਂ ਕੋਈ ਜਾਣ-ਬੁਝ ਕੇ ਨਹੀਂ ਕੀਤਾ...ਮੰਨ ਲਓ ਜਦੋਂ ਮੈਂ ਆਪਣੀ ਮਾਂ ਦੇ ਦੁੱਖ ਬਾਰੇ ਲਿਖਦੀ ਹਾਂ...ਪਰਿਵਾਰ ਦੇ ਵਿਹਾਰ ਬਾਰੇ ਲਿਖਦੀ ਹਾਂ ਤਾਂ ਮੈਂ ਸਿਰਫ਼ ਉਨ੍ਹਾਂ ਬਾਰੇ ਨਹੀਂ ਲਿਖ ਰਹੀ ਹੁੰਦੀ... ਮੈਨੂੰ ਪਤਾ ਹੈ ਕਿ ਸਾਡੇ ਸਮਾਜ ਦਾ ਪ੍ਰਬੰਧ ਹੀ ਐਸਾ ਹੈ। ਅਸੀਂ ਕਿਣਕਾ ਮਾਤਰ ਹਾਂ ਤੇ ਜਦੋਂ ਖ਼ੁਦ ਨੂੰ ਸਮੁੱਚ ਦਾ ਹਿੱਸਾ ਮੰਨ ਲੈਂਦੇ ਹਾਂ...ਫੇਰ ਸਾਨੂੰ ਲਗਦੈ ਕਿ ਇਹ 'ਕੱਲੀ ਪਾਲ ਕੌਰ ਦਾ ਦਰਦ ਨਹੀਂ ਐ...ਇਹ ਸਾਰੀਆਂ ਕੁੜੀਆਂ ਦਾ ਦਰਦ ਐ। ਜਿਵੇਂ ਹੋ ਸਕਦੈ ਕਿ ਬਹੁਤ ਕੁੜੀਆਂ ਨੇ ਇਹੋ ਜਿਹਾ ਸਹਿਣ ਕੀਤਾ ਹੋਵੇ ਪਰ ਉਹ ਲਿਖ ਨਹੀਂ ਸਕੀਆਂ ਮੈਂ ਲਿਖਿਆ।

ਬਾਪ ਨਾਲ ਪਹਿਲੀ ਮੁਲਾਕਾਤ

ਸਵਾਲ : ਚਲੋ ਹੁਣ ਥੋੜ੍ਹਾ ਤੁਹਾਡੇ ਪਰਿਵਾਰ ਵੱਲ ਚਲਦੇ ਹਾਂ। ਪਹਿਲੇ ਸਵਾਲ ਵਿਚ ਹੀ ਤੁਸੀਂ ਆਪਣੇ ਪਿਤਾ ਦੀ ਗੱਲ ਸਾਂਝੀ ਕੀਤੀ। ਪਿਤਾ ਨਾਲ ਜੁੜੀ ਕੋਈ ਅਜਿਹੀ ਗੱਲ, ਜੋ ਤੁਹਾਨੂੰ ਚੰਗੀ ਲੱਗੀ ਹੋਵੇ?

ਪਾਲ ਕੌਰ : ਜਿਵੇਂ ਮੈਂ ਦਸਿਆ ਬਈ ਬਾਪੂ ਜੀ ਨਾਲ ਮੇਰਾ ਕੋਈ ਵਧੀਆ ਰਿਸ਼ਤਾ ਤਾਂ ਹੈ ਨਹੀਂ ਸੀ। ਚੰਗੀ ਗੱਲ ਵੀ ਦਸਦੀ ਹਾਂ। ਪਰ ਪਹਿਲਾਂ ਇਕ ਕਿੱਸਾ ਸੁਣੋ। ਇਕ ਦਿਨ ਬੜੀ ਮਜ਼ੇਦਾਰ ਗੱਲ ਹੋਈ। ਪਹਿਲੇ ਦਿਨ ਸਕੂਲ ਜਾਣਾ ਸੀ ਤੇ ਮੇਰੀ ਵੱਡੀ ਭੈਣ ਨੇ ਦੋ ਮੀਢੀਆਂ ਕਰਕੇ ਮੇਰਾ ਸਿਰ ਵਾਹ ਦਿੱਤਾ ਤੇ ਕਹਿੰਦੀ ਜਾ ਬਾਪੂ ਜੀ ਨੂੰ ਦਿਖਾ ਆ। ਮੈਂ ਵੀ ਬੜੇ ਚਾਅ ਨਾਲ ਭੱਜੀ ਗਈ...ਅੱਗੋਂ ਉਹ ਕਿਸੇ ਕੰਮ ਵਿਚ ਰੁਝੇ ਹੋਏ ਸੀ। ਮੈਂ ਕਿਹਾ-'ਬਾਪੂ ਜੀ ਮੇਰੀਆਂ ਮੀਢੀਆਂ ਦੇਖੋ... ।' ਕਹਿੰਦੇ-'ਅੱਛਾ...ਜਾ ਡੱਬੀ ਲੈ ਆ, ਸਾੜ ਦਿੰਦਾ ਆਂ...।' ਮੈਂ ਵੀ ਭੋਲੇ-ਭਾਅ ਲੈ ਆਈ ਮਾਚਸ...(ਹਾ.. ਹਾ..ਹਾ..) ਉਨ੍ਹਾਂ ਨੇ ਡੱਬੀ ਫੜੀ ਤੇ ਗੁੱਸੇ 'ਚ ਵਗਾਹ ਕੇ ਮਾਰੀ। ਸੋ, ਮੇਰੀ ਆਪਣੇ ਬਾਪ ਨਾਲ ਇਹ ਪਹਿਲੀ ਮੁਲਾਕਾਤ ਸੀ। ਆਪਣੇ ਪੁੱਤਾਂ ਨਾਲ ਬਹੁਤ ਕਰਦੇ ਸੀ... ਮੈਂ ਆਪਣੇ ਭਰਾਵਾਂ ਤੋਂ ਛੋਟੀ ਸੀ ਪਰ ਮੇਰੇ ਨਾਲ ਮਸਾਂ ਈ ਗੱਲ ਕਰਦੇ ਸੀ। ਮੇਰੀਆਂ ਵੱਡੀਆਂ ਭੈਣਾਂ ਨਾਲ ਵੀ ਕਾਰ-ਵਿਹਾਰ ਵਾਲਾ ਰਿਸ਼ਤਾ ਸੀ...ਖ਼ੈਰ, ਮੈਂ ਉਨ੍ਹਾਂ ਤੋਂ ਬਹੁਤ ਛੋਟੀ ਵੀ ਸੀ, ਇਸ ਲਈ ਉਨ੍ਹਾਂ ਨਾਲ ਬਾਪੂ ਜੀ ਦਾ ਕਿਹੋ ਜਿਹਾ ਰਿਸ਼ਤਾ ਸੀ, ਚੰਗੀ ਤਰ੍ਹਾਂ ਨਹੀਂ ਕਹਿ ਸਕਦੀ। ਜਿੰਨਾ ਕੁ ਸੁਣਿਆ, ਓਨਾ ਹੀ ਜਾਣਦੀ ਹਾਂ। ਦੁਨੀਆਦਾਰੀ ਨਿਭਾਉਂਦੇ ਸੀ। ਮੈਂ ਸਮਝਦੀ ਆਂ ਮੇਰਾ ਭਰਾਵਾਂ ਨਾਲ ਹੀ ਮੁਕਾਬਲਾ ਹੁੰਦਾ ਸੀ ਕਿਉਂਕਿ ਮੈਂ ਉਨ੍ਹਾਂ ਨਾਲ ਹੀ ਪਲੀ।

ਉਂਝ ਗ੍ਰੰਥੀ ਸਨ ਪਿਤਾ ਜੀ...ਲਿਖਣ-ਪੜ੍ਹਨ ਦਾ ਵੀ ਸ਼ੌਕ ਸੀ...ਕੁਝ ਕਵਿਤਾਵਾਂ ਵੀ ਲਿਖੀਆਂ... ਜੇਲ੍ਹ ਵੀ ਕੱਟੀ...। ਗੁਰੂ ਗ੍ਰੰਥ ਸਾਹਿਬ 'ਤੇ ਉਨ੍ਹਾਂ ਨੇ ਲੰਬੀ ਕਵਿਤਾ ਵੀ ਲਿਖੀ ਸੀ। ਮੇਰਾ ਸਭ ਤੋਂ ਪਹਿਲਾਂ ਕਵਿਤਾ ਨਾਲ ਰਿਸ਼ਤਾ ਉਨ੍ਹਾਂ ਦੀ ਲਿਖਤ ਨਾਲ ਹੀ ਹੁੰਦੈ...ਨਗਰ ਕੀਰਤਨ ਜਾਂ ਕਿਸੇ ਧਾਰਮਕ ਪ੍ਰੋਗਰਾਮਾਂ ਵਿਚ ਮੈਂ ਉਨ੍ਹਾਂ ਦੀ ਕਵਿਤਾ ਪੜ੍ਹਦੀ ਹੁੰਦੀ ਸੀ।

ਹਾਂ, ਉਨ੍ਹਾਂ ਦੀ ਇਕ ਗੱਲ ਮੈਨੂੰ ਬਹੁਤ ਚੰਗੀ ਲੱਗੀ। ਮੇਰੀ ਭਰਜਾਈ ਤੇ ਭਰਾ ਦੀ ਬਣਦੀ ਨਹੀਂ ਸੀ...ਦੋ ਬੱਚੇ ਵੀ ਹੋ ਗਏ ਸਨ ਉਨ੍ਹਾਂ ਦੇ। ਮੇਰੇ ਭਰਾ ਨੇ ਬਿਨਾਂ ਤਲਾਕ ਦਿੱਤਿਆਂ ਦੂਸਰਾ ਵਿਆਹ ਕਰਵਾ ਲਿਆ। ਮੇਰੇ ਬਾਪੂ ਜੀ ਨੂੰ ਬਹੁਤ ਬੁਰਾ ਲੱਗਾ। ਉਹ ਸਾਨੂੰ ਛੱਡ ਕੇ ਰਾਜਪੂਰੇ ਵਾਲੇ ਘਰ ਵਿਚ ਭਰਜਾਈ ਤੇ ਦੋਹਾਂ ਬੱਚਿਆਂ ਨਾਲ ਰਹਿਣ ਲੱਗ ਪਏ। ਉਨ੍ਹਾਂ ਨੇ ਉਹ ਘਰ ਵੀ ਮੇਰੇ ਭਤੀਜੇ ਦੇ ਨਾਂ ਕਰ ਦਿੱਤਾ। ਉਨ੍ਹਾਂ ਨੂੰ ਲਗਦਾ ਸੀ ਕਿ ਇਹ ਸਾਡੀ ਨੂੰਹ ਤੇ ਸਾਡੇ ਪੋਤਾ-ਪੋਤੀ ਨੇ...ਮੇਰੇ ਮੁੰਡੇ ਨੇ ਇਨ੍ਹਾਂ ਨੂੰ ਛੱਡ ਕੇ ਚੰਗਾ ਨਹੀਂ ਕੀਤਾ।

ਸਵਾਲ : ਜਦੋਂ ਇਸ ਤਰ੍ਹਾਂ ਬੱਚੀ ਨਾਲ ਆਪਣੇ ਭਰਾਵਾਂ ਦੇ ਮੁਕਾਬਲੇ ਵਿਤਕਰਾ ਹੁੰਦਾ ਹੈ ਤਾਂ ਉਸ ਬੱਚੇ ਦੇ ਮਨ ਵਿਚ ਆਪਣੇ ਭਰਾਵਾਂ ਪ੍ਰਤੀ ਈਰਖ਼ਾ ਵੀ ਆਉਂਦੀ ਐ ਕਿ ਨਹੀਂ?

ਪਾਲ ਕੌਰ : ਹਾਂ ਇਹ ਸੁਭਾਵਕ ਤਾਂ ਹੈਤੇਪਰ ਨਹੀਂ...ਮੇਰੇ ਨਾਲ ਐਵੇਂ ਨਹੀਂ ਹੋਇਆ...ਮੇਰਾ ਗਿਲਾ ਆਪਣੇ ਬਾਪ ਨਾਲ ਹੀ ਰਿਹਾ...ਜਿਹੜੇ ਮੇਰੇ ਵੱਡੇ ਭਰਾ ਸੀ, ਉਹ ਮੈਨੂੰ ਬਹੁਤ ਪਿਆਰ ਕਰਦੇ ਸੀ... ਦੂਸਰਾ ਭਰਾ ਹੈ ਤਾਂ ਮੇਰੇ ਤੋਂ ਵੱਡਾ ਸੀ ਪਰ ਹਾਣੀ ਹੋਣ ਕਾਰਨ ਸਾਡੀ ਲੜਾਈ ਬਹੁਤ ਹੁੰਦੀ ਸੀ ਤੇ ਮੇਰਾ ਵੱਡਾ ਭਰਾ ਮੇਰਾ ਬਹੁਤ ਸਾਥ ਦਿੰਦਾ ਸੀ...ਸੋ, ਭਰਾਵਾਂ ਲਈ ਮੇਰੇ ਮਨ 'ਚ ਐਸਾ ਕੁਝ ਨਹੀਂ ਆਇਆ। ਭੈਣਾਂ ਨਾਲ ਮੇਰਾ ਦੂਰ ਜਿਹੇ ਦਾ ਰਿਸ਼ਤਾ ਰਿਹਾ ਕਿਉਂਕਿ ਉਹ ਵਿਆਹੀਆਂ ਹੋਈਆਂ ਸੀ...ਪੰਜਾਂ ਵਿਚੋਂ ਜਿਹੜੀ ਸਭ ਤੋਂ ਛੋਟੀ ਸੀ, ਅੱਜ ਕੱਲ੍ਹ ਉਹ ਕੈਨੇਡਾ ਵਿਚ ਐ...ਉਨ੍ਹਾਂ ਦਾ ਵਿਆਹ ਮੇਰੇ ਸਾਹਮਣੇ ਹੋਇਆ... ਮੈਂ ਪਹਿਲੀ ਵਿਚ ਪੜ੍ਹਦੀ ਸੀ ਉਦੋਂ...ਮੇਰੇ ਤੋਂ ਕੋਈ 10-12 ਸਾਲ ਵੱਡੇ ਹੋਣਗੇ...। ਉਨ੍ਹਾਂ ਨਾਲ ਮੇਰਾ ਬਹੁਤ ਪਿਆਰ ਸੀ, ਇਸੇ ਕਰਕੇ ਹੁਣ ਤਕ ਵੀ ਮੇਰਾ ਉਨ੍ਹਾਂ ਨਾਲ ਆਉਣ-ਜਾਣ ਵੀ ਬਣਿਆ ਹੋਇਐ।

ਸਵਾਲ : ਤੁਸੀਂ ਦੱਸਿਆ ਕਿ ਤੁਹਾਡੀਆਂ ਭੈਣਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਕਿਉਂਕਿ ਉਦੋਂ ਹਾਲਾਤ ਹੀ ਐਵੇਂ ਦੇ ਸਨ, ਪਰ ਤੁਹਾਨੂੰ ਇਹ ਮੌਕਾ ਕਿਵੇਂ ਮਿਲ ਗਿਆ, ਜਦ ਕਿ ਤੁਹਾਡੇ ਪਿਤਾ ਜੀ ਇਹ ਸਭ ਪਸੰਦ ਨਹੀਂ ਸੀ ਕਰਦੇ?

ਪਾਲ ਕੌਰ : ਇਹ ਇਸ ਕਰਕੇ ਹੋਇਆ ਕਿ ਮੇਰੇ ਭਰਾ ਸਕੂਲ ਜਾਂਦੇ ਸੀ ਤੇ ਮੈਂ ਜ਼ਿੱਦ ਕੀਤੀ ਕਿ ਮੈਂ ਵੀ ਸਕੂਲ ਜਾਣੈ...ਹਾਲੇ ਮੇਰੀ ਸਕੂਲ ਜਾਣ ਦੀ ਉਮਰ ਨਹੀਂ ਸੀ, ਕਿਤੇ ਕੋਈ ਦਾਖ਼ਲਾ ਨਹੀਂ ਸੀ ਪਰ ਮੈਂ ਆਪੇ ਜਾ ਕੇ ਬਹਿ ਜਾਂਦੀ ਸੀ ਸਕੂਲ ਵਿਚ। ਫੇਰ ਜਦੋਂ ਦਾਖ਼ਲਾ ਲੈਣ ਦਾ ਸਮਾਂ ਆਇਆ ਤਾਂ ਮੇਰੇ ਵੱਡੇ ਭਰਾ ਨੇ ਮੇਰਾ ਸਾਥ ਦਿੱਤਾ ਕਿ ਇਹ ਵੀ ਪੜ੍ਹਨ ਜਾਊਗੀ। ਅਖ਼ੀਰ ਤੱਕ ਮੇਰੀ ਪੜ੍ਹਾਈ ਵਿਚ ਉਨ੍ਹਾਂ ਦਾ ਬਹੁਤ ਯੋਗਦਾਨ ਰਿਹਾ। ਜਦੋਂ ਮੇਰੀ ਪੰਜਵੀਂ ਹੋਈ ਤਾਂ ਬਰੇਕਾਂ ਲੱਗੀਆਂ, ਭਰਾ ਨੇ ਫੇਰ ਮੇਰੀ ਹਮਾਇਤ ਕੀਤੀ...ਫੇਰ ਦਸਵੀਂ 'ਚ ਜਾ ਕੇ ਬਰੇਕਾਂ ਲੱਗੀਆਂ...ਬਾਅਦ ਦੀ ਪੜ੍ਹਾਈ ਲਈ ਤਾਂ ਮੈਂ ਆਪ ਈ ਅੜ ਜਾਂਦੀ ਸੀ ਕਿ ਮੈਂ ਤਾਂ ਪੜ੍ਹਨਾ ਈ ਪੜ੍ਹਨੈ।

ਸਵਾਲ : ਤੁਹਾਡੀਆਂ ਕਵਿਤਾਵਾਂ ਵੀ ਕਦੇ ਤੁਹਾਡੇ ਪਿਤਾ ਜੀ ਨੇ ਪੜ੍ਹੀਆਂ?

ਪਾਲ ਕੌਰ : ਹਾਂ...ਹਾਂ...। 1980 ਵਿਚ ਹੀ ਮੇਰੀਆਂ ਕਵਿਤਾਵਾਂ ਛਪਣੀਆਂ ਸ਼ੁਰੂ ਹੋ ਗਈਆਂ ਸਨ...ਅਕਾਲੀ ਪੱਤ੍ਰਿਕਾ ਵਿਚ ਅਤੇ ਅਖ਼ਬਾਰਾਂ ਵਿਚ। ਇਕ ਦਿਨ ਪਿਤਾ ਜੀ ਮੇਰੇ ਭਰਾ ਨਾਲ ਬੈਠੇ ਸ਼ਰਾਬ ਪੀ ਰਹੇ ਸੀ ਤੇ ਉਸ ਦਿਨ ਅਖ਼ਬਾਰ ਵਿਚ ਮੇਰੀਆਂ ਕਵਿਤਾਵਾਂ ਛਪੀਆਂ ਸਨ। ਕਹਿੰਦੇ-'ਸਾਨੂੰ

ਤਾਂ ਸਾਰੀ ਉਮਰ ਲੱਗ ਗਈ...ਆਹ ਡੂਢ ਅੱਖਰ ਪੜ੍ਹੀ ਐ ਤੇ ਇਹਦੀਆਂ ਕਵਿਤਾਵਾਂ ਅਖ਼ਬਾਰਾਂ, ਰਸਾਲਿਆਂ ਵਿਚ ਵੀ ਛਪਣ ਲੱਗ ਗਈਆਂ।' ਸ਼ ਕਿਤੇ ਨਾ ਕਿਤੇ ਉਨ੍ਹਾਂ ਅੰਦਰ ਕੋਈ ਗੱਠ ਜਿਹੀ ਸੀ।

ਮਾਂ ਦੀ ਬੇਚਾਰਗੀ

ਸਵਾਲ : ਮਾਂ ਬਾਰੇ ਵੀ ਤੁਸੀਂ ਆਪਣੀਆਂ ਕਵਿਤਾਵਾਂ ਵਿਚ ਜ਼ਿਕਰ ਕੀਤਾ ਹੈ। ਉਨ੍ਹਾਂ ਨਾਲ ਤੁਹਾਡਾ ਕਿਹੋ ਜਿਹਾ ਰਿਸ਼ਤਾ ਰਿਹਾ ?

ਪਾਲ ਕੌਰ : ਮਾਂ ਵੀ ਪੁੱਤਰਾਂ ਨੂੰ ਹੀ ਜ਼ਿਆਦਾ ਪਿਆਰ ਕਰਦੀ ਸੀ, ਪਿਤਾ ਨੂੰ ਵੀ ਨਹੀਂ ਸੀ ਕਰਦੀ... ਮੇਰੀ ਮਾਂ ਦਰਅਸਲ; ਪੀੜਤ ਸੀ। ਮੇਰੇ ਮਨ 'ਚ ਔਰਤ ਪ੍ਰਤੀ ਜਿਹੜਾ ਅਕਸ ਬਣਦੈ, ਉਹ ਇਹੀ ਬਣਦੈ... ਮੈਂ ਲਿਖਿਆ ਵੀ ਐ ਕਿਧਰੇ-ਉਹ ਇਹ ਕਿ ਸਾਰੇ ਕੰਮ ਮਾਂ ਕਰਦੀ ਸੀ...ਸਾਰੀਆਂ ਜ਼ਿੰਮੇਵਾਰੀਆਂ ਉਹ ਨਿਭਾਉਂਦੀ ਸੀ...ਤੇ ਫ਼ੈਸਲੇ ਸਿਰਫ਼ ਬਾਪੂ ਜੀ ਲੈਂਦੇ ਸਨ।

ਇਕ ਘਟਨਾ ਮੈਨੂੰ ਯਾਦ ਐ...ਇਕ ਵਾਰ ਪਿਤਾ ਜੀ ਘਰ ਨਹੀਂ ਸੀ ਤੇ ਮਾਂ ਬਿਨਾਂ ਪੁੱਛੇ ਮੇਰੀ ਵੱਡੀ ਭੈਣ ਕੋਲ ਚਲੀ ਗਈ...ਨੇੜੇ ਹੀ ਰਹਿੰਦੀ ਸੀ...ਅਸੀਂ ਖਰੜ੍ਹ ਸੀ ਤੇ ਉਹ ਖਾਨਪੁਰ ਵਿਆਹੀ ਸੀ। ਬੀਜੀ ਜਦੋਂ ਸ਼ਾਮ ਨੂੰ ਆਏ ਤਾਂ ਬਾਪੂ ਜੀ ਨੇ ਉਨ੍ਹਾਂ ਨੂੰ ਬਹੁਤ ਮਾਰਿਆ। ਮੰਜੇ 'ਤੇ ਨਿਢਾਲ ਜਿਹੇ ਹੋ ਕੇ ਪਏ ਸੀ ਤੇ ਮੇਰਾ ਭਰਾ ਉਦੋਂ ਕਾਲਜ ਪੜ੍ਹਦਾ ਸੀ ਤੇ ਜਦੋਂ ਉਹਨੂੰ ਘਰ ਆ ਕੇ ਪਤਾ ਲੱਗਿਆ ਤਾਂ ਉਹ ਪੂਰੇ ਗੁੱਸੇ ਵਿਚ ਆ ਕੇ ਕਹੇ ਕਿ ਮੈਂ ਤਾਂ ਥਾਣੇ ਜਾਉਂਗਾ। ਮੇਰੀ ਮਾਂ ਉਹਦੇ ਅੱਗੇ ਹੱਥ ਜੋੜ ਕੇ ਖੜ੍ਹ ਗਈ ਕਿ ਨਹੀਂ, ਕੋਈ ਗੱਲ ਨੀਂ ਤੇਰਾ ਬਾਪ ਐ। ਔਰਤ ਦੀ ਇਸ ਬੇਚਾਰਗੀ ਨੇ ਮੇਰੇ ਮਨ 'ਤੇ ਬਹੁਤ ਅਸਰ ਕੀਤਾ।

ਸਵਾਲ : ਉਂਝ ਕਿਹੋ ਜਿਹੀ ਸੀ ਤੁਹਾਡੀ ਮਾਂ ?

ਪਾਲ ਕੌਰ : ਮਾਂ...ਬਾਰੇ ਮੈਨੂੰ ਲਗਦਾ ਰਿਹੈ ਕਿ ਉਹ ਮੇਰੇ ਨਾਲ ਓਨਾ ਤੇਹ ਨਹੀਂ ਕਰਦੀ ਜਿਵੇਂ ਮੇਰੇ ਭਰਾਵਾਂ ਨਾਲ ਕਰਦੀ ਸੀ। ਅਸੀਂ ਪਹਿਲਾਂ ਪਿੰਡੋਂ ਉਠ ਕੇ ਰਾਜਪੁਰੇ ਆ ਗਏ ਤੇ ਰਾਜਪੁਰੇ ਤੋਂ ਚੰਡੀਗੜ੍ਹ ਆ ਗਏ। ਇੱਥੇ ਆ ਕਿ ਮੇਰੀ ਮਾਂ 'ਕੱਲੀ ਜਿਹੀ ਹੋ ਗਈ... ਸਹੇਲੀਆਂ ਦਾ ਸਾਥ ਛੁਟ ਗਿਆ...ਰਿਸ਼ਤੇਦਾਰੀਆਂ ਦੂਰ ਸੀ...ਉਹਨੂੰ ਆਪਣਾ ਗੁਭ-ਗਲ੍ਹਾਟ ਕੱਢਣ ਵਾਲਾ ਕੋਈ ਮਿਲਦਾ ਨਹੀਂ ਸੀ। ਉਹ ਅਜਿਹਾ ਸਮਾਂ ਸੀ ਜਦੋਂ ਉਹ ਮੇਰੇ ਨਾਲ ਸਾਰੀਆਂ ਗੱਲਾਂ ਕਰ ਲੈਂਦੇ ਸੀ...ਉਦੋਂ ਮੇਰੀ ਉਨ੍ਹਾਂ ਨਾਲ ਦੋਸਤੀ ਹੋਈ। ਜਦੋਂ ਉਨ੍ਹਾਂ ਨੇ ਮੇਰੇ ਨਾਲ ਗੱਲਾਂ ਕਰਨੀਆਂ ਤਾਂ ਮੇਰਾ ਵੀ ਦਿਲ ਕਰਨਾ ਉਨ੍ਹਾਂ ਦੀ ਗੋਦ ਵਿਚ ਸਿਰ ਰੱਖ ਕੇ ਪੈ ਜਾਵਾਂ...ਪਰ ਉਨ੍ਹਾਂ ਨੂੰ ਕਿਉਂਕਿ ਇਸ ਸਭ ਦੀ ਆਦਤ ਨਹੀਂ ਸੀ...ਮੇਰੇ ਸਿਰ 'ਤੇ ਠੋਲਾ ਮਾਰ ਕੇ ਪਰ੍ਹਾਂ ਕਰਨਾ- 'ਚੱਲ ਸਜਾਈ ਕਾਕੀ ਨਾ ਹੋਵੇ ਤਾਂ'।

ਜਦੋਂ ਮੇਰੀ ਭਰਜਾਈ ਆਈ ਤਾਂ ਘਰ 'ਚ ਝਗੜੇ ਤਾਂ ਹੁੰਦੇ ਹੀ ਰਹਿੰਦੇ ਸੀ...ਇਕ ਦਿਨ ਮੈਂ ਕਿਤੋਂ ਬਾਹਰੋਂ ਆਈ ਤਾਂ ਮਾਂ ਤੇ ਭਰਜਾਈ ਦੋਵੇਂ ਗੱਲਾਂ ਕਰ ਰਹੀਆਂ ਸੀ-'ਪਾਲ ਨੇ ਆਹ ਕਰ ਦਿੱਤੈ, ਪਾਲ ਨੇ ਤ ਏ-ਵੋਹ।' ਮੈਨੂੰ ਬੜਾ ਗੁੱਸਾ ਆਇਆ ਕਿ ਮੇਰੀ ਮਾਂ ਮੇਰੇ ਬਾਰੇ ਐਦਾਂ ਕਿਉਂ ਬੋਲ ਰਹੀ ਐ...। ਮੈਂ ਉਥੋਂ ਹੀ ਵਾਪਸ ਮੁੜ ਪਈ। ਉਨ੍ਹਾਂ ਨੂੰ ਪਤਾ ਲਗ ਗਿਆ ਕਿ ਪਾਲ ਨੇ ਸਾਡੀਆਂ ਗੱਲਾਂ ਸੁਣ ਲਈਆਂ। ਉਹ ਮੈਨੂੰ ਵਾਪਸ ਜਾਂਦੀ ਨੂੰ 'ਵਾਜਾਂ ਮਾਰਨ। ਮੈਂ ਕਿਹਾ-'ਬੱਸ, ਹੁਣ ਮੈਂ ਜਾ ਰਹੀ ਹਾਂ।' ਬਥੇਰਾ ਰੋਕਿਆ ਉਨ੍ਹਾਂ ਨੇ...ਮੈਂ ਤਾਂ ਤੁਰੀ ਜਾਵਾਂ...ਇਹ ਮੈਨੂੰ ਪਤਾ ਨਹੀਂ ਸੀ ਮੈਂ ਜਾਣਾ ਕਿੱਥੇ ਐ...ਕਾਹਲੀ ਕਾਹਲੀ ਤੁਰਦੀ 35 ਸੈਕਟਰ ਦੇ ਬੱਸ ਅੱਡੇ 'ਤੇ ਪਹੁੰਚ ਗਈ...ਮੇਰੀ ਮਾਂ ਵੀ ਮਗਰੇ 'ਵਾਜਾਂ ਮਾਰਦੀ ਤੁਰੀ ਆਵੇ। ਜਦੋਂ ਮੈਂ ਆਪਣੀ ਮਾਂ ਵੱਲ ਦੇਖਿਆ ਤਾਂ ਸ਼ਿਖ਼ਰ ਦੁਪਹਿਰ ਤਪਦੀ ਗਰਮੀ ਵਿਚ ਨੰਗੇ ਪੈਰੀਂ ਤੁਰੀ ਆਵੇ। ਮੈਨੂੰ ਵੀ ਮਹਿਸੂਸ ਹੋਇਆ ਕਿ ਮੇਰੀ ਮਾਂ ਮੇਰੇ ਲਈ ਏਨੀ ਗਰਮੀ ਵਿਚ ਨੰਗੇ ਪੈਰੀਂ ਹੀ ਆ ਗਈ...ਉਹਨੂੰ ਪਤਾ ਹੀ ਨਹੀਂ ਲੱਗਾ ਕਿ ਉਹਨੇ ਚੱਪਲ ਨਹੀਂ ਪਾਈ। ਸੋ, ਮਾਂ ਦੀ ਹਾਲਤ ਦੇਖ ਕੇ ਮੈਂ ਵਾਪਸ ਮੁੜ ਆਈ। ਬੱਸ ਐਵੇਂ ਦਾ ਹੀ ਰਿਸ਼ਤਾ ਰਿਹਾ।

ਵਿਆਹ ਤੋਂ ਇਨਕਾਰੀ

ਸਵਾਲ : ਤੁਹਾਡੇ ਪਿਤਾ ਜੀ ਤੁਹਾਡੀ ਪੜ੍ਹਾਈ ਦੇ ਹੱਕ ਵਿਚ ਨਹੀਂ ਸੀ ਤੇ ਨਾ ਹੀ ਘਰ ਦੀ ਹਾਲਤ ਬਹੁਤੀ ਚੰਗੀ ਸੀ। ਫੇਰ ਤੁਸੀਂ ਆਪਣੀ ਪੜ੍ਹਾਈ ਦਾ ਖ਼ਰਚਾ ਕਿਵੇਂ ਤੇ ਕਿਥੋਂ ਪੂਰਾ ਕੀਤਾ ?

ਪਾਲ ਕੌਰ : ਮੇਰੇ ਮਾਂ-ਬਾਪ ਹਰੇਕ ਕਲਾਸ ਤੋਂ ਬਾਅਦ ਹੱਥ ਖੜ੍ਹੇ ਕਰ ਦਿੰਦੇ ਸੀ, ਬਈ ਬੱਸ ਹੋਰ ਨੀਂ ਪੜ੍ਹਨਾ...ਕੁੜੀਆਂ 'ਤੇ ਏਨਾ ਈ ਪੜ੍ਹਦੀਆਂ ਹੁੰਦੀਆਂ ਨੇ...ਪੰਜਵੀਂ ਤੋਂ ਬਾਅਦ ਈ ਕਹਿਣਾ ਸ਼ੁਰੂ ਹੋ ਗਏ ਸੀ ਕਿ ਕੁੜੀਆਂ ਤਾਂ ਬੱਸ ਏਨਾ ਹੀ ਪੜ੍ਹਨ ਦੀ ਲੋੜ ਹੈ ਜਿੰਨ੍ਹਾਂ ਉਹ ਚਿੱਠੀ-ਪੱਤਰੀ ਲਿਖ ਸਕਣ। ਸੋ ਪਹਿਲਾਂ ਪੰਜਵੀਂ ਤੋਂ ਬਾਅਦ...ਫ਼ੇਰ ਦਸਵੀਂ ਤੋਂ ਬਾਅਦ ਬਰੇਕਾਂ ਲਗਦੀਆਂ ਰਹੀਆਂ। ਉਦੋਂ ਤਾਂ ਮੇਰੇ ਭਰਾ ਮਦਦ ਕਰ ਦਿੰਦੇ ਸੀ। ਜਦੋਂ ਮੈਂ ਬੀ.ਏ. ਫਸਟਈਅਰ 'ਚ ਹੋਈ ਤਾਂ ਕਹਿਣ ਲੱਗੇ ਬੱਸ, ਹੁਣ ਹੋਰ ਨੀਂ...ਮੁੰਡਾ-ਮਾਂਡਾ ਦੇਖ ਕੇ ਵਿਆਹ ਕਰ ਦੇਣੈ...ਉਦੋਂ ਮੇਰੇ 'ਚ ਆਪਣੇ-ਆਪ ਫ਼ੈਸਲੇ ਲੈਣ ਦੀ ਜੁਰੱਅਤ ਆਉਣੀ ਸ਼ੁਰੂ ਹੋ ਗਈ ਸੀ...ਤੁਸੀਂ ਪੜ੍ਹਾਉਂਦੇ ਕਿ ਨਹੀਂ...ਮੈਨੂੰ ਤਾਂ ਬੱਸ ਪੈਸੇ ਚਾਹੀਦੇ ਨੇ...ਹਾਂ, ਸਾਹਮਣੇ ਨਹੀਂ ਸੀ ਮੈਂ ਉਨ੍ਹਾਂ ਦੇ ਬੋਲਦੀ...ਅੰਦਰੋਂ-ਅੰਦਰੀ ਬਗ਼ਾਵਤ ਲਈ ਤਿਆਰ ਰਹਿੰਦੀ ਸੀ...ਫ਼ੇਰ ਜਦੋਂ ਮੈਂ ਕੋਈ ਕੰਮ ਕਰ ਦਿੰਦੀ ਸੀ ਤਾਂ ਉਹ ਮੇਰਾ ਵਿਰੋਧ ਕਰਦੇ ਸਨ ਤਾਂ ਭਰਾ ਕਹਿ ਦਿੰਦਾ ਸੀ ਕੋਈ ਗੱਲ ਜੋ ਹੋ ਗਿਆ ਸੋ ਗਿਆ। ਮੈਂ ਧੱਕੇ ਨਾਲ ਬੀ.ਏ. ਫਸਟਈਅਰ 'ਚ ਦਾਖ਼ਲਾ ਲੈ ਲਿਆ, ਫਸਟ ਈਅਰ ਦੇ ਪੇਪਰ ਦੇ ਕੇ ਦੋ ਮਹੀਨੇ ਦੀਆਂ ਛੁੱਟੀਆਂ ਆ ਗਈਆਂ...ਮੈਂ ਸੋਚਿਆ ਹੁਣ ਇਨ੍ਹਾਂ ਨੇ ਮੈਨੂੰ ਅੱਗੋਂ ਦਾਖ਼ਲ ਨਹੀਂ ਕਰਨਾ...ਘਰ ਦੇ ਹਾਲਾਤ ਵੀ ਐਸੇ ਸੀ ਕਿ ਉਨ੍ਹਾਂ ਕੋਲ ਪੜ੍ਹਾਉਣ ਲਈ ਏਨੇ ਪੈਸੇ ਵੀ ਨਹੀਂ ਸੀ ਹੁੰਦੇ...ਮੈਂ ਫੇਰ ਉਦੋਂ ਇਕ ਸਰਫ਼ ਕੰਪਨੀ ਜੁਆਇਨ ਕੀਤੀ...ਘਰ ਘਰ ਸਰਫ਼ ਵੇਚ ਕੇ ਥੋੜ੍ਹੇ ਪੈਸੇ ਕਮਾਏ... ਉਹ ਜਾ ਕੇ ਦਾਖ਼ਲਾ ਭਰ ਦਿੱਤਾ...ਐਮ.ਸੀ.ਐਮ. ਵਿਚ ਉਦੋਂ ਮੈਂ ਪੜ੍ਹਦੀ ਸੀ...ਕਿਤਾਬਾਂ ਮੈਨੂੰ ਕਾਲਜ ਤੋਂ ਮਿਲ ਜਾਂਦੀਆਂ ਸੀ...ਫੀਸ ਵੀ ਮੁਆਫ਼ ਹੋ ਜਾਂਦੀ ਸੀ...ਕਿਉਂਕਿ ਮੈਂ ਕਾਲਜ ਦੀਆਂ ਗਤੀਵਿਧੀਆਂ ਵਿਚ ਕਾਫ਼ੀ ਹਿੱਸਾ ਲੈਂਦੀ ਸੀ...। ਬੀ.ਏ. ਤੋਂ ਬਾਅਦ ਮੈਂ ਇਕ ਸਕੂਲ ਵਿਚ ਨੌਕਰੀ ਕੀਤੀ...ਦੋ ਮਹੀਨੇ ਜਿਹੜੇ ਪੈਸੇ ਕਮਾਏ, ਉਨ੍ਹਾਂ ਨਾਲ ਮੈਂ ਐਮ.ਏ. 'ਚ ਦਾਖ਼ਲਾ ਲਿਆ...।

ਸਵਾਲ : ਜਦੋਂ ਤੁਸੀਂ ਬੀ.ਏ. ਕਰ ਲਈ ਤਾਂ ਘਰ ਦਿਆਂ ਨੇ ਵਿਆਹ ਲਈ ਜ਼ੋਰ ਨਹੀਂ ਪਾਇਆ ?

ਪਾਲ ਕੌਰ : ਜਦੋਂ ਤੱਕ ਮੈਂ ਬੀ.ਏ. ਕੀਤੀ, ਉਦੋਂ ਤੱਕ ਮੇਰੇ ਦੋਵੇਂ ਭਰਾਵਾਂ ਦੇ ਵਿਆਹ ਹੋ ਚੁੱਕੇ ਸੀ... ਇਕ ਗੱਲ ਹੋਰ ਵੀ ਮਜ਼ੇਦਾਰ ਸੀ ਕਿ ਮੇਰੀ ਮਾਂ ਮੈਨੂੰ ਭਾਵੇਂ ਵਿਆਹ ਲਈ ਕਹਿੰਦੀ ਰਹਿੰਦੀ ਸੀ ਪਰ ਘਰ 'ਚ ਮੀਆਂ-ਬੀਵੀ ਦੇ ਝਗੜਿਆਂ ਨੂੰ ਦੇਖ ਕੇ ਉਹ ਖ਼ੁਸ਼ ਵੀ ਸੀ ਕਿ ਮੈਂ ਵਿਆਹ ਨਹੀਂ ਕਰਵਾਇਆ। ਇਹ ਗੱਲ ਉਹਨੇ ਕਹੀ ਨਹੀਂ ਕਦੇ...ਸ਼ਾਇਦ ਇਹ ਉਹਦੇ ਸੰਸਕਾਰ ਸੀ...ਸ਼ਾਇਦ ਉਹ ਖ਼ੁਸ਼ ਸੀ ਕਿ ਇਹਨੂੰ ਦੁੱਖ ਨਹੀਂ ਭੋਗਣਾ ਪਏਗਾ ਜਿਵੇਂ ਉਹ ਭੋਗ ਰਹੀ ਸੀ ਜਾਂ ਉਹਦੀਆਂ ਜਾਣੂ ਔਰਤਾਂ ਭੋਗ ਰਹੀਆਂ ਸਨ।

ਸਵਾਲ : ਤੁਹਾਡੀਆਂ ਵੱਡੀਆਂ ਭੈਣਾਂ ਸੁਖੀ ਸਨ ?

ਪਾਲ ਕੌਰ : ਉਨ੍ਹਾਂ ਦਾ ਵੀ ਚੱਲਦਾ ਰਹਿੰਦਾ ਸੀ...ਮਾੜੀ-ਮੋਟੀ ਲੜਾਈ-ਝਗੜੇ ਚੱਲਦੇ ਰਹਿੰਦੇ ਸਨ। ਬਾਕੀ ਮੇਰੇ ਤੋਂ ਉਹ ਬਹੁਤ ਵੱਡੀਆਂ ਸਨ, ਇਸ ਕਰਕੇ ਮੇਰੇ ਨਾਲ ਆਪਣੇ ਦਿਲ ਦੀ ਗੱਲ ਨਹੀਂ ਸੀ ਕਰਦੀਆਂ। ਲੰਘਦੇ-ਵੜਦੇ ਮਾੜਾ-ਮੋਟਾ ਸੁਣ ਲੈਂਦੀ ਸਾਂ। ਜਦੋਂ ਮੈਂ ਐਮ.ਏ. ਦੇ ਪੇਪਰ ਦਿੱਤੇ, ਉਸ ਵੇਲੇ ਤਾਂ ਇਵੇਂ ਸੀ ਕਿ ਹੁਣ ਤਾਂ ਬੱਸ ਮੈਂ ਘਰੋਂ ਬਾਹਰ ਨਿਕਲਣੈ...ਹੁਣ ਹੋਰ ਨਹੀਂ ਰਹਿ ਸਕਦੀ ਮੈਂ ਇਸ ਘਰ ਵਿਚ। ਸੁਨਾਮ ਕੁੜੀਆਂ ਦਾ ਕਾਲਜ ਸੀ...ਅਖ਼ਬਾਰ ਵਿਚ ਇਸ਼ਤਿਹਾਰ ਨਿਕਲਿਆ ਸੀ ਕਿ ਉਥੇ ਪੰਜਾਬੀ ਲੈਕਚਰਾਰ ਦੀ ਲੋੜ ਐ...ਸਿੱਧਾ ਇੰਟਰਵਿਊ ਲਈ ਹੀ ਜਾਣਾ ਸੀ...। ਇਹ 1980-81 ਦੀ ਗੱਲ ਐ... ਮੈਂ ਨਾਹ-ਧੋਹ ਕੇ ਕਮਰੇ 'ਚ ਆਈ...ਆਉਂਦੀ ਨੇ ਹੀ ਮਾਂ ਨੂੰ ਕਹਿ ਦਿੱਤਾ ਕਿ ਮੈਂ ਨੌਕਰੀ ਲਈ ਚੱਲੀ ਹਾਂ... ਜੇ ਤਾਂ ਮੈਂ ਸ਼ਾਮ ਨੂੰ ਵਾਪਸ ਆ ਗਈ ਠੀਕ ਐ...ਜੇ ਨੌਕਰੀ ਲੱਗ ਗਈ ਤਾਂ ਉਥੇ ਹੀ ਰਹਿ ਪਵਾਂਗੀ। ਉਥੇ ਮੇਰੀ ਸਹੇਲੀ ਰਹਿੰਦੀ ਸੀ...ਮਾਂ ਨੂੰ ਦੱਸਿਆ ਕਿ ਮੈਂ ਉਨ੍ਹਾਂ ਦੇ ਘਰ ਰਹਾਂਗੀ। ਇਹ ਮੇਰਾ ਪਹਿਲਾ ਸਟੈੱਪ ਸੀ ਘਰੋਂ ਬਾਹਰ ਨਿਕਲਣ ਦਾ...ਮੇਰੀ ਨੌਕਰੀ ਲੱਗ ਗਈ ਤੇ ਥੋੜ੍ਹੇ ਦਿਨ ਮੈਂ ਆਪਣੀ ਸਹੇਲੀ ਦੇ ਘਰ ਰਹੀ...ਫ਼ੇਰ ਇਕ ਹੋਰ ਕੁਲੀਗ ਨਾਲ ਕਮਰਾ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਈ। ਇਹ ਫ਼ੈਸਲਾ ਉਦੋਂ ਹੁੰਦੈ ਕਿ ਮੈਂ ਵਿਆਹ ਨਹੀਂ ਕਰਾਉਣਾ...ਅਸਲ 'ਚ ਜਦੋਂ ਮੈਂ ਬੀ.ਏ. ਵਿਚ ਸੀ, ਉਨ੍ਹਾਂ ਕੋਲ ਰਹਿ ਰਹੀ ਸੀ ਤਾਂ ਭਰਾਵਾਂ ਦੀਆਂ ਸਮੱਸਿਆਵਾਂ ਵਿਚ ਹੀ ਏਨੇ ਉਲਝੇ ਹੋਏ ਸੀ ਕਿ ਮੇਰੇ ਲਈ ਉਨ੍ਹਾਂ ਕੋਲ ਟਾਈਮ ਵੀ ਨਹੀਂ ਸੀ...ਵਿਆਹ ਤਾਂ ਕਰਨਾ ਚਾਹੁੰਦੇ ਸਨ ਪਰ ਹੋਰ ਉਲਝਣਾਂ ਕਾਰਨ ਕੋਸ਼ਿਸ਼ ਨਹੀਂ ਕੀਤੀ...। ਜਦੋਂ ਮੈਂ ਸੁਨਾਮ ਨੌਕਰੀ ਕਰ ਰਹੀ ਸੀ ਤਾਂ ਉਦੋਂ ਕੋਈ ਮੁੰਡਾ ਉਨ੍ਹਾਂ ਨੇ ਦੇਖਿਆ ਸੀ ਮੇਰੇ ਲਈ ਪਰ ਮੈਂ ਨਾਂਹ ਕਰ ਦਿੱਤੀ। ਕਿਸੇ ਨੇ ਕੁਝ ਨਹੀਂ ਕਿਹਾ...ਬਾਪੂ ਜੀ ਨੇ ਵੀ ਕੋਈ ਗੱਲ ਨਹੀਂ ਕੀਤੀ ਕਿਉਂਕਿ ਉਹ ਭਰਾ-ਭਰਜਾਈ ਦੇ ਅੱਡ ਹੋਣ ਨਾਲ ਬਹੁਤ ਪ੍ਰੇਸ਼ਾਨ ਸੀ। ਮਾਂ ਤੇ ਛੋਟੇ ਭਰਾ ਨੇ ਕਈ ਵਾਰ ਕਿਹਾ। ਪਰ ਬਾਅਦ ਵਿਚ ਮੇਰੇ ਵੱਡੇ ਭਰਾ ਨੇ ਕਿਹਾ ਕਿ ਹੁਣ ਇਹ 30 ਸਾਲ ਦੀ ਹੋ ਗਈ...ਪੀ.ਐਚ.ਡੀ. ਇਹਨੇ ਕਰ ਲਈ...ਹੁਣ ਇਹਨੂੰ ਮੈਂ ਕਿਵੇਂ ਕਹਿ ਸਕਦਾ ਕਿ ਤੂੰ ਇਵੇਂ ਨੀਂ ਇਵੇਂ ਕਰ। ਜੇ ਕੋਈ ਕਹਿੰਦਾ ਵੀ ਤਾਂ ਉਹ ਕਹਿ ਦਿੰਦੇ ਸੀ ਕਿ ਨਹੀਂ ਪਾਲ ਦੀ ਮਰਜ਼ੀ ਐ...ਜਿੱਥੇ ਇਹ ਕਹੇਗੀ, ਜਦੋਂ ਇਹ ਕਹੇਗੀ...ਅਸੀਂ ਕਰ ਦਿਆਂਗੇ...ਪਰ ਉਹਨੂੰ ਅਸੀਂ ਮਜਬੂਰ ਨਹੀਂ ਕਰਨਾ ਕਿ ਤੂੰ ਵਿਆਹ ਕਰ।



ਆਪਣੀ ਮਾਂ ਨਾਲ ਪਾਲ ਕੌਰ

ਸਿਖ਼ਰ ਦੇ ਦਿਨ

ਸਵਾਲ : ਜਦੋਂ ਔਰਤ ਆਰਥਕ ਤੌਰ 'ਤੇ ਮਜ਼ਬੂਤ ਹੁੰਦੀ ਐ ਤਾਂ ਉਹ ਆਪਣੇ ਫ਼ੈਸਲੇ ਆਪ ਲੈ ਸਕਦੀ ਹੈ। ਪਰ ਕੁਦਰਤੀ ਤੌਰ 'ਤੇ ਹਰ ਬੰਦੇ ਦੀਆਂ ਸਰੀਰਕ ਲੋੜਾਂ ਵੀ ਹੁੰਦੀਆਂ ਹਨ। ਤੁਹਾਨੂੰ ਕਦੇ ਇਵੇਂ ਮਹਿਸੂਸ ਨਹੀਂ ਹੋਇਆ ?

ਪਾਲ ਕੌਰ : ਹਾਂ...ਇਹ ਵੀ ਮਹਿਸੂਸ ਹੁੰਦਾ ਹੈ... ਜਦੋਂ ਆਪਾਂ ਗੱਲ ਕਰ ਰਹੇ ਸੀ ਕਿ ਕੁੜੀਆਂ ਸ਼ਾਇਦ ਸਮਲਿੰਗੀ ਨਹੀਂ ਹੁੰਦੀਆਂ ਪਰ ਉਹ ਹਾਲਾਤ ਦਾ ਸ਼ਿਕਾਰ ਜਾਂ ਉਮਰ ਦਾ ਤਕਾਜ਼ਾ ਹੁੰਦਾ ਹੈ...ਸਮੇਂ ਦੇ ਨਾਲ ਨਾਲ ਉਹ ਆਮ ਜ਼ਿੰਦਗੀ ਵਿਚ ਆਉਂਦੀਆਂ ਨੇ। ਇਹ ਸੱਚ ਐ ਕਿ ਜਦੋਂ ਤੁਸੀਂ ਕਿਸੇ ਨੂੰ ਸਪਰਸ਼ ਕਰਦੇ ਓ ਤਾਂ ਸੰਤੁਸ਼ਟ ਮਹਿਸੂਸ ਕਰਦੇ ਓ...ਮੈਂ ਇਹ ਤਾਂ ਨਹੀਂ ਕਹਾਂਗੀ ਕਿ ਮੇਰੇ ਸਮਲਿੰਗੀ ਰਿਸ਼ਤੇ ਬਣੇ ਪਰ ਮੇਰੀਆਂ ਸਹੇਲੀਆਂ ਦੇ ਸਾਥ ਨੇ ਮੈਨੂੰ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਤੁਸੀਂ ਆਪਣੀਆਂ ਸਹੇਲੀਆਂ ਦੀ ਏਨੀ ਕੁ ਨੇੜਤਾ ਹਾਸਲ ਕਰ ਲੈਂਦੇ ਹੋ...ਕਿ ਤੁਹਾਨੂੰ ਉਹਦੇ 'ਚ ਤਸੱਲੀ ਜਿਹੀ ਮਿਲ ਜਾਂਦੀ ਐ...। ਮੇਰੇ ਮਾਮਲੇ ਵਿਚ ਵਿਰੋਧ ਸੀ...ਪਹਿਲਾਂ ਜਿਹੜਾ ਘਰੋਂ ਸ਼ੁਰੂ ਹੋਇਆ...ਫ਼ੇਰ ਉਸ ਬੰਦੇ ਕਾਰਨ, ਜੋ ਮੇਰੀ ਜ਼ਿੰਦਗੀ ਵਿਚ ਆਇਆ...ਉਸ ਗੁੱਸੇ ਵਿਚ ਹੀ ਉਹ ਸਾਰੀ ਉਮਰ ਨਿਕਲ ਗਈ...ਮੈਂ ਉਦੋਂ ਵੀ ਕਹਿੰਦੀ ਸੀ... ਇਹ ਨਹੀਂ ਕਿ ਅੱਜ ਕਹਿੰਦੀ ਆਂ ਕਿ ਜੇ ਉਸ ਵੇਲੇ ਮੈਨੂੰ ਕੋਈ ਅਜਿਹਾ ਬੰਦਾ ਮਿਲ ਜਾਂਦਾ ਜੋ ਮੇਰੇ ਉਸ ਗੁੱਸੇ ਨੂੰ...ਮੇਰੀ ਨਫ਼ਰਤ ਨੂੰ ਖ਼ਤਮ ਕਰ ਦਿੰਦਾ ਤੇ ਸ਼ਾਇਦ ਮੈਂ ਉਹਦੇ ਨਾਲ ਤੁਰ ਪੈਂਦੀ।

ਸਵਾਲ : ਆਪਣੇ ਆਪ ਨੂੰ ਰੋਕਣਾ, ਜ਼ਬਤ ਵਿਚ ਰੱਖਣਾ ਕੀ ਇਹ ਗੈਰ ਕੁਦਰਤੀ ਨਹੀਂ ?

ਪਾਲ ਕੌਰ : ਹਾਂ, ਇਹ ਗੈਰ ਕੁਦਰਤੀ ਐ ਪਰ ਜਿਸ ਸਥਿਤੀ ਵਿਚ ਤੁਸੀਂ ਉਸ ਵੇਲੇ ਹੁੰਦੇ ਹੋ, ਤਾਂ ਇਹ ਗੱਲਾਂ ਸਮਝਣ ਦੀ ਤਾਕਤ ਨਹੀਂ ਹੁੰਦੀ...ਜਿਹੜੇ ਬੰਦੇ ਦੇ ਅੰਦਰ ਗੁੱਸਾ ਹੋਵੇ...ਨਫ਼ਰਤ ਹੋਵੇ...ਉਦੋਂ ਉਹ ਨਹੀਂ ਸੋਚਦਾ ਕਿ ਇਹ ਗੈਰ ਕੁਦਰਤੀ ਵਰਤਾਰਾ ਹੈ। ਜੇ ਅੱਜ ਰਾਏ ਦੇਣੀ ਹੋਵੇ ਤਾਂ ਮੈਂ ਕਹਿ ਸਕਦੀ ਹਾਂ ਕਿ ਇਹ ਗੈਰ ਕੁਦਰਤੀ ਹੈ...ਲੇਕਿਨ ਉਸ ਵੇਲੇ ਮੇਰੀ ਮਾਨਸਿਕ ਸਥਿਤੀ ਐਸੀ ਸੀ ਕਿ ਕੁਝ ਸੋਚਣਾ ਹੀ ਨਹੀਂ ਸੀ ਚਾਹੁੰਦੀ। ਦੂਜਾ 19 ਸਾਲ ਜਿਹੜਾ ਬੰਦਾ ਮੇਰਾ ਪਿੱਛਾ ਕਰਦਾ ਰਿਹਾ, ਉਹਨੇ ਵੀ ਮੈਨੂੰ ਇਸ ਚੀਜ਼ 'ਚੋਂ ਨਿਕਲਣ ਨਹੀਂ ਦਿੱਤਾ...ਮੈਂ ਕਿਸੇ ਹੋਰ ਬਾਰੇ ਸੋਚ ਹੀ ਨਾ ਸਕੀ...ਇਹ ਮੇਰੀ ਜ਼ਿੰਦਗੀ ਦੇ ਸ਼ਿਖਰ ਦੇ ਦਿਨ ਸੀ...ਬਹੁਤ ਵਾਰੀ ਮੈਂ ਉਸ ਬੰਦੇ ਨੂੰ ਵਰਜਦੀ ਰਹੀ ਕਿ ਤੂੰ ਮੇਰੇ ਕੋਲ ਨਾ ਆ...ਕਿਸੇ ਵਾਕਫ਼ ਕੋਲੋਂ ਵੀ ਕਹਾਇਆ...ਪਰ 19 ਸਾਲ ਉਹਨੇ ਬਰਬਾਦ ਕੀਤੇ... ਜਦੋਂ ਉਹ ਬਹੁਤ ਜ਼ਿਆਦਾ ਬਿਮਾਰ ਹੋਇਆ... ਸ਼ਰਾਬ ਬਹੁਤ ਪੀਂਦਾ ਸੀ ਉਹ...ਮੈਨੂੰ ਉਹਦੇ ਜਾਣ ਤੋਂ ਬਾਅਦ ਪਤਾ ਲੱਗਾ ਕਿ ਉਹਦੀਆਂ ਕਿਡਨੀਆਂ ਫੇਲ ਹੋ ਗਈਆਂ ਸੀ...ਉਠ ਨਹੀਂ ਸੀ ਸਕਦਾ ਮੰਜੇ ਤੋਂ ਤੇ ਉਦੋਂ ਹੀ ਉਹਨੇ ਬੰਦ ਕੀਤਾ ਮੇਰਾ ਪਿਛਾ।

ਜੋ ਵੀ ਐ ਇਹਦੇ 'ਚੋਂ ਲੰਘਣਾ ਬਹੁਤ ਮੁਸ਼ਕਲ ਹੁੰਦਾ ਹੈ...ਇਕ ਦੌਰ ਐਸਾ ਵੀ ਆਇਆ ਜਦੋਂ ਮੈਂ ਬਿਆਸ ਜਾਣਾ ਸ਼ੁਰੂ ਕਰ ਦਿੱਤਾ... ਦੋ-ਢਾਈ ਸਾਲ ਜਾਂਦੀ ਰਹੀ...ਫੇਰ ਮੈਨੂੰ ਲੱਗਾ ਇਹ ਵੀ ਬਾਕੀ ਸਿਸਟਮ ਤੋਂ ਕੋਈ ਵੱਖ...ਫੇਰ ਮੈਂ ਓਸ਼ੋ ਦੇ ਜਾਂਦੀ ਰਹੀ...ਓਸ਼ੋ ਏਨਾ ਜ਼ਰੂਰ ਕਰ ਦਿੰਦਾ ਐ ਕਿ ਤੁਹਾਨੂੰ ਹਾਲਾਤ ਸਵੀਕਾਰਨ ਦੀ ਤਾਕਤ ਦੇ ਦਿੰਦੈ...। ਓਸ਼ੋ ਤੋਂ ਬਾਅਦ ਇਕ ਬੰਦਾ ਆਇਆ ਮੇਰੀ ਜ਼ਿੰਦਗੀ ਵਿਚ, ਜੀਹਨੇ ਮੇਰੇ ਅੰਦਰਲੀ ਨਫ਼ਰਤ ਖ਼ਤਮ ਕੀਤੀ...ਪਰ ਉਥੇ ਮੈਨੂੰ ਪਤਾ ਸੀ ਕਿ ਸਾਡਾ ਰਿਸ਼ਤਾ ਜੁੜ ਨਹੀਂ ਸਕਦਾ। ਸੋ, ਮੈਂ ਇਨ੍ਹਾਂ ਲੋੜਾਂ ਤੋਂ ਇਨਕਾਰ ਨਹੀਂ ਕਰਦੀ ਪਰ ਹਾਲਾਤ ਐਸੇ ਬਣ ਜਾਂਦੇ ਨੇ...ਕਈ ਵਾਰ ਤੁਸੀਂ ਗੁੱਸੇ ਵਿਚ ਕਿਸੇ ਨੂੰ ਕਹਿ ਦਿੰਦੇ ਹੋ ਕਿ ਮੈਂ ਤੈਨੂੰ ਮਾਰ ਦੇਣੈ...ਪਰ ਤੁਸੀਂ ਉਹਨੂੰ ਮਾਰਦੇ ਤਾਂ ਨਹੀਂ।

ਔਰਤਾਂ, ਦਲਿਤਾਂ ਪ੍ਰਤੀ ਨਜ਼ਰੀਆ

ਸਵਾਲ : ਸਾਮਰਾਜ ਖਿਲਾਫ਼ ਸੁਤੰਤਰਤਾ ਦੀ ਲੜਾਈ ਦੌਰਾਨ ਦਲਿਤਾਂ, ਔਰਤਾਂ, ਪਰੰਪਰਾਵਾਂ ਪ੍ਰਤੀ ਨਜ਼ਰੀਆ ਬਦਲਿਆ, ਕੀ ਤੁਸੀਂ ਸਮਝਦੇ ਹੋ ਕਿ ਉਸ ਨੇ ਭਾਰਤੀ ਘਰਾਂ ਵਿਚ ਕੁੜੀਆਂ ਲਈ ਕੋਈ ਸੁਖਾਵਾਂ ਮਾਹੌਲ ਬਣਾਇਆ ? ਜੇ ਨਹੀਂ ਤਾਂ ਉਸ ਦੇ ਕੀ ਕਾਰਣ ਰਹੇ ?

ਪਾਲ ਕੌਰ : ਕੁੜੀਆਂ ਲਈ ਕਿੱਥੇ ਬਣਿਆ ਸੁਖਾਵਾਂ ਮਹੌਲ ? ਸੁਤੰਤਰਤਾ ਦੀ ਲੜਾਈ ਬਹੁਤੀ ਵਿਦੇਸ਼ੀ ਰਾਜ ਵਿਰੁੱਧ ਹੀ ਸੀ। ਸਾਮਰਾਜ ਦੇ ਵਿਰੋਧ ਦਾ ਨਿਖੇੜਾ ਤਾਂ ਕਮਿਊਨਿਸਟ ਹੀ ਕਰ ਰਹੇ ਸਨ। ਭਗਤ ਸਿੰਘ ਵਰਗੇ ਨਾਇਕ, ਜਿਨ੍ਹਾਂ ਕੋਲ ਵਿਚਾਰਧਾਰਾ ਵੀ ਸੀ ਤੇ ਸੰਘਰਸ਼ਸ਼ੀਲ ਵੀ ਸਨ, ਬਹੁਤ ਘੱਟ ਸਨ। ਕਿਰਤੀ ਕਿਸਾਨ ਸੰਘਰਸ਼ਸ਼ੀਲ ਰਹੇ ਪਰ ਸਿਆਸਤ ਨੇ ਉਨ੍ਹਾਂ ਨੂੰ ਅੱਗੇ ਨਾ ਆਉਣ ਦਿੱਤਾ। ਸਿਆਸਤ ਤੇ ਪ੍ਰਤੀਨਿੱਧਤਾ ਤਾਂ ਕਾਂਗਰਸ ਕੋਲ ਸੀ। ਫਿਰ ਸੰਪਰਦਾਇਕਤਾ ਦੀ ਸਿਆਸਤ ਵੱਖਰੀ ਖੜ੍ਹੀ ਹੋ ਗਈ। ਇਸ ਸਾਰੇ ਰੌਲੇ ਘਚੌਲੇ ਵਿਚ ਔਰਤਾਂ ਬਾਰੇ ਕੌਣ ਸੋਚ ਰਿਹਾ ਸੀ। ਦਲਿਤਾਂ ਪ੍ਰਤੀ ਨਜ਼ਰੀਆ ਕਿੱਥੇ ਬਦਲਿਆ ? ਸਿਰਫ਼ ਗਾਂਧੀ ਨੇ ਸ਼ੂਦਰ ਦੀ ਥਾਂ ਸ਼ਬਦ ਨਵਾਂ ਦੇ ਦਿੱਤਾ, ਹਰੀਜਨ ! ਹਰੀਜਨ ਤਾਂ ਦੇਵਦਾਸੀਆਂ ਦੇ ਬੱਚਿਆਂ ਨੂੰ ਕਹਿੰਦੇ ਸਨ। ਰਾਣੀ ਝਾਂਸੀ ਦੀ ਸਾਰੀ ਲੜਾਈ ਉਹਦੀ ਹਮਸ਼ਕਲ ਝਲਕਾਰੀ ਬਾਈ ਨੇ ਲੜੀ, ਜੋ ਦਲਿਤ ਸਮਾਜ ਵਿਚੋਂ ਸੀ ਪਰ ਸੁਤੰਤਰਤਾ ਦੇ ਇਤਿਹਾਸ ਵਿਚ ਰਾਣੀ ਝਾਂਸੀ ਹੀ ਜ਼ਿੰਦਾ ਹੈ, ਝਲਕਾਰੀ ਬਾਈ ਲੋਪ ਹੋ ਗਈ। ਵੰਡ ਦੇ ਦੁਖਾਂਤ ਵਿਚ ਪੰਜਾਬੀਆਂ ਨੇ ਕੀ ਕੀਤਾ ? ਬਦਲਾਖੋਰੀ ਦਾ ਤੇ ਸੰਪਰਦਾਇਕ ਹਿੰਸਾ ਦਾ ਸ਼ਿਕਾਰ ਸਭ ਤੋਂ ਵੱਧ ਔਰਤ ਬਣੀ। ਕਿੰਨੇ ਹੀ ਮਾਪਿਆਂ ਨੇ ਬਲਾਤਕਾਰ ਦਾ ਸ਼ਿਕਾਰ ਹੋਈਆਂ ਕੈਂਪਾਂ ਵਿਚ ਰੁਲਦੀਆਂ ਆਪਣੀਆਂ ਧੀਆਂ ਨੂੰ ਪਛਾਨਣ ਤੋਂ ਨਾਂਹ ਕਰ ਦਿੱਤੀ। ਸੁਤੰਤਰਤਾ ਤਾਂ ਸਿਰਫ਼ ਰਾਜ ਕਰਨ ਵਾਲਿਆਂ ਦੀ ਤਬਦੀਲੀ ਸੀ। ਔਰਤ ਦੇ ਵਤਨ ਦੇ ਪੰਨੇ ਤਾਂ ਸ਼ਾਇਦ ਇਕ ਦੋ ਹੀ ਪੜ੍ਹੇ ਗਏ ਹੋਣ, ਬਦਲੇ ਤਾਂ ਬੱਸ ਕੁਝ ਲਫ਼ਜ਼ !

ਸਵਾਲ : ਔਰਤ ਨੂੰ ਹੀ ਔਰਤ ਦਾ ਦੁਸ਼ਮਣ ਕਿਹਾ ਜਾਂਦਾ ਹੈ। ਜਿਵੇਂ ਭਰੂਣ ਹਤਿਆ ਵਰਗੇ ਮਾਮਲਿਆਂ ਵਿਚ ਵੀ ਔਰਤ ਨੂੰ ਹੀ ਦੋਸ਼ੀ ਗਰਦਾਨ ਦਿੱਤਾ ਜਾਂਦਾ ਹੈ। ਔਰਤਾਂ ਦੀ ਇਹੋ ਜਿਹੀ ਸਥਿਤੀ ਲਈ ਕਿਸ ਨੂੰ ਜ਼ਿੰਮੇਵਾਰ ਮੰਨਦੇ ਹੋ ?

ਪਾਲ ਕੌਰ : ਦਰਅਸਲ; ਸਾਡਾ ਸਿਸਟਮ ਹੀ ਇਹੋ ਜਿਹਾ ਬਣਾ ਦਿੱਤਾ ਗਿਐ...ਜਦੋਂ ਇਹ ਕਿਹਾ ਜਾਂਦੈ

ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ, ਕਿਉਂਕਿ ਜਦੋਂ ਔਰਤ ਖ਼ੁਦ ਵਿਵਸਥਾ ਦਾ ਹਿੱਸਾ ਬਣਦੀ ਐ, ਉਹ ਵਿਵਸਥਾ ਜਿਹਦੇ ਅਸੀਂ ਖ਼ਿਲਾਫ਼ ਹਾਂ, ਜੀਹਨੂੰ ਆਪਾਂ ਮਰਦ ਪ੍ਰਧਾਨ ਸਮਾਜ ਕਹਿਨੇ ਆਂ ਤੇ ਔਰਤ ਜਦੋਂ ਉਹਦਾ ਹਿੱਸਾ ਬਣ ਜਾਂਦੀ ਐ...ਤਾਂ ਉਦੋਂ ਉਹ ਔਰਤ ਦੀ ਦੁਸ਼ਮਣ ਐ। ਤੇ ਉਦੋਂ ਉਹ ਦੂਜੀ ਔਰਤ ਦਾ ਦੁੱਖ ਨਹੀਂ ਸਮਝਦੀ, ਚਾਹੇ ਉਹ ਦੂਜੀ ਔਰਤ ਉਹਦੀ ਨੂੰਹ ਹੋਵੇ ਜਾਂ ਉਹਦੇ ਪਤੀ ਨਾਲ ਜੁੜੀ ਕੋਈ ਦੂਸਰੀ ਔਰਤ ਹੋਵੇ। ਉਸੇ ਵਿਵਸਥਾ ਵਿਚ ਰਹਿ ਕੇ ਆਪਸੀ ਸਮਝ ਨਹੀਂ ਬਣਦੀ। ਜਦੋਂ ਆਪਾਂ ਭਰੂਣ ਹੱਤਿਆ ਦੀ ਗੱਲ ਕਰਦੇ ਆਂ ਤਾਂ ਪਹਿਲਾਂ ਵੇਲਿਆਂ ਵਿਚ ਤਾਂ ਔਰਤ ਪਰਿਵਾਰ ਦਾ ਹਿੱਸਾ ਈ ਉਦੋਂ ਬਣਦੀ ਸੀ ਜਦੋਂ ਉਹ ਪੁੱਤਰ ਨੂੰ ਜਨਮ ਦਿੰਦੀ ਸੀ। ਉਹਨੂੰ ਪਤਾ ਹੁੰਦਾ ਸੀ ਕਿ ਮੈਨੂੰ ਤਾਂ ਹੀ ਇੱਜ਼ਤ ਮਿਲੂ ਜੇ ਮੈਂ ਪੁੱਤ ਨੂੰ ਜਨਮ ਦਿਆਂਗੀ।

ਕਮਿਊਨਿਸਟ ਭਰਾ ਦਾ ਅਸਰ

ਸਵਾਲ : ਤੁਹਾਡੇ ਇਕ ਭਰਾ ਦਾ ਸਬੰਧ ਕਮਿਊਨਿਸਟ ਲਹਿਰ ਨਾਲ ਰਿਹਾ। ਕੀ ਕਮਿਊਨਿਸਟ ਵਿਚਾਰਧਾਰਾ ਨੇ ਤੁਹਾਡੇ ’ਤੇ ਕੋਈ ਅਸਰ ਪਾਇਆ? ਆਪਣੇ ਭਰਾ ਦੀਆਂ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਦਿਉ।

ਪਾਲ ਕੌਰ : ਹਾਂ, ਮੇਰੇ ਵੱਡੇ ਵੀਰ ਰਜਿੰਦਰ ਸਿੰਘ ਰਾਜ ਨੇ ਮੇਰੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਤ ਕੀਤਾ। ਕਵਿਤਾ ਵਿਚ ਵੀ ਤੇ ਵਿਚਾਰਧਾਰਾ ਵਿਚ ਵੀ।ਉਨ੍ਹਾਂ ਨੇ ਘਰ ਦਾ ਮਹੌਲ ਵੀ ਬਦਲਿਆ। ਪੜ੍ਹਾਈ ਦੇ ਨਾਲ ਨਾਲ ਜ਼ਿੰਦਗੀ ਦੇ ਹੋਰ ਫ਼ੈਸਲਿਆਂ ਵਿਚ ਵੀ ਉਨ੍ਹਾਂ ਦਾ ਸਾਥ ਮੇਰੇ ਨਾਲ ਰਿਹਾ। ਉਹ ਕਮਿਊਨਿਸਟ ਵਿਚਾਰਧਾਰਾ ਦੇ ਸਨ। ਮੈਂ ਹਾਲੇ ਪੰਜਵੀਂ ਛੇਵੀਂ ਵਿਚ ਹੀ ਪੜ੍ਹਦੀ ਸਾਂ ਤਾਂ ਘਰ ਵਿਚ ਸਾਹਿਤ ਪੜ੍ਹਨ ਨੂੰ ਮਿਲਣ ਲੱਗਾ। ਪਰ ਮਾਂ ਪਿਉ ਵਲੋਂ ਪੜ੍ਹਨ ਦੀ ਆਗਿਆ ਨਹੀਂ ਸੀ। ਮੇਰੀ ਮਾਂ ਬੜੇ ਭੋਲੇਪਣ ’ਚ ਕਿਹਾ ਕਰਦੀ ਸੀ, ‘ਇਕ ਘੱਟ ਏ, ਜਿਹੜਾ ਇਹ ਪੜ੍ਹ ਪੜ੍ਹ ਕੇ “ਕੌਮਨਸ਼ਟ” ਹੋ ਗਿਆ ਏ। ਫਿਰ ਮੈਂ ਰਾਤ ਨੂੰ ਆਪਣੀਆਂ ਸਕੂਲ ਦੀਆਂ ਕਿਤਾਬਾਂ ਵਿਚ ਲੁਕਾ ਕੇ ਉਹ ਕਿਤਾਬਾਂ ਤੇ ਮੈਗਜ਼ੀਨ ਪੜ੍ਹਦੀ। ਨਕਸਲਵਾੜੀ ਅੰਦੋਲਨ ਵੇਲੇ ਉਹ ਖਾਲਸਾ ਕਾਲਜ, ਚੰਡੀਗੜ੍ਹ ਪੜ੍ਹਦੇ ਸਨ, ਉਸ ਅੰਦੋਲਨ ਨਾਲ ਵੀ ਉਹ ਥੋੜ੍ਹੇ ਬਹੁਤ ਜੁੜੇ ਰਹੇ, ਜੇਲ੍ਹ ਵੀ ਗਏ। ਐਫ਼ ਸੀ ਆਈ ਵਿਚ ਨੌਕਰੀ ਲੱਗੇ ਤਾਂ ਉਹਦੀ ਯੂਨੀਅਨ ਵਿਚ ਸਰਗਰਮ ਰਹੇ ਤੇ ਫਿਰ ਨੌਕਰੀ ਵੀ ਛੱਡਣੀ ਪਈ। ਫਿਰ ਇਕ ਹਫ਼ਤਾਵਾਰੀ ਅਖ਼ਬਾਰ ਠਹਰ ਓਰਰਇਸਟਇਦ ਡੋਚਿਏ ਕੱਢਦੇ ਰਹੇ। ਉਨ੍ਹਾਂ ਦੀਆਂ ਸਰਗਰਮੀਆਂ, ਵਿਚਾਰਧਾਰਾ ਤੇ ਹੌਸਲੇ ਨੇ ਮੈਨੂੰ ਹਮੇਸ਼ਾਂ ਪ੍ਰਭਾਵਤ ਕੀਤਾ। ਪਰ ਨਿੱਜੀ ਤੌਰ ’ਤੇ ਔਰਤ ਸਬੰਧੀ ਉਨ੍ਹਾਂ ਦਾ ਰਵੱਈਆ ਵੀ ਮੇਰੇ ਲਈ ਧੱਕਾ ਹੀ ਸੀ। ਪਰ ਪਿਛੋਂ ਆ ਕੇ ਆਪਣੀਆਂ ਬੇਟੀਆਂ ਦੇ ਪ੍ਰਤੀ ਉਨ੍ਹਾਂ ਦਾ ਰਵੱਈਆ ਬੜਾ ਸਾਰਥਕ ਰਿਹਾ। ਇਹ ਸਮੇਂ ਦੀ ਤੋਰ ਦੀ ਤਬਦੀਲੀ ਮੇਰੇ ਲਈ ਵੀ ਬੜੀ ਸੁਖਾਵੀਂ ਹੈ।

ਸਵਾਲ : ਤੁਹਾਡੀ ਮੁਢਲੀ ਸਿੱਖਿਆ ਕੁੜੀਆਂ ਦੇ ਸਕੂਲ ਵਿਚ ਹੋਈ। ਇਸ ਮਾਹੌਲ ਨੇ ਤੁਹਾਡੀ ਸਖ਼ਸੀਅਤ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਪਾਲ ਕੌਰ :ਹਾਂ ਜੀ, ਮੁਢਲੀ ਸਿੱਖਿਆ ਕੁੜੀਆਂ ਦੇ ਸਕੂਲ ਵਿਚ ਹੀ ਹੋਈ1 ਮੇਰੇ ਵੱਡੇ ਹੋਣ ਦੇ ਦਿਨਾਂ ਵਿਚ ਇਸ ਚੀਜ਼ ਦਾ ਫ਼ਰਕ ਪਿਆ। ਮੇਰੇ ਅੰਦਰ ਇਕ ਸੰਕੋਚ, ਚੁੱਪ, ਦਰਦ, ਸਹਿਣ ਦੀ ਆਦਤ ਵਿਕਸਤ ਹੋ ਗਈ, ਸ਼ਾਇਦ ਉਸੇ ਨੂੰ ਮੈਂ ਕਵਿਤਾ ਵਿਚ ਲਿਖਿਆ।

ਸਵਾਲ : ਕੀ ਤੁਸੀਂ ਕੁੜੀਆਂ-ਮੁੰਡਿਆਂ ਲਈ ਵੱਖਰੀਆਂ ਸੰਸਥਾਵਾਂ ਦੀ ਵਕਾਲਤ ਕਰਦੇ ਹੋ?

ਪਾਲ ਕੌਰ : ਨਹੀਂ, ਬਿਲਕੁਲ ਨਹੀਂ। ਸਮਾਜ ਨੇ ਸੰਤੁਲਤ ਵਿਕਾਸ ਕਰਨਾ ਹੈ ਤਾਂ ਵੱਖਰੇ ਸਕੂਲ ਕਾਲਜ ਨਹੀਂ ਹੋਣੇ ਚਾਹੀਦੇ। ਛੇੜਖਾਨੀ ਤਾਂ ਹੀ ਘਟ ਸਕਦੀ ਹੈ। ਮੈਂ ਤਾਂ ਆਪਣੀਆਂ ਵਿਦਿਆਰਥਣਾਂ ਨੂੰ ਕਿਹਾ ਕਰਦੀ ਸਾਂ ਕਿ ਕੋਈ ਮੁੰਡਾ ਛੇੜਦਾ ਹੈ ਤਾਂ ਡਰੋ ਨਾ, ਜਾ ਕੇ ਗੱਲ ਕਰੋ ਤੇ ਪੁੱਛੋ ਕਿ ਉਹ ਕੀ ਚਾਹੁੰਦਾ ਹੈ।

ਸਵਾਲ : ਕੁੜੀਆਂ ਦੇ ਸਕੂਲ ਤੋਂ ਇਕਦਮ ਕੋ-ਐਜੁਕੇਸ਼ਨ ਕਾਲਜ ਵਿਚ ਦਾਖਲੇ ਦਾ ਤੁਹਾਡਾ ਕੀ ਅਨੁਭਵ ਰਿਹਾ?

ਪਾਲ ਕੌਰ : ਕਾਲਜ ਵੀ ਕੁੜੀਆਂ ਦਾ ਹੀ ਸੀ, ਐਮ ਸੀ ਐਮ, ਡੀ ਏ ਵੀ, ਚੰਡੀਗੜ੍ਹ। ਪਰ ਕਾਲਜ ਵਿਚ ਆ ਕੇ ਮੇਰੇ ਅੰਦਰ ਹੌਸਲਾ ਆ ਗਿਆ ਸੀ। ਕਾਲਜ ਦਾ ਮਹੌਲ ਵੀ ਚੰਗਾ ਸੀ। ਮੈਂ ਕਵਿਤਾ ਤੇ ਭਾਸ਼ਣ ਮੁਕਾਬਲਿਆਂ ਵਿਚ ਹਿੱਸਾ ਲੈਂਦੀ ਸਾਂ ਤੇ ਇਸ ਲਈ ਦੂਜੇ ਕਾਲਜਾਂ ਵਿਚ ਆਉਣ ਜਾਣ ਹੁੰਦਾ ਰਹਿੰਦਾ ਸੀ। ਇਸ ਲਈ ਸੰਕੋਚ ਤੇ ਘੁਟਣ ਮੇਰੀ ਤਬੀਅਤ ਵਿਚੋਂ ਘਟਣ ਲੱਗੀ।

ਸਵਾਲ : ਜਿਵੇਂ ਦਾ ਤੁਹਾਡਾ ਬਚਪਨ ਰਿਹਾ ਤਾਂ ਤੁਸੀਂ ਕੋਈ ਗੁੱਸੇ ਵਿਚ ਕੋਈ ਅਜਿਹੀ ਸ਼ਰਾਰਤ ਕੀਤੀ ਹੋਵੇ ਤੇ ਤੁਹਾਨੂੰ ਬਾਅਦ ਵਿਚ ਲੱਗਿਆ ਹੋਵੇ ਕਿ ਮੈਨੂੰ ਇਹ ਕਰਨੀ ਨਹੀਂ ਸੀ ਚਾਹੀਦੀ?

ਪਾਲ ਕੌਰ : ਐਸੀਆਂ ਤਾਂ ਕਈ ਘਟਨਾਵਾਂ ਨੇ। ਜਦੋਂ ਮੇਰੀ ਮਾਂ ਮੇਰੇ ਨਾਲੋਂ ਮੇਰੇ ਭਰਾਵਾਂ ਨੂੰ ਜ਼ਿਆਦਾ ਪਿਆਰ ਕਰਦੀ ਸੀ ਤਾਂ ਮੇਰੇ ਅੰਦਰ ਜ਼ਿੱਦ ਆ ਗਈ ਸੀ। ਮੈਨੂੰ ਲਗਦਾ ਸੀ ਜੋ ਉਹ ਕਰਦੇ ਨੇ...ਮੈਂ ਵੀ ਉਹ ਕਰਾਂ। ਮੇਰਾ ਭਰਾ ਗੋਲੀਆਂ (ਬੰਟੇ) ਖੇਡਦਾ ਸੀ...ਮੈਂ ਕਿਹਾ-ਮੈਂ ਵੀ ਖੇਡਣੈ। ਉਹ ਕਹਿੰਦਾ-ਕੁੜੀਆਂ ਥੋੜ੍ਹਾ ਖੇਡਦੀਆਂ ਨੇ ਗੋਲੀਆਂ। ਮੈਂ ਮਨ ਜਿਹਾ ਮਸੋਸ ਕੇ ਘਰ ਆ ਗਈ...ਮੇਰੀ ਮਾਂ ਨੇ ਮੈਨੂੰ ਪੈਸੇ ਦੇ ਕੇ ਕੋਈ ਸੌਦਾ-ਪੱਤਾ ਲੈਣ ਭੇਜਿਆ...ਸਾਮਾਨ ਖ਼ਰੀਦ ਕੇ ਜਿਹੜੇ ਬਾਕੀ ਪੈਸੇ ਬਚੇ ਮੈਂ ਗੋਲੀਆਂ ਖ਼ਰੀਦ ਲਈਆਂ...ਤੇ ਜਦੋਂ ਮੈਂ ਘਰ ਆਈ ਤਾਂ ਝਾੜੂਆਂ ਨਾਲ ਮਾਰ ਪਈ...। (ਹਾ..ਹਾ..ਹਾ..)

ਇਕ ਵਾਰ ਮੇਰੇ ਚਾਚੇ ਦੀ ਧੀ ਕਹਿੰਦੀ-ਮਿਰਚਾਂ ਚੁਗਣ ਜਾਣੀਆਂ ਨੇ...ਦਰਅਸਲ, ਜਿੰਨੀਆਂ ਉਹ ਮਿਰਚਾਂ ਚੁਗਦੀ ਸੀ, ਉਹਦੇ ’ਚੋਂ ਉਹਨੂੰ ਕੁਝ ਮਿਲ ਜਾਂਦੀਆਂ ਸੀ ਤੇ ਉਹ ਅੱਗੇ ਦੁਕਾਨ ’ਤੇ ਵੇਚ ਕੇ ਪੈਸੇ ਲੈ ਲੈਂਦੀ ਸੀ...ਮੈਂ ਵੀ ਨਾਲ ਤੁਰ ਪਈ ਓਹਦੇ... ਮਿਰਚਾਂ ਚੁਗੀਆਂ ਸਾਰਾ ਦਿਨ...ਆਪਣਾ ਹਿੱਸਾ ਆ ਕੇ ਦੁਕਾਨ ’ਤੇ ਵੇਚਿਆ ਤੇ ਫੇਰ ਉਨ੍ਹਾਂ ਪੈਸਿਆਂ ਦੀਆਂ ਗੋਲੀਆਂ ਖ਼ਰੀਦੀਆਂ।

ਜਿਹੜੀ ਗੱਲ ’ਤੇ ਮੈਨੂੰ ਰੋਕਦੇ ਸੀ...ਹੋਰ ਬਗ਼ਾਵਤ ਕਰਨ ਨੂੰ ਦਿਲ ਕਰਦਾ ਸੀ। ਅਸੀਂ ਖਰੜ੍ਹ ਸਿੰਘ ਸਭਾ ਗੁਰਦੁਆਰੇ ਕੋਲ ਰਹਿੰਦੇ ਸੀ। ਖਰੜ੍ਹ ਦਾ ਸਾਰਾ ਬਾਜ਼ਾਰ ਲੰਘ ਕੇ ਉਥੇ ਰਾਮ ਲੀਲਾ ਲਗਦੀ ਸੀ। ਮੈਨੂੰ ਬੜਾ ਸ਼ੌਕ ਸੀ ਦੇਖਣ ਦਾ...ਭਰਾ ਜਾਂਦੇ ਸੀ ਪਰ ਮੈਨੂੰ ਨਾਲ ਨਹੀਂ ਸੀ ਲੈ ਕੇ ਜਾਂਦੇ ...ਉਹ ਆਪਣੇ ਦੋਸਤਾਂ ਨਾਲ ਜਾਂਦੇ ਸੀ...ਘਰ ਦਾ ਹੋਰ ਕੋਈ ਜੀਅ ਜਾਂਦਾ ਨਹੀਂ ਸੀ। ਜਦੋਂ ਮੈਂ ਜ਼ਿਆਦਾ ਜ਼ਿੱਦ ਕਰਨੀ ਤਾਂ ਮਾਂ ਨੇ ਗਵਾਂਢਣਾਂ ਨਾਲ ਭੇਜ ਦੇਣਾ ਤੇ ਕਹਿਣਾ ਕਿ ਨਾਲ ਈ ਮੁੜ ਆਈਂ। ਪਰ ਗਵਾਂਢਣਾਂ ਥੋੜ੍ਹੀ ਦੇਰ ਮਗਰੋਂ ਹੀ ਉਠ ਕੇ ਤੁਰ ਪੈਂਦੀਆਂ ਤੇ ਮੈਨੂੰ ਬੜਾ ਗੁੱਸਾ ਚੜ੍ਹਨਾ ਤੇ ਮੈਂ ਉਨ੍ਹਾਂ ਨਾਲ ਆਉਣਾ ਈ ਨਾ ਉਠ ਕੇ... ਕਹਿ ਦੇਣਾ ਫਲਾਣੀ ਨਾਲ ਆ ਜਾਉਂਗੀ...ਧੀਂਗੜੀ ਨਾਲ ਆ ਜਾਉਂਗੀ...ਇਕ-ਇਕ ਕਰਕੇ ਸਾਰੀਆਂ ਨੇ ਚਲੇ ਜਾਣਾ...ਮੈਂ ’ਕੱਲੀ ਨੇ ਬਹਿ ਕੇ ਪੂਰੀ ਰਾਤ ਰਾਮ ਲੀਲਾ ਦੇਖਣੀ ਤੇ ਜਦੋਂ ਮੁੱਕਣੀ ਤਾਂ ਐਵੇਂ ਲੋਕਾਂ ਦੇ ਮਗਰ ਮਗਰ ਤੁਰ ਕੇ ਘਰ ਪਹੁੰਚ ਜਾਣਾ। (ਹਾ..ਹਾ.. ਹਾ..) ਕੋਈ ਨਾਲ ਜਾਣੂ ਨਹੀਂ ਸੀ ਹੁੰਦਾ ਪਰ ਭੁਲੇਖਾ ਦੇਈ ਰੱਖਣਾ ਕਿ ਮੈਂ ਫਲਾਣੇ ਨਾਲ ਆਂ ਤੇ ਘਰ ਆ ਕੇ ਚੁੱਪ ਕਰਕੇ ਮੰਜੇ ’ਤੇ ਪੈ ਜਾਣਾ। ਦੋ-ਚਾਰ ਵਾਰ ਕੀਤਾ ਐਦਾਂ ਪਰ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ। ਸੋ, ਐਵੇਂ ਦੀਆਂ ਖਰਮਸਤੀਆਂ ਵੀ ਕੀਤੀਆਂ ਨੇ।

ਸ਼ਾਇਰ ਨਾਲ ਮੁਹੱਬਤ

ਸਵਾਲ : ਚੱਲੋ, ਹੁਣ ਜਵਾਨੀ ਵੇਲੇ ਦੀ ਗੱਲ ਵੀ ਕਰ ਲੈਂਦੇ ਹਾਂ। ਤੁਸੀਂ ਕਿਸੇ ਸ਼ਾਇਰ ਨਾਲ ਆਪਣੀ ਮੁਹੱਬਤ ਦਾ ਜ਼ਿਕਰ ਕੀਤਾ ਹੈ। ਜਦੋਂ ਉਹਨੇ ਕਿਹਾ ਕਿ ਮੈਂ ਤੈਨੂੰ ਹੋਰ ਕੁਝ ਦੇਵਾਂ ਨਾ ਦੇਵਾਂ ਪਰ ਤੈਨੂੰ ਕਵਿੱਤਰੀ ਜ਼ਰੂਰ ਬਣਾ ਦੇਣੈਂ। ਉਸ ਵਕਤ ਤੁਹਾਡੇ ਮਨ ’ਤੇ ਕਿਸ ਤਰ੍ਹਾਂ ਦਾ ਅਹਿਸਾਸ ਭਾਰੂ ਹੋਇਆ?

ਪਾਲ ਕੌਰ : ਅਸਲ ’ਚ ਉਹ ਇਹੀ ਕਹਿ ਰਿਹਾ ਸੀ ਕਿ ਮੈਂ ਤੈਨੂੰ ਏਨਾ ਦਰਦ ਦਿਆਂਗਾ ਕਿ ਤੂੰ ਕਵਿੱਤਰੀ ਬਣ ਜੇਂ ਗੀਂ। ਹੋਰ ਉਹਨੇ ਕਿਹੜਾ ਮੇਰਾ ਗੁਰੂ ਬਣ ਕੇ ਮੈਨੂੰ ਕਵਿੱਤਰੀ ਬਣਾਉਣਾ ਸੀ। ਉਸ ਵੇਲੇ ਤਾਂ ਉਹ ਅਹਿਸਾਸ ਤਕਲੀਫ਼ ਵਾਲਾ ਹੀ ਸੀ...ਮੈਨੂੰ ਇਸ ਗੱਲ ਦੀ ਖ਼ੁਸ਼ੀ ਥੋੜ੍ਹੀ ਸੀ ਕਿ ਮੈਂ ਕਵਿੱਤਰੀ ਬਣਨੈਂ... ਕਵਿੱਤਰੀ ਤਾਂ ਮੈਂ ਹੈ ਹੀ ਸੀ...ਉਸੇ ਦੌਰ ਵਿਚ ਤਾਂ ਉਹ ਮੈਨੂੰ ਮਿਲਿਐ...।

ਸਵਾਲ : ਇਸ ਸ਼ਾਇਰ ਦੀ ਤੁਹਾਡੀ ਜ਼ਿੰਦਗੀ ਵਿਚ ਆਮਦ ਹੋਈ ਕਿਵੇਂ?

ਪਾਲ ਕੌਰ : ਬੱਸ ਉਦੋਂ ਹਾਲਾਤ ਈ ਐਦਾਂ ਦੇ ਬਣ ਗਏ ਕਿ ਪਹਿਲਾਂ ਮੈਂ ਆਪਣੇ ਮਾਂ-ਪਿਓ ਦੇ ਲੜਾਈ-ਝਗੜੇ ਦੇਖਦੀ ਸੀ...ਕੋਈ ਵਧੀਆ ਰਿਸ਼ਤਾ ਨਹੀਂ ਸੀ... ਫੇਰ ਮੇਰੇ ਭਰਾ ਦਾ ਵਿਆਹ ਹੋਇਆ... ਭਰਾ-ਭਰਜਾਈ ਦੇ ਵੀ ਬਹੁਤ ਝਗੜੇ ਹੁੰਦੇ ਸੀ। ਮੈਨੂੰ ਇਵੇਂ ਲਗਦਾ ਸੀ ਕਿ ਜਦੋਂ ਵਿਆਹ ਹੁੰਦੈ ਤਾਂ ਕੁੜੀਆਂ ਦੀ ਜ਼ਿੰਦਗੀ ਬੱਸ ਇਹੋ-ਜਿਹੀ ਹੁੰਦੀ ਐ...। ਪਰ ਨਾਲ ਈ ਦਿਮਾਗ਼ ਵਿਚ ਇਹ ਵੀ ਬਹਿ ਗਿਆ ਕਿ ਜੇ ਬੰਦਾ ਆਪਣੀ ਮਰਜ਼ੀ ਦਾ ਹੋਵੇ...ਪੜ੍ਹਿਆ-ਲਿਖਿਆ ਹੋਵੇ ਤਾਂ ਸ਼ਾਇਦ ਜ਼ਿੰਦਗੀ ਵਧੀਆ ਨਿਕਲ ਸਕਦੀ ਐ। ਉਸੇ ਸੋਚ ਕਾਰਨ ਉਹ ਬੰਦਾ ਮੇਰੀ ਜ਼ਿੰਦਗੀ ਵਿਚ ਆਇਆ। ਇਕ ਇਹ ਵੀ ਗੱਲ ਸੀ ਕਿ ਕੁੜੀਆਂ ਦੇ ਜ਼ਿਹਨ ਵਿਚ ਜਿਹੜਾ ਪਹਿਲਾ ਅਕਸ ਆਉਂਦੈ, ਉਹ ਪਿਤਾ ਜਾਂ ਭਰਾ ਦਾ ਹੁੰਦੈ...ਮੇਰੇ ’ਤੇ ਮੇਰੇ ਵੱਡੇ ਭਰਾ ਦਾ ਅਕਸ ਭਾਰੂ ਸੀ ਤੇ ਫੇਰ ਤੁਸੀਂ ਆਪਣੇ ਜੀਵਨ ਸਾਥੀ ਵਿਚ ਵੀ ਇਹੋ ਕੁਝ ਤੁਸੱਵਰ ਕਰਦੇ ਹੋ। ਜਿਵੇਂ ਦਾ ਮੇਰਾ ਭਰਾ ਕਾਮਰੇਡ ਸੀ...ਪੜ੍ਹਿਆ-ਲਿਖਿਆ ਸੀ... ਹੱਕ-ਸੱਚ ਲਈ ਲੜਨ ਵਾਲਾ ਸੀ... ਮੇਰੀ ਮਦਦ ਵੀ ਬਹੁਤ ਕਰਦਾ ਸੀ...ਇਸ ਕਰਕੇ ਮੇਰੇ ਜ਼ਿਹਨ ਵਿਚ ਉਨ੍ਹਾਂ ਦਾ ਅਕਸ ਸੀ...ਮੈਂ ਉਹਦੇ ਤੋਂ ਬਹੁਤ ਪ੍ਰਭਾਵਤ ਸੀ...।

ਸਵਾਲ : ਤੁਹਾਡੇ ਅੱਗੇ ਜ਼ਿੰਦਗੀ ਬਹੁਤ ਲੰਬੀ ਪਈ ਸੀ ਤੇ ਇਕ ਘਟਨਾ ਮਗਰੋਂ ਹੀ ਤੁਸੀਂ ਕਦੇ ਵਿਆਹ ਨਾ ਕਰਾਉਣ ਬਾਰੇ ਮਨ ਬਣਾ ਲਿਆ। ਕੀ ਕਾਰਨ ਸੀ ਉਹਦਾ?

ਪਾਲ ਕੌਰ : ਜਿਵੇਂ ਮੈਂ ਤੁਹਾਨੂੰ ਦੱਸਿਐ ਕਿ ਮਨ ਤਾਂ ਬਹੁਤ ਪਹਿਲਾਂ ਹੀ ਵਿਆਹ ਬਾਰੇ ਵਿਚਾਰ ਬਣਾ ਚੁੱਕਾ ਸੀ...ਮਾਂ-ਬਾਪ ਤੇ ਭਰਾ-ਭਰਜਾਈ ਦੇ ਰਿਸ਼ਤਿਆਂ ਨੂੰ ਦੇਖ ਕੇ ਮੈਨੂੰ ਲਗਦਾ ਸੀ ਕਿ ਵਿਆਹ ਨਹੀਂ ਕਰਾਉਣਾ ਚਾਹੀਦਾ। ਮੈਂ ਆਪਣੀ ਜੀਵਨੀ ਵਿਚ ਵੀ ਇਹ ਜ਼ਿਕਰ ਕੀਤੈ ਕਿ ਮੇਰੀ ਮਾਂ ਤਾਂ ਅਨਪੜ੍ਹ ਸੀ ਪਰ ਮੇਰੀ ਭਰਜਾਈ ਤਾਂ ਪੜ੍ਹੀ-ਲਿਖੀ ਸੀ...ਸਰਕਾਰੀ ਨੌਕਰੀ ਕਰਦੀ ਸੀ...ਜਦੋਂ ਲੜਾਈ ਹੋ ਜਾਂਦੀ ਸੀ ਤਾਂ ਮੇਰਾ ਭਰਾ ਕਹਿ ਦਿੰਦਾ ਸੀ-ਮੈਂ ਨੀਂ ਇਹ ਰੱਖਣੀ। ਉਨ੍ਹਾਂ ਦਾ ਇਹ ਸ਼ਬਦ-‘ਮੈਂ ਨੀਂ ਇਹ ਰੱਖਣੀ’ ਮੇਰੇ ਜ਼ਿਹਨ ’ਚ ਉਸ ਵੇਲੇ ਤੋਂ ਘਰ ਕਰ ਗਿਆ ਜਦੋਂ ਮੈਂ ਜਵਾਨ ਹੋ ਰਹੀ ਸੀ। ਪਹਿਲਾਂ ਮਾਂ ਦਾ ਹਾਲ ਦੇਖ ਰਹੀ ਸੀ, ਫੇਰ ਭਰਜਾਈ ਦੀ ਹਾਲਤ ਮੇਰੇ ਦਿਮਾਗ਼ ’ਤੇ ਅਸਰ ਕਰ ਗਈ ਕਿ ਔਰਤਾਂ ਦੀ ਤਾਂ ਇਹੋ ਹਾਲਤ ਰਹਿਣੀ ਐ। ਹਾਂ, ਮੈਨੂੰ ਇਹ ਨਹੀਂ ਸੀ ਲਗਦਾ ਕਿ ਮੈਂ ’ਕੱਲੀ ਰਹਿ ਸਕਦੀ ਆਂ। ਘਰ ਦਾ ਛੋਟਾ ਜਿਹਾ ਸਟੋਰ ਮੇਰਾ ਕਮਰਾ ਸੀ ਤੇ ਫੱਟਾ ਲਾ ਕੇ ਮੈਂ ਇਹਤੇ ਸੌਂਦੀ ਸੀ...ਉਦੋਂ ਮੈਂ ਕਵਿਤਾ ਲਿਖਦੀ ਵੀ ਸੀ ਤੇ ‘ਨਾਗਮਣੀ’ ਵਗੈਰਾ ਵਿਚ ਛਪਣ ਵੀ ਲੱਗ ਗਈ ਸੀ...। ਸੋ, ਘਰ ਦੇ ਹਾਲਾਤ ਦੇਖ ਕੇ ਮੈਨੂੰ ਲਗਦਾ ਸੀ ਕਿ ਇਨ੍ਹਾਂ ਤੋਂ ਵੱਖ ਹੋਣ ਦਾ ਇਕੋ ਤਰੀਕਾ ਹੈ ਕਿ ਵਿਆਹ ਕਰਵਾ ਲਵਾਂ। ਇਸ ਉਧੇੜ-ਬੁਣ ਵਿਚ ਉਹ ਬੰਦਾ ਮੇਰੀ ਜ਼ਿੰਦਗੀ ਵਿਚ ਆਇਆ...ਸੋ, ਜਦੋਂ ਉਹਨੇ ਮੇਰਾ ਭਰੋਸਾ ਤੋੜਿਆ ਤਾਂ ਉਹਦੇ ਲਈ ’ਕੱਲਾ ਉਹੀ ਜ਼ਿੰਮੇਵਾਰ ਨਹੀਂ ਸੀ...ਇਸ ਵਿਚ ਮੇਰੇ ਬਾਪ ਤੇ ਭਰਾ ਦਾ ਅਕਸ ਵੀ ਸ਼ਾਮਲ ਸੀ।

ਸਵਾਲ : ਤੁਸੀਂ ਬਾਗ਼ੀ ਤਬੀਅਤ ਦੇ ਹੋ ਤੇ ਤੁਹਾਡੀ ਕਵਿਤਾ ਵਿਚ ਵੀ ਬਾਗ਼ੀ ਸੁਰ ਹੈ। ਫੇਰ ਜਦੋਂ ਤੁਹਾਨੂੰ ਪਤਾ ਲਗਦਾ ਹੈ ਕਿ ਉਸ ਬੰਦੇ ਨੇ ਤੁਹਾਨੂੰ ਬਿਨਾਂ ਦੱਸਿਆਂ ਵਿਆਹ ਕਰਵਾ ਲਿਆ ਤੇ ਮੁੜ ਕੇ ਫੇਰ ਉਹ 19 ਸਾਲ ਤੱਕ ਤੁਹਾਡਾ ਪਿੱਛਾ ਕਰਦਾ ਰਿਹਾ। ਤੁਸੀਂ ਸਮਝਾ ਕੇ ਮੋੜਿਆ ਵੀ ਪਰ ਨਹੀਂ ਮੁੜਿਆ ਤਾਂ ਤੁਸੀਂ ਜ਼ੋਰਦਾਰ ਝਟਕੇ ਨਾਲ ਉਹਨੂੰ ਵੱਖ ਕਿਉਂ ਨਹੀਂ ਕੀਤਾ?

ਪਾਲ ਕੌਰ : ਹਾਂ, ਕਈ ਵਾਰ ਮੈਂ ਉਹਨੂੰ ਝਟਕੇ ਨਾਲ ਤੋੜਿਆ ਵੀ, ਪਰ ਅਸਲ ਵਿਚ ਉਹਨੂੰ ਇਕੋ ਗੱਲ ਪ੍ਰੇਸ਼ਾਨ ਕਰਦੀ ਸੀ ਕਿ ਮੈਂ ਵਿਆਹ ਨਹੀਂ ਕਰਵਾਇਆ, ਉਹ ਨਮੋਸ਼ੀ ਨਾਲ ਭਰਿਆ ਪਿਆ ਸੀ। ਮੇਰੀ ਹਾਲਤ ਲਈ ਉਹ ਖ਼ੁਦ ਨੂੰ ਜ਼ਿੰਮੇਵਾਰ ਮੰਨਦਾ ਸੀ ਤੇ ਜੇ ਮੈਂ ਵਿਆਹ ਕਰਵਾ ਲੈਂਦੀ ਤੇ ਸ਼ਾਇਦ ਉਹ ਪਰਤ ਕੇ ਨਾ ਆਉਂਦਾ।

ਸਵਾਲ : ਉਹਦੇ ਬੱਚੇ ਵੀ ਹੋ ਗਏ ਸੀ । ਫੇਰ ਵੀ ਉਹ ਤੁਹਾਨੂੰ ਵਾਰ ਵਾਰ ਆ ਕੇ ਕਹਿੰਦਾ ਸੀ ਕਿ ਆਪਾਂ ਵਿਆਹ ਕਰਵਾ ਲੈਂਦੇ ਹਾਂ। ਚਾਰ ਦਿਨ ਮੈਂ ਤੇਰੇ ਕੋਲ ਰਹਾਂਗਾ ਤੇ ਚਾਰ ਦਿਨ ਆਪਣੇ ਪਰਿਵਾਰ ਕੋਲ। ਮੇਰੇ ਪੁੱਛਣ ਦਾ ਮਤਲਬ ਹੈ ਕਿ ਤੁਹਾਡੇ ਸੁਭਾਅ ਵਿਚ ਜਦੋਂ ਏਨੀ ਸਖ਼ਤੀ ਸੀ ਤਾਂ ਤੁਸੀਂ ਉਹਨੂੰ ਸਖ਼ਤੀ ਨਾਲ ਕਿਉਂ ਨਹੀਂ ਵਰਜਿਆ? ਉਹਦੇ ਪ੍ਰਤੀ ਤੁਹਾਡੇ ਮਨ ’ਚ ਕਿਤੇ ਨਾ ਕਿਤੇ ਨਰਮ ਗੋਸ਼ਾ ਸੀ?

ਪਾਲ ਕੌਰ : ਦੇਖੋ! ਜਿਹਨੂੰ ਤੁਸੀਂ ਮੁਹੱਬਤ ਕੀਤੀ ਹੋਵੇ...ਉਹਦੇ ਪ੍ਰਤੀ ਦਿਲ ਵਿਚ ਨਰਮਾਈ ਤਾਂ ਰਹਿੰਦੀ ਹੀ ਹੈ...ਵੈਸੇ ਵੀ ਉਹ ਮੈਨੂੰ ਭਾਵੁਕ ਕਰ ਕੇ ਬਲੈਕਮੇਲ ਕਰਦਾ ਸੀ ਕਿ ਮੈਂ ਗੱਡੀ ਹੇਠ ਛਾਲ ਮਾਰ ਦੇਣੀ ਐ... ਪਰ ਮੇਰੇ ਮਨ ਵਿਚ ਇਹ ਕਦੇ ਨੀਂ ਆਇਆ ਕਿ ਮੈਂ ਇਹਦੀ ਗੱਲ ਮੰਨ ਜਾਵਾਂ...ਮੈਨੂੰ ਲਗਦਾ ਸੀ ਕਿ ਇਹ ਜੋ ਕਹਿ ਰਿਹੈ ਉਹ ਗ਼ਲਤ ਐ। ਕਿਵੇਂ ਭਰੋਸਾ ਕਰਦੀ ਮੈਂ ਉਹਦੇ ’ਤੇ। ਪਹਿਲਾਂ ਉਹਨੇ ਮੈਨੂੰ ਧੋਖਾ ਦੇ ਕੇ ਵਿਆਹ ਕਰਵਾਇਆ...ਫੇਰ ਦੋ ਬੱਚੇ ਵੀ ਸੀ ਉਹਦੇ...ਮੁੜ ਮੇਰੇ ਕੋਲ ਆ ਕੇ ਵਿਆਹ ਕਰਾਉਣ ਦੀਆਂ ਗੱਲਾਂ ਕਰਦਾ ਸੀ। ਭਰੋਸਾ ਕਰਨ ਦੇ ਲਾਇਕ ਨਹੀਂ ਸੀ ਉਹ।

ਸਵਾਲ : ਉਸ ਤੋਂ ਬਾਅਦ ਇਕ ਹੋਰ ਸ਼ਾਇਰ ਵੀ ਆਇਆ ਤੁਹਾਡੀ ਜ਼ਿੰਦਗੀ ਵਿਚ। ਕੀ ਉਹ ਵੀ ਤੁਹਾਡੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ?

ਪਾਲ ਕੌਰ : ਨਹੀਂ...ਐਂ ਤਾਂ ਆਏ ਬੰਦੇ ਜ਼ਿੰਦਗੀ ਵਿਚ, ਜਿਹੜੇ ਦਿਲਚਸਪੀ ਦਿਖਾਉਂਦੇ ਸੀ। ਉਹਨੇ ਮੈਨੂੰ ਲਿਵ ਇਨ ਰਿਲੇਸ਼ਨਸ਼ਿਪ ’ਚ ਰਹਿਣ ਦਾ ਆਫ਼ਰ ਕੀਤਾ। ਮੈਂ ਉਹਨੂੰ ਪੁਛਿਆ-ਤੈਨੂੰ ਆਪਣੀ ਬੀਵੀ ਤੋਂ ਕੀ ਸਮੱਸਿਐ? ਕਹਿੰਦਾ-ਉਹ ਐਵੇਂ ਕਰਦੀ...ਉਹ ਇਹ ਕਰਦੀ...ਵੋਹ ਕਰਦੀ ਐ...। ਮੈਂ ਕਿਹਾ-ਫੇਰ ਤੂੰ ਕੱਲ੍ਹ ਨੂੰ ਮੈਨੂੰ ਵੀ ਕਹੇਗਾਂ ਕਿ ਮੈਂ ਆਹ ਕਰਾਂ-ਆਹ ਨਾ ਕਰਾਂ। ਜਦੋਂ ਮੇਰੇ ਨਾਲ ਰਿਸ਼ਤੇ ਵਿਚ ਹੋਵੇਂਗਾ ਤਾਂ ਮੇਰੇ ਵਿਚ ਕਮੀਆਂ ਨਜ਼ਰ ਆਉਣਗੀਆਂ ਤੈਨੂੰ। ਉਹ ਮੈਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰਦਾ ਸੀ ਕਿ ਆਪਾਂ ਕਿਤੇ ਬਾਹਰ ਚੱਲੀਏ...ਫ਼ੇਰ ਉਹਨੇ ਕਹਿਣਾ-ਤੂੰ ਮੇਰੀ ਕਿਤਾਬ ਬਾਰੇ ਲਿਖ...ਫ਼ੇਰ ਇਕ ਉਹਨੇ ਮੇਰੇ ਕੋਲ ਐਮਫਿਲ ਦੀ ਕੁੜੀ ਭੇਜ ਦਿੱਤੀ... ਸਿਰੇ ਦੀ ਨਾਲਾਇਕ...ਸਾਰਾ ਡੈਜ਼ਾਟੇਸ਼ਨ ਮੈਨੂੰ ਹੀ ਕਰਨਾ ਪਿਆ...। ਉਹ ਫੇਰ ਮੈਨੂੰ ਕਹੇ ਆਪਾਂ ਕਿਤੇ ਬਾਹਰ ਚਲਦੇ ਆਂ... ਮੈਨੂੰ ਬੜੀ ਅਜੀਬ ਕਚਿਆਣ ਆਉਂਦੀ ਉਹਦੀ ਗੱਲ ਤੇ।

ਵਿਆਹ ਦੀ ਸੰਸਥਾ

ਸਵਾਲ : ਸਮਾਜਕ ਸੰਸਥਾ ਵਿਆਹ ਜਿਸ ਨੂੰ ਤੁਸੀਂ ਪ੍ਰਵਾਨ ਨਹੀਂ ਕੀਤਾ, ਕੀ ਇਹ ਸੰਸਥਾ ਇੰਨੀ ਹੀ ਮਾੜੀ ਹੈ ਕਿ ਇਸ ਨੂੰ ਤਿਆਗ ਦੇਣਾ ਚਾਹੀਦਾ ਹੈ?

ਪਾਲ ਕੌਰ : ਨਹੀਂ ਮੈਂ ਇਹ ਤਾਂ ਨਹੀਂ ਕਹਿੰਦੀ ਕਿ ਇਸ ਨੂੰ ਤਿਆਗ ਦੇਣਾ ਚਾਹੀਦਾ ਹੈ। ਪਰ ਜਿਸ ਮਨੂ ਸ਼ਾਸਤਰ ਦੀ ਇਹ ਦੇਣ ਹੈ, ਉਸ ਨੇ ਹੀ ਇਸ ਵਿਚ ਦੋ ਇਨਸਾਨਾਂ ਦੀ ਸਾਂਝ ਨਹੀਂ ਸਮਝੀ, ਆਦਮੀ ਲਈ ਹੋਰ ਤੇ ਔਰਤ ਲਈ ਹੋਰ ਅਸੂਲ। ਪਰ ਜੇ ਦੋਵੇਂ ਵਿਅਕਤੀ, ਇਕ ਦੂਜੇ ਨੂੰ ਇਨਸਾਨ ਸਮਝਦੇ ਹੋਣ, ਰਲ ਕੇ ਤੁਰਨ, ਫ਼ੈਸਲਿਆਂ ਵਿਚ ਬਰਾਬਰੀ ਹੈ ਤਾਂ ਰਿਸ਼ਤਾ ਖ਼ੂਬਸੂਰਤ ਹੈ। ਪਰ ਜਿਵੇਂ ਚੱਲ ਰਿਹਾ ਹੈ ਤੇ ਜਿਥੇ ਲੋਕ ਬਦਲਦੇ ਹੀ ਨਹੀਂ, ਉਥੇ ਇਸ ਨਾਲੋਂ ਭੈੜਾ ਨਰਕ ਵੀ ਕੋਈ ਨਹੀਂ। ਉਂਜ ਲੇਖਕਾਂ/ ਕਲਾਕਾਰਾਂ ਬਾਰੇ ਮੈਂ ਸਮਝਦੀ ਹਾਂ ਕਿ ਜਾਂ ਤਾਂ ਦੋਵੇਂ ਇਕ ਦੂਜੇ ਸਮਝਣ, ਇਕੋ ਜਿਹੀ ਖੁਲ੍ਹ ਦੇਣ। ਨਹੀਂ ਤਾਂ ਫਿਰ ਉਨ੍ਹਾਂ ਨੂੰ ਵਿਆਹ ਨਹੀਂ ਕਰਵਾਣਾ ਚਾਹੀਦਾ। ਕਿਉਂਕਿ ਲੇਖਕਾਂ/ ਕਲਾਕਾਰਾਂ ਨੂੰ ਅਕਸਰ ਆਪਣੀਆਂ ਪਤਨੀਆਂ/ ਪਤੀਆਂ ਤੋਂ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਦਾ ਮਾਨਸਿਕ ਪੱਧਰ ਨਹੀਂ ਰਲਦਾ। ਜੇ ਮਾਨਸਿਕ ਤਸੱਲੀ ਲਈ ਵਿਆਹ ਤੋਂ ਬਾਹਰ ਹੀ ਜਾਣਾ ਪਵੇ ਤਾਂ ਫਿਰ ਵਿਆਹ ਦੀ ਲੋੜ ਹੀ ਕੀ ਹੈ ?

ਦਰਅਸਲ ਐਦਾਂ ਐ ਨਾ ਸੁਸ਼ੀਲ...ਇਸ ਸੰਸਥਾ ਨੂੰ ਜਿਵੇਂ ਸਾਡੇ ਸਮਾਜ ਨੇ ਲਿਆ ਹੋਇਐ...ਮੈਂ ਉਹਦੇ ਖ਼ਿਲਾਫ਼ ਆਂ। ਮੈਂ ਹੁਣ ਦੇਖਿਆ, ਕਮਲ ਆਪਣਾ ਕੰਮ ਕਰ ਰਹੇ ਸੀ ਤੇ ਤੁਸੀਂ ਚਾਹ ਬਣਾ ਕੇ ਲਿਆਏ...। ਗੱਲ ਤਾਂ ਇਹੀ ਐ ਨਾ ਕਿ ਜੇ ਤੁਸੀਂ ’ਕੱਠੇ ਕੰਮ ਕਰਕੇ ਘਰ ਆਉਂਦੇ ਹੋ...ਦੋਵੇਂ ਥੱਕੇ ਓ ਤੇ ਅੱਗੋਂ ਪਤੀ ਕਹੇ ਕਿ ਮੈਂ ਥੱਕਿਆ ਹੋਇਐਂ...ਪਾਣੀ ਪਿਲਾ... ਚਾਹ ਪਿਲਾ...ਆਖ਼ਰ ਉਹ ਵੀ ਥੋਡੇ ਬਰਾਬਰ ਥੱਕ ਕੇ ਆਈ ਐ...ਫ਼ੇਰ ਉਹ ਕੋਈ ਆਪਣੇ ਤੌਰ ’ਤੇ ਕੋਈ ਫ਼ੈਸਲਾ ਨਹੀਂ ਲੈ ਸਕਦੀ...। ਜੇ ਦੋਵੇਂ ਪਤੀ-ਪਤਨੀ ਇਕ-ਦੂਜੇ ਨੂੰ ਸਮਝਦੇ ਨੇ...ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਨੇ ਤਾਂ ਮੈਂ ਵਿਆਹ ਸੰਸਥਾ ਦੇ ਖ਼ਿਲਾਫ਼ ਨਹੀਂ।

ਸਵਾਲ : ਤੁਹਾਡਾ ਅਹਿਦ ਕਿ ‘ਵੇਲ ਨਹੀਂ ਬਿਰਖ਼ ਬਣਨਾ ਹੈ’ ਕਿੰਨਾ ਕੁ ਪੁੱਗਿਆ?

ਪਾਲ ਕੌਰ : ਹਾਂ, ਇਹ ਪੁੱਗਿਆ ਹੈ। ਦੋਸਤੀਆਂ, ਰਿਸ਼ਤੇਦਾਰੀਆਂ ਦੇ ਨਾਲ ਚਲਦਿਆਂ ਵੀ ਕਿਸੇ ਉਪਰ ਨਿਰਭਰ ਨਾ ਕਰਨ ਦਾ ਅਹਿਦ, ਮੈਨੂੰ ਲੱਗਦਾ ਹੈ ਪੁੱਗਿਆ ਹੈ। ਮੈਂ ਆਪ ਕਿਸੇ ਜ਼ਿੰਮੇਵਾਰੀ ਤੋਂ ਬਚਣ ਲਈ ਕੋਈ ਰਿਸ਼ਤਾ ਨਹੀਂ ਛੱਡਿਆ। ਪਰ ਰਿਸ਼ਤੇ ਵਿਚ, ਜੋ ਕਹੋ, ਉਹ ਕਰੋ ਤੇ ਈਮਾਨਦਾਰੀ ਮੇਰੀ ਕਮਜ਼ੋਰੀ ਹੈ। ਨਹੀਂ ਤਾਂ ਮੈਂ ਅੱਗੇ ਨਿਕਲ ਜਾਂਦੀ ਹਾਂ। ਮੇਰੇ ਭੈਣ ਭਰਾ ਸਭ ਮੇਰੇ ਤੋਂ ਵੱਡੇ ਹੀ ਹਨ। ਭੈਣਾਂ ਤਾਂ ਆਪਣੇ ਘਰ ਪਰਿਵਾਰਾਂ ਵਾਲੀਆਂ ਹਨ, ਕਿਸੇ ’ਤੇ ਕੀ ਨਿਰਭਰ ਕਰਨਾ ਸੀ। ਭਰਾ ਚਾਹੁੰਦੇ ਸਨ, ਮੈਂ ਹਰ ਸ਼ਨੀ ਐਤਵਾਰ ਉਸੇ ਤਰ੍ਹਾਂ ਉਨ੍ਹਾਂ ਕੋਲ ਜਾਵਾਂ ਜਿਵੇਂ ਮਾਂ ਦੇ ਹੁੰਦਿਆਂ ਜਾਂਦੀ ਸਾਂ। ਪਰ ਮੈਂ ਅਜਿਹਾ ਨਹੀਂ ਕੀਤਾ, ਉਹ ਪੰਜ ਸੱਤ ਵਾਰੀ ਬੁਲਾਉਂਦੇ ਸਨ ਤਾਂ ਜਾਂਦੀ ਸਾਂ। ਇਕ ਦਿਨ ਇਕੱਠੇ ਬੈਠਿਆਂ ਉਨ੍ਹਾਂ ਗਿਲਾ ਕੀਤਾ ਤਾਂ ਮੇਰਾ ਜਵਾਬ ਸੀ ਕਿ ਮੈਂ ਨਹੀਂ ਚਾਹੁੰਦੀ ਸਾਂ ਕਿ ਭਰਜਾਈਆਂ ਸੋਚਣ ਕਿ ਇਹ ਕੁਆਰੀ ਨਨਾਣ ਸਾਡੇ ’ਤੇ ਬੋਝ ਬਣ ਗਈ ਹੈ। ਜਦੋਂ ਮੇਰਾ ਘਰ ਬਣ ਗਿਆ, ਮੈਂ ਆਰਥਕ ਤੌਰ ’ਤੇ ਸੌਖੀ ਹੋ ਗਈ, ਉਦੋਂ ਜਾਣ ਲੱਗੀ। ਤਾਂ ਵੀ ਬਿਨਾਂ ਬੁਲਾਏ ਨਹੀਂ। ਇਹੀ ਰਵੱਈਆ ਮੇਰਾ ਦੋਸਤੀਆਂ ਵਿਚ ਵੀ ਰਿਹਾ।

ਬਾਕੀ ਅਗਲੇ ਅੰਕ ਵਿਚ

ਕਰਾਂਤੀ ਦੀ ਸੰਭਵਾਨਾ ਇਸੇ ਦੌਰ ਵਿਚ : ਕਨ੍ਹੱਈਆ ਕੁਮਾਰ

ਇਹ ਕਦੇ ਨਾ ਸੋਚੋ ਕਿ ਮੋਦੀ ਜੀ ਭਾਸ਼ਣ ਦੇ ਕੇ ਚੋਣਾਂ ਜਿੱਤ ਗਏ ਹਨ। ਭਾਸ਼ਣ ਦੇਣ ਵਾਲੇ ਲੋਕਾਂ ਦੀ ਕੀ ਘਾਟ ਹੈ? ਅਮਿਤਾਭ ਬਚਨ ਵੇਖ ਲਓ ਕਿੰਨਾ ਚੰਗਾ ਭਾਸ਼ਣ ਕਰਦੇ ਹਨ। ਕੀ ਤੁਸੀਂ ਉਸ ਨੂੰ ਪ੍ਰਧਾਨ ਮੰਤਰੀ ਬਣਾ ਦੇਵੋਗੇ? ਨਹੀਂ ਜਨਾਬ... ਓਪੀਨੀਅਨ ਨੂੰ ਮੈਨੂਪਲੇਟ ਕਰਕੇ ਕਿਵੇਂ ਪੇਸ਼ ਕੀਤਾ ਗਿਆ ਏ. ਆਈ. ਦੀ ਵਰਤੋਂ ਕਰਕੇ ... ਡੈਟਾ ਨੂੰ ਫਰੈਕਚਰ ਕਰਕੇ ... ਕਿਸ ਤਰ੍ਹਾਂ ਓਪੀਨੀਅਨ ਨੂੰ ਫਰੈਕਚਰ ਕੀਤਾ ਗਿਆ। ਕਿਸ ਤਰ੍ਹਾਂ ਧਾਰਨਾ ਨੂੰ ਸਥਾਪਤ ਕਰਕੇ ਅਸਲੀਅਤ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ। ਇਹ ਜਦੋਂ ਹੋ ਗਿਆ ਤਾਂ ਪਤਾ ਚੱਲਿਆ। ਇਹ ਕਿਵੇਂ ਹੋਇਆ ਕਿ ਮਨਮੋਹਨ ਸਿੰਘ ਮਾੜੇ ਹੋ ਗਏ ਤੇ ਮੋਦੀ ਜੀ ਚੰਗੇ ਬਣ ਗਏ।

ਮੈਂ ਮੌਜੂਦਾ ਸਿਆਸਤ 'ਤੇ ਕੋਈ ਗੱਲ ਨਹੀਂ ਕਰਾਂਗਾ। ਇਸ ਨੂੰ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ। ਫੇਰ ਵਾਰ ਵਾਰ ਸਵਾਲ ਇਹੀ ਆਉਂਦਾ ਹੈ ਕਿ ਇਸ ਦਾ ਬਦਲ ਕੀ ਹੈ। ਇਸ ਦਾ ਵਿਕੱਲਪ ਕੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮੇਰੇ ਕੋਲ ਕੋਈ ਵਿਕੱਲਪ ਨਹੀਂ ਹੈ ਤੇ ਨਾਂ ਹੀ ਮੈਂ ਵਿਕੱਲਪ ਦੀ ਰਾਜਨੀਤੀ ਕਰਦਾ ਹਾਂ। ਸਾਨੂੰ ਬਦਲਵੀਂ ਸਿਆਸਤ ਬਾਰੇ ਸੋਚਣ ਦੀ ਜ਼ਰੂਰਤ ਹੈ। ਸਾਡੇ ਦੇਸ਼ ਵਿਚ ਸਿਆਸੀ ਬਦਲ ਨਹੀਂ ਹੈ ਪਰ ਬਦਲਵੀਂ ਸਿਆਸਤ ਬਾਰੇ ਸੋਚਣ ਦੀ ਲੋੜ ਹੈ। ਤੇ ਇਹ ਗੱਲ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਅੱਜ ਦੀ ਰਾਜਨੀਤਕ ਸਮੱਸਿਆ 'ਤੇ ਜੇਕਰ ਅਸੀਂ ਵਿਚਾਰ ਕਰਨਾ ਚਾਹੁੰਦੇ ਹਾਂ ਤੇ ਤੁਸੀਂ ਦੁਨੀਆ ਦੀ ਤੇ ਦੇਸ਼ ਦੀ ਅਰਥ ਵਿਵਸਥਾ ਤੇ ਸਮਾਜ ਨੂੰ ਸਮਝੇ ਬਿਨਾਂ ਇਸ ਸਮੱਸਿਆ ਨੂੰ ਨਹੀਂ ਸਮਝ ਸਕਦੇ। ਕਾਰਲ ਮਾਰਕਸ ਨੇ ਜੋ ਕਿਤਾਬ ਲਿਖੀ 'ਕੈਪਿਟਲ' ਮੈਨੂੰ ਨਹੀਂ ਲੱਗਦਾ ਕਿ ਮਾਰਕਸ ਦਾ ਨਾਂਅ ਲੈਣ ਵਾਲੇ ਮਾਰਕਸਵਾਦੀ ਵੀ ਉਸ ਕਿਤਾਬ ਨੂੰ ਪੜ੍ਹ ਸਕੇ ਹੋਣਗੇ? ਉਸ ਦੇ ਵਿਚਾਰ ਐਨੇ ਜਟਿਲ ਹਨ ਕਿ ਉਸ ਨੂੰ ਪੜ੍ਹਨਾ ਅਤੇ ਸਮਝਣਾ ਐਨਾ ਅਸਾਨ ਨਹੀਂ ਹੈ। ਏਥੇ ਤਾਂ ਅਰਥ ਸ਼ਾਸਤਰ ਦਾ ਨਾਂ ਲੈਂਦਿਆਂ ਹੀ ਲੋਕਾਂ ਨੂੰ ਨੀਂਦ ਆਣ ਲੱਗ ਜਾਂਦੀ ਹੈ। ਸਾਨੂੰ ਆਸਾਨ ਗੱਲਾਂ ਪਸੰਦ ਹਨ। ਪੂਰੀ ਦੀ ਪੂਰੀ ਮਾਨਵ ਸਭਿਅਤਾ ਦਾ ਵਿਕਾਸ ਹੀ ਜਟਿਲ ਵਸਤੂਆਂ ਨੂੰ ਆਸਾਨ ਬਣਾਉਣ ਲਈ ਹੁੰਦਾ ਹੈ। ਪਹਿਲਾਂ ਲੋਕ ਖੜ੍ਹਾਵਾਂ ਪਾਉਂਦੇ ਸਨ ਹੁਣ ਨਹੀਂ ਪਾਉਂਦੇ ਕਿਉਂਕਿ ਖੜ੍ਹਾਵਾਂ ਪਾ ਕੇ ਚੱਲਣਾ ਮੁਸ਼ਕਲ ਹੈ। ਹਰ ਸਮਾਜ ਆਪਣੀਆਂ ਜਟਿਲ ਪ੍ਰਸਥਿਤੀਆਂ ਵਿਚੋਂ ਨਿਕਲ ਕੇ ਅਸਾਨ ਪ੍ਰਸਥਿਤੀਆਂ ਵਿਚ ਜਾਣਾ ਚਾਹੁੰਦਾ ਹੈ। ਪਰ ਜਿਸ ਨੂੰ ਅਸੀਂ ਆਸਾਨ ਸਮਝਦੇ ਹਾਂ ਕੀ ਉਹ ਆਸਾਨ ਹੁੰਦੀਆਂ ਹਨ? ਨਹੀਂ? ਜੇਕਰ ਅਸੀਂ ਦਵੰਦਆਤਮਕ ਤਰੀਕੇ ਨਾਲ ਸੋਚੀਏ ਤਾਂ ਜੋ ਜਟਿਲ ਹੈ, ਉਹ ਆਸਾਨ ਵੀ ਹੈ ਤੇ ਜੋ ਆਸਾਨ ਹੈ ਉਹ ਜਟਿਲ ਵੀ ਹੈ। ਉਸ ਦਾ ਇਕ ਪੱਖ ਜੇਕਰ ਉਸ ਨੂੰ ਆਸਾਨ ਬਣਾ ਰਿਹਾ ਹੈ ਤਾਂ ਦੂਜਾ ਪੱਖ ਉਸ ਦੀ ਜਟਿਲਤਾ ਨੂੰ ਸਾਹਮਣੇ ਲੈ ਕੇ ਆਉਂਦਾ ਹੈ।

ਜਿਵੇਂ ਹਰੀ ਕ੍ਰਾਂਤੀ ਨਾਲ ਭੁੱਖਮਰੀ ਦੀ ਸਮੱਸਿਆ ਤਾਂ ਖਤਮ ਹੋ ਗਈ ਪਰ ਕੈਂਸਰ ਦੀ ਸਮੱਸਿਆ ਸ਼ੁਰੂ ਹੋ ਗਈ। ਜੋ ਪਹਿਲਾਂ ਭੁੱਖ ਨਾਲ ਮਰ ਰਹੇ ਸਨ ਹੁਣ ਅੰਨ ਖਾ ਕੇ ਜੋ ਕੈਂਸਰ ਹੋ ਰਿਹਾ ਹੈ, ਉਸ ਨਾਲ ਮਰ ਰਹੇ ਹਨ। ਜੋ ਦਵੰਦ ਹੈ (ਡਾਇਲੈਕਟਿਸ), ਉਸ ਦੀ ਅਪਰੋਚ ਨਾਲ ਜੇਕਰ ਅਸੀਂ ਦੁਨੀਆ ਨੂੰ ਵੇਖਣਾ ਸ਼ੁਰੂ ਕਰੀਏ ਤਾਂ ਮੈਨੂੰ ਨਹੀਂ ਲੱਗਦਾ ਕਿ ਸਾਨੂੰ ਨਿਰਾਸ਼ ਹੋਣ ਦੀ ਲੋੜ ਹੈ। ਨਾ-ਉਮੀਦੀ ਮੈਨੂੰ ਕਿਤੇ ਵੀ ਨਜ਼ਰ ਹੀ ਨਹੀਂ ਆਉਂਦੀ, ਉਹ ਇਸ ਲਈ ਕਿ ਸਾਡੇ ਲਿਖਣ, ਕਹਿਣ ਜਾਂ ਬੋਲਣ ਨਾਲ ਕੁਝ ਨਹੀਂ ਹੁੰਦਾ ਹੈ। ਸਾਡੇ ਕਹਿਣ ਨਾਲ ਸੂਰਜ ਪੂਰਬ ਵਿਚ ਨਹੀਂ ਦਿਸਦਾ...ਸਾਡੇ ਕਹਿਣ ਨਾਲ ਧਰਤੀ ਨਹੀਂ ਘੁੰਮਦੀ। ਤੇ ਸਾਡੇ ਵੱਲੋਂ ਕੋਈ ਕਾਰਜ ਕਰ ਦੇਣ ਨਾਲ ਸਾਰਾ ਕੁਝ ਹੋ ਜਾਵੇਗਾ, ਅਜਿਹਾ ਮੈਂ ਨਹੀਂ ਸੋਚਦਾ। ਪਰ ਇਕ ਗੱਲ ਹੋਰ ਹੈ ਇਹ ਸਮਾਜ ਦਾ ਇਕ ਪੱਖ ਹੈ, ਵਿਗਿਆਨ ਦਾ ਇਕ ਪੱਖ ਹੈ। ਜੇਕਰ ਤੁਸੀਂ ਗੇਂਦ ਨੂੰ ਰੋਕਣ ਲਈ ਬੱਲਾ ਲੈ ਕੇ ਖੜ੍ਹੇ ਹੋ ਤਾਂ ਜੇਕਰ ਤੁਸੀਂ ਬੱਲਾਂ ਨਹੀਂ ਚੁੱਕੋਗੇ ਤਾਂ ਗੇਂਦ ਤੁਹਾਡੇ ਕੋਲੋਂ ਦੀ ਨਿਕਲ ਜਾਵੇਗੀ। ਜੇਕਰ ਤੁਸੀਂ ਉਸ ਨੂੰ ਹਿੱਟ ਕਰੋਗੇ ਤਾਂ ਗੇਂਦ ਬਾਊਂਡਰੀ ਤੋਂ ਬਾਹਰ ਵੀ ਜਾ ਸਕਦੀ ਹੈ। ਇਸ ਲਈ ਸਮਾਜ ਵਿਚ ਮਨੁੱਖ ਦੀ ਭੂਮਿਕਾ ਨੂੰ ਮੈਂ ਨਜ਼ਰ ਅੰਦਾਜ਼ ਨਹੀਂ ਸਮਝਦਾ। ਮੈਂ ਇਕ ਵਿਅਕਤੀ ਦੀ ਗੱਲ ਨਹੀਂ ਕਰਦਾ ਮੈਂ ਸਮੂਹ ਮਨੁੱਖਾਂ ਦੀ ਗੱਲ ਕਰ ਰਿਹਾ ਹਾਂ। ਮਨੁੱਖਤਾਵਾਦੀ ਹੋਣਾ ਹੀ ਆਪਣੇ ਆਪ ਵਿਚ ਸਮੂਹਕਤਾ ਦਾ ਚਿੰਨ੍ਹ ਹੈ। ਅੱਜ ਦੀ ਰਾਜਨੀਤੀ ਦਾ, ਸਮਾਜ ਦਾ, ਵਿਗਿਆਨ ਦਾ ਤੇ ਦਰਸ਼ਨ ਦਾ ਅੰਤਰ ਵਿਰੋਧ ਇਹੀ ਹੈ ਕਿ ਵਿਅਕਤੀ ਸਮੂਹ ਦੇ ਸਾਹਮਣੇ ਖੜ੍ਹਾ ਹੋ ਗਿਆ ਹੈ। ਸਮੂਹ ਵਿਅਕਤੀ ਦੀਆਂ ਜ਼ਰੂਰਤਾ ਨੂੰ ਪੂਰਾ ਕਰਨ ਲਈ ਹੈ। ਜਾਂ ਵਿਅਕਤੀ ਸਮੂਹ ਦੇ ਖ਼ਿਲਾਫ਼ ਹੈ। ਇਸ ਦਾ ਨਿਰਣਾ ਕਰ ਸਕਣਾ ਮੁਸ਼ਕਲ ਹੈ। ਵਿਸ਼ਵੀਕਰਨ (ਗਲੋਬਲਾਈਜੇਸ਼ਨ) ਦੀ ਦੁਨੀਆ ਨੂੰ ਲੋੜ ਹੈ ਜਾਂ ਵਿਸ਼ਵੀਕਰਨ ਕਾਰਨ ਅੱਜ ਵਿਅਕਤੀ ਇਸ ਵਿਚ ਫ਼ਸ ਰਿਹਾ ਹੈ। ਤੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਮੁੱਚਤਾ ਵਿਚ ਸਮਝੇ ਬਿਨਾਂ ਬਦਲਵੀਂ ਸਿਆਸਤ ਤਾਂ ਨਹੀਂ ਦਿਖਾਈ ਦੇ ਰਹੀ। ਦੁਨੀਆ ਦੀ ਅਰਥ ਵਿਵਸਥਾ ਵਿਚ ਜੋ ਘਟਨਾਵਾਂ ਵਾਪਰ ਰਹੀਆਂ ਹਨ, ਉਨ੍ਹਾਂ 'ਤੇ ਮੈਂ ਚਾਨਣਾ ਪਾਉਣਾ ਚਾਹੁੰਦਾ ਹਾਂ। ਭਾਵੇਂ ਕਿ ਮੈਂ ਅਰਥ ਸ਼ਾਸ਼ਤਰ ਦਾ ਵਿਦਿਆਰਥੀ ਨਹੀਂ ਹਾਂ ਪਰ ਲੋੜ ਕਾਰਨ ਮੈਂ ਅਰਥ ਸ਼ਾਸ਼ਤਰ ਪੜ੍ਹਨ ਲੱਗਾ ਹਾਂ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜੋ ਹਰੀ ਕ੍ਰਾਂਤੀ ਵਿਚ ਵਿਕਾਸ ਹੋਇਆ ਹੈ। ਉਸ ਨੂੰ ਤੁਸੀਂ ਤਿੰਨ ਭਾਗਾਂ ਵਿਚ ਸਮਝ ਸਕਦੇ ਹੋ। ਜਦੋਂ ਅਸੀਂ ਉਦਯੋਗਿਕ ਕ੍ਰਾਂਤੀ ਦੀ ਗੱਲ ਕਰਦੇ ਹਾਂ ਤਾਂ ਉਸ ਇਤਿਹਾਸਕ ਘਟਨਾ ਤੋਂ ਬਾਅਦ ਬਹੁਤ ਸਾਰੀ ਤਬਦੀਲੀ ਹੋਈ ਸੀ। ਸਭ ਤੋਂ ਪਹਿਲਾਂ ਕਿ ਜੇ ਉਦਯੋਗਿਕ ਕ੍ਰਾਂਤੀ ਨਹੀਂ ਹੋਈ ਹੁੰਦੀ ਤਾਂ ਧਰੁਵੀਕਰਨ ਨਹੀਂ ਹੋਣਾ ਸੀ। ਧਰੁਵੀਕਰਨ ਨਾ ਹੋਇਆ ਹੁੰਦਾ ਤਾਂ ਭਾਰਤ ਵਿਚ ਅੱਜ ਜੋ ਰਾਸ਼ਟਰਵਾਦ ਦਾ ਉਪਦੇਸ਼ ਦਿੱਤਾ ਜਾ ਰਿਹਾ ਹੈ, ਉਹ ਪੈਦਾ ਹੀ ਨਹੀਂ ਸੀ ਹੋਣਾ। ਰਾਸ਼ਟਰ ਜਿਸ ਢਾਂਚੇ ਵਿਚ ਹੈ, ਉਹ ਢਾਂਚਾ ਹੀ ਨਹੀਂ ਬਣ ਸਕਣਾ ਸੀ। ਦੁਨੀਆ ਜਿਸ ਤਰ੍ਹਾਂ ਪੂੰਜੀਵਾਦੀ ਵਾਲੀ ਬਣਤਰ ਵਿਚੋਂ ਲੰਘੀ ਹੈ।

ਜੇਕਰ ਪਹਿਲੀ ਸੰਸਾਰ ਜੰਗ ਨਾ ਹੁੰਦੀ, ਦੂਜੀ ਸੰਸਾਰ ਜੰਗ ਨਾ ਹੁੰਦੀ। ਨਾਗਾਸਾਕੀ ਤੇ ਹੀਰੋਸ਼ੀਮਾ ਵਿਚ ਪਰਮਾਣੂ ਬੰਬ ਨਾ ਡਿੱਗਦੇ। ਬਸਤੀਵਾਦੀ ਵਿਰੋਧੀ ਮੁਹਿੰਮ ਨਾ ਚੱਲਦੀ, ਗਾਂਧੀ ਅਤੇ ਭਗਤ ਸਿੰਘ ਵਰਗੇ ਨਾ ਬਣਦੇ। ਸਮਾਨਤਾ ਦਾ ਵਿਚਾਰ ਨਾ ਆਉਂਦਾ, ਨਿਆਂ ਅਤੇ ਆਜ਼ਾਦੀ ਦਾ ਵਿਚਾਰ ਨਾ ਆਉਂਦਾ। ਮਸਲਾ ਇਹ ਹੈ ਜੇਕਰ ਅੱਜ ਲੋਕਤੰਤਰ ਖਤਰੇ ਵਿਚ ਹੈ, ਧਰਮ ਨਿਰਪੱਖਤਾ ਖ਼ਤਰੇ ਵਿਚ ਹੈ ਤੇ ਮੇਰੇ ਦੋਸਤ ਰਾਸ਼ਟਰਵਾਦ ਵੀ ਖਤਰੇ ਵਿਚ ਹੈ। ਇਹਦੇ ਵਿਚ ਦੁਚਿਤੀ ਵਿਚ ਪੈਣ ਦੀ ਲੋੜ ਨਹੀਂ ਹੈ, ਇਸ ਲਈ ਮੈਂ ਨਰਾਸ਼ ਨਹੀਂ ਹੁੰਦਾ। ਅਜਿਹਾ ਕਿਵੇਂ ਮੰਨਿਆ ਜਾ ਸਕਦਾ ਹੈ ਗਲੋਬਲਾਈਜੇਸ਼ਨ ਦੇ ਹੁੰਦਿਆਂ ਨੈਸ਼ਨਲ ਸਟੇਟ ਬਚਿਆ ਰਹਿ ਜਾਵੇਗਾ। ਰਾਸ਼ਟਰਵਾਦ ਬਚਿਆ ਰਹਿ ਜਾਵੇਗਾ? ਇਸ ਲਈ ਇਹ ਕਹਿਣ ਵਾਲੇ ਲੋਕ ਆਪਣੇ ਹੀ ਅੰਤਰ ਵਿਰੋਧ ਵਿਚ ਫਸ ਜਾਂਦੇ ਹਨ। ਉਹ ਦੁਨੀਆ ਨੂੰ ਇਹ ਕਹਿੰਦੇ ਹਨ ਕਿ ਅਸੀਂ ਭਾਰਤ ਨੂੰ ਵਿਕਸਤ ਦੇਸ਼ ਬਣਾਵਾਂਗੇ। ਕਿਵੇਂ ਬਣਾਉਣਗੇ? ਕਿਸਾਨਾਂ ਦੀਆਂ ਆਤਮ ਹੱਤਿਆਵਾਂ ਕਰਵਾ ਕੇ? ਇਸ ਦੇਸ਼ ਦੀ ਇੰਡਸਟ੍ਰੀ ਬੰਦ ਕਰਕੇ? ਇਸ ਦੇਸ਼ ਦੇ ਲੋਕ ਹਿਜ਼ਰਤ ਕਰਦੇ ਰਹਿਣ। ਬਿਹਾਰ ਦੇ ਲੋਕ ਹਿਜ਼ਰਤ ਕਰਕੇ ਪੰਜਾਬ ਆਣ ਤੇ ਪੰਜਾਬ ਦੇ ਵਿਦਿਆਰਥੀ ਹਿਜ਼ਰਤ ਕਰਕੇ ਕਨੇਡਾ, ਅਸਟ੍ਰੇਲੀਆ ਜਾਣ? ਕੀ ਇਸ ਤਰ੍ਹਾਂ ਭਾਰਤ ਵਿਕਸਤ ਬਣੇਗਾ? ਇਹ ਵਿਭਿੰਨਤਾਵਾਂ ਕਦੋਂ ਤੱਕ ਚੱਲਦੀਆਂ ਰਹਿਣਗੀਆਂ। ਇਸ ਵਿਭਿੰਨਤਾ ਕਾਰਨ ਜੋ ਅਨਰਥ ਪੈਦਾ ਹੋਇਆ ਹੈ ਉਸ ਅਨਰਥ ਵਿਚੋਂ ਹੀ ਇਕ ਨਵਾਂ ਰਸਤਾ ਨਿਕਲੇਗਾ। ਇਸ ਲਈ ਮੈਂ ਨਾ-ਉਮੀਦ ਨਹੀਂ ਹੁੰਦਾ। ਇਕੋਨਮੀ ਵਿਚ ਜਿਸ ਤਰ੍ਹਾਂ ਦੀਆਂ ਗੱਲਾਂ ਆ ਰਹੀਆਂ ਹਨ, ਉਸ ਵਿਚ ਦੁਨੀਆ ਦੀ ਇਸ ਗੱਲ ਨੂੰ ਸਮਝ ਲਓ .... ਚਾਹੇ ਤੁਸੀਂ ਟਰੇਡ ਯੂਨੀਅਨ ਅੰਦੋਲਨ ਦੀ ਗੱਲ ਕਰ ਲਓ... ਰੂਸੀ ਇਨਕਲਾਬ ਦੀ ਗੱਲ ਕਰ ਲਓ... ਲਿਬਰਲ ਮੂਵਮੈਂਟ ਦੀ ਗੱਲ ਕਰ ਲਓ... ਤੁਸੀਂ ਆਈਡੈਂਟਟੀ ਪੌਲਟਿਕਸ ਦੀ ਗੱਲ ਕਰ ਲਓ... ਲੈਫਿਟ ਮੂਵਮੈਂਟ ਦੀ ਗੱਲ ਕਰ ਲਓ... ਅੰਬੇਡਕਰ ਮੂਵਮੈਂਟ ਦੀ ਗੱਲ ਕਰ ਲਓ ... ਇਨ੍ਹਾਂ ਸਾਰਿਆਂ ਦਾ ਸਬੰਧ ਉਦਯੋਗਿਕ ਕ੍ਰਾਂਤੀ ਨਾਲ ਜੁੜਿਆ ਹੋਇਆ ਹੈ। ਉਦਯੋਗਿਕ ਕ੍ਰਾਂਤੀ ਵਿਚ ਅਜਿਹਾ ਕੀ ਪਿਆ ਹੈ ਕਿ ਅੱਜ ਜੋ ਆਰਥਕ ਬਦਲਾਵ ਆ ਰਹੇ ਹਨ ਕਿ ਉਸ ਨੂੰ ਉਦਯੋਦਿਕ ਬਦਲਾਵ ਤੋਂ ਅਲੱਗ ਮੰਨਾਂਗੇ। ਉਤਪਾਦਨ ਕਲਪਨਾ ਤੋਂ ਵੱਡੀ ਮਾਤਰਾ ਵਿਚ ਹੋਣ ਲੱਗਾ ਹੈ। ਜਦੋਂ ਉਤਪਾਦਨ ਵਧੇਗਾ ਤਾਂ ਸੁਭਾਵਕ ਹੈ ਕਿ ਉਨ੍ਹਾਂ ਨੂੰ ਵੇਚਣ ਲਈ ਬਾਜ਼ਾਰ ਦੀ ਲੋੜ ਪਵੇਗੀ। ਪਹਿਲਾਂ ਜਦੋਂ ਤੁਸੀਂ ਹੱਥ ਨਾਲ ਘਾਹ ਕੱਟਦੇ ਸੀ... ਫਿਰ ਮਸ਼ੀਨ ਨਾਲ ਕੱਟਣ ਲੱਗੇ.... ਫਿਰ ਮਸ਼ੀਨ ਨੂੰ ਹੱਥ ਨਾਲ ਚਲਾਉਣ ਲੱਗੇ.... ਫਿਰ ਘਾਹ ਕੱਟਣ ਵਾਲੀ ਮਸ਼ੀਨ ਨੂੰ ਇਕ ਹੋਰ ਮਸ਼ੀਨ ਚਲਾਉਣ ਲੱਗ ਪਈ... ਜਦੋਂ ਇਕ ਵਾਰ ਮਸ਼ੀਨ ਚੱਲ ਪਵੇਗੀ ਤਾਂ ਬਹੁਤ ਸਾਰੇ ਘਾਹ ਦੀ ਲੋੜ ਪਵੇਗੀ... ਨਹੀਂ ਤਾਂ ਖ਼ਾਲੀ ਮਸ਼ੀਨ ਚੱਲੇਗੀ.... ਸੋ ਮਸ਼ੀਨ ਦੀ ਲੋੜ ਪੂਰੀ ਕਰਨ ਲਈ ਬਹੁਤ ਸਾਰੇ ਕੱਚੇ ਮਾਲ ਦੀ ਲੋੜ ਪੈਣ ਲੱਗ ਪਈ। ਬਹੁਤ ਸਾਰੇ ਕੱਚੇ ਮਾਲ ਦੀ ਵੀ ਲੋੜ ਪੈਣ ਲੱਗੀ ਤੇ ਤਿਆਰ ਹੋਏ ਮਾਲ ਨੂੰ ਵੇਚਣ ਲਈ ਬਾਜ਼ਾਰ ਦੀ ਵੀ ਲੋੜ ਹੈ। ਇਹ ਵਰਤਾਰਾ ਉਦਯੋਗਿਕ ਕ੍ਰਾਂਤੀ ਵਿਚ ਹੋਇਆ... ਔਰ ਏਥੇ ਸੰਸਕ੍ਰਿਤੀ ਤੇ ਧਰਮ ਸਾਰਾ ਕੁਝ ਨਹੀਂ ਹੁੰਦਾ। ਸੰਸਕ੍ਰਿਤੀ ਅਤੇ ਧਰਮ ਨੂੰ ਇਸ ਬਦਲਾਅ ਨਾਲ ਕਦਮ ਮਿਲਾ ਕੇ ਚੱਲਣਾ ਪੈਂਦਾ ਹੈ, ਨਹੀਂ ਤਾਂ ਉਹ ਖਤਮ ਹੋ ਜਾਵੇਗਾ। ਇਸਾਈ ਤੇ ਕ੍ਰਿਸ਼ਚੈਨਿਟੀ ਦਾ ਜੋ ਡਿਸਕੋਰਸ ਹੈ, ਉਸ ਵਿਚ ਇਹ ਆਇਆ ਕਿ ਸਮੁੰਦਰੀ ਯਾਤਰਾ ਕਰਨਾ ਪਾਪ ਨਹੀਂ ਹੈ। ਇਸ ਲਈ ਮੋਦੀ ਜੀ ਦਾ ਪਾਕਿਸਤਾਨ ਜਾਣਾ ਪਾਪ ਨਹੀਂ ਹੈ। ਕਿਉਂਕਿ ਇਹ ਬਾਜ਼ਾਰ ਦੀ ਲੋੜ ਹੈ। ਇਕ ਪਾਸੇ ਤੁਸੀਂ ਕਹੋਗੇ ਕਿ ਅਸੀਂ ਹਿੰਦੂ ਰਾਸ਼ਟਰ ਬਣਾਵਾਂਗੇ, ਦੂਜੇ ਪਾਸੇ ਤੁਹਾਨੂੰ ਪਤੈ ਹੈ ਕਿ ਇਹ ਨਹੀਂ ਬਣ ਸਕਣਾ। ਬਾਜ਼ਾਰ ਉਦੋਂ ਤੱਕ ਹੀ ਤੁਹਾਨੂੰ ਬਦਮਿਜਾਜ਼ੀ ਕਰਨ ਦੀ ਇਜਾਜ਼ਤ ਦਿੰਦਾ ਹੈ ਜਦੋਂ ਤੱਕ ਉਹ ਸੰਕਟ ਵਿਚ ਹੈ। ਜਿਸ ਦਿਨ ਉਸ ਦੇ ਸਬੰਧ ਬਣ ਜਾਣਗੇ ਤਾਂ ਕਹੇਗਾ ਕਿ ਬਕਵਾਸ ਬੰਦ ਕਰੋ ਤੇ ਜਾਓ ਪਾਕਿਸਤਾਨ ਨਾਲ ਵਪਾਰਕ ਸਬੰਧ ਬਣਾਓ। ਅਸੀਂ ਉਥੇ ਜਾ ਕੇ ਵੀ ਆਪਣਾ ਉਤਪਾਦਕ ਮਾਲ ਵੇਚਣਾ ਹੈ। ਇਹ ਬਹੁਤ ਸਿੱਧੀ ਜਿਹੀ ਧਾਰਨਾ ਹੈ। ਇਸ ਨੂੰ ਸਮਝਣ ਦੀ ਲੋੜ ਹੈ। ਇਕ ਬੀ.ਬੀ. ਸੀ. ਦੀ ਡਾਕੂਮੈਂਟਰੀ ਹੈ 'ਜੀਨੀਅਸ ਮਾਇੰਡ' ਮਾਰਕਸ ਤੇ ਨਿਤਸ਼ੇ ਬਾਰੇ, ਉਸ ਵਿਚ ਇਸ ਬਾਰੇ ਬਹੁਤ ਵਧੀਆ ਤਰੀਕੇ ਨਾਲ ਦੱਸਿਆ ਗਿਆ ਹੈ।

ਮਾਰਕਸਵਾਦੀ ਹੋਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ। ਇਸ ਸੁਭਾਗ ਨਾਲ ਮੋਢਿਆ 'ਤੇ ਜ਼ਿੰਮੇਵਾਰੀ ਵੀ ਹੈ, ਕਿ ਮਾਰਕਸਵਾਦੀ ਹੋਣ ਦਾ ਮਤਲਬ ਮੇਰੇ ਹੱਥ ਵਿਚ ਕੋਈ ਗੀਤਾ ਜਾਂ ਕੁਰਾਨ ਨਹੀਂ ਕਿ ਉਸ ਦੇ ਹਰ ਸ਼ਬਦ ਨੂੰ ਲਾਗੂ ਕਰਵਾਉਣਾ ਹੈ। ਮਾਰਕਸਵਾਦ ਇਕ ਟੂਲ ਹੈ, ਇਸ ਨੂੰ ਆਪਣੇ ਸਮੇਂ ਨਾਲ, ਆਪਣੇ ਤਰੀਕੇ ਨਾਲ, ਉਨ੍ਹਾਂ ਦੇ ਅੰਤਰ ਵਿਰੋਧ ਨੂੰ ਸਮਝਾਂਗੇ ਅਤੇ ਨਵਾਂ ਰਾਹ ਤਲਾਸ਼ ਕਰਨ ਦਾ ਯਤਨ ਕਰਾਂਗੇ ਤੇ ਉਹ ਸਾਡੇ ਲਈ ਕੋਈ ਧਰਮ ਗ੍ਰੰਥ ਨਹੀਂ ਹੈ। ਜਦੋਂ ਤੁਸੀਂ ਡਾਕੂਮੈਂਟਰੀ ਨੂੰ ਵੇਖੋਗੇ ਤਾਂ ਤੁਸੀਂ ਵੇਖੋਗੇ ਕਿ ਜੋ ਲੋਕ ਸੱਤਾ ਵਿਚ ਆਏ ਉਨ੍ਹਾਂ ਨੇ ਮਾਰਕਸ ਦੀ ਲਾਈਨ ਤੱਕ ਬਦਲ ਦਿੱਤੀ। ਜੋ ਗੱਲ ਉਨ੍ਹਾਂ ਦੀ ਸੱਤਾ ਨੂੰ ਸੂਟ ਨਹੀਂ ਕਰਦੀ ਸੀ ਉਹ ਗੱਲ, ਉਹ ਸ਼ਬਦ ਬਦਲ ਦਿੱਤੇ। ਅਨੁਵਾਦ ਬਦਲ ਦਿੱਤੇ। ਸਾਮਰਾਜਵਾਦ-ਪੂੰਜੀਵਾਦ ਦੀ ਚਰਮ ਅਵਸਥਾ... ਸਾਮਰਾਜਵਾਦ ਪੂੰਜੀਵਾਦ ਦੀ ਅੰਤਮ ਅਵਸਥਾ। ਹੁਣ ਇਹ ਅੰਤਮ ਅਵਸਥਾ ਤੇ ਚਰਮ ਅਵਸਥਾ ਵਿਚਕਾਰ ਬਹੁਤ ਵੱਡੀ ਖੇਡ ਹੈ। ਸਿਖਰਲੀ ਅਵਸਥਾ ਅਤੇ ਆਖ਼ਰੀ ਅਵਸਥਾ ਵਿਚ ਬਹੁਤ ਵੱਡਾ ਅੰਤਰ ਹੁੰਦਾ ਹੈ। ਇਸ ਲਈ ਕਿ ਕਮਿਊਨਿਸਟ ਪਾਰਟੀ ਡੈਮੋਕ੍ਰੇਟਿਵ ਸੈਂਟਰਇਜ਼ਮ ਦੇ ਨਾਂ 'ਤੇ ਆਪਣੇ ਕੇਡਰ 'ਤੇ ਸੈਂਟਰਇਜ਼ਮ ਚਲਾ ਸਕੇ। ਲੀਡਰਸ਼ਿਪ ਦਾ ਜੋ ਕ੍ਰਾਈਸਿਸ ਹੈ, ਉਸ ਨੂੰ ਕਮਿਊਨਿਸਟ ਵਿਚਾਰਧਾਰਾ ਦਾ ਕ੍ਰਾਈਸਿਸ ਕਹਿ ਦਿੱਤਾ ਗਿਆ। ਤੁਸੀਂ ਮਾਰਕਸ ਨੂੰ ਰੱਦ ਕਰ ਸਕਦੇ ਹੋ... ਦੁਨੀਆ ਦਾ ਕੋਈ ਵੀ ਚਿੰਤਨ ਮਾਰਕਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਜੋ ਵਿਸ਼ਲੇਸ਼ਣ ਕੀਤਾ ਗਿਆ ਕਿ ਪ੍ਰੋਡਕਸ਼ਨ ਰਿਲੇਸ਼ਨ ਕੀ ਹੁੰਦੇ ਹਨ। ਪ੍ਰੋਡੈਕਟਿਵਟੀ ਕੀ ਹੁੰਦੀ ਹੈ। ਅਤੇ ਪ੍ਰੋਡਕਸ਼ਨ ਰਿਲੇਸ਼ਨ ਦੇ ਆਧਾਰ 'ਤੇ ਸਮਾਜਕ ਬਣਤਰ ਕਿਵੇਂ ਬਣਦੀ ਹੈ। ਅੱਜ ਅਸੀਂ ਜਿਸ ਦੌਰ ਵਿਚੋਂ ਗੁਜ਼ਰ ਰਹੇ ਹਾਂ, ਉਸ ਵਿਚ ਸਟਰੱਕਚਰ ਹੀ ਸੁਪਰ ਸਟਰੱਕਚਰ ਨੂੰ ਨਹੀਂ ਡਿਟਰਮਨ (ਪ੍ਰਭਾਵਤ) ਕਰਦਾ, ਸੁਪਰ ਸਟਰੱਕਚਰ ਵੀ ਸਟਰੱਕਚਰ ਨੂੰ ਪ੍ਰਭਾਵਤ ਕਰਦਾ ਹੈ। ਮੈਂ ਇਹਦੇ ਨਾਲ ਸਹਿਮਤ ਹਾਂ। ਉਸ ਜ਼ਮਾਨੇ ਵਿਚ ਇਹ ਸਮਝਣਾ ਮੁਸ਼ਕਲ ਸੀ ਪਰ ਅੱਜ ਇਹ ਸਮਝਣਾ ਮੁਸ਼ਕਲ ਨਹੀਂ ਹੈ।

ਪਹਿਲਾਂ ਸਿਆਸਤ ਵਿਚ ਯਥਾਰਥ ਤੋਂ ਧਾਰਨਾ ਬਣਦੀ ਸੀ। ਹੁਣ ਸਿਆਸਤ ਵਿਚ ਧਾਰਨਾ ਤੋਂ ਸੋਸ਼ਲ ਯਥਾਰਥਵਾਦ ਬਣਦਾ ਹੈ। ਕਿੰਨੇ ਕੁ ਲੋਕ ਗਏ ਹਨ ਮੁਸਲਮਾਨ ਦੇ ਘਰ ਵਿਚ? ਪਰ ਇਕ ਧਾਰਨਾ ਐਨੀ ਵਾਰ ਦੁਹਰਾਈ ਗਈ ਕਿ ਇਕ ਸਿਆਣੇ ਮਨੁੱਖ ਨੂੰ ਵੀ ਇਹ ਲੱਗਣ ਲੱਗ ਪਿਆ ਕਿ ਮੁਸਲਮਾਨ ਕੱਟੜ ਹੁੰਦੇ ਹਨ। ਮੁਸਲਮਾਨ ਅੱਤਵਾਦੀ ਹੁੰਦੇ ਹਨ। ਮੁਸਲਮਾਨ ਦੇ ਘਰ ਦਾ ਖਾਣਾ ਨਹੀਂ ਖਾਣਾ ਚਾਹੀਦਾ। ਤੁਸੀਂ ਕਿੰਨੇ ਕੁ ਬਿਹਾਰ ਗਏ ਹੋ... ਬਸ ਮਨਾਂ ਵਿਚ ਇਹ ਗੱਲ ਬਿਠਾ ਦਿੱਤੀ ਗਈ ਕਿ ਬਿਹਾਰੀ ਲੋਕ ਮੂਰਖ ਹੁੰਦਾ ਹੈ... ਪੜ੍ਹਦਾ ਲਿਖਦਾ ਨਹੀਂ ਹੈ... ਮਜ਼ਦੂਰੀ ਕਰਦਾ ਹੈ। ਇਸ ਲਈ ਦਿੱਲੀ ਵਿਚ ਬਿਹਾਰੀ ਸ਼ਬਦ ਹੀ ਗਾਲ੍ਹ ਬਣ ਗਿਆ ਹੈ। ਹੁਣ ਕਿਸੇ ਪੰਜਾਬ ਦੇ ਲੋਕ ਨੂੰ ਪੰਜਾਬੀ ਕਹੋ ਤਾਂ ਉਸ ਨੂੰ ਮਾਣ ਹੋਵੇਗਾ ਪਰ ਬਿਹਾਰੀ ਨੂੰ ਜੇ ਬਿਹਾਰੀ ਕਹੋ ਤਾਂ ਉਹਨੂੰ ਲੱਗਦਾ ਹੈ ਮੈਨੂੰ ਗਾਲ੍ਹ ਕੱਢ ਰਿਹਾ ਹੈ। ਇਹ ਅਸਲੀਅਤ ਹੈ ਜਾਂ ਧਾਰਨਾ ਹੈ। ਸੋ ਸੁਪਰ ਸਟਰੱਕਚ ਵੀ ਸਟਰੱਕਚਰ ਨੂੰ ਪ੍ਰਭਾਵਤ ਕਰਦਾ ਹੈ। ਮੇਰੀ ਗੱਲ ਨੂੰ ਤੁਸੀਂ ਕੱਟ ਵੀ ਸਕਦੇ ਹੋ ਤੇ ਇਸ ਨੂੰ ਹੋਰ ਵਿਸਥਾਰ ਵੀ ਦੇ ਸਕਦੇ ਹੋ। ਮੈਂ ਕੋਈ ਫਿਲਾਸਫ਼ਰ ਨਹੀਂ ਹਾਂ।

ਉਦਯੋਗਿਕ ਕ੍ਰਾਂਤੀ ਦੌਰਾਨ ਜਿੰਨੇ ਵੀ ਸਿਆਸੀ ਵਿਚਾਰ ਬਣੇ ਸਨ। ਜਿੰਨੀਆਂ ਵੀ ਸਿਆਸੀ ਸਮਝਦਾਰੀਆਂ ਬਣੀਆਂ ਸਨ। ਮਲਟੀ ਪਾਰਟੀ, ਡੈਮੋਕ੍ਰੇਸੀ, ਫਰੀਡਮ, ਇਕਵੈਲਟੀ, ਸੈਕੂਲਰਇਜ਼ਮ, ਮਲਟੀ ਕਲਚਰ ਇਜ਼ਮ, ਇਹ ਸਾਰੀਆਂ ਵਸਤੂਆਂ ਇਕੋ ਸਮੇਂ ਸੰਕਟ ਵਿਚ ਆਈਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਅਸੀਂ ਹੁਣ ਪੋਸਟ ਉਦਯੋਗਿਕ ਸਮੇਂ ਵਿਚੋਂ ਲੰਘ ਰਹੇ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਪੋਸਟ ਉਦਯੋਗਿਕ ਸਮੇਂ ਵਿਚ ਹਾਂ ਤਾਂ ਇਸ ਲਈ ਨਵੇਂ ਤਰੀਕੇ ਦੇ ਸੋਸ਼ਲ ਐਥਿਕਸ, ਸੋਸ਼ਲ ਮੋਰੈਲਿਟੀ, ਸੋਸ਼ਲ ਸਟ੍ਰਕੱਚਰ ਤੇ ਸੋਸ਼ਲ ਐਥਿਕਸ ਦਾ ਵਿਕਾਸ ਹੋਵੇਗਾ। ਸੰਕਟ ਦਾ ਕਾਲ ਇਹ ਹੈ ਕਿ ਪੁਰਾਣਾ ਟੁੱਟਿਆ ਨਹੀਂ, ਨਵਾਂ ਬਣਿਆ ਨਹੀਂ। ਇਸ ਲਈ ਅਸੀਂ ਵਿਚਕਾਰ ਫਸ ਗਏ ਹਾਂ।

ਹੁਣ ਮੈਂ ਨਿੱਕੀਆਂ ਨਿੱਕੀਆਂ ਮੁਸ਼ਕਲਾਂ ਦੀ ਪਛਾਣ ਕਰਾਂਗਾ। ਜਿਵੇਂ ਕਿ ਅੱਜ ਦੇ ਸਮੇਂ ਵਿਚ ਸਾਂਝੇ ਪਰਿਵਾਰ ਬਚੇ ਨਹੀਂ ਹਨ। ਕਿਉਂਕਿ ਖੇਤੀ ਨਾਲ ਸਬੰਧਤ ਸਮਾਜ ਨਹੀਂ ਹੈ। ਤੇ ਖੇਤੀ ਵਿਚ ਸਿੱਧੀ ਸਰੀਰਕ ਲੇਬਰ ਬਹੁਤ ਘੱਟ ਹੁੰਦੀ ਜਾ ਰਹੀ ਹੈ। ਮਸ਼ੀਨਾਂ ਨਾਲ ਖੇਤੀ ਹੋ ਰਹੀ ਹੈ। ਹਰੀ ਕ੍ਰਾਂਤੀ ਕਾਰਨ ਅਸੀਂ ਖੁਸ਼ ਵੀ ਬਹੁਤ ਹੋਏ ਹਾਂ। ਸੋ ਸੁਭਾਵਕ ਰੂਪ ਵਿਚ ਨਿੱਜਤਾ ਸਮਾਜ ਵਿਚ ਵਧੇਗੀ। ਖੇਤੀ ਸੈਕਟਰ ਤੇ ਫੈਕਟਰੀਆਂ ਵਿਚ ਇਕ ਸਮਾਂ ਸੀ ਜਦੋਂ ਮਜ਼ਦੂਰ ਢਾਈ-ਢਾਈ ਹਜ਼ਾਰਾਂ ਦੀ ਗਿਣਤੀ ਵਿਚ ਕੰਮ ਕਰਦੇ ਸਨ। ਹੁਣ ਢਾਈ ਲੋਕ ਵੀ ਇਕ ਫੈਕਟਰੀ ਵਿਚ ਕੰਮ ਨਹੀਂ ਕਰਦੇ! ਦੋ-ਚਾਰ ਮਜ਼ਦੂਰਾਂ ਨਾਲ ਸਾਰੀ ਦੀ ਸਾਰੀ ਫੈਕਟਰੀ ਚੱਲਦੀ ਪਈ ਹੈ। ਤੇ ਮਸ਼ੀਨ ਪਹਿਲਾਂ ਬਹੁਤ ਵੱਡੀ ਹੁੰਦੀ ਸੀ... ਸਮੇਂ ਨਾਲ ਛੋਟੀ ਹੋਰ ਛੋਟੀ ਹੁੰਦੀ ਗਈ। ਆਈ. ਸੀ. ਦੇ ਆਉਣ ਨਾਲ ਮਸ਼ੀਨ ਐਨੀ ਛੋਟੀ ਹੋ ਗਈ ਕਿ ਹੁਣ ਮਸ਼ੀਨ ਤੁਹਾਡੀ ਜੇਬ ਵਿਚ ਆ ਜਾਂਦੀ ਹੈ। ਤੁਸੀਂ ਇਕ ਟੀ.ਵੀ. ਆਪਣੀ ਜੇਬ ਵਿਚ ਲੈ ਕੇ ਘੁੰਮਦੇ ਹੋ ਕਿ ਨਹੀਂ। ਟ੍ਰਾਂਸਫਰ ਤੋਂ ਜਦੋਂ ਆਈ.ਸੀ. 'ਤੇ ਗੱਲ ਪਹੁੰਚੀ ਤਾਂ ਮਸ਼ੀਨਾਂ ਦਾ ਆਕਾਰ ਲਗਾਤਾਰ ਛੋਟਾ ਹੁੰਦਾ ਗਿਆ। ਮਸ਼ੀਨ ਦਾ

ਆਕਾਰ ਜਦੋਂ ਘਟੇਗਾ ਤਾਂ ਫਿਜ਼ੀਕਲ ਲੇਬਰ ਇਡਸਟ੍ਰੀ ਵਿਚੋਂ ਘਟਦੀ ਜਾਵੇਗੀ...ਇੰਡਸਟ੍ਰੀਅਲ ਆਈਡੀਆ ਆਫ ਕਲੈਕਟਿਵ ਦਾ ਢਹਿ-ਢੇਰੀ ਹੋਣਾ ਸ਼ੁਰੂ ਹੋ ਜਾਵੇਗਾ। ਸੋ, ਇਹ ਡੈਮੋਲੇਸ਼ਨ ਫੈਕਟਰੀ ਅੰਦਰ ਹੋਣੀ ਸ਼ੁਰੂ ਹੋ ਗਈ ਜਿਸ ਨਾਲ ਟਰੇਡ ਯੂਨੀਅਨ ਵੀ ਕਮਜ਼ੋਰ ਹੋਣੀ ਸ਼ੁਰੂ ਹੋ ਗਈ। ਜਦੋਂ ਟਰੇਡ ਯੂਨੀਅਨ ਕਮਜ਼ੋਰ ਹੋ ਜਾਵੇਗੀ... ਕਿਸਾਨ ਅੰਦੋਲਨ ਕਮਜ਼ੋਰ ਹੋ ਜਾਵੇਗਾ ਤਾਂ ਸੁਭਾਵਕ ਹੈ , ਕਿਸਾਨ ਤੇ ਮਜ਼ਦੂਰ 'ਤੇ ਲਿਖੀ ਜਾਣ ਵਾਲੀ ਕਵਿਤਾ, ਕਹਾਣੀ ਤੇ ਨਾਵਲ ਵੀ ਕਮਜ਼ੋਰ ਹੋ ਜਾਵੇਗਾ। ਤੇ ਪ੍ਰਗਤੀਸ਼ੀਲ ਲੇਖਕ ਸੰਘ ਵੀ ਕਮਜ਼ੋਰ ਹੋ ਜਾਵੇਗਾ। ਤੇ ਜਦੋਂ ਕਮਿਊਨਿਸਟ ਪਾਰਟੀ ਨੂੰ ਇਕ ਐਮ. ਪੀ. ਵੀ ਮਿਲਦਾ ਹੈ ਤਾਂ ਤੁਹਾਨੂੰ ਲੱਗਦਾ ਹੈ ਕਿ ਇਸ ਧਰਤੀ 'ਤੇ ਭਗਵਾਨ ਹੈ। ਇਹ ਜੋ ਬਦਲਾਵ ਆਇਆ ਹੈ, ਇਸ ਦਾ ਅਸਰ ਸਿੱਖਿਆ ਉੱਤੇ ਵੀ ਵੇਖਣ ਨੂੰ ਮਿਲਦਾ ਹੈ। ਤੁਸੀਂ ਵੇਖੋ ਕਿ ਫੈਕਟਰੀਆਂ ਵਿਚੋਂ ਮਜ਼ਦੂਰ ਗਾਇਬ... ਖੇਤਾਂ ਵਿਚ ਖੇਤੀ ਕਰਨ ਵਾਲੇ ਗਾਇਬ... ਔਰ ਯੂਨੀਵਰਸਿਟੀਆਂ-ਕਾਲਜਾਂ ਵਿਚੋਂ ਵਿਦਿਆਰਥੀ ਗਾਇਬ ਹੋ ਗਏ। ਇਹ ਜੋ ਡਿਸਟੈਂਸ ਲਰਨਿੰਗ ਪ੍ਰੋਸੈਸ ਹੈ ਇਹ ਕੀ ਹੈ। ਜਦੋਂ ਵਿਦਿਆਰਥੀ ਯੂਨੀਵਰਸਿਟੀ ਵਿਚ ਹੋਵੇਗਾ ਹੀ ਨਹੀਂ ਤਾਂ ਵਿਦਿਆਰਥੀ ਅੰਦੋਲਨ ਕਿਵੇਂ ਹੋਵੇਗਾ? ਹੁਣ ਦੇਖੋ ਪ੍ਰਗਤੀਸ਼ੀਲ ਲਹਿਰ ਦਾ ਫੇਲ੍ਹ ਹੋਣਾ। ਇਹ ਕੀ ਹੈ? ਉਹ ਇਹ ਕਿ ਸਮਾਜ ਕਿੱਥੇ ਜਾ ਰਿਹਾ ਹੈ? ਇਸ ਨੂੰ ਵੇਖਣਾ ਬੰਦ ਕਰ ਦਿੱਤਾ। ਪ੍ਰਗਤੀਸ਼ੀਲ ਲੇਖਕ ਸੰਘ ਦਾ ਜਨਰਲ ਸੈਕਟਰੀ ਬਹੁਤ ਬਦਮਾਸ਼ ਹੈ... ਇਸ ਨੂੰ ਅਸੀਂ ਸੈਮੀਨਾਰ ਕਰਵਾਉਣ ਦਾ ਕਹਿ ਰਹੇ ਹਾਂ, ਸੈਮੀਨਾਰ ਹੀ ਨਹੀਂ ਕਰਵਾ ਰਿਹਾ.... ਇਨਾਮਾਂ ਲਈ... ਨੌਕਰੀ ਲਈ.... ਪ੍ਰਮੋਸ਼ਨ ਲਈ... ਪ੍ਰੋਫੈਸ਼ਰ ਬਣਨ ਲਈ... ਯੂ. ਜੀ. ਸੀ. ਕੋਲੋਂ ਪ੍ਰੋਜੈਕਟ ਲੈਣ ਲਈ। ਇਹ ਲੋਕ ਆਪਸ ਵਿਚ ਹੀ ਲੜ ਪਏ। ਇਹ ਸੱਚ ਹੈ। ਜਦੋਂ ਉਦਾਰਵਾਦੀ ਤੇ ਪ੍ਰਗਤੀਸ਼ੀਲ ਆਪਸ ਵਿਚ ਲੜ ਰਹੇ ਸਨ ... ਬਈ ਤੂੰ ਵਧੇਰੇ ਅਸਲੀ ਲਾਲ ਜਾਂ ਮੈਂ ਲਾਲ?...ਅਸਲੀ ਕ੍ਰਾਂਤੀਕਾਰੀ ਕੌਣ?... ਇਕ ਬੋਲਿਆ ਤੂੰ ਮਾਰਕਸ ਪੜ੍ਹਿਆ... ਦੂਜਾ ਬੋਲਿਆ ਮੈਂ ਤਾਂ ਮਾਊ ਵੀ ਪੜ੍ਹ ਲਿਆ...ਸਮਾਜ ਕਿੱਥੇ ਜਾ ਰਿਹਾ ਹੈ? ਉਸ ਦਾ ਕੋਈ ਅਲਟ੍ਰਨੇਟਿਵ ਹੈ ਹੀ ਨਹੀਂ। ਕੋਈ ਮੈਨੂੰ ਦੱਸ ਦੇਵੇ ਕਿ ਕੋਈ ਵੀ ਉਦਯੋਗਿਕ ਕਰਾਂਤੀ ਨਹੀਂ ਬਚੀ, ਅਸੀਂ ਪੋਸਟ ਇੰਡਸਟ੍ਰੀਅਲ ਰੈਵੋਲੂਸ਼ਨ ਵਿਚ ਪਹੁੰਚ ਗਏ ਹਾਂ। ਪੁਰਾਣੀਆਂ ਸਾਰੀਆਂ ਮਸ਼ੀਨਾਂ ਰਿਪਲੇਸ ਹੋ ਚੁੱਕੀਆਂ ਹਨ। ਆਈਡੀਆ ਆਫ ਵਰਕ ... ਆਈਡੀਆ ਆਫ ਲੇਬਰ ਜਦੋਂ ਕ੍ਰਾਈਸਿਸ ਵਿਚ ਚਲਾ ਗਿਆ ਹੈ ਤਾਂ ਸ਼ੋਸ਼ਣ ਦੀ ਕਿਵੇਂ ਪਛਾਣ ਕਰਾਗੇ। ਏਥੇ ਕਿਸੇ (ਪ੍ਰੋ. ਮਨਜੀਤ ਸਿੰਘ) ਨੇ ਕਿਹਾ ਕਿ ਮੈਂ ਹੁਣ ਰੰਗ-ਬਿਰੰਗੇ ਕੱਪੜਿਆਂ ਦਾ ਝੰਜਟ ਹੀ ਮੁਕਾ ਦਿੱਤਾ ਹੈ... ਮੈਂ ਹੁਣ ਕਾਲੇ ਕੱਪੜੇ ਪਾਉਣ ਲੱਗ ਪਿਆ ਹਾਂ। ਸਸਤੇ ਵਿਚ ਸਰ ਜਾਂਦਾ ਹੈ। ਮੈਂ ਕਹਿਣਾ ਚਾਹੁੰਦਾ ਕਿ ਤੁਸੀਂ ਨੰਗੇ ਹੋ ਜਾਓ... ਕੱਪੜਿਆਂ ਦਾ ਝੰਜਟ ਹੀ ਮੁੱਕ ਜਾਵੇਗਾ। ਤੇ ਯੋਗੀ ਜੀ (ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ, ਜਿਨ੍ਹਾਂ ਨੇ 'ਸਾਧਾਂ' ਲਈ 2000 ਰੁਪਏ ਮਹੀਨਾ ਪੈਨਸ਼ਨ ਲਾਈ ਹੈ) ਉਪਰ ਦੀ ਤੁਹਾਨੂੰ ਪੈਨਸ਼ਨ ਵੀ ਦੇ ਦੇਣਗੇ। ਇਹ ਬਦਲ ਨਹੀਂ ਹੈ ਕਿ ਤੁਸੀਂ ਸਸਤਾ ਕੱਪੜਾ ਪਾਉਣ ਲੱਗ ਪਏ। ਤੁਸੀਂ ਸਸਤੇ ਕੱਪੜੇ ਲੈਣ ਦੀ ਗੱਲ ਕਰਦੇ ਹੋ? ਕੱਪੜਾ ਤਾਂ ਪਹਿਲਾਂ ਦੀ ਸਸਤਾ ਹੋ ਗਿਆ ਹੈ।

ਅੱਜ ਟੈਕਸਟਾਈਲ ਇੰਡਸਟ੍ਰੀ ਦਾ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਉਹ ਕਿਸੇ ਚੀਜ਼ ਦਾ ਮੁੱਲ ਹੀ ਨਹੀਂ ਕੰਟਰੋਲ ਕਰ ਪਾ ਰਹੀ। ਤੁਸੀਂ ਪਾਣੀਪਤ ਜਾ ਕੇ ਵੇਖੋ... ਉਥੇ ਜੋ ਕੱਪੜਾ ਫੈਕਟਰੀਆਂ ਹਨ... ਉਨ੍ਹਾਂ ਦੀ ਹਾਲਤ ਤਾਂ ਜਾ ਕੇ ਵੇਖੋ। ਤਾਂ ਸਮਝ ਲੱਗੇਗੀ ਕਿ ਇਹ ਜੀ.ਐਸ.ਟੀ. ਜਾਂ ਨੋਟਬੰਦੀ ਕੀ ਹੈ? ਇਹਦੇ ਹੋਰ ਵੀ ਅੰਤਰ ਵਿਰੋਧ ਹਨ। ਇਹ ਸਾਰਾ ਵਰਤਾਰਾ ਸਮਾਲ ਸਕੇਲ ਤੇ ਮੀਡੀਅਮ ਸਕੇਲ ਇੰਡਸਟ੍ਰੀ ਨੂੰ ਤਬਾਹ ਕਰਨ ਲਈ ਆਇਆ ਹੈ। ਚਾਈਨਿਜ਼ ਕੰਪਨੀਆਂ ਦਾ ਮਾਲ ਸਪਲਾਈ ਕਰਨਾ। ਮੈਸੇਜ ਆਉਂਦਾ ਹੈ ਕਿ ਦੀਵਾਲੀ 'ਤੇ ਚਾਈਨਿਜ਼ ਬਲਬ ਦਾ ਵਿਰੋਧ ਕਰੋ... ਤੁਸੀਂ ਚਾਈਨਿਜ਼ ਪ੍ਰਧਾਨ ਮੰਤਰੀ ਦਾ ਕੀ ਕਰੋਗੇ? ਦਰਅਸਲ ਇਹ ਸਾਡੇ ਲੋਕਾਂ ਨੂੰ ਗਧਾ ਬਣਾਉਣ ਦਾ ਇਕ ਪ੍ਰੋਜੈਕਟ ਹੈ। ਇਸ ਨੂੰ ਐਵੇਂ ਨਹੀਂ ਸਮਝਣਾ ਚਾਹੀਦਾ ਤੇ ਤੁਸੀਂ ਐਵੇਂ ਬੇਕਾਰ ਨਾਰਾਜ਼ ਹੋ ਰਹੇ ਹੋ। ਤੁਹਾਨੂੰ ਜੇ ਕੋਈ ਦੇਸ਼ ਧਰੋਹੀ ਕਹੇ ਤਾਂ ਤੁਹਾਨੂੰ ਖੁਸ਼ ਹੋ ਜਾਣਾ ਚਾਹੀਦਾ ਹੈ। ਕਿਉਂਕਿ ਅੱਜ ਦੇ ਸਮੇਂ ਵਿਚ ਜੋ ਆਪਣੇ ਆਪ ਨੂੰ ਰਾਸ਼ਟਰਵਾਦੀ ਸਮਝ ਰਹੇ ਹਨ, ਉਹ ਇਸ ਦੇਸ਼ ਨੂੰ ਬਰਬਾਦ ਕਰ ਰਹੇ ਹਨ। ਆਈਡੀਆ ਆਫ਼ ਇੰਡੀਆ ਨੂੰ ਇਨ੍ਹਾਂ ਲੋਕਾਂ ਨੇ ਤਬਾਹ ਕਰ ਦਿੱਤਾ ਹੈ। ਇਹ ਲੋਕ ਜੇਕਰ ਤੁਹਾਨੂੰ ਦੇਸ਼ ਧਰੋਹੀ ਕਹਿੰਦੇ ਹਨ ਤਾਂ ਤੁਸੀਂ ਆਪਣੇ ਆਪ 'ਤੇ ਮਾਣ ਮਹਿਸੂਸ ਕਰੋ। ਇਕ ਦੇਸ਼ ਵਿਚ ਜੋ ਆਰਥਕ ਸੰਕਟ ਪੈਦਾ ਹੋਇਆ ਹੈ। ਇਸ ਸੰਕਟ ਲਈ ਭਾਵੇਂ ਹੋਰ ਲੋਕ ਵੀ ਜ਼ਿੰਮੇਵਾਰ ਹਨ, ਪਰ ਜੋ ਲੋਕ ਕਲਿਆਣਕਾਰੀ ਢਾਂਚਾ ਅਪਣਾਇਆ ਗਿਆ, ਅੰਤ ਨੂੰ ਉਸੇ ਨੂੰ ਤਹਿਸ-ਨਹਿਸ ਕਰ ਦਿੱਤਾ। ਹੁਣ ਬੀ.ਐਸ.ਐਨ.ਐਲ. (ਭਾਰਤ ਸੰਚਾਰ ਨਿਗਮ ਲਿਮਟਿਡ) ਬੰਦ ਹੋਣ ਵਾਲਾ ਹੈ ਨਾ! ਹੁਣ ਤੁਸੀਂ ਏ.ਆਈ. ਆਰਟੀਫਿਸ਼ਅਲ ਇਟੈਲੀਜੈਂਸ ਦੀ ਖੇਡ ਸਮਝੋ। ਪਹਿਲਾ ਜੋ ਉਦਯੋਗਕ ਕ੍ਰਾਂਤੀ ਦਾ ਫਾਰਮੂਲਾ ਸੀ ਕਿ ਏਧਰੋਂ ਕੱਚਾ ਮਾਲ ਪਾਇਆ ਜਾਂਦਾ ਸੀ, ਉਧਰੋਂ ਮਾਲ ਤਿਆਰ ਹੋ ਕੇ ਨਿਕਲਦਾ ਸੀ। ਸਮਾਜ ਨੂੰ ਵੀ ਅਸੀਂ ਇਸੇ ਤਰ੍ਹਾਂ ਵੇਖਦੇ ਸਾਂ ਕਿ ਇਹ ਸਹੀ ਹੈ ਤੇ ਇਹ ਗਲਤ ਹੈ। ਇਹ ਬਾਣੀਆ ਕਮਿਊਨਿਸਟ ਪਾਰਟੀ ਹੈ ਇਹ ਖਰਾਬ ਕਮਿਊਨਿਸਟ ਪਾਰਟੀ ਹੈ। ਇਹ ਕਾਂਗਰਸ ਤੇ ਬੀ.ਜੇ.ਪੀ. ਇਕੋ ਹੀ ਹਨ, ਅਸੀਂ ਕਮਿਊਨਿਸਟ ਹਾਂ ਇਸ ਲਈ ਚੰਗੇ ਹਾਂ। ਇਸੇ ਤਰ੍ਹਾਂ ਸਮਾਜ ਨੂੰ ਵੇਖਦੇ ਸਾਂ। ਸਮਾਜ ਇਸ ਤਰ੍ਹਾਂ ਤਾਂ ਕਦੇ ਹੈ ਹੀ ਨਹੀਂ ਸੀ। ਸਮੱਸਿਆ ਸਮਾਜ ਦੀ ਨਹੀਂ ਹੈ... ਸੰਕਟ ਸਮਾਜ ਦਾ ਵੀ ਨਹੀਂ ਹੈ। ਸੰਕਟ ਸਾਡਾ ਹੈ ਕਿ ਅਸੀਂ ਸਮਾਜ ਨੂੰ ਸਮਝ ਨਹੀਂ ਸਕੇ। ਸਮਾਜ ਆਪਣੀ ਗਤੀ ਨਾਲ ਚੱਲ ਰਿਹਾ ਹੈ। ਮਸਲਾ ਇਹ ਹੈ ਕਿ ਜਥੇਬੰਦਕ ਤਾਕਤਾਂ ਸਮਾਜ ਦੇ ਅੰਤਰ ਵਿਰੋਧ ਨੂੰ ਸਮਝ ਰਹੀਆਂ ਹਨ ਜਾਂ ਨਹੀਂ।



ਦੁਨੀਆ ਦੇ ਜਿਸ ਆਰਥਕ ਮਾਡਲ ਨੂੰ ਉਦਯੋਗਿਕ ਕ੍ਰਾਂਤੀ ਨੇ ਪੈਦਾ ਕੀਤਾ, ਅੱਜ ਉਹ ਆਰਥਕ ਮਾਡਲ ਪੂਰੀ ਤਰ੍ਹਾਂ ਨਾਲ ਤਬਾਹ ਹੋ ਚੁੱਕਾ ਹੈ। ਇਕ ਸੰਕਟ 'ਚੋਂ ਨਿਕਲ ਕੇ ਦੂਜੇ ਸੰਕਟ ਵਿਚ ਤੇ ਫਿਰ ਤੀਜੇ ਸੰਕਟ ਵਿਚ ਫਸ ਕੇ ਉਹ ਆਪਣਾ ਆਚਰਣ ਹੀ ਗਵਾ ਚੁੱਕਾ ਹੈ। ਅੱਜ ਦੇ ਦੌਰ ਵਿਚ ਕੋਈ ਉਦਯੋਗਪਤੀ ਵੀ ਨਹੀਂ ਮੰਨੇਗਾ ਕਿ ਅਸੀਂ ਉਦਯੋਗਿਕ ਯੁੱਗ ਵਿਚ ਰਹਿ ਰਹੇ ਹਾਂ। ਦਰਅਸਲ, ਅਸੀਂ ਪੋਸਟ ਇੰਡਸਟ੍ਰੀਅਲ ਸੰਸਾਰ ਵਿਚ ਰਹਿ ਰਹੇ ਹਾਂ।

ਇਹ ਮੰਨ ਕੇ ਚੱਲੋ ਕਿ ਵੱਡੇ ਪੱਧਰ 'ਤੇ ਉਦਪਾਦਨ ਦਾ ਦੌਰ ਚਲਾ ਗਿਆ ਹੈ। ਸਮਾਜ ਦੇ ਸਰਵਾਈਵਲ ਲਈ ਹੀ ਛੋਟੇ ਪੱਧਰ 'ਤੇ ਉਤਪਾਦਨ ਦੀ ਲੋੜ ਹੈ। ਪੰਜਾਬ ਦੇ ਲੋਕਾਂ ਨੂੰ, ਬਿਹਾਰ ਦੇ ਲੋਕਾਂ ਲਈ ਚਾਵਲ ਪੈਦਾ ਕਰਨ ਦੀ ਕੋਈ ਲੋੜ ਨਹੀਂ ਹੈ, ਬਿਹਾਰ ਦੇ ਲੋਕ ਖੁਦ ਆਪਣੀ ਜ਼ਰੂਰਤ ਜੋਗੇ ਚਾਵਲ ਪੈਦਾ ਕਰ ਲੈਣਗੇ। ਦੂਜਾ ਉਹ ਫਾਇਨਾਂਸ ਦੇ ਸੰਕਟ ਵਿਚ ਫਸ ਗਿਆ ਹੈ। ਉਹ ਲਾਗਤ ਨੂੰ ਹੀ ਕੰਟਰੋਲ ਨਹੀਂ ਕਰ ਪਾ ਰਿਹਾ। ਜਿਹੜੀ ਵਸਤੂ ਐਪਲ ਪੰਜਾਹ ਹਜ਼ਾਰ ਵਿਚ ਦੇ ਰਿਹਾ ਹੈ, ਉਹ ਪੰਜ ਹਜ਼ਾਰ ਵਿਚ ਮਿਲ ਰਹੀ ਹੈ। ਜੇਕਰ ਉਹ ਮੌਜੂਦਾ ਕਲਾਸ ਨੂੰ ਆਪਣਾ ਖਪਤਕਾਰ ਬਣਾਉਂਦਾ ਹੈ। ਦੂਜੇ ਲਈ ਮਾਰਕੀਟ ਬਣੀ ਰਹੇਗੀ। ਜਿਸ ਨੂੰ ਉਹ ਕੰਟਰੋਲ ਨਹੀਂ ਕਰ ਰਿਹਾ ਹੈ। ਖਪਤਕਾਰ ਖੁਦ ਹੀ ਉਤਪਾਦਕ ਬਣ ਰਿਹਾ ਹੈ। ਅਜੇ ਇਸ ਦਾ ਏਕਾਧਿਕਾਰ ਦੋ ਚੀਜ਼ਾਂ ਨਾਲ ਕੰਟਰੋਲ ਕੀਤਾ ਜਾਂਦਾ ਹੈ। ਇਕ ਹੈ ਊਰਜਾ, ਦੂਜੀ ਹੈ ਸਪਲਾਈ ਦੀ ਚੇਨ। ਊਰਜਾ ਦੀ ਗੱਲ ਇਹ ਹੈ ਕਿ ਜੇਕਰ ਗਰਿੱਡ ਵਿਚ ਬਿਜਲੀ ਪੈਦਾ ਨਹੀਂ ਹੋਵੇਗੀ ਤਾਂ ਸੋਲਰ ਅਨਰਜੀ ਆਵੇਗੀ। ਊਰਜਾ ਦੇ ਏਕਾਧਿਕਾਰ 'ਤੇ ਦੁਨੀਆ ਦੀ ਵੱਡੀ ਜੰਗ ਚੱਲ ਰਹੀ ਹੈ। ਉਸ ਵੱਡੀ ਊਰਜਾ ਦਾ ਹੀ ਹਿੱਸਾ ਹੈ ਕਿ ਭਾਰਤ ਤੈਅ ਨਹੀਂ ਕਰ ਪਾ ਰਿਹਾ ਕਿ ਅਸੀਂ ਕਿਸ ਧਿਰ ਵੱਲ ਖੜ੍ਹੇ ਹਾਂ।

ਹੁਣ ਮੈਂ ਸਿਆਸੀ ਬਦਲ 'ਤੇ ਆਉਣਾ ਚਾਹੁੰਦਾ ਹਾਂ। ਇਹ ਕਦੇ ਨਾ ਸੋਚੋ ਕਿ ਮੋਦੀ ਜੀ (ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਭਾਸ਼ਣ ਦੇ ਕੇ ਚੋਣਾਂ ਜਿੱਤ ਗਏ ਹਨ। ਭਾਸ਼ਣ ਦੇਣ ਵਾਲੇ ਲੋਕਾਂ ਦੀ ਕੀ ਘਾਟ ਹੈ? ਅਮਿਤਾਬ ਬਚਨ ਵੇਖ ਲਓ ਕਿੰਨਾ ਚੰਗਾ ਭਾਸ਼ਣ ਕਰਦੇ ਹਨ। ਕੀ ਤੁਸੀਂ ਉਸ ਨੂੰ ਪ੍ਰਧਾਨ ਮੰਤਰੀ ਬਣਾ ਦੇਵੋਗੇ? ਨਹੀਂ ਜਨਾਬ... ਓਪੀਨੀਅਨ ਨੂੰ ਮੈਨੂਪਲੇਟ ਕਰਕੇ ਕਿਵੇਂ ਪੇਸ਼ ਕੀਤਾ ਗਿਆ ਏ. ਆਈ. ਦੀ ਵਰਤੋਂ ਕਰਕੇ ... ਡੈਟਾ ਨੂੰ ਫਰੈਕਚਰ ਕਰਕੇ ... ਕਿਸ ਤਰ੍ਹਾਂ ਓਪੀਨੀਅਨ ਨੂੰ ਫਰੈਕਚਰ ਕੀਤਾ ਗਿਆ। ਕਿਸ ਤਰ੍ਹਾਂ ਧਾਰਨਾ ਨੂੰ ਸਥਾਪਤ ਕਰਕੇ ਅਸਲੀਅਤ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ। ਇਹ ਜਦੋਂ ਹੋ ਗਿਆ ਤਾਂ ਪਤਾ ਚੱਲਿਆ। ਇਹ ਕਿਵੇਂ ਹੋਇਆ ਕਿ ਮਨਮੋਹਨ ਸਿੰਘ (ਸਾਬਕਾ ਪ੍ਰਧਾਨ ਮੰਤਰੀ) ਮਾੜੇ ਹੋ ਗਏ ਤੇ ਮੋਦੀ ਜੀ ਚੰਗੇ ਬਣ ਗਏ। ਕੀ ਹੋਇਆ ਕਿ ਮਨਮੋਹਨ ਸਿੰਘ ਮਾੜੇ ਬਣ ਗਏ? ਇਕ ਸਟੇਜ ਤੋਂ ਬਾਅਦ ਕਾਂਗਰਸ ਵੈਲਫੇਅਰ ਨੂੰ ਛੱਡ ਨਹੀਂ ਸਕਦੀ ਸੀ। ਉਸ ਵਿਚ ਬਹੁਤ ਪਾਪ ਹਨ। ਮੈਂ ਉਸ ਨੂੰ ਡਿਫੈਂਡ ਨਹੀਂ ਕਰਨ ਜਾ ਰਿਹਾ। ਫੇਰ ਜਿਸ ਵਿਰਾਸਤ ਕਾਰਨ ਕਾਂਗਰਸ ਅੱਜ ਜੋ ਹੈ, ਉਸ ਦਾ ਕੀ ਕਰਾਂਗੇ। ਗਾਂਧੀ ਨੂੰ ਮਾਰਨ ਦਾ ਦੋਸ਼ ਸੱਜੇ ਪੱਖੀਆਂ ਉੱਤੇ ਹੈ। ਤੇ ਗਾਂਧੀ ਨੂੰ ਜਿਉਂਦਾ ਨਾ ਰੱਖਣ ਦਾ ਦੋਸ਼ ਕਾਂਗਰਸ ਉੱਤੇ ਹੈ। ਵਿਖਾਉਣ ਲਈ ਵੀ ਜੇਕਰ ਗਾਂਧੀ ਨੂੰ ਜਿਉਂਦਾ ਰੱਖਣਾ ਹੈ ਤਾਂ ਤੁਸੀਂ ਵੈਲਫੇਅਰਇਜ਼ਮ ਨੂੰ ਕਿਵੇਂ ਡਿਪਾਰਚਰ ਕਰ ਸਕਦੇ ਹੋ? ਜੋ ਆਜ਼ਾਦੀ ਸੰਗਰਾਮ ਦੀ ਵਿਰਾਸਤ ਹੈ, ਉਸ ਨੂੰ ਕਿਵੇਂ ਪਾਰ ਕਰ ਸਕਦੇ ਹੋ? ਇਸ ਲਈ ਦੇਰ ਨਾਲ ਹੀ ਸਹੀ ਮਨਮੋਹਨ ਸਿੰਘ ਨੇ ਸਿੱਖਾਂ ਤੋਂ ਮਾਫੀ ਮੰਗ ਲਈ ਹੈ, ਮੋਦੀ ਜੀ ਮੁਸਲਮਾਨਾਂ ਤੋਂ ਕਦੀ ਵੀ ਮਾਫ਼ੀ ਨਹੀਂ ਮੰਨਣਗੇ।

ਜਦੋਂ ਅੰਨਾ ਹਜ਼ਾਰੇ ਦਾ ਅੰਦੋਲਨ ਹੋਇਆ ਸੀ ਤਾਂ ਲੋਕ ਕਹਿਣ ਲੱਗੇ ਸੀ ਕਿ ਜੇ.ਪੀ. (ਜੈ ਪ੍ਰਕਾਸ਼ ਨਾਰਾਇਣ) ਦਾ ਦੂਜਾ ਅੰਦੋਲਨ ਹੋ ਰਿਹਾ ਹੈ। ਜੇ.ਪੀ. ਦੇ ਪਹਿਲੇ ਅੰਦੋਲਨ ਨਾਲ ਹੀ ਨਵ-ਉਦਾਰਵਾਦ ਦੀ ਸ਼ੁਰੂਆਤ ਹੋਈ ਸੀ, ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਮਾਰਕੀਟ ਇਕਾਨਮੀ ਦੀ ਡਾਇਵਰਸਿਟੀ ਖਤਮ ਕਰ ਰਹੀ ਹੈ। ਇਹ ਕਿਵੇਂ ਖੱਪਾ ਪੂਰਾ ਕਰ ਸਕੇਗਾ ਕਿ ਜਦੋਂ ਮੰਗ ਤੇ ਸਪਲਾਈ ਦਾ ਵਿਵਾਦ ਪੈਦਾ ਹੋ ਗਿਆ। ਤੁਹਾਡੇ ਪੰਜਾਬ ਵਿਚ ਵੀ ਕੋਕਾ ਕੋਲਾ ਪੀਂਦੇ ਹਨ, ਸਾਡੇ ਬਿਹਾਰ ਵਿਚ ਵੀ ਪੀਂਦੇ ਹਨ। ਬਿਹਾਰ ਵਿਚ ਲੋਕਾਂ ਨੇ ਸੱਤੂ ਪੀਣੇ ਬੰਦ ਕਰ ਦਿੱਤੇ ਤੇ ਪੰਜਾਬ ਵਿਚ ਲੱਸੀ ਪੀਣੀ ਬੰਦ ਕਰ ਦੇਣਗੇ। ਕੀ ਹੁੰਦਾ ਹੈ ਕਿ ਮਾਰਕੀਟ ਜਦੋਂ ਪ੍ਰੋਡਕਟ ਦੀ ਡਾਇਵਰਸਿਟੀ ਦੀ ਮਨੋਪਲੀ ਨੂੰ ਮਾਰ ਦੇਵੇਗਾ ਤਾਂ ਕੀ ਟੀ.ਵੀ. ਸਟੂਡੀਓ ਦੀ ਡਾਇਵਰਸਿਟੀ ਰਹਿ ਜਾਵੇਗੀ। ਜੋ ਪ੍ਰਚਾਰਿਆ ਜਾਵੇਗਾ... ਤੁਸੀਂ ਟੀ.ਵੀ. ਦੇ ਸੀਰੀਅਲ ਤਾਂ ਵੇਖਦੇ ਹੋਵੋਗੇ... ਉਸ ਵਿਚ ਐਡ ਵੀ ਨਾਲ ਨਾਲ ਚੱਲਦੀ ਹੈ। ਏਥੇ ਤੁਹਾਡਾ ਮਨੋਰੰਜਨ ਮੂਲ ਗੱਲ ਨਹੀਂ ਬਲਕਿ ਐਡ ਮੂਲ ਹੈ। ਬਸ ਉਹੀ ਬਾਜ਼ਾਰ ਦੀ ਮੂਲ ਗੱਲ ਹੈ। ਜੇ ਟੀ.ਵੀ. ਸਟੂਡੀਓ ਦੀ ਡਾਇਵਰਸਿਟੀ ਖਤਮ ਹੋ ਜਾਵੇ ਤਾਂ ਜਮਹੂਰੀਅਤ ਦੀ ਵਿਭਿੰਨਤਾ ਕਿਸ ਆਧਾਰ 'ਤੇ ਰਹੇਗੀ? ਹੁਣ ਹਾਲਾਤ ਇਹ ਹਨ ਕਿ ਸਾਰੀ ਛੋਟੀ ਵੱਡੀ ਇੰਡਸਟ੍ਰੀ ਬੰਦ ਕਰੋ ਤੇ ਸਾਰੀ ਮਾਰਕੀਟ ਕੁਝ ਵਿਦੇਸ਼ਾਂ ਦੇ ਹੱਥਾਂ ਵਿਚ ਦੇਵੋ ਤੇ ਬਦਲੇ 'ਚ ਮੋਟਾ ਚੰਦਾ ਲਓ ਤੇ ਚੋਣਾਂ ਜਿੱਤੋ। ਇਹ ਹੈ ਨੈਕਸਿਸ। ਇਸ ਨੈਕਸਿਸ ਨੂੰ ਜੇਕਰ ਅਸੀਂ ਪਛਾਣ ਰਹੇ ਹਾਂ ਤਾਂ ਲੜਾਂਗਾ ਕਿਵੇਂ? ਪਹਿਲੀ ਗੱਲ ਕਿ ਤੁਸੀਂ ਸ਼ੁੱਧਤਾਵਾਦ ਤੋਂ ਬਾਹਰ ਆ ਜਾਓ। ਇਹ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕਦਾ। ਤੁਸੀਂ ਇਹ ਪਛਾਣ ਕਰੋ ਕਿ ਸਹਿਮਤੀ ਦੇ ਕਿਹੜੇ ਬਿੰਦੂ ਹੋ ਸਕਦੇ ਹਨ। ਦੂਜੀ ਗੱਲ ਅੱਜ ਦੀ ਜੋ ਗਠਜੋੜ ਸਿਆਸਤ ਹੈ, ਇਹਦੇ ਲਈ ਨਿੱਜਤਾ ਦੇ ਅਧਿਕਾਰ ਨੂੰ ਮੋਕਲਾ ਕਰਕੇ ਗੱਲ ਅੱਗੇ ਵਧਾਉਣੀ ਪਵੇਗੀ। ਇਹ ਡਿਵਾਇਨ ਥਿਊਰੀ ਹੈ ਕਿ ਬਈ ਇਕ ਸਟੇਟ ਹੈ, ਇਕ ਰਾਜਾ ਹੈ, ਉਸ ਰਾਜੇ ਤੋਂ ਬਾਅਦ ਉਸ ਦਾ ਪੁੱਤ ਰਾਜਾ ਹੋਵੇਗਾ। ਇਹ ਡਿਵਾਇਨ ਥਿਊਰੀ ਹੈ। ਦੂਜੀ ਹੈ ਕਿ ਨਹੀਂ ਸਟੇਟ ਇਕ ਸੋਸ਼ਲ ਕੰਟਰੈਕਟ ਹੈ। ਇਨਡਿਵਿਜਊਅਲ ਆਪਣੇ ਰਾਇਟ ਨੂੰ ਸਟੇਟ ਨਾਲ ਕੰਪਰੋਮਾਇਜ਼ ਕਰਦਾ ਹੈ। ਸਟੇਟ ਆਪਣੇ ਰਾਇਟ ਨੂੰ ਇਨਡਿਵਿਜਊਅਲ ਨਾਲ ਕੰਪਰੋਮਾਇਜ਼ ਨਹੀਂ ਕਰਦੀ। ਅੱਜ ਉਹ ਦੌਰ ਹੈ ਕਿ ਇਨਡਿਵਿਜਊਅਲ ਦੇ ਰਾਇਟ ਬੇਸਡ ਮੂਵਮੈਂਟ ਹੋਣਗੇ। ਜਦੋਂ ਰਾਇਟ ਬੇਸਡ ਮੂਵਮੈਂਟ ਹੋਵੇਗੀ ਤਾਂ ਸਭ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਨੂੰ ਬਦਲਣਾ ਪਵੇਗਾ। ਕਿਉਂ ਬਈ ਅਸੀਂ ਪ੍ਰਗਤੀਸ਼ੀਲ ਲੇਖਕ ਸੰਘ ਵਾਲੇ ਹਾਂ ਤੂੰ ਜਨਵਾਦੀ ਲੇਖਕ ਸੰਘ ਦੇ ਸਮਾਗਮ ਵਿਚ ਕਿਵੇਂ ਗਿਆ? ਇਥੇ ਇਨਡਿਵਿਜਊਅਲ ਦੇ ਅਧਿਕਾਰ ਨੂੰ ਵਧਾਉਣ ਦੀ ਲੜਾਈ ਹੈ। ਕਿਉਂਕਿ ਅਸੀਂ ਪੋਸਟ ਇੰਡਸਟ੍ਰੀਅਲ ਟਾਈਮ ਵਿਚ ਹਾਂ। ਉਦਯੋਗਿਕ ਕਰਾਂਤੀ ਦੌਰ ਦਾ ਜਿਹੜਾ ਕੁਲੈਕਟਿਵ ਆਈਡੀਆ ਸੀ, ਉਹ ਬਦਲ ਗਿਆ ਹੈ। ਇਥੇ ਇਨਡਿਵਿਜਊਅਲ ਦੇ ਰਾਇਟ ਨੂੰ ਸਵੀਕਾਰਦੇ ਹੋਏ ਇਕ ਕੁਲੈਕਟਿਵ ਫੋਰਮ ਦੀ ਲੋੜ ਹੋਵੇਗੀ। ਸਾਰੀਆਂ ਪਾਰਟੀਆਂ ਦੇ ਸਟ੍ਰਕਚਰ ਨੂੰ ਥੋੜ੍ਹਾ ਬਦਲਣਾ ਪਵੇਗਾ। ਨਿੱਜੀ ਲੋਕਾਂ ਦੇ ਅਧਿਕਾਰ ਨੂੰ ਰਾਜਨੀਤਕ ਲੜਾਈ ਵਿਚ ਕਿਵੇਂ ਬਦਲਣਾ ਹੈ? ਉਸ ਸਿਆਸੀ ਢਾਂਚੇ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਪਵੇਗੀ। ਤੇ ਤੀਜਾ ਜਦੋਂ ਉਹ ਜਥੇਬੰਦਕ ਫੋਰਮ ਹੋਵੇਗੀ ਤਾਂ ਤੁਸੀਂ ਸਮਾਜ ਲਈ ਕੰਮ ਕਿਵੇਂ ਕਰੋਗੇ? ਲਾਰਜ ਸਕੇਲ ਪ੍ਰੋਡੱਕਸ਼ਨ ਦਾ ਦੌਰ ਬਦਲ ਗਿਆ ਹੈ। ਸਮਾਲ ਸਕੇਲ ਮਾਰਕੀਟ ਨੂੰ ਉਤਸ਼ਾਹ ਕਿਵੇਂ ਕਰਨਾ ਹੈ? ਲੋਕਲ ਕੱਚਾ ਮਾਲ, ਲੋਕਲ ਖਪਤ ਪ੍ਰੋਡਕਸ਼ਨ। ਇਹ ਹੋ ਰਿਹਾ ਹੈ। ਲਾਰਜ ਸਕੇਲ ਪ੍ਰੋਡਕਸ਼ਨ ਤੇ ਇਹ ਆਡੀਆ ਆਫ਼ ਗਲੋਬਲਾਈਜੇਸ਼ਨ ਖੁਦ ਹੀ ਆਪਣੀ ਕੰਟਰਾਡਿਕਸ਼ਨ ਵਿਚ ਫਸ ਗਿਆ ਹੈ। ਓਬਾਮਾ (ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ) ਦੀ ਕੰਟਰਾਡਿਕਸ਼ਨ ਨੇ ਮੌਜੂਦਾ ਰਾਸ਼ਟਰਪਤ ਡੋਨਲਡ ਟਰੰਪ ਨੂੰ ਪੈਦਾ ਕੀਤਾ ਤੇ ਮਨਮੋਹਨ ਦੀ ਕੰਟਰਾਡਿਕਸ਼ਨ ਨੇ ਮੋਦੀ ਨੂੰ ਪੈਦਾ ਕੀਤਾ।

ਇਹ ਸੱਚ ਹੈ। ਨਵੇਂ ਟੂਲ ਦੀ ਵਰਤੋਂ ਕਰਕੇ ਜਿਵੇਂ ਚੀਨ ਕਰ ਰਿਹਾ ਹੈ। ਜੋ ਲੋਕਲ ਮਾਰਕੀਟ ਹੈ... ਉਸ 'ਚ ਲੋਕਲ ਪ੍ਰੋਡਕਸ਼ਨ ਹੋਵੇ... ਲੋਕਲ ਸਪਲਾਈ ਹੋਵੇ। ਜਦੋਂ ਅਸੀਂ ਆਪਣੀ ਆਰਥਕ ਸਮੱਸਿਆ ਨੂੰ ਹੱਲ ਕਰ ਲਵਾਂਗੇ ਫਿਰ ਵੇਖਾਂਗਾ ਕਿ ਕੀ ਕਰਨਾ ਹੈ? ਸਾਡੇ ਪੈਸਟੀਸਾਇਡ ਨਾਲ ਤਿਆਰ ਕੀਤਾ ਹੋਇਆ ਫ਼ਲ ਤੇ ਅੰਨ ਨਹੀਂ ਬਲਕਿ ਔਰਗੈਨਿਕ ਤਰੀਕੇ ਨਾਲ ਤਿਆਰ ਕੀਤਾ ਹੋਇਆ ਅੰਨ ਤੇ ਫ਼ਲ ਹੋਵੇ। ਇਹ ਜੋ ਨਵੇਂ ਟੂਲਜ਼ ਹਨ, ਉਸ ਦੀ ਵਰਤੋਂ ਕਰੋ। ਸਾਡੇ ਜੋ ਅੰਤਰਰਾਸ਼ਟਰੀ ਉਤਪਾਦਨ ਹਨ। ਉਨ੍ਹਾਂ ਨੂੰ ਇੰਟਰਨੈਸ਼ਨਲ ਸਟੈਂਡਡ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇੰਡੀਆ ਦੀ ਪੱਤੀ... ਇੰਡੀਆ ਦੀ ਲੀਚੀ... ਸਾਰੇ ਫੇਲ੍ਹ ਹਨ। ਕੋਕਾ ਕੋਲਾ ਏਥੇ ਵੀ ਪੀ ਲਓ ਤੇ ਕਨੇਡਾ, ਅਮਰੀਕਾ ਵੀ ਪੀ ਲਓ। ਤੁਹਾਨੂੰ ਸਵਾਦ ਦਾ ਪਤਾ ਲੱਗ ਜਾਵੇਗਾ। ਸਮਾਲ ਸਕੇਲ ਤੇ ਮੀਡੀਅਮ ਸਕੇਲ ਦੀ ਇੰਡਸਟ੍ਰੀ ਨੂੰ ਡਿਵੈਲਪ ਕੀਤੇ ਬਿਨਾਂ ਅਸੀਂ ਆਰਥਕ ਸੰਕਟ ਤੋਂ ਬਾਹਰ ਨਹੀਂ ਆ ਸਕਦੇ।

ਅੱਜ ਦੇ ਦੌਰ ਵਿਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਇਸ ਵਿਚ ਵਿਅਕਤੀ ਦੇ ਜੋ ਨਿੱਜੀ ਅਧਿਕਾਰ ਹਨ, ਉਨ੍ਹਾਂ ਨੂੰ ਸਵੀਕਾਰਦੇ ਹੋਏ ਇਕ ਸਹਿਮਤੀ ਬਣਾਉਣੀ ਪਵੇਗੀ। ਅੱਜ ਦੇ ਦੌਰ ਵਿਚ ਰਾਜਨੀਤੀ ਵਿਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਬੇਸ਼ੱਕ ਆਰਥਕ ਸਮੱਸਿਆ ਨੂੰ ਹੱਲ ਕਰਦੇ ਹੋ ਭਾਰਤ ਦੇ ਸੰਵਿਧਾਨ ਵਿਚਲੀਆਂ ਗੱਲਾਂ ਨੂੰ ਲਾਗੂ ਕਰਨਾ ਹੀ ਬਦਲਵੀਂ ਸਿਆਸਤ ਦਾ ਫਿਨੋਮੀਨਾ ਹੈ। ਅਸੀਂ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਲਾਗੂ ਕਰਕੇ ਇਕ ਬੇਹਤਰ ਭਾਰਤ ਬਣਾ ਸਕੀਏ। ਸਭ ਤੋਂ ਪਹਿਲਾਂ ਤਾਂ ਇਕ ਖੁੱਲ੍ਹੀ ਬਹਿਸ ਸ਼ੁਰੂ ਕਰਨ ਦੀ ਲੋੜ ਹੈ। ਅਸੀਂ ਕਿਸੇ ਨਾਲ ਕਿੰਨੇ ਵੀ ਅਸਹਿਮਤ ਹੋਈਏ ਅਸੀਂ ਤੁਹਾਡੀ ਅਸਹਿਮਤੀ ਦੇ ਅਧਿਕਾਰ ਦੇ ਨਾਲ ਖੜ੍ਹੇ ਹਾਂ। ਜੇਕਰ ਕੁੱਝ ਵੀ ਸਮਝ ਨਹੀਂ ਆ ਰਿਹਾ ਤਾਂ ਚੌਂਕ ਵਿਚ ਖੜ੍ਹੇ ਹੋ ਕੇ ਰੋਣਾ ਸ਼ੁਰੂ ਕਰ ਦਿਓ... ਜੇ ਕੋਈ ਪੁੱਛੇ ਤਾਂ ਕਹੋ ਕਿ ਮੇਰਾ ਦੇਸ਼ ਖਤਰੇ ਵਿਚ ਹੈ। ਕੋਈ ਪੁੱਛਣ ਹੀ ਨਹੀਂ ਆਉਂਦਾ, ਜਦੋਂ ਤੱਕ ਅਸੀਂ ਰੋਂਦੇ ਨਹੀਂ। ਪਰ ਸੰਵਾਦ ਸ਼ੁਰੂ ਕਰੋ। ਲੇਖਕ ਹੋ ਤਾਂ ਲਿਖੋ। ਨਾਟਕ ਕਰ ਸਕਦੇ ਹੋ ਤਾਂ ਨਾਟਕ ਕਰੋ। ਬੋਲ ਸਕਦੇ ਹੋ ਤਾਂ ਭਾਸ਼ਣ ਦੇਵੋ... ਜੇ ਕੁੱਝ ਵੀ ਸਮਝ ਨਹੀਂ ਆ ਰਿਹਾ ਤੇ ਜੋ ਲੇਖਕ ਨੇ ਕੁੱਝ ਲਿਖਿਆ ਹੈ, ਉਸ ਦੀਆਂ ਪੰਜ ਦੱਸ ਕਾਪੀਆਂ ਫੋਟੋ ਸਟੇਟ ਕਰਕੇ ਵੰਡ ਦਿਓ... ਹੱਥ 'ਤੇ ਹੱਥ ਰੱਖ ਕੇ ਨਾ ਬੈਠੋ। ਸਿਆਸੀ ਬਦਲ ਏਹੀ ਹੈ ਕਿ ਇਸ ਦੇਸ਼ ਦੇ ਲੋਕਾਂ ਦਾ ਪੇਟ ਭਰੇ ਤੇ ਆਜ਼ਾਦੀ ਨਾਲ ਉਹ ਰਹਿ ਸਕਣ। ਆਜ਼ਾਦੀ ਨਾਲ ਉਹ ਕੁਝ ਵੇਖ ਸਕਣ। ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਉਸ ਬਦਲ ਰਹੇ ਜ਼ਮਾਨੇ ਨੂੰ ਸਮਝੋ, ਕਰਾਂਤੀ ਦੀ ਸੰਭਾਵਨਾ ਇਸ ਦੌਰ ਵਿਚ ਬਹੁਤ ਹੈ। ਇਨ੍ਹਾਂ ਪਲਾਂ ਨੂੰ ਸਾਂਭਣ ਦੀ ਲੋੜ ਹੈ। ਸਮਾਂ ਬਦਲੇਗਾ ਤੇ ਇਸ ਵਿਚ ਅਸੀਂ ਜ਼ਰੂਰ ਜਿੱਤਾਂਗੇ। 'ਗੇਂਦ' ਬਹੁਤ ਤੇਜ਼ੀ ਨਾਲ ਤੁਹਾਡੇ ਵੱਲ ਆ ਰਹੀ ਹੈ ਤੇ ਆਪਣੇ 'ਬੱਲੇ' ਨਾਲ ਇਸ 'ਤੇ ਜ਼ੋਰ ਨਾਲ ਹਿੱਟ ਮਾਰੋ ਤੇ 'ਗੇਂਦ' ਨਿਸ਼ਚੇ ਹੀ ਬਾਉਂਡਰੀ ਤੋਂ ਬਾਹਰ ਜਾਵੇਗੀ। ਧੰਨਵਾਦ! ਜੈ ਹਿੰਦ!!

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਚੰਡੀਗੜ੍ਹ ਵਿਖੇ ਕਰਵਾਈ 'ਆਲਮੀ ਪੰਜਾਬੀ ਕਾਨਫਰੰਸ' ਵਿਖੇ ਮਿਤੀ 17 ਫਰਵਰ,19 ਨੂੰ ਦਿੱਤਾ ਗਿਆ ਭਾਸ਼ਣ-ਬਦਲਵੀਂ ਸਿਆਸਤ ਦੀ ਤਲਾਸ਼

ਸਕਰਿਪਟ ਤੇ ਅਨੁਵਾਦ ਭਗਵੰਤ ਰਸੂਲਪੁਰੀ

ਇਕੀਵੀਂ ਸਦੀ ਲਈ ਇਕੀ ਸਬਕ- ਪਰ ਮਨੁੱਖ ਲਈ ਏਨੇ ਕੁ ਸਬਕ ਕਾਫ਼ੀ ਨਹੀਂ

ਯਹੂਦੀ ਮੂਲ ਦੇ ਯੁਵਾਲ ਨੋਹ ਹਰਾਰੇ ਨੇ ਔਕਸਫੋਰਡ ਯੂਨੀਵਰਸਿਟੀ ਤੋਂ ਇਤਿਹਾਸ ਪੜ੍ਹਿਆ ਅਤੇ ਅੱਜਕੱਲ੍ਹ ਯੇਰੋਸ਼ਲਮ ਦੀ ਹਿਬਰੂ ਯੂਨੀਵਰਸਿਟੀ ਇਤਿਹਾਸ ਪੜ੍ਹਾਉਂਦਾ ਹੈ। ਉਹ ਆਪਣੀ ਪਹਿਲੀ ਕਿਤਾਬ 'ਸੇਪੀਅਨਜ਼' ਨਾਲ ਹੀ ਦੁਨੀਆ ਭਰ ਵਿਚ ਚਰਚਿਤ ਹੋ ਗਿਆ ਸੀ। ਇਸ ਵਿਚ ਉਸ ਨੇ ਮਾਨਵੀ ਅਤੀਤ ਦਾ ਸਰਵੇਖਣ ਕਰਦਿਆਂ ਇਹ ਦੱਸਣ ਦਾ ਯਤਨ ਕੀਤਾ ਕਿ ਕਿਵੇਂ ਗ਼ੈਰਮਾਮੂਲੀ ਪੂਛਹੀਣ ਬਾਂਦਰ/ਏਪ ਧਰਤੀ ਨਾਮੀ ਗ੍ਰਹਿ ਦਾ ਸਰਵ-ਸ਼ਕਤੀਸ਼ਾਲੀ ਸ਼ਾਸਕ ਬਣ ਗਿਆ। ਉਸ ਦੀ ਦੂਜੀ ਕਿਤਾਬ 'ਹੋਮੋ ਡਿਊਸ' ਸ੍ਰਿਸ਼ਟੀ ਤੇ ਜੀਵਨ ਦੇ ਭਵਿੱਖ ਨੂੰ ਫਰੋਲਦੀ ਹੋਈ ਇਹ ਵਿਚਾਰ ਪੇਸ਼ ਕਰਦੀ ਹੈ ਕਿ ਮਾਨਵ ਕਿਵੇਂ ਆਪਣੇ ਅੰਤਿਮ ਰੂਪ 'ਚ ਦੇਵਤਾ ਵੀ ਬਣ ਸਕਦਾ ਹੈ ਅਤੇ ਬੁੱਧੀ ਤੇ ਚੇਤਨਾ ਦਾ ਆਖ਼ਰੀ ਸਰੂਪ ਤੇ ਅੰਤਿਮ ਹੋਣੀ ਕੀ ਹੋਵੇਗੀ?

ਹਰਾਰੇ ਦੀ ਤੀਜੀ ਕਿਤਾਬ 'ਟਵੰਟੀਵਨ ਲੈਸਨਜ਼ ਫਾਰ ਟਵੰਟੀਫਸਟ ਸੈਂਚੁਰੀ' ਵਿਚ ਉਸ ਨੇ ਜੀਵਨ ਦੇ ਵਰਤਮਾਨ ਦੌਰ ਅਤੇ ਸਮਾਜ ਦੀ ਸਥਾਨਕਤਾ 'ਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ ਹੈ ਜਿਸ 'ਚ ਵਰਤਮਾਨ ਮਸਲਿਆਂ ਦੇ ਨਾਲ ਨਾਲ ਮਾਨਵੀ ਸਮਾਜ ਦਾ ਨੇੜਲਾ ਭਵਿੱਖ ਵੀ ਸ਼ਾਮਲ ਹੈ। ਸਵਾਲ ਕੀ ਵਾਪਰ ਰਿਹਾ ਹੈ? ਅੱਜ ਦੀਆਂ ਵੱਡੀਆਂ ਚੁਣੌਤੀਆਂ ਕੀ ਹਨ ਤੇ ਮਨੁੱਖ ਮੂਹਰੇ ਵੱਡੀ ਚੋਣ ਕੀ ਹੈ? ਸਾਨੂੰ ਕਿਸ ਗੱਲ 'ਤੇ ਧਿਆਨ ਦੇਣਾ ਚਾਹੀਦਾ ਹੈ? ਸਾਡੇ ਬੱਚਿਆਂ ਤੇ ਅਗਲੀਆਂ ਪੀੜ੍ਹੀਆਂ ਤੱਕ ਕੀ ਪਹੁੰਚਣਾ ਚਾਹੀਦਾ ਹੈ?

ਹਰਾਰੇ ਦਾ ਤਰਕ ਹੈ ਕਿ ਜਗਤ 'ਚ ਅਪ੍ਰਸੰਗਿਕ ਤੇ ਅਸੰਗਤ ਸੂਚਨਾਵਾਂ ਦੇ ਹੜ੍ਹ 'ਚ ਸਪਸ਼ਟ ਸਮਝ ਹੀ ਸੱਤਾ ਹੈ। ਸਿਧਾਂਤਕ ਤੌਰ 'ਤੇ ਕੋਈ ਵੀ ਮਨੁੱਖਤਾ ਦੇ ਭਵਿੱਖ ਬਾਰੇ ਇਸ ਸੰਵਾਦ ਨਾਲ ਜੁੜ ਸਕਦਾ ਹੈ, ਪਰ ਇਸ ਬਾਰੇ ਕੋਈ ਸਪਸ਼ਟ ਦ੍ਰਿਸ਼ਟੀਕੋਣ ਰੱਖ ਸਕਣਾ ਬਹੁਤ ਔਖਾ ਹੈ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਚਲ ਰਹੀ ਚਰਚਾ 'ਚ ਮੂਲ ਪ੍ਰਸ਼ਨ ਕਿਤੇ ਗੁਆਚ ਜਾਂਦਾ ਹਉਂ। ਸਾਡੇ 'ਚੋਂ ਲੱਖਾਂ ਅਜਿਹੇ ਹਨ ਜਿਨ੍ਹਾਂ ਕੋਲ ਖੋਜ ਜਿਹੀਆਂ ਸਹੂਲਤਾਂ ਦੀ ਪੁੱਜਤ ਨਹੀਂ ਕਿਉਂਕਿ ਸਾਡੇ ਸਿਰ 'ਤੇ ਜੀਵਨ ਜਿਊਣ ਦੀਆਂ ਹੋਰ ਹਜ਼ਾਰਾਂ ਜ਼ਿੰਮੇਵਾਰੀਆਂ ਨੇ। ਬਦਕਿਸਮਤੀ ਇਹ ਹੈ ਕਿ ਇਤਿਹਾਸ ਤੋਂ ਕਦੇ ਵੀ ਕੋਈ ਬਚ ਨਹੀਂ ਸਕਿਆ। ਜੇ ਇਨ੍ਹਾਂ ਦੁਨਿਆਵੀ ਜ਼ਿੰਮੇਵਾਰੀਆਂ ਕਾਰਨ ਤੁਹਾਡੀ ਗ਼ੈਰਹਾਜ਼ਰੀ 'ਚ ਮਾਨਵਤਾ ਦੇ ਭਵਿੱਖ ਦਾ ਨਿਰਣਾ ਹੋਣਾ ਹੈ ਤਾਂ ਤੁਸੀਂ ਇਸ ਦੇ ਨਤੀਜਿਆਂ ਤੋਂ ਵੀ ਨਿਰਲੇਪ ਨਹੀਂ ਰਹਿ ਸਕਦੇ। ਇਹ ਬੜੀ ਅਜੀਬ ਗੱਲ ਹੈ, ਪਰ ਕੌਣ ਕਹਿੰਦਾ ਹੈ ਕਿ ਇਤਿਹਾਸ ਹਮੇਸ਼ਾ ਉਚਿਤ ਹੀ ਹੁੰਦਾ ਹੈ?

ਸੱਤ ਸੌ ਕਰੋੜ ਜਨਸੰਖਿਆ ਵਾਲੀ ਦੁਨੀਆ 'ਚ ਸੱਤ ਸੌ ਕਰੋੜ ਹੀ ਏਜੰਡੇ ਹੋ ਸਕਦੇ ਹਨ। ਇਸ ਤਰ੍ਹਾਂ ਕਿਸੇ ਵੱਡੇ ਦ੍ਰਿਸ਼ ਬਾਰੇ ਵਿਸਤ੍ਰਿਤ ਵਿਚਾਰ ਰੱਖਣਾ ਦੁਰਲੱਭ ਗੱਲ ਹੈ। ਮੁੰਬਈ ਵਰਗੇ ਸ਼ਹਿਰ 'ਚ ਕੋਈ 'ਕੱਲੀਕਾਰੀ ਸੰਘਰਸ਼ ਕਰਦੀ ਮਾਂ, ਭੂਮੱਧ ਸਾਗਰ ਪਾਰ ਕਰਦੇ ਸ਼ਰਣਾਰਥੀ ਤੇ ਲੰਡਨ ਦੇ ਕਿਸੇ ਹਸਪਤਾਲ 'ਚ ਮੌਤ ਨਾਲ ਲੜਦੇ ਆਮ ਸ਼ਹਿਰੀ ਸਾਹਮਣੇ ਆਲਮੀ ਤਪਸ਼ ਜਾਂ ਉਦਾਰ ਲੋਕਤੰਤਰ ਦਾ ਸੰਕਟ, ਉਸ ਦੇ ਨਿੱਕੇ ਜਿਹੇ ਵਜੂਦ ਤੋਂ ਕਿਤੇ ਵੱਡੇ ਸਵਾਲ ਹਨ। ਕਿਸੇ ਕਿਤਾਬ 'ਚ ਵੀ ਇਨ੍ਹਾਂ ਪ੍ਰਸ਼ਨਾਂ ਦੇ ਕੋਈ ਜਵਾਬ ਨਹੀਂ ਅਤੇ ਨਾ ਹੀ ਇਸ ਸਥਿਤੀ 'ਚ ਉਨ੍ਹਾਂ ਲਈ ਕੋਈ ਸਬਕ ਹਨ। ਅਸੀਂ ਸਿਰਫ਼ ਆਸ ਕਰ ਸਕਦੇ ਹਾਂ ਕਿ ਇਨ੍ਹਾਂ ਸੰਕਟਮਈ ਸਥਿਤੀਆਂ ਨੂੰ ਗਹਿਰਾਈ ਨਾਲ ਸਮਝ ਕੇ ਭਵਿੱਖ ਲਈ ਕੁਝ ਸਿੱਖ ਸਕੀਏ।

ਹਰਾਰੇ ਦਾ ਇੱਥੇ ਏਜੰਡਾ ਵਿਸ਼ਵੀ ਹੈ। ਉਸ ਦੇ ਧਿਆਨ 'ਚ ਉਹ ਮੁੱਖ ਸ਼ਕਤੀਆਂ ਹਨ ਜੋ ਸਾਰੀ ਦੁਨੀਆ ਦੇ ਵੱਖ ਵੱਖ ਸਮਾਜਾਂ ਨੂੰ ਸਰੂਪ ਬਖ਼ਸ਼ ਰਹੀਆਂ ਨੇ। ਦਰਅਸਲ, ਸਚਾਈ ਇਹ ਹੈ ਕਿ ਸੱਚ ਕਈ ਤੰਦਾਂ ਦਾ ਤਾਣਾ ਬਾਣਾ ਹੈ। ਹਰਾਰੇ ਦਾ ਯਤਨ ਵਿਸ਼ਵ ਦੇ ਭਵਿੱਖ 'ਚ ਪੈਦਾ ਹੋਣ ਵਾਲੇ ਵਿਭਿੰਨ ਪੱਖਾਂ ਨੂੰ ਸਮੇਟਣ ਦਾ ਹੈ। ਉਸ ਦੀਆਂ ਪਹਿਲੀਆਂ ਦੋ ਕਿਤਾਬਾਂ 'ਸੇਪੀਅਨਜ਼' ਤੇ 'ਹੋਮੋ ਡਿਊਸ' ਵਾਂਗ ਉਸ ਦੇ ਧਿਆਨ ਦੇ ਕੇਂਦਰ 'ਚ ਇਤਿਹਾਸਕ ਬਿਰਤਾਂਤ ਨਹੀਂ ਸਗੋਂ ਉਸ ਦੀ ਨਿਗਾਹ ਇਨ੍ਹਾਂ 'ਚੋਂ ਪੈਦਾ ਹੋ ਰਹੇ ਸਬਕਾਂ ਤੋਂ ਸਿੱਖਿਆ ਲੈਣ 'ਤੇ ਹੈ। ਇਹ ਸਬਕ ਕੋਈ ਸਾਧਾਰਨ ਉੱਤਰ ਨਹੀਂ। ਇਨ੍ਹਾਂ ਦਾ ਮਕਸਦ ਸੋਚ ਨੂੰ ਹੋਰ ਉਤੇਜਿਤ ਤੇ ਉਤਸ਼ਾਹਿਤ ਕਰਨਾ ਹੈ। ਹਰਾਰੇ ਮੁਤਾਬਕ ਮਨੁੱਖ ਦੀਆਂ ਬਹੁਤ ਸਾਰੀਆਂ ਵਿਆਖਿਆਵਾਂ ਉਪਰ ਉਸ ਵਲੋਂ ਘੜੀਆਂ ਕਥਾਵਾਂ ਦੀ ਸੱਤਾ ਅਤੇ ਕਥਾ ਕਹਿਣ ਦੀ ਪਕੜ ਦਾ ਅਸਰ ਹੈ। ਉਸ ਦਾ ਕਹਿਣਾ ਹੈ ਇੱਥੇ ਹੀ ਖ਼ਤਰਾ ਪਿਆ ਹੈ ਕਿਉਂਕਿ ਲੋਕ ਸਦਾ ਹੀ ਕਥਾ ਕਹਾਣੀਆਂ ਦੀ ਗ੍ਰਿਫ਼ਤ 'ਚ ਰਹੇ ਨੇ। ਇਨ੍ਹਾਂ ਗਲਪੀ ਬਿਰਤਾਂਤਾਂ ਤੋਂ ਦਿਸ਼ਾ-ਦਿਸ਼ਾਹੀਣਤਾ ਗ੍ਰਹਿਣ ਕਰਦੇ ਰਹੇ ਹਨ ਜਿਨ੍ਹਾਂ ਕਾਰਨ ਹੀ ਕਈ ਵਿਨਾਸ਼ਕ ਕਰਮ ਤੇ ਵਿਸ਼ਵਾਸ ਪੈਦਾ ਹੋਏ। ਹਰਾਰੇ ਇਸ ਨੂੰ ਇਉਂ ਪੇਸ਼ ਕਰਦਾ ਹੈ, 'ਸਭ ਤੋਂ ਪਹਿਲਾਂ ਸਾਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਅਸੀਂ ਭਾਵ ਮਨੁੱਖ ਕੋਈ ਕਥਾ-ਕਹਾਣੀ ਨਹੀਂ। ਸਾਡਾ ਮਨ, ਸਾਡੀ ਦੇਹ, ਸਾਡੇ ਅੰਦਰਲੇ ਰਸਾਇਣਾਂ ਦਾ ਮਿਸ਼ਰਣ ਸਾਰਾ ਕੁਝ ਸੱਚਾ ਤੇ ਅਸਲ ਹੈ ਅਤੇ ਜ਼ਰੂਰੀ ਇਹ ਹੈ ਕਿ ਅਸੀਂ ਸਪਸ਼ਟ ਤੌਰ 'ਤੇ ਧਾਰਮਕ ਤੇ ਰਾਸ਼ਟਰਵਾਦੀ ਬਿਰਤਾਂਤਾਂ ਦੁਆਰਾ ਖ਼ਾਸ ਸਮੂਹਾਂ ਵਲੋਂ ਕੀਤੇ ਬਲੀਦਾਨਾਂ ਤੇ ਸ਼ਹੀਦੀਆਂ ਦੇ ਮਿਥਕ ਗਲਪੀ ਨਾਟਕਾਂ ਦੇ ਭਰਮਜਾਲ ਤੋਂ ਮੁਕਤ ਹੋਈਏ।'

ਹਰਾਰੇ ਦੀ ਲਿਖਣ ਸ਼ੈਲੀ ਸੰਵਾਦਕ ਹੈ ਜੋ ਲੋਕਾਂ ਨਾਲ ਸੰਵਾਦ 'ਚੋਂ ਪੈਦਾ ਹੋਈ ਹੈ। ਬਹੁਤੀ ਲਿਖਤ ਪਾਠਕਾਂ ਵਲੋਂ ਕੀਤੇ ਪ੍ਰਸ਼ਨਾਂ 'ਚੋਂ ਪੈਦਾ ਹੋਈ ਹੈ ਜੋ ਤਕਨਾਲੋਜੀ, ਰਾਜਨੀਤੀ, ਧਰਮ ਅਤੇ ਕਲਾ-ਸਾਹਿਤ ਜਿਹੇ ਵਿਸ਼ਿਆਂ 'ਤੇ ਕੇਂਦਰਿਤ ਹੈ। ਕਈ ਥਾਂ ਮਾਨਵੀ ਗਿਆਨ ਦਾ ਜਸ਼ਨ ਮਨਾਇਆ ਗਿਆ ਹੈ ਤੇ ਕੁਝ ਥਾਂ ਮਾਨਵੀ ਬੇਵਕੂਫ਼ੀ 'ਤੇ ਸ਼ਰਮਸਾਰੀ ਵੀ ਜ਼ਾਹਰ ਹੋਈ ਹੈ। ਸਮੁੱਚਤਾ 'ਚ ਇਹ ਪ੍ਰਸ਼ਨ ਮੂਲ ਰੂਪ 'ਚ ਉਵੇਂ ਤੇ ਓਥੇ ਹੀ ਖੜ੍ਹਾ ਹੈ ਕਿ ਅੱਜ ਵਿਸ਼ਵ 'ਚ ਵਾਪਰ ਕੀ ਰਿਹਾ ਹੈ? ਇਨ੍ਹਾਂ ਘਟਨਾਵਾਂ ਦੇ ਗਹਿਨ ਅਰਥ ਕੀ ਹਨ? ਡੋਨਲਡ ਟਰੰਪ ਦੇ ਉਥਾਨ ਦਾ ਕੀ ਮਹੱਤਵ ਹੈ? ਝੂਠੀਆਂ ਖ਼ਬਰਾਂ ਦੀ ਮਹਾਂਮਾਰੀ ਨਾਲ ਕਿਵੇਂ ਨਜਿੱਠਿਆ ਜਾ ਸਕਦਾ ਹੈ? ਉਦਾਰਵਾਦੀ ਲੋਕਤੰਤਰ ਕਿਉਂ ਸੰਕਟ 'ਚ ਹੈ? ਕੀ ਰੱਬ ਦੀ ਵਾਪਸੀ ਹੋਈ ਹੈ? ਕੀ ਨਵੀਂ ਵਿਸ਼ਵ ਵਿਵਸਥਾ ਦੀ ਆਮਦ ਹੋ ਰਹੀ ਹੈ? ਪੱਛਮੀ, ਚੀਨੀ, ਮੁਸਲਿਮ ਜਾਂ ਹੋਰ ਕਿਹੜੀ ਸਭਿਅਤਾ ਦੁਨੀਆ 'ਤੇ ਭਾਰੂ ਹੋਣ ਜਾ ਰਹੀ ਹੈ? ਕੀ ਯੂਰੋਪੀਅਨਾਂ ਨੂੰ ਪਰਵਾਸੀਆਂ ਲਈ ਆਪਣੇ ਦਰ ਖੁੱਲ੍ਹੇ ਰੱਖਣੇ ਚਾਹੀਦੇ ਨੇ? ਕੀ ਰਾਸ਼ਟਰਵਾਦ ਨਾਬਰਾਬਰੀ ਤੇ ਵਾਤਾਵਰਣਕ ਪਰਿਵਰਤਨ ਦੀ ਸਮੱਸਿਆ ਨੂੰ ਹੱਲ ਕਰ ਸਕਦਾ ਹੈ? ਦਹਿਸ਼ਤਗਰਦੀ ਦਾ ਆਖ਼ਰ ਕੀ ਕੀਤਾ ਜਾਵੇ?



ਹਰਾਰੇ ਨੇ ਇਨ੍ਹਾਂ ਮਸਲਿਆਂ ਦਾ ਵਿਸ਼ਵੀ ਪਰਿਪੇਖ ਲਿਆ ਹੈ, ਪਰ ਵਿਅਕਤੀਗਤ ਪੱਧਰ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ ਸਗੋਂ ਉਸ ਨੇ ਵਰਤਮਾਨ ਸਮਿਆਂ ਦੇ ਮਹਾਨ ਇਨਕਲਾਬਾਂ ਅਤੇ ਇਨ੍ਹਾਂ ਨਾਲ ਮਾਨਵੀ ਨਿੱਜੀ ਜੀਵਨ 'ਚ ਪੈਦਾ ਹੋਏ ਅੰਦਰੂਨੀ ਸਬੰਧਾਂ 'ਤੇ ਬਲ ਦਿੱਤਾ ਹੈ। ਉਦਾਹਰਣ ਵਜੋਂ ਅਤਿਵਾਦ ਵਿਸ਼ਵੀ ਰਾਜਨੀਤਕ ਸਮੱਸਿਆ ਵੀ ਹੈ ਅਤੇ ਅੰਤਰੀਵੀ ਮਨੋਵਿਗਿਆਨਕ ਮਸਲਾ ਵੀ। ਅਤਿਵਾਦ ਲੋਕਾਈ ਦੇ ਮਨ 'ਚ ਭੈਅ ਪੈਦਾ ਕਰਕੇ ਲੱਖਾਂ ਲੋਕਾਂ ਦੀ ਨਿੱਜੀ ਕਲਪਨਾ ਨੂੰ ਅਗਵਾ ਕਰ ਲੈਂਦਾ ਹੈ। ਇਉਂ ਹੀ ਉਦਾਰਵਾਦੀ ਲੋਕਤੰਤਰ ਦੇ ਸੰਕਟ ਦੀ ਖੇਡ ਸਿਰਫ਼ ਪਾਰਲੀਮੈਂਟਾਂ ਤੇ ਪੋਲਿੰਗ ਬੂਥਾਂ 'ਚ ਨਹੀਂ ਵਾਪਰਦੀ ਸਗੋਂ ਮਨੁੱਖੀ ਮਨਾਂ, ਦਿਮਾਗ਼ਾਂ ਤੇ ਕਲਪਨਾ 'ਚ ਵੀ ਖੇਡੀ ਜਾਂਦੀ ਹੈ। ਇਹ ਘਿਸਿਆ ਪਿਟਿਆ ਵਾਕ ਹੋਵੇਗਾ ਕਿ ਨਿੱਜ ਰਾਜਨੀਤਕ ਨਹੀਂ ਹੈ। ਅੱਜ ਦੇ ਯੁੱਗ 'ਚ ਜਦੋਂ ਵਿਗਿਆਨੀ, ਕਾਰਪੋਰੇਸ਼ਨਾਂ ਅਤੇ ਸਰਕਾਰਾਂ ਮਾਨਵੀ ਦਿਮਾਗ਼ ਨੂੰ ਸੰਨ੍ਹ ਲਾਉਣ ਦੇ ਢੰਗ ਸਿੱਖ ਰਹੀਆਂ ਹਨ ਉਦੋਂ ਸੱਚ ਦੀ ਗੱਲ ਕੁਸ਼ਗਨੀ ਲਗਦੀ ਹੈ। ਇੱਥੇ ਹਰਾਰੇ ਮਨੁੱਖ ਦੇ ਨਿੱਜ ਦੇ ਨਾਲ ਨਾਲ ਸਮੁੱਚੇ ਸਮਾਜਾਂ ਦੇ ਅੰਦਰੂਨੀ ਅਵਲੋਕਣ ਪੇਸ਼ ਕਰਦਾ ਦਿਖਾਈ ਦਿੰਦਾ ਹੈ।

ਵਿਸ਼ਵ ਸਾਡੇ ਨਿੱਜੀ ਵਿਹਾਰ ਤੇ ਨੈਤਿਕਤਾ 'ਤੇ ਬੇਮਿਸਾਲ ਦਬਾਅ ਬਣਾਉਂਦਾ ਆ ਰਿਹਾ ਹੈ। ਅਸੀਂ ਸਾਰੇ ਅਣਗਿਣਤ ਨੈੱਟਵਰਕਾਂ ਦੇ ਮਕੜਜਾਲ 'ਚ ਫਸ ਚੁੱਕੇ ਹਾਂ ਜਿਸ ਨੇ ਨਾ ਸਿਰਫ਼ ਸਾਡੀ ਭੌਤਿਕ ਗਤੀਸ਼ੀਲਤਾ ਸੀਮਤ ਕੀਤੀ ਹੈ ਸਗੋਂ ਇਸ ਰਾਹੀਂ ਸਾਡੇ ਨਿੱਜ ਦੀ ਨਿੱਕੀ ਤੋਂ ਨਿੱਕੀ ਹਰਕਤ ਦੂਰ ਦੁਰਾਡੀਆਂ ਮੰਜ਼ਿਲਾਂ 'ਤੇ ਇਕ ਖਿਣ 'ਚ ਪਹੁੰਚ ਜਾਂਦੀ ਹੈ। ਨਿੱਜੀ ਜ਼ਿੰਦਗੀਆਂ ਕਿਸੇ ਇਕ ਬੰਦੇ ਦੀ ਛੋਟੀ ਜਿਹੀ ਹਰਕਤ ਨਾਲ ਅਚਾਨਕ ਪ੍ਰਭਾਵਤ ਹੋ ਜਾਂਦੀਆਂ ਨੇ ਜਿਵੇਂ ਟਿਊਨੀਸ਼ੀਆ 'ਚ ਮੁਹੰਮਦ ਬੁਆਜ਼ਿਜ਼ੀ ਦੇ ਆਤਮਦਾਹ ਨੇ ਅਰਬ ਇਨਕਲਾਬ ਦੀ ਚੁਆਤੀ ਲਾ ਦਿੱਤੀ; ਜਿਨ੍ਹਾਂ ਔਰਤਾਂ ਨੇ ਆਪਣੇ ਨਾਲ ਵਾਪਰੇ ਜਿਨਸੀ ਸ਼ੋਸ਼ਣ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ, ਉਸ ਨਾਲ ਸ਼ਕਤੀਸ਼ਾਲੀ 'ਮੀ ਟੂ' ਲਹਿਰ ਸ਼ੁਰੂ ਗਈ। ਇਸ ਤਰ੍ਹਾਂ ਜੀਵਨ ਦੇ ਵਿਸ਼ਵੀ ਪਾਸਾਰਾਂ ਦੇ ਅਰਥ ਸਾਡੇ ਧਾਰਮਕ ਤੇ ਰਾਜਨੀਤਕ ਪੂਰਵਗ੍ਰਹਿਆਂ, ਨਸਲੀ ਅਤੇ ਲਿੰਗਕ ਅਧਿਕਾਰਾਂ ਅਤੇ ਸੰਸਥਾਗਤ ਜ਼ੁਲਮਾਂ ਦੀਆਂ ਗੁੰਝਲਾਂ ਨੂੰ ਬੇਪਰਦ ਕਰਨ ਤੋਂ ਵਧੇਰੇ ਅਹਿਮ ਹਨ।

ਹਰਾਰੇ ਆਪਣੇ ਸੰਵਾਦ ਦਾ ਆਰੰਭ ਵਰਤਮਾਨ ਰਾਜਨੀਤਕ ਤੇ ਤਕਨੀਕੀ ਭਵਿੱਖਬਾਣੀ ਨਾਲ ਕਰਦਾ ਹੈ। ਵੀਹਵੀਂ ਸਦੀ ਦੇ ਲਾਗੇ ਫਾਸ਼ੀਵਾਦ, ਕਮਿਊਨਿਜ਼ਮ ਅਤੇ ਉਦਾਰਵਾਦ ਦੀ ਵਿਚਾਰਧਾਰਕ ਜੰਗ 'ਚ ਉਦਾਰਵਾਦ ਜਿੱਤ ਰਿਹਾ ਦਿਖਾਈ ਦੇ ਰਿਹਾ ਸੀ। ਜਮਹੂਰੀ ਸਿਆਸਤ, ਮਾਨਵੀ ਅਧਿਕਾਰ ਅਤੇ ਖੁੱਲ੍ਹੀ ਮੰਡੀ ਦੇ ਪੂੰਜੀਵਾਦ ਦੀ ਸਾਰੇ ਵਿਸ਼ਵ 'ਤੇ ਜਿੱਤ ਹੋਣੀ ਨਿਸ਼ਚਿਤ ਲੱਗ ਰਹੀ ਸੀ। ਪਰ ਜਿਵੇਂ ਕਿ ਅਕਸਰ ਇਤਿਹਾਸ ਅਣਕਿਆਸਿਆ ਮੋੜ ਲੈਂਦਾ ਹੈ, ਫਾਸ਼ੀਵਾਦ ਤੇ ਕਮਿਊਨਿਜ਼ਮ ਦੇ ਢਹਿ ਜਾਣ ਤੋਂ ਬਾਅਦ ਸਵਾਲ ਉਦਾਰਵਾਦ ਵੀ ਡੂੰਘੀ ਜਿੱਲ੍ਹਣ 'ਚ ਫਸਿਆ ਦਿਖਾਈ ਦੇ ਰਿਹਾ ਹੈ। ਉਦਾਰਵਾਦ ਆਪਣੀ ਸਾਖ ਇਸ ਲਈ ਗਵਾ ਰਿਹਾ ਪ੍ਰਤੀਤ ਹੁੰਦਾ ਹੈ ਕਿਉਂਕਿ ਸੂਚਨਾ ਤੇ ਜੈਵਿਕ ਤਕਨਾਲੋਜੀ ਦਾ ਜੁੜਵਾਂ ਇਨਕਲਾਬ ਮਾਨਵੀ ਨਸਲ ਲਈ ਅੱਜ ਤੱਕ ਦੀ ਸਭ ਤੋਂ ਵੱਡੀ ਚੁਣੌਤੀ ਪੇਸ਼ ਕਰ ਰਿਹਾ ਹੈ। ਇਸ ਨੇ ਨੇੜਲੇ ਭਵਿੱਖ 'ਚ ਲੱਖਾਂ ਲੋਕਾਂ ਨੂੰ ਨੌਕਰੀ ਬਾਜ਼ਾਰ ਤੋਂ ਬਾਹਰ ਕਰ ਦੇਣਾ ਹੈ। ਹਰਾਰੇ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਜਦੋਂ ਤੱਕ ਤੁਸੀਂ ਜਵਾਨ ਹੋਵੇਗੇ ਉਦੋਂ ਸ਼ਾਇਦ ਨੌਕਰੀਆਂ ਖ਼ਤਮ ਹੀ ਹੋ ਜਾਣ। ਆਜ਼ਾਦੀ ਦੇ ਪ੍ਰਸੰਗ 'ਚ ਉਹ ਕਹਿੰਦਾ ਹੈ ਕਿ 'ਬਿੱਗ ਡਾਟਾ' ਤੁਹਾਡੀ ਨਿਰੰਤਰ ਨਿਗਰਾਨੀ ਕਰ ਰਿਹਾ ਹੈ। ਇੱਥੇ ਉਸ ਦਾ ਮੂਲ ਸਬਕ ਹੈ, 'ਅੱਜ ਕਿਸੇ ਕੋਲ ਤੁਹਾਡੇ ਦਿਮਾਗ਼ ਤੱਕ ਅਧਿਕਾਰਕ ਪਹੁੰਚ ਹੈ, ਪਰ ਇਹ ਤੁਸੀਂ ਨਹੀਂ ਹੋ'। ਬਰਾਬਰੀ ਦੇ ਹਵਾਲੇ 'ਚ ਉਸ ਦੀ ਰਾਇ ਹੈ ਕਿ ਜਿਨ੍ਹਾਂ ਕੋਲ ਡੇਟਾ ਦੀ ਮਲਕੀਅਤ ਹੈ, ਭਵਿੱਖ ਵੀ ਉਨ੍ਹਾਂ ਦਾ ਹੀ ਹੋਣਾ ਨਿਸ਼ਚਿਤ ਹੈ। 'ਬਿੱਗ ਡਾਟਾ ਐਲਗੋਰਿਦਮਜ਼' ਨਾਲ ਸ਼ਕਤੀਸ਼ਾਲੀ ਡਿਜੀਟਲ ਤਾਨਾਸ਼ਾਹੀ ਪੈਦਾ ਹੋਣ ਕਾਰਨ ਸਾਰੀ ਸੱਤਾ ਛੋਟੇ ਜਿਹੇ ਕੁਲੀਨ ਵਰਗ ਕੋਲ ਕੇਂਦ੍ਰਿਤ ਹੋ ਜਾਵੇਗੀ। ਇਸ ਸੱਤਾ ਅਧੀਨ ਬਹੁਤੀ ਲੋਕਾਈ ਆਪਣੇ ਨਾਲ ਹੋ ਰਹੇ ਸੋਸ਼ਣ ਦਾ ਨਹੀਂ ਸਗੋਂ ਆਪਣੀ ਅਪ੍ਰਸੰਗਿਤਾ/ਅਸੰਗਤੀ ਦਾ ਦੁੱਖ ਝੱਲੇਗੀ।

ਹਰਾਰੇ ਰਾਜਨੀਤਕ ਚੁਣੌਤੀਆਂ ਦੀ ਗੱਲ ਕਰਦਾ ਮਨੁੱਖਤਾ ਦੇ ਪ੍ਰਸੰਗ ਵਿਚ ਕਹਿੰਦਾ ਹੈ ਕਿ ਮਾਨਵ ਦੀ ਆਪਣੀ ਦੇਹੀ ਹੈ ਅਤੇ ਦੇਹਾਂ ਦਾ ਸਮੂਹ ਇਕ ਵੱਡੀ ਬਰਾਦਰੀ ਬਣਾਉਂਦਾ ਹੈ। ਕੀ ਕੋਈ ਫੇਸਬੁੱਕ ਇੰਜਨੀਅਰ ਮਸਨੂਈ ਬੌਧਿਕਤਾ ਨਾਲ ਅਜਿਹੀ ਬਰਾਦਰੀ ਤਿਆਰ ਕਰ ਸਕਦਾ ਹੈ ਜੋ ਮਾਨਵੀ ਆਜ਼ਾਦੀ ਤੇ ਬਰਾਬਰੀ ਦੀ ਰੱਖਿਆ ਕਰ ਸਕੇ? ਇਹ ਸ਼ਾਇਦ ਤਾਂ ਹੀ ਹੋ ਸਕੇ ਜਦੋਂ ਵਿਸ਼ਵੀਕਰਣ ਨੂੰ ਪੁੱਠਾ ਗੇੜਾ ਦਿੱਤਾ ਜਾਵੇ ਅਤੇ ਨੇਸ਼ਨ-ਸਟੇਸ ਦਾ ਮੁੜ-ਸ਼ਕਤੀਕਰਣ ਹੋਵੇ। ਕਿਉਂਕਿ ਮਾਨਵ ਦੀ ਸਿਰਫ਼ ਇਕ ਸਭਿਅਤਾ ਹੈ ਉਹ ਹੈ ਮਾਨਵ ਹੋਣਾ। ਵਿਸ਼ਵੀ ਸਮੱਸਿਆਵਾਂ ਦਾ ਹੱਲ ਰਾਸ਼ਟਰਵਾਦ ਨਹੀਂ ਸਗੋਂ ਵਰਤਮਾਨ ਵਿਸ਼ਵੀ ਜ਼ਰੂਰਤਾਂ ਤੇ ਜਵਾਬਾਂ ਵਿਚ ਪਿਆ ਹੈ। ਇਸ ਲਈ ਸਾਨੂੰ ਸ਼ਾਇਦ ਥੋੜ੍ਹਾ ਹੋਰ ਪਿੱਛੇ ਜਾ ਪੁਰਾਤਨ ਪਰੰਪਰਾਵਾਂ ਦੇ ਗਿਆਨ ਵੱਲ ਮੁੜਨਾ ਪਵੇ ਕਿਉਂਕਿ ਧਰਮ ਦੀ ਸੱਤਾ ਵਿਚ ਸਵਾਲ ਰੱਬ ਵੀ ਰਾਸ਼ਟਰਾਂ ਦੀ 'ਸੇਵਾਹਿੱਤ' ਹੈ। ਇਸ ਲਈ ਕੋਈ ਵੀ ਰਾਸ਼ਟਰ ਆਪਣੇ ਆਪ ਵਿਚ ਸੰਪੂਰਨ ਨਹੀਂ ਤੇ ਸ਼ਾਇਦ ਪਰਵਾਸ ਵੀ ਇਸੇ ਲਈ ਵਧ ਰਿਹਾ ਹੈ ਕਿਉਂਕਿ ਕਈ ਸਭਿਆਚਾਰ/ਸਮਾਜ ਹੋਰ ਦੂਜੇ ਸਭਿਆਚਾਰਾਂ/ਸਮਾਜਾਂ ਤੋਂ ਬਿਹਤਰ ਨੇ। ਹਰਾਰੇ ਅਨੁਸਾਰ ਵਰਤਮਾਨ ਵਿਚ ਤਕਨੀਕੀ ਚੁਣੌਤੀਆਂ ਬੇਮਿਸਾਲ ਹਨ। ਭਾਵੇਂ ਰਾਜਨੀਤਕ ਮੱਤਭੇਦ ਵੀ ਲਗਾਤਾਰ ਤਣਾਓ ਵਿਚ ਨੇ, ਪਰ ਤਾਂ ਵੀ ਆਪਣੇ ਡਰਾਂ ਤੇ ਸ਼ੰਕਿਆਂ ਨੂੰ ਨਿਯੰਤਰਣ ਵਿਚ ਰੱਖ ਅਤੇ ਆਪਣੇ ਵਿਚਾਰਾਂ ਪ੍ਰਤੀ ਜ਼ਰਾ ਨਿਮਰ ਰਹਿ ਕੇ ਮਨੁੱਖਤਾ ਇਨ੍ਹਾਂ ਦਾ ਸਾਹਮਣਾ ਕਰ ਸਕਦੀ ਹੈ। ਅੰਤ ਵਿਚ ਉਸ ਨੂੰ ਇਹ ਗੱਲ ਸਮਝਣੀ ਪੈਣੀ ਹੈ ਕਿ ਬ੍ਰਹਿਮੰਡ ਦੇ ਕੇਂਦਰ ਵਿਚ ਸਿਰਫ਼ ਮਨੁੱਖ ਹੀ ਨਹੀਂ। ਨਿਰਾਸ਼ਾ ਵਿਚ ਵੀ ਆਸ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਹਰਾਰੇ ਅਤਿਵਾਦ ਦੀ ਸਮੱਸਿਆ, ਸੰਸਾਰ ਜੰਗ ਦੇ ਖ਼ਤਰੇ ਅਤੇ ਲੜਾਈ ਪੈਦਾ ਕਰਨ ਵਾਲੇ ਪੂਰਵਗ੍ਰਹਿਆਂ ਤੇ ਨਫ਼ਰਤਾਂ ਦੀ ਪੜਤਾਲ ਕਰਦਿਆਂ ਦੱਸਦਾ ਹੈ ਕਿ ਦਹਿਸ਼ਤ ਨਾਲ ਤਾਂ ਹੀ ਅਸੀਂ ਚੰਗੀ ਤਰ੍ਹਾਂ ਨਿਬੜ ਸਕਦੇ ਹਾਂ, ਜੇ ਅਸੀਂ ਇਸ ਤੋਂ ਨੁਕਾਸਨੇ ਜਾਣ ਦੇ ਖ਼ੌਫ਼ ਤੋਂ ਖ਼ੁਦ ਨੂੰ ਮੁਕਤ ਕਰਨ ਦੀ ਕੋਸ਼ਿਸ਼ ਕਰ ਸਕੀਏ। ਸੰਸਾਰ ਭਰ ਵਿਚ ਦਹਿਸ਼ਤਵਾਦ ਨਾਲ ਮੌਤਾਂ ਦੀ ਗਿਣਤੀ ਸੜਕ ਦੁਰਘਟਨਾਵਾਂ ਵਿਚ ਹੋ ਰਹੀਆਂ ਮੌਤਾਂ ਤੋਂ ਕਿਤੇ ਘੱਟ ਹੈ, ਪਰ ਆਮ ਆਦਮੀ ਆਤੰਕੀ ਘਟਨਾ ਵਿਚ ਮੌਤ ਤੋਂ ਕਿਤੇ ਜ਼ਿਆਦਾ ਡਰਦਾ ਹੈ। ਇਹ ਡਰ ਹੀ ਅਤਿਵਾਦ ਦੇ ਬਣੇ ਰਹਿਣ ਦਾ ਵੱਡਾ ਕਾਰਨ ਹੈ। ਹਰਾਰੇ ਦਾ ਇਸ ਪ੍ਰਸੰਗ ਵਿਚ ਇਹ ਸਬਕ ਹੈ ਕਿ ਜੰਗਾਂ ਵਿਚ ਅੱਜ ਤੱਕ ਮੌਤ ਦੇ ਪ੍ਰਸੰਗ ਵਿਚ ਮਨੁੱਖ ਵਲੋਂ ਕੀਤੀਆਂ ਬੇਵਕੂਫ਼ੀਆਂ ਨੂੰ ਘਟਾ ਕੇ ਨਹੀਂ ਆਂਕਣਾ ਚਾਹੀਦਾ। ਰੱਬ ਦੇ ਨਾਮ 'ਤੇ ਅੱਜ ਤੱਕ ਮਨੁੱਖ ਨੇ ਮਨੁੱਖ ਦਾ ਜੋ ਘਾਣ ਕੀਤਾ ਹੈ ਉਸ ਤੋਂ ਧਰਮ-ਨਿਰਪੇਖਤਾ ਦੇ ਵਿਚਾਰ ਹੇਠ ਮਨੁੱਖ ਨੂੰ ਆਪਣੇ ਪਰਛਾਵੇਂ ਦੀ ਹੋਂਦ ਨੂੰ ਵੀ ਪ੍ਰਵਾਨ ਕਰਨਾ ਪਵੇਗਾ।

ਸੱਚ ਦੀ ਗੱਲ ਕਰਦਿਆਂ ਹਰਾਰੇ ਦਾ ਮਨੁੱਖੀ ਅਗਿਆਨਤਾ ਬਾਰੇ ਵਿਚਾਰ ਹੈ ਕਿ ਜਿੰਨਾ ਬੰਦਾ ਸਮਝਦਾ ਹੈ, ਉਸ ਤੋਂ ਕਿਤੇ ਘੱਟ ਉਸ ਨੂੰ ਗਿਆਨ ਹੈ। ਅਧੂਰੇ ਸੱਚ ਦੀ ਸਮਝ ਨਾਲ ਵਿਸ਼ਵੀ ਘਟਨਾਕ੍ਰਮ ਨੂੰ ਕਿੰਨਾ ਕੁ ਸਮਝਿਆ ਜਾ ਸਕਦਾ ਹੈ ਅਤੇ ਨਿਆਂ ਤੋਂ ਗ਼ਲਤ ਤੇ ਮਾੜੇ ਕਰਮਾਂ ਨੂੰ ਕਿਵੇਂ ਵਖਰਾਇਆ ਜਾ ਸਕਦਾ ਹੈ, ਇਹ ਸਬਕ ਅੱਜ ਮਨੁੱਖ ਲਈ ਜ਼ਰੂਰੀ ਹੈ। ਸੰਭਵ ਹੈ ਸਾਡਾ ਨਿਆਂ ਬਾਰੇ ਬੋਧ ਕਿਤੇ ਪੁਰਾਣਾ ਹੋਵੇ। ਕੀ ਮਨੁੱਖ ਨੂੰ ਸਵਾਲ ਤੱਕ ਆਪਣੇ ਵਲੋਂ ਸਿਰਜੇ ਗਏ ਇਸ ਜਗਤ ਬਾਰੇ ਕੋਈ ਸਮਝ ਹੈ? ਕਿਉਂਕਿ ਅਧੂਰੇ ਸੱਚ ਦੇ ਸਮਿਆਂ ਵਿਚ ਕੁਝ ਝੂਠੀਆਂ ਖ਼ਬਰਾਂ ਸਦਾ ਲਈ ਬਣੀਆਂ ਰਹਿੰਦੀਆਂ ਨੇ। ਕੀ ਯਥਾਰਥ ਤੇ ਗਲਪ ਨੂੰ ਵਖਰਿਆਉਂਦੀ ਕੋਈ ਸੀਮਾ ਹੈ? ਵਿਗਿਆਨਕ ਗਲਪ ਵਾਂਗ ਭਵਿੱਖ ਉਹ ਨਹੀਂ ਹੋਣਾ ਜੋ ਅਸੀਂ ਵਿਗਿਆਨਕ ਕਲਪਨਾ ਆਧਾਰਤ ਫ਼ਿਲਮਾਂ ਵਿਚ ਦੇਖਦੇ ਹਾਂ।

ਅੰਤ ਵਿਚ ਹਰਾਰੇ ਸਾਰੀਆਂ ਤੰਦਾਂ ਸਮੇਟਦਿਆਂ ਚਕਾਚੌਂਧ ਦੀ ਦੁਨੀਆ ਵਿਚ ਜੀਵਨ ਪ੍ਰਤੀ ਉਸ ਸਾਧਾਰਨ ਦ੍ਰਿਸ਼ਟੀ ਦੀ ਗੱਲ ਕਰਦਾ ਹੈ ਜਿੱਥੇ ਸਾਰੀਆਂ ਪੁਰਾਣੀਆਂ ਕਥਾ-ਕਹਾਣੀਆਂ ਢਹਿਢੇਰੀ ਹੋ ਜਾਂਦੀਆਂ ਨੇ ਅਤੇ ਕੋਈ ਨਵੀਂ ਕਹਾਣੀ ਇਨ੍ਹਾਂ ਦੀ ਥਾਂ ਲੈਣ ਲਈ ਅਜੇ ਪੈਦਾ ਨਹੀਂ ਹੋਈ। ਸਥਿਤੀਆਂ ਵਿਚੋਂ ਮੁੜ-ਉਭਰਣ ਦੀ ਸ਼ਕਤੀ ਸਾਡੇ ਸਾਹਮਣੇ ਕਈ ਪ੍ਰਸ਼ਨ ਖੜ੍ਹੇ ਕਰਦੀ ਹੈ ਜਿਵੇਂ ਅਸੀਂ ਕੌਣ ਹਾਂ? ਸਾਨੂੰ ਜੀਵਨ ਵਿਚ ਕੀ ਕਰਨਾ ਚਾਹੀਦਾ ਹੈ? ਸਾਨੂੰ ਕਿਹੜੀਆਂ ਨਿਪੁੰਨਤਾਵਾਂ ਲੋੜੀਂਦੀਆਂ ਨੇ? ਵਿਗਿਆਨ, ਰੱਬ, ਰਾਜਨੀਤੀ ਤੇ ਧਰਮ ਬਾਰੇ ਅਸੀਂ ਜੋ ਕੁਝ ਜਾਣਦੇ ਤੇ ਨਹੀਂ ਜਾਣਦੇ ਹਾਂ, ਦੇ ਸਬੰਧ ਵਿਚ ਸਾਡੇ ਲਈ ਅੱਜ ਜੀਵਨ ਦੇ ਕੀ ਅਰਥ ਨੇ? ਇਹ ਸਭ ਕੁਝ ਜਾਨਣ ਲਈ ਸਿੱਖਿਆ ਤੋਂ ਗਿਆਨ ਤੇ ਧਿਆਨ ਦੀ ਯਾਤਰਾ ਹੀ ਸਭ ਤੋਂ ਵੱਡੀ ਲੋੜ ਹੈ ਕਿਉਂਕਿ ਪਰਿਵਰਤਨ ਵਿਚ ਹੀ ਨਿਰੰਤਰਤਾ ਹੈ। ਇਸੇ ਲਈ ਕੋਈ ਅਰਥ ਵੀ ਸਥਿਰ ਨਹੀਂ ਕਿਉਂਕਿ ਜੀਵਨ ਕੋਈ ਕਥਾ-ਕਹਾਣੀ ਨਹੀਂ। ਜੀਵਨ ਨੂੰ ਇਕਾਗਰ ਹੋ, ਧਿਆਨ/ਵਿਪਾਸਨਾ ਰਾਹੀਂ ਸਿਰਫ਼ ਅਵਲੋਕਣ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਕਿ ਮਸਨੂਈ ਬੌਧਿਕਤਾ ਤੇ ਡਿਜੀਟਲ ਐਲਗੋਰਿਦਮਜ਼ ਸਾਡੇ ਮਨ ਵੀ ਘੜਨੇ ਸ਼ੁਰੂ ਕਰ ਦੇਣ, ਚੰਗਾ ਤਾਂ ਇਹ ਰਹੇਗਾ ਕਿ ਹੋਰ ਸਭ ਕੁਝ ਸਮਝਣ ਦੀ ਬਜਾਏ ਮਨੁੱਖ ਆਪਣੇ ਮਨ ਨੂੰ ਸਮਝੇ ਕਿਉਂਕਿ ਮਨੁੱਖ ਨਾਲੋਂ ਮਨੁੱਖ ਦੇ ਮਨ ਦੀ ਸੱਤਾ ਕਿਤੇ ਵੱਧ ਸ਼ਕਤੀਸ਼ਾਲੀ ਹੈ।

ਅੰਤ ਵਿਚ ਹਰਾਰੇ ਵਲੋਂ ਦਿੱਤਾ ਗਿਆ ਵੱਡਾ ਸਬਕ ਇਹ ਹੈ ਕਿ ਸਾਨੂੰ ਆਪਣੇ ਮਨ-ਮਸਤਕ ਨੂੰ ਖੁੱਲ੍ਹੇ ਰੱਖ ਲਗਾਤਾਰ ਕੁਝ ਨਾ ਕੁਝ ਸਿੱਖਦੇ ਰਹਿਣਾ ਚਾਹੀਦਾ ਹੈ। 'ਇਕੀਵੀਂ ਸਦੀ ਲਈ ਇਕੀ ਸਬਕ' ਵਧੀਆ ਤੇ ਸੁਚੱਜੀ ਲਿਖਤ ਹੈ, ਪਰ ਮਨੁੱਖ ਲਈ ਏਨੇ ਕੁ ਸਬਕ ਕਾਫ਼ੀ ਨਹੀਂ।

ਮਨਮੋਹਨ
ਮੋਬਾਈਲ : 82839-48811

ਸਰੀਰ ਵਿਚ ਊਰਜਾ ਦੀ ਪੂਰਤੀ ਲਈ ਸਵੇਰ ਦਾ ਨਾਸ਼ਤਾ ਜ਼ਰੂਰੀ



ਆਹਾਰ ਮਾਹਰਾਂ ਅਨੁਸਾਰ ਸਵੇਰ ਦਾ ਨਾਸ਼ਤਾ ਦਿਨ ਭਰ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਭੋਜਨ ਹੈ, ਕਿਉਂਕਿ ਰਾਤ ਭਰ ਕੁਝ ਨਾ ਖਾਣ ਤੋਂ ਬਾਅਦ ਸਾਡੇ ਸਰੀਰ ਨੂੰ ਭੋਜਨ ਦੀ ਲੋੜ ਮਹਿਸੂਸ ਹੁੰਦੀ ਹੈ। ਸੌਣ ਸਮੇਂ ਅਸੀਂ 450 ਕੈਲੋਰੀ ਊਰਜਾ ਖਰਚ ਕਰਦੇ ਹਾਂ ਅਤੇ ਸਵੇਰੇ ਜਦੋਂ ਅਸੀਂ ਉੱਠਦੇ ਹਾਂ ਤਾਂ ਸਾਡੇ ਸਰੀਰ ਵਿਚ ਘੱਟ ਤੋਂ ਘੱਟ ਊਰਜਾ ਹੁੰਦੀ ਹੈ। ਸਵੇਰ ਦਾ ਨਾਸ਼ਤਾ ਸਰੀਰ ਵਿਚ ਊਰਜਾ ਦੀ ਪੂਰਤੀ ਕਰਨ ਵਿਚ ਸਹਾਇਕ ਹੁੰਦਾ ਹੈ।

ਇਸ ਤੋਂ ਇਲਾਵਾ ਜਦੋਂ ਅਸੀਂ ਸੌਂਦੇ ਹਾਂ, ਸਾਡੀ ਪਾਚਣ ਕਿਰਿਆ ਹੌਲੀ ਹੋ ਜਾਂਦੀ ਹੈ। ਸਵੇਰ ਦਾ ਨਾਸ਼ਤਾ ਸਾਡੇ ਸਰੀਰ ਵਿਚ ਆਕਸੀਜਨ ਵਧਾਉਂਦਾ ਹੈ। ਜੇ ਅਸੀਂ ਸਵੇਰ ਦਾ ਨਾਸ਼ਤਾ ਨਹੀਂ ਕਰਦੇ ਤਾਂ ਇਸ ਨਾਲ ਸਾਡੇ ਸਰੀਰ ਨੂੰ ਜੋ ਨੁਕਸਾਨ ਪਹੁੰਚਦਾ ਹੈ, ਉਸ ਦੀ ਪੂਰਤੀ ਪੂਰੇ ਦਿਨ ਦਾ ਭੋਜਨ ਵੀ ਨਹੀਂ ਕਰ ਸਕਦਾ। ਕਈ ਲੋਕ ਸਵੇਰੇ ਘਰੋਂ ਨਾਸ਼ਤਾ ਕਰਕੇ ਨਹੀਂ ਜਾਂਦੇ ਪਰ ਦਫ਼ਤਰ ਜਾ ਕੇ ਬਰਗਰ, ਪੈਟੀਜ਼ ਆਦਿ ਬਹੁਤ ਜ਼ਿਆਦਾ ਚਰਬੀ ਵਾਲੇ ਪਦਾਰਥ ਖਾਂਦੇ ਹਨ। ਇਹ ਕਾਫੀ ਹਾਨੀਕਾਰਕ ਹੈ, ਇਸ ਲਈ ਸਵੇਰ ਦਾ ਨਾਸ਼ਤਾ ਨਾ ਕਰਨ ਵਾਲੇ ਵਿਅਕਤੀਆਂ ਵਿਚ ਮੋਟਾਪਾ ਜ਼ਿਆਦਾ ਪਾਇਆ ਜਾਂਦਾ ਹੈ।

ਨਿਯਮਤ ਰੂਪ ਨਾਲ ਸਵੇਰ ਦਾ ਨਾਸ਼ਤਾ ਕਰਨ ਵਾਲੇ ਬੱਚਿਆਂ ਦੀ ਸੋਚਣ ਦੀ ਸਮਰੱਥਾ ਦਾ ਵਿਕਾਸ ਹੁੰਦਾ ਹੈ ਅਤੇ ਉਹ ਆਪਣੀ ਤੀਖਣ ਬੁੱਧੀ ਨਾਲ ਆਪਣੀਆਂ ਸਮੱਸਿਆਵਾਂ ਨੂੰ ਅਸਾਨੀ ਨਾਲ ਹੱਲ ਕਰ ਲੈਂਦੇ ਹਨ। ਇਸ ਲਈ ਸਵੇਰ ਦਾ ਨਾਸ਼ਤਾ ਪੌਸ਼ਟਿਕਤਾ ਨਾਲ ਭਰਪੂਰ ਹੋਣਾ ਚਾਹੀਦਾ ਹੈ, ਜਿਸ ਵਿਚ ਉਚਿਤ ਮਾਤਰਾ ਵਿਚ ਕਾਰਬੋਹਾਈਡ੍ਰੇਟਸ, ਪ੍ਰੋਟੀਨ, ਖਣਿਜ ਪਦਾਰਥ ਅਤੇ ਵਿਟਾਮਿਨ ਹੋਣ। ਦਲੀਆ, ਸੂਜੀ ਜਾਂ ਆਟੇ ਨਾਲ ਬਣੇ ਪਦਾਰਥ ਰੇਸ਼ੇ, ਕਾਰਬੋਹਾਈਡ੍ਰੇਟਸ, ਪ੍ਰੋਟੀਨ, ਖਣਿਜ ਦੇ ਚੰਗੇ ਸਰੋਤ ਹਨ।

ਸਵੇਰ ਦੇ ਨਾਸ਼ਤੇ ਵਿਚ ਬੱਚਿਆਂ ਨੂੰ ਚਰਬੀ ਵਾਲੇ ਪਦਾਰਥ ਦੇਣ ਤੋਂ ਬਚੋ, ਕਿਉਂਕਿ ਇਹ ਬੱਚਿਆਂ ਵਿਚ ਸੁਸਤੀ ਪੈਦਾ ਕਰਨ ਵਿਚ ਸਹਾਇਕ ਹੁੰਦੇ ਹਨ। ਅੰਨ ਜਿਵੇਂ ਕਾਰਨਫਲੇਕਸ, ਜਈ ਦਾ ਆਟਾ, ਚੌਲ, ਕਣਕ ਦਾ ਆਟਾ ਆਦਿ ਵਿਚ ਘੱਟ ਚਰਬੀ ਅਤੇ ਜ਼ਿਆਦਾ ਕਾਰਬੋਹਾਈਡ੍ਰੇਟ ਪਾਏ ਜਾਂਦੇ ਹਨ। ਇਹ ਅਨਾਜ ਵਿਟਾਮਿਨ 'ਬੀ' ਜੋ ਊਰਜਾ ਪ੍ਰਦਾਨ ਕਰਨ ਵਿਚ ਸਹਾਇਕ ਹੈ, ਖਣਿਜ ਜੋ ਸਾਨੂੰ ਆਇਰਨ ਦਿੰਦੇ ਹਨ ਅਤੇ ਕੈਲਸ਼ੀਅਮ ਜੋ ਹੱਡੀਆਂ ਅਤੇ ਦੰਦਾਂ ਦੀ ਮਜ਼ਬੂਤੀ ਲਈ ਜ਼ਰੂਰੀ ਹੈ, ਦੇ ਚੰਗੇ ਸਰੋਤ ਹਨ। ਇਸ ਲਈ ਇਨ੍ਹਾਂ ਦਾ ਭਰਪੂਰ ਮਾਤਰਾ ਵਿਚ ਸੇਵਨ ਕਰੋ। ਨਾਲ ਹੀ ਸਵੇਰ ਦੇ ਨਾਸ਼ਤੇ ਵਿਚ ਪ੍ਰੋਟੀਨ ਵਾਲੇ ਪਦਾਰਥਾਂ ਦਾ ਸੇਵਨ ਵੀ ਉਚਿਤ ਮਾਤਰਾ ਵਿਚ ਕਰੋ। ਦੁੱਧ, ਪਨੀਰ ਅਤੇ ਆਂਡਾ ਪ੍ਰੋਟੀਨ ਦੇ ਚੰਗੇ ਸਰੋਤ ਹਨ। ਇਸ ਤੋਂ ਇਲਾਵਾ ਦਾਲਾਂ ਵੀ, ਜੇ ਇਨ੍ਹਾਂ ਨੂੰ ਸਹੀ ਢੰਗ ਨਾਲ ਖਾਧਾ ਜਾਵੇ ਤਾਂ ਇਹ ਵੀ ਸਾਨੂੰ ਪ੍ਰੋਟੀਨ ਦਿੰਦੀਆਂ ਹਨ।

ਦੁੱਧ ਨੂੰ ਦਹੀਂ, ਲੱਸੀ ਜਾਂ ਪਨੀਰ ਦੇ ਰੂਪ ਵਿਚ ਲਿਆ ਜਾ ਸਕਦਾ ਹੈ। ਕਿਸੇ ਵੀ ਅਨਾਜ ਦੇ ਨਾਲ ਲਿਆ ਗਿਆ ਦੁੱਧ ਸਾਡੀ ਰੋਜ਼ਾਨਾ ਦੀ ਕੈਲਸ਼ੀਅਮ ਦੀ ਲੋੜ ਨੂੰ ਪੂਰਾ ਕਰਦਾ ਹੈ। ਸਵੇਰ ਦੇ ਨਾਸ਼ਤੇ ਵਿਚ ਫਲਾਂ ਅਤੇ ਸਬਜ਼ੀਆਂ ਦਾ ਵੀ ਆਪਣਾ ਮਹੱਤਵ ਹੈ। ਇਹ ਸਾਨੂੰ ਕਬਜ਼ ਤੋਂ ਦੂਰ ਰੱਖਦੇ ਹਨ। ਨਾਲ ਹੀ ਇਹ ਖਣਿਜ ਅਤੇ ਵਿਟਾਮਿਨ ਦੇ ਵੀ ਚੰਗੇ ਸਰੋਤ ਹਨ।

ਜੇ ਬੱਚਿਆਂ ਨੂੰ ਸਵੇਰ ਦਾ ਨਾਸ਼ਤਾ ਕਰਨ ਦੀ ਆਦਤ ਨਹੀਂ ਤਾਂ ਹੌਲੀ-ਹੌਲੀ ਉਨ੍ਹਾਂ ਨੂੰ ਆਦਤ ਪਾਓ। ਪਹਿਲਾਂ-ਪਹਿਲ ਤੁਸੀਂ ਤਰਲ ਪਦਾਰਥਾਂ ਨਾਲ ਸ਼ੁਰੂਆਤ ਕਰ ਸਕਦੇ ਹੋ, ਜਿਵੇਂ ਸੰਤਰੇ ਦਾ ਰਸ ਜਾਂ ਫਿਰ ਪਾਣੀ ਹੀ ਪੀਣ ਨੂੰ ਦਿਓ। ਇਹ ਉਨ੍ਹਾਂ ਦੀ ਭੁੱਖ ਵਧਾਵੇਗਾ। ਫਿਰ ਇਕ ਘੰਟੇ ਬਾਅਦ ਉਨ੍ਹਾਂ ਨੂੰ ਨਾਸ਼ਤਾ ਦਿਓ। ਨਾਸ਼ਤੇ ਦੀ ਸ਼ੁਰੂਆਤ ਵਿਚ ਉਨ੍ਹਾਂ ਨੂੰ ਬਹੁਤ ਹਲਕਾ ਭੋਜਨ ਖਾਣ ਨੂੰ ਦਿਓ। ਹੌਲੀ-ਹੌਲੀ ਇਸ ਦੀ ਮਾਤਰਾ ਵਧਾਉਂਦੇ ਜਾਓ। ਉਨ੍ਹਾਂ ਨੂੰ ਉਹੀ ਖਾਣ ਨੂੰ ਦਿਓ ਜੋ ਉਨ੍ਹਾਂ ਨੂੰ ਪਸੰਦ ਹੋਵੇ।

ਉਨ੍ਹਾਂ ਦੇ ਪਸੰਦ ਦੇ ਪਕਵਾਨਾਂ ਨੂੰ ਜਿਥੋਂ ਤੱਕ ਸੰਭਵ ਹੋਵੇ, ਪੌਸ਼ਟਿਕ ਬਣਾਉਣ ਦੀ ਕੋਸ਼ਿਸ਼ ਕਰੋ, ਜਿਵੇਂ ਜੇ ਬੱਚੇ ਪਰਾਉਂਠਾ ਪਸੰਦ ਕਰਦੇ ਹਨ ਤਾਂ ਪਰਾਉਂਠਿਆਂ ਵਿਚ ਵੱਖ-ਵੱਖ ਸਬਜ਼ੀਆਂ-ਗੋਭੀ, ਬਾਥੂ, ਮੂਲੀ, ਮੇਥੀ, ਪਾਲਕ ਆਦਿ ਭਰ ਕੇ ਬਣਾਓ ਅਤੇ ਦਹੀਂ ਜਾਂ ਫਿਰ ਦੁੱਧ ਨਾਲ ਉਨ੍ਹਾਂ ਨੂੰ ਦਿਓ। ਇਸ ਤੋਂ ਇਲਾਵਾ ਇਕ ਗਿਲਾਸ ਦੁੱਧ ਦੇ ਨਾਲ ਉਨ੍ਹਾਂ ਦੀ ਪਸੰਦ ਦਾ ਫਲ ਵੀ ਦੇ ਸਕਦੇ ਹੋ ਅਤੇ ਭਿੱਜੇ ਹੋਏ ਬਦਾਮ ਆਦਿ ਵੀ ਦਿੱਤੇ ਜਾ ਸਕਦੇ ਹਨ।

ਬਿਹਤਰ ਹੋਵੇਗਾ ਕਿ ਬੱਚਿਆਂ ਨੂੰ ਫਲਾਂ ਅਤੇ ਸਬਜ਼ੀਆਂ ਦਾ ਸਲਾਦ ਇਸ ਢੰਗ ਨਾਲ ਸਜਾ ਕੇ ਦਿਓ ਕਿ ਉਸ ਨੂੰ ਦੇਖ ਕੇ ਉਨ੍ਹਾਂ ਦਾ ਜੀਅ ਲਲਚਾਉਣ ਲੱਗੇ। ਕਈ ਵਾਰ ਬੱਚਿਆਂ ਨੂੰ ਸਵੇਰ ਦਾ ਨਾਸ਼ਤਾ ਕਰਨ ਦੀ ਆਦਤ ਇਸ ਲਈ ਵੀ ਨਹੀਂ ਹੁੰਦੀ, ਕਿਉਂਕਿ ਮਾਵਾਂ ਇੰਨੀ ਸਵੇਰੇ ਉਨ੍ਹਾਂ ਦੀ ਪਸੰਦ ਦਾ ਨਾਸ਼ਤਾ ਤਿਆਰ ਹੀ ਨਹੀਂ ਕਰ ਸਕਦੀਆਂ ਅਤੇ ਜੋ ਉਹ ਬੱਚਿਆਂ ਨੂੰ ਖਾਣ ਨੂੰ ਦਿੰਦੀਆਂ ਹਨ, ਉਸ ਨੂੰ ਬੱਚੇ ਪਸੰਦ ਨਹੀਂ ਕਰਦੇ। ਇਸ ਕਰਕੇ ਉਹ ਬਿਨਾਂ ਕੁਝ ਖਾਧੇ-ਪੀਤੇ ਹੀ ਸਕੂਲ ਚਲੇ ਜਾਂਦੇ ਹਨ।

ਨਸ਼ਟ ਨਾ ਹੋਣ ਦਿਓ ਪੋਸ਼ਕ ਤੱਤਾਂ ਨੂੰ

➢ ਸਬਜ਼ੀਆਂ ਅਤੇ ਫਲਾਂ ਨੂੰ ਕੱਟਦੇ ਸਮੇਂ ਧਿਆਨ ਦਿਓ ਕਿ ਉਨ੍ਹਾਂ ਨੂੰ ਛੋਟੇ ਟੁਕੜਿਆਂ ਵਿਚ ਨਾ ਕੱਟੋ। ਛੋਟੇ ਟੁਕੜਿਆਂ ਵਿਚ ਕੱਟਣ ਨਾਲ ਉਨ੍ਹਾਂ ਦੀ ਪੌਸ਼ਟਿਕਤਾ ਘੱਟ ਹੋ ਜਾਂਦੀ ਹੈ, ਕਿਉਂਕਿ ਜ਼ਿਆਦਾ ਛੋਟਾ ਕੱਟਣ ਨਾਲ ਉਨ੍ਹਾਂ ਦਾ ਰਸ ਡਿਗਦਾ ਹੈ।

➢ ਜੋ ਵੀ ਖਾਧ ਪਦਾਰਥ ਤਿਆਰ ਕਰੋ, ਉਨ੍ਹਾਂ ਨੂੰ ਤਲ ਕੇ ਬਣਾਓ। ਘੱਟ ਤੇਲ ਵਿਚ ਖਾਧ ਸਮੱਗਰੀ ਪਕਾਓ ਤਾਂ ਕਿ ਸਰੀਰ ਵਿਚ ਜ਼ਿਆਦਾ ਚਰਬੀ ਨਾ ਜਾ ਸਕੇ। ਜ਼ਿਆਦਾ ਚਰਬੀ ਵਾਲੇ ਖਾਧ ਪਦਾਰਥ ਸਰੀਰ ਦੇ ਖੂਨ ਵਿਚ ਕੋਲੈਸਟ੍ਰੋਲ ਦਾ ਪੱਧਰ ਵਧਾਉਂਦੇ ਹਨ, ਜੋ ਸਿਹਤ ਲਈ ਹਾਨੀਕਾਰਕ ਹੁੰਦਾ ਹੈ।

➢ ਸਬਜ਼ੀ-ਫਲ ਖਰੀਦਦੇ ਸਮੇਂ ਵਿਸ਼ੇਸ਼ ਧਿਆਨ ਰੱਖੋ ਕਿ ਉਹ ਸੜੇ-ਗਲੇ ਨਾ ਹੋਣ ਅਤੇ ਨਾ ਹੀ ਪੁਰਾਣੇ ਅਤੇ ਸੁੱਕੇ ਹੋਣ। ਤਾਜ਼ੇ ਖਾਧ ਪਦਾਰਥ ਹੀ ਖਰੀਦੋ ਤਾਂ ਕਿ ਤਾਜ਼ੇ ਫਲ-ਸਬਜ਼ੀਆਂ ਵਿਚ ਪੋਸ਼ਕ ਤੱਤ ਸਮਾਏ ਰਹਿਣ।

➢ ਜਿੰਨੇ ਫਲ ਅਤੇ ਸਬਜ਼ੀਆਂ ਦੀ ਲੋੜ ਹੋਵੇ, ਓਨੇ ਹੀ ਖਰੀਦੋ, ਕਿਉਂਕਿ ਪੁਰਾਣੇ ਹੋਣ 'ਤੇ ਉਹ ਆਪਣੀ ਪੌਸ਼ਟਿਕਤਾ ਗੁਆ ਦਿੰਦੇ ਹਨ। ਜੇ ਕਿਸੇ ਕਾਰਨ ਜ਼ਿਆਦਾ ਮਾਤਰਾ ਵਿਚ ਖਰੀਦਦੇ ਹੋ ਤਾਂ ਉਨ੍ਹਾਂ ਨੂੰ ਧੋ-ਪੂੰਝ ਕੇ ਫੂਡ ਗ੍ਰੇਡੇਡ ਪਾਲੀਥੀਨ ਵਿਚ ਸੰਭਾਲ ਕੇ ਫਰਿੱਜ ਵਿਚ ਰੱਖੋ ਤਾਂ ਕਿ ਉਨ੍ਹਾਂ ਦੀ ਪੌਸ਼ਟਿਕਤਾ ਬਰਕਰਾਰ ਰਹੇ।

➢ ਆਟੇ ਨੂੰ ਛਾਣ ਕੇ ਵਰਤੋਂ ਵਿਚ ਨਾ ਲਿਆਓ, ਕਿਉਂਕਿ ਆਟੇ ਦੇ ਚੋਕਰ (ਬੂਰੇ) ਵਿਚ ਪੌਸ਼ਕ ਤੱਤ ਹੁੰਦੇ ਹਨ। ਚੋਕਰ ਵਾਲੇ ਆਟੇ ਨਾਲ ਸਰੀਰ ਨੂੰ ਰੇਸ਼ਾ ਮਿਲਦਾ ਹੈ। ਕਣਕ ਦੇ ਨਾਲ ਛੋਲਿਆਂ ਦਾ ਆਟਾ ਅਤੇ ਸੋਇਆਬੀਨ ਦਾ ਆਟਾ ਮਿਲਾ ਕੇ ਰੱਖੋ ਜੋ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ। ਰਾਜਮਾਂਹ, ਛੋਲੇ ਆਦਿ ਪਕਾਉਂਦੇ ਸਮੇਂ ਖਾਣੇ ਦੇ ਸੋਢੇ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਕਿਉਂਕਿ ਖਾਣੇ ਦਾ ਸੋਢਾ ਖਾਧ ਪਦਾਰਥਾਂ ਦੀ ਪੌਸ਼ਟਿਕਤਾ ਨੂੰ ਖ਼ਤਮ ਕਰਦਾ ਹੈ ਅਤੇ ਸਿਹਤ ਨੂੰ ਨੁਕਸਾਨ ਵੀ ਪਹੁੰਚਾਉਂਦਾ ਹੈ। ਖਾਧ ਪਦਾਰਥਾਂ ਵਿਚ ਕ੍ਰਿਤ੍ਰਿਮ ਰੰਗਾਂ ਦੀ ਵੀ ਵਰਤੋਂ ਨਾ ਕਰੋ। ਇਨ੍ਹਾਂ ਦੀ ਜ਼ਿਆਦਾ ਵਰਤੋਂ ਨਾਲ ਕਈ ਘਾਤਕ ਬਿਮਾਰੀਆਂ ਹੋ ਸਕਦੀਆਂ ਹਨ।

➢ ਭੋਜਨ ਪਕਾਉਂਦੇ ਸਮੇਂ ਮਸਾਲਿਆਂ ਦੀ ਘੱਟ ਤੋਂ ਘੱਟ ਵਰਤੋਂ ਕਰਨੀ ਚਾਹੀਦੀ ਹੈ। ਜ਼ਿਆਦਾ ਮਸਾਲੇ ਭੋਜਨ ਦੇ ਸਵਾਦ ਨੂੰ ਤਾਂ ਵਧਾਉਂਦੇ ਹਨ ਪਰ ਪੌਸ਼ਟਿਕਤਾ ਨੂੰ ਖ਼ਤਮ ਵੀ ਕਰਦੇ ਹਨ।

➢ ਆਂਡੇ ਨੂੰ ਘੱਟ ਸੇਕ 'ਤੇ ਪਕਾਉਣਾ ਚਾਹੀਦਾ ਹੈ। ਤੇਜ਼ ਅੱਗ ਨਾਲ ਆਂਡੇ ਵਿਚ ਪਾਏ ਜਾਣ ਵਾਲੇ ਪ੍ਰੋਟੀਨ ਦੀ ਮਾਤਰਾ ਖ਼ਤਮ ਹੋ ਜਾਂਦੀ ਹੈ।

➢ ਕੁਝ ਖਾਧ ਪਦਾਰਥਾਂ ਨੂੰ ਮਿਲਾ ਕੇ ਪਕਾਉਣ ਨਾਲ ਪੌਸ਼ਕ ਤੱਤਾਂ ਦੀ ਜ਼ਿਆਦਾ ਮਾਤਰਾ ਪ੍ਰਾਪਤ ਕਰ ਸਕਦੇ ਹੋ, ਜਿਵੇਂ ਦਾਲ-ਘੀਆ, ਦਾਲ-ਪਾਲਕ, ਸੋਇਆਬੀਨ-ਘੀਆ, ਪਾਲਕ-ਪਿਆਜ਼ ਅਤੇ ਪਨੀਰ ਦੇ ਪਕੌੜੇ, ਸੋਇਆਬੀਨ ਸਾਗ, ਪਨੀਰ ਗਾਜਰ, ਮੂਲੀ ਦੇ ਪਰਾਉਂਠੇ।

➢ ਦਾਲ, ਚੌਲ, ਸਬਜ਼ੀ ਅਤੇ ਫਲ ਨੂੰ ਵਾਰ-ਵਾਰ ਜ਼ਿਆਦਾ ਨਾ ਧੋਵੋ। ਵਾਰ-ਵਾਰ ਧੋਣ ਨਾਲ ਉਨ੍ਹਾਂ ਦੇ ਪੌਸ਼ਕ ਤੱਤ ਖ਼ਤਮ ਹੋ ਕੇ ਪਾਣੀ ਵਿਚ ਵਗ ਜਾਂਦੇ ਹਨ। ਇਨ੍ਹਾਂ ਖਾਧ ਪਦਾਰਥਾਂ ਨੂੰ ਪਕਾਉਂਦੇ ਸਮੇਂ ਪਾਣੀ ਓਨਾ ਹੀ ਪਾਓ, ਜਿੰਨਾ ਪਕਾਉਣ ਲਈ ਜ਼ਰੂਰੀ ਹੋਵੇ। ਭੁੱਲ ਕੇ ਵੀ ਜ਼ਿਆਦਾ ਪਾਣੀ ਪੈ ਜਾਣ 'ਤੇ ਉਸ ਨੂੰ ਵਿਅਰਥ ਨਾ ਸੁੱਟੋ। ਉਸ ਨਾਲ ਆਟਾ ਗੁੰਨ੍ਹ ਸਕਦੇ ਹੋ। ਚਾਹੋ ਤਾਂ ਸੂਪ ਦੇ ਰੂਪ ਵਿਚ ਵੀ ਵਰਤੋਂ ਕਰ ਸਕਦੇ ਹੋ।

➢ ਜਿਨ੍ਹਾਂ ਸਬਜ਼ੀਆਂ ਅਤੇ ਫਲਾਂ ਦਾ ਸੇਵਨ ਬਿਨਾਂ ਛਿੱਲ ਲਾਹੇ ਕੀਤਾ ਜਾ ਸਕਦਾ ਹੋਵੇ, ਉਨ੍ਹਾਂ ਦੀ ਵਰਤੋਂ ਛਿੱਲ ਸਮੇਤ ਕਰਨੀ ਚਾਹੀਦੀ ਹੈ। ਜਿਨ੍ਹਾਂ ਦੀ ਛਿੱਲ ਲਾਹਵਾਲੀ ਜ਼ਰੂਰੀ ਹੋਵੇ, ਉਨ੍ਹਾਂ ਦੀ ਛਿੱਲ ਪਤਲੀ ਪਰਤ ਹੀ ਲਾਹੋ, ਕਿਉਂਕਿ ਛਿੱਲਾਂ ਦੇ ਨਾਲ ਕਈ ਜ਼ਰੂਰੀ ਖਣਿਜ ਨਸ਼ਟ ਹੋ ਜਾਂਦੇ ਹਨ, ਇਸ ਲਈ ਛਿੱਲ ਉਤਾਰਦੇ ਸਮੇਂ ਸਾਵਧਾਨ ਰਹੋ।

➢ ਸਬਜ਼ੀਆਂ ਨੂੰ ਹੌਲੀ ਅੱਗ 'ਤੇ ਭਾਂਡੇ ਨੂੰ ਢਕ ਕੇ ਖਾਣਾ ਪਕਾਉਣਾ ਚਾਹੀਦਾ ਹੈ। ਸਬਜ਼ੀ ਨੂੰ ਪਹਿਲਾਂ ਧੋ ਕੇ ਚੀਰੋ ਤਾਂ ਕਿ ਚੀਰਨ ਤੋਂ ਬਾਅਦ ਧੋਣ ਨਾਲ ਉਸ ਦੇ ਪੌਸ਼ਕ ਤੱਤ ਨਸ਼ਟ ਨਾ ਹੋਣ। ਢਕ ਕੇ ਬਣਾਈਆਂ ਸਬਜ਼ੀਆਂ ਛੇਤੀ ਪੱਕਦੀਆਂ ਹਨ ਅਤੇ ਉਨ੍ਹਾਂ ਦੇ ਵਿਟਾਮਿਨਜ਼ ਸਬਜ਼ੀਆਂ ਵਿਚ ਸਮਾਏ ਰਹਿੰਦੇ ਹਨ।

➢ ਮੂਲੀ, ਗਾਜਰ, ਸ਼ਲਗਮ, ਟਮਾਟਰ, ਚੁਕੰਦਰ, ਹਰਾ ਧਨੀਆ, ਪੁਦੀਨਾ, ਪਿਆਜ਼ ਆਦਿ ਕੱਚਾ ਖਾਓ ਜਾਂ ਚਟਣੀ ਦੇ ਰੂਪ ਵਿਚ ਇਨ੍ਹਾਂ ਦਾ ਸੇਵਨ ਕਰੋ।

ਸਰਦੀਆਂ ਵਿਚ ਤੰਗ ਕਰਦਾ ਹੈ ਜੋੜਾਂ ਦਾ ਦਰਦ

ਡਾ. ਰਿਪੁਦਮਨ ਸਿੰਘ
ਡਾ. ਸੁਧੀਰ ਗੁਪਤਾ

ਹੱਡੀਆਂ ਦਾ ਦਰਦ ਅਤੇ ਖਿਚਾਓ ਮਹਿਸੂਸ ਹੋਣਾ ਇਕ ਜਾਂ ਇਕ ਤੋਂ ਜ਼ਿਆਦਾ ਹੱਡੀਆਂ ਵਿਚ ਦਰਦ ਜਾਂ ਤਕਲੀਫ ਮਹਿਸੂਸ ਹੋਣਾ। ਹੱਡੀਆਂ ਦਾ ਦਰਦ, ਜੋੜਾਂ ਦੇ ਦਰਦ ਦੀ ਤੁਲਨਾ ਵਿਚ ਆਮ ਤੌਰ ਤੇ ਘੱਟ ਹੁੰਦਾ ਹੈ। ਹੱਡੀਆਂ ਦੇ ਦਰਦ ਦਾ ਕਾਰਨ ਸਪਸ਼ਟ ਹੋ ਸਕਦਾ ਹੈ, ਜਿਵੇਂ ਹੱਡੀਆਂ ਦਾ ਟੁੱਟਣਾ ਜਾਂ ਅਸਪੱਸ਼ਟ ਹੋ ਸਕਦਾ ਹੈ, ਜਿਵੇਂ ਕੈਂਸਰ ਜੋ ਹੱਡੀਆਂ ਵਿਚ ਫੈਲ ਸਕਦਾ ਹੈ (ਮੈਟਾਸਟੇਸਸ)। ਜੋੜਾਂ ਦਾ ਦਰਦ ਜਾਂ ਆਰਥਰਾਲਜਿਆ ਨੂੰ ਇਕ ਜਾਂ ਜ਼ਿਆਦਾ ਜੋੜਾਂ ਦੇ ਦਰਦ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਹ ਜੋੜਾਂ ਦੇ ਆਲੇ-ਦੁਆਲੇ ਦੇ ਲਿਗਾਮੈਂਟ, ਬਸਾਏ ਜਾਂ ਟੇਂਡੋਂਸ ਵਿਚੋਂ ਕਿਸੇ ਸੰਰਚਨਾ ਵਿਚ ਸੱਟ-ਚੋਟ ਕਾਰਨ ਹੋ ਸਕਦਾ ਹੈ।

ਹੱਡੀਆਂ ਦੇ ਦਰਦ ਦਾ ਕਾਰਨ

ਹੱਡੀਆਂ ਦਾ ਦਰਦ ਸੱਟ-ਚੋਟ ਜਾਂ ਹੋਰ ਕਾਰਨਾਂ ਕਰਕੇ ਹੁੰਦਾ ਹੈ ਜਿਵੇਂ ਬੋਨ ਕੈਂਸਰ (ਮੁਢਲੀ ਮੈਲਿਗਨੇਂਸੀ) ਜਾਂ ਉਹ ਕੈਂਸਰ ਜੋ ਹੱਡੀਆਂ ਤੱਕ ਫੈਲ ਚੁੱਕਿਆ ਹੋਵੇ (ਮੈਟਾਸਟੇਟਿਕ ਮੈਲਿਗਨੇਂਸੀ), ਹੱਡੀਆਂ ਨੂੰ ਰਕਤ ਦੀ ਆਪੂਰਤੀ ਵਿਚ ਅਵਰੋਧ (ਸਿਕਲ ਸੇਲ ਅਨੀਮਿਆ ਵਿਚ ਹੁੰਦਾ ਹੈ), ਹੱਡੀਆਂ ਵਿਚ ਸੰਕਰਮਣ (ਆਸਟਯੋਮਾਇਲਿਟਿਸ), ਲਿਊਕੇਮਿਆ (ਰਕਤ ਕੈਂਸਰ), ਹੱਡੀਆਂ ਵਿਚ ਖਣਿਜ ਦੀ ਕਮੀ (ਆਸਟਯੋਪੋਰੋਸਿਸ), ਜ਼ਿਆਦਾ ਮਿਹਨਤ (ਜਿਨ੍ਹਾਂ ਬੱਚੀਆਂ ਨੇ ਸਵਾਲੇ ਚੱਲਣਾ ਸਿੱਖਿਆ ਹੋਵੇ, ਉਨ੍ਹਾਂ ਦੀ ਹੱਡੀਆਂ ਦਾ ਟੁੱਟਣਾ)।

ਜੋੜਾਂ ਦੇ ਦਰਦ ਦੇ ਕਾਰਨ

ਜੋੜਾਂ ਦਾ ਦਰਦ ਸੱਟ-ਚੋਟ ਜਾਂ ਹੋਰ ਕਾਰਨਾਂ ਤੋਂ ਹੋ ਸਕਦਾ ਹੈ ਜਿਵੇਂ ਅਰਥਰਾਇਟਿਸ-ਆਸਟਯੋਅਰਥਰਾਇਟਿਸ, ਰਿਊਮੇਟਾਇਡ ਅਰਥਾਰਾਇਟਿਸ, ਏਸੇਪਟਿਕ ਨੇਕਰੋਸਿਸ, ਬਰਸਾਇਟਿਸ, ਆਸਟਯੋਕੋਂਡਰਾਇਟਿਸ, ਸਿਕਲ ਸੇਲ ਰੋਗ (ਸਿਕਲ ਸੇਲ ਅਨੀਮਿਆ), ਸਟੇਰਾਇਡ ਡਰੱਗ ਵਿਦਡਰਾਲ, ਕਾਰਟਿਲੇਜ ਫਟਣਾ, ਜੋੜਾਂ ਦਾ ਸੰਕਰਮਣ, ਹੱਡੀ ਟੁੱਟਣਾ, ਮੋਚ, ਟਿਊਮਰ, ਟੇਂਡਿਨਾਇਟਿਸ।

ਹੱਡੀਆਂ ਅਤੇ ਜੋੜਾਂ ਦੇ ਦਰਦ ਦੇ ਲੱਛਣ

ਚੱਲਣ-ਫਿਰਨ, ਖੜ੍ਹੇ ਹੋਣ, ਹਿੱਲਣ-ਜੁਲਣ, ਇੱਥੋਂ ਤੱਕ ਕਿ ਆਰਾਮ ਕਰਦੇ ਸਮੇਂ ਵੀ ਦਰਦ, ਸੋਜ ਅਤੇ ਕਰੇਪਿਟਸ ਚੱਲਣ ਉੱਤੇ ਜਾਂ ਰਫ਼ਤਾਰ ਕਰਦੇ ਸਮੇਂ ਜੋੜਾਂ ਦਾ ਲਾਕ ਹੋ ਜਾਣਾ, ਜੋੜਾਂ ਦਾ ਕਠੋਰਪਨ (ਅਕੜਾਹਟ), ਖਾਸਕਰ ਸਵੇਰੇ ਜਾਂ ਇਹ ਪੂਰੇ ਦਿਨ ਰਹਿ ਸਕਦਾ ਹੈ। ਜੇ ਬੁਖਾਰ, ਥਕਾਵਟ ਅਤੇ ਭਾਰ ਘਟਣ ਵਰਗੇ ਲੱਛਣ ਹੋਣ ਜਾਂ ਕੋਈ ਗੰਭੀਰ ਅੰਦਰੂਨੀ ਜਾਂ ਸੰਕਰਾਮਿਕ ਰੋਗ ਹੋ ਸਕਦਾ ਹੈ। ਇਸ ਸੂਰਤ ਵਿਚ ਤੁਰੰਤ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ।

ਜਾਂਚ ਅਤੇ ਰੋਗ ਦੀ ਪਛਾਣ

ਡਾਕਟਰ ਰੋਗ ਦੀ ਪਛਾਣ ਕਰਨ ਲਈ ਤੁਹਾਡੇ ਚਿਕਿਤਸਕ ਇਤਿਹਾਸ ਬਾਰੇ ਵਿਸਥਾਰ ਵਿਚ ਪੁੱਛਣਗੇ ਅਤੇ ਸਰੀਰਕ ਜਾਂਚ ਕਰਨਗੇ। ਚਿਕਿਤਸਕ ਇਤਿਹਾਸ ਵਿਚ ਦਰਦ ਦੀ ਜਗ੍ਹਾ, ਦਰਦ ਦੇ ਸਮੇਂ ਅਤੇ ਪੈਟਰਨ ਜਾਂ ਕਿਸੇ ਵੀ ਹੋਰ ਸਬੰਧਤ ਸਚਾਈ ਨਾਲ ਜੁੜੇ ਸਵਾਲ ਪੁੱਛੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਕੋਈ ਇਕ ਜਾਂ ਜ਼ਿਆਦਾ ਜਾਂਚ ਕੀਤੇ ਜਾ ਸਕਦੇ ਹਨ:

ਰਕਤ ਦੀ ਜਾਂਚ (ਜਿਵੇਂ ਸੀਬੀਸੀ, ਬਲੱਡ ਡਿਫਰੇਂਸ਼ਿਅਲ), ਹੱਡੀਆਂ ਤੇ ਜੋੜ ਦਾ ਐਕਸ-ਰੇ ਜਿਸ ਵਿਚ ਹੱਡੀਆਂ ਦਾ ਸਕੈਨ ਸ਼ਾਮਲ ਹੈ, ਹੱਡੀਆਂ ਅਤੇ ਜੜ੍ਹਾਂ ਦਾ ਸੀਟੀ ਜਾਂ ਐੱਮਆਰਆਈ ਸਕੈਨ, ਹਾਰਮੋਨਜ਼ ਦੇ ਪੱਧਰ ਦੀ ਜਾਂਚ, ਪਿਟਿਊਟਰੀ ਅਤੇ ਏਡਰੀਨਲ ਗ੍ਰੰਥੀ ਦੀ ਕਾਰਕਰਦਗੀ ਦੀ ਜਾਂਚ, ਪਿਸ਼ਾਬ ਦਾ ਜਾਂਚ ਆਦਿ।

ਇਲਾਜ

ਜੋੜਾਂ ਦੇ ਦਰਦ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਤੁਹਾਡੀ ਸਮੱਸਿਆ ਸਾਧਾਰਨ ਹੈ ਤਾਂ ਤੁਸੀਂ ਓਟੀਸੀ ਦਰਦਨਿਵਾਰਕਾਂ ਦੀ ਵਰਤੋਂ ਕਰ ਸਕਦੇ ਹੋ; ਲੇਕਿਨ ਜੇਕਰ ਤੁਹਾਡਾ ਦਰਦ ਲਗਾਤਾਰ ਬਣਿਆ ਹੋਇਆ ਹੈ ਜਾਂ ਕਿਸੇ ਸੱਟ-ਚੋਟ ਜਾਂ ਕੱਟਣ ਜਾਂ ਸਰਜਰੀ ਤੋਂ ਬਾਅਦ ਸ਼ੁਰੂ ਹੋਇਆ ਹੈ ਤਾਂ ਡਾਕਟਰ ਨੂੰ ਜ਼ਰੂਰ ਮਿਲੋ।

ਸਾਧਾਰਨ ਚੋਟ ਜਾਂ ਮੋਚ ਵਿਚ ਆਰਾਮ ਅਤੇ ਇਕੋ ਜਿਹੇ ਦਰਦਨਿਵਾਰਕ (ਪੈਰਾਸਿਟਾਮੋਲ, ਆਇਬਿਊਪ੍ਰੋਫੇਨ) ਜਾਂ ਸੇਕ ਦੀ ਵਰਤੋਂ ਨਾਲ ਦਰਦ ਤੋਂ ਰਾਹਤ ਮਿਲਦੀ ਹੈ।

ਸਾਧਾਰਨ ਤੇ ਹਲਕੀ ਕਸਰਤ ਅਰਥਾਰਾਇਟਿਸ ਜਾਂ ਫਾਇਬਰੋਮਾਇਲਜਿਆ ਦੇ ਰੋਗੀਆਂ ਵਿਚ ਜੋੜਾਂ ਦੀ ਗਤੀਸ਼ੀਲਤਾ ਵਧਾਉਣ, ਦਰਦ ਘਟਾਉਣ ਅਤੇ ਦੁਖਦੀਆਂ ਸਖਤ ਹੋ ਰਹੀਆਂ ਮਾਸਪੇਸ਼ੀਆਂ ਨੂੰ ਆਰਾਮ ਪਹੁੰਚਾਉਣ ਵਿਚ ਮਦਦ ਕਰਦੇ ਹਨ। ਜੇਕਰ ਇਹ ਉਪਾਅ ਤੁਹਾਨੂੰ ਰਾਹਤ ਨਹੀਂ ਦੇ ਰਹੇ ਤਾਂ ਤੁਰੰਤ ਡਾਕਟਰ ਨੂੰ ਮਿਲੋ। ਤਕਲੀਫ ਵਿਚ ਟੋਟਕੇ ਜਾਂ ਝਾੜ-ਫੂਕ ਨਾਲ ਕੰਮ ਨਹੀਂ ਚੱਲਦਾ ਹੁੰਦਾ। ਮਾਹਿਰ ਆਖ਼ਿਰਕਾਰ ਮਾਹਿਰ ਹੀ ਹੁੰਦੇ ਹਨ। ਆਪਣੇ ਆਪ ਡਾਕਟਰ ਕਦੇ ਵੀ ਨਾ ਬਣੋ। ਇਸ ਤਰ੍ਹਾਂ ਕਰਨ ਨਾਲ ਬਹੁਤ ਵਾਰ ਵੱਧ ਨੁਕਸਾਨ ਉਠਾਉਣਾ ਪੈ ਸਕਦਾ ਹੈ। ਬਿਮਾਰੀ ਵਧਣ ਤੇ ਡਾਕਟਰ ਨਾਲ ਸੰਪਰਕ ਬਹੁਤੀ ਵਾਰ ਮਹਿੰਗਾ ਪੈਂਦਾ ਹੈ।

ਭਾਰਤ ਲਈ ਕਿੰਨਾ ਲਾਹੇਵੰਦ ਹੋਵੇਗਾ ਟਾਰਗੇਟ ਓਲੰਪਿਕ ਪੋਡੀਅਮ

ਭਾਰਤ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ ਅਤੇ ਇਸ ਵਿਚ ਨੌਜਵਾਨ ਤਾਕਤ ਦੀ ਕੋਈ ਵੀ ਘਾਟ ਨਹੀਂ ਹੈ ਪਰ ਜੇ ਦੁਨੀਆ ਦੇ ਖੇਡ ਮੈਦਾਨ ’ਤੇ ਨਜ਼ਰ ਮਾਰੀ ਜਾਵੇ ਤਾਂ ਦੁਨੀਆ ਦੀਆਂ ਸਰਵੋਤਮ ਖੇਡਾਂ ਓਲੰਪਿਕ ਖੇਡਾਂ ਵਿਚ ਭਾਰਤ ਛੋਟੇ-ਛੋਟੇ ਦੇਸ਼ਾਂ ਦੇ ਮੁਕਾਬਲੇ ਵੀ ਮੈਡਲ ਸੂਚੀ ਵਿਚ ਪਛੜਿਆ ਨਜ਼ਰ ਆਂਉਦਾ ਹੈ। ਓਲੰਪਿਕ ਖੇਡਾਂ ਵਿਚ ਮੈਡਲ ਲੈਣਾ ਕਿਸੇ ਵੀ ਦੇਸ਼ ਲਈ ਬਹੁਤ ਹੀ ਮਾਣ ਵਾਲੀ ਗੱਲ ਹੁੰਦੀ ਹੈ। ਦੁਨੀਆ ਦੇ ਸਾਰੇ ਦੇਸ਼ ਇਨ੍ਹਾਂ ਖੇਡਾਂ ਵਿਚ ਆਪਣੇ ਦੇਸ਼ ਦਾ ਝੰਡਾ ਬੁਲੰਦ ਕਰਨ ਲਈ ਪੂਰੀ ਵਾਹ ਲਾ ਦਿੰਦੇ ਹਨ। ਭਾਰਤ ਦੇ ਖਿਡਾਰੀਆਂ ਨੂੰ ਓਲੰਪਿਕ ਖੇਡਾਂ ਵਿਚ ਸਮੇਂ ਦੇ ਹਾਣੀ ਬਣਾਉਣ ਲਈ ਸਤੰਬਰ 2014 ਵਿਚ ਭਾਰਤ ਦੇ ਖੇਡ ਮੰਤਰਾਲੇ ਵਲੋਂ ਟਾਰਗੇਟ ਓਲੰਪਿਕ ਪੋਡੀਅਮ (ਟੀ.ਓ.ਪੀ) ਸ਼ੁਰੂ ਕੀਤਾ ਗਿਆ ਸੀ ਤਾਂ ਜੋ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਖੇਡ ਸਹੂਲਤਾਂ ਨਾਲ ਤਿਆਰ ਕਰਕੇ ਓਲੰਪਿਕ ਖੇਡਾਂ ਵਿਚ ਵਧੀਆ ਪ੍ਰਦਰਸ਼ਨ ਕਰਨ ਯੋਗ ਬਣਾਇਆ ਜਾ ਸਕੇ

ਸਤੰਬਰ-2014 ਵਿਚ ਭਾਰਤ ਦੇ ਖੇਡ ਮੰਤਰਾਲੇ ਵਲੋਂ ਬਣਾਈ ਇਹ ਸਕੀਮ ਭਾਰਤ ਦੇ ਖਿਡਾਰੀਆਂ ਲਈ ਓਲੰਪਿਕ ਪੱਧਰ ’ਤੇ ਵਧੀਆ ਮੁਕਾਮ ਹਾਸਲ ਕਰਨ ਲਈ ਬਣਾਈ ਗਈ ਸੀ। ਇਸ ਸਕੀਮ ਦੀ ਪਹਿਲੀ ਕਮੇਟੀ ਅਨੁਰਾਗ ਠਾਕੁਰ ਦੀ ਅਗਵਾਈ ਵਿਚ ਬਣੀ। ਇਸ ਵਿਚ ਭਾਰਤ ਦੇ ਕੁਛ ਚੋਣਵੇਂ ਦਿੱਗਜ ਖਿਡਾਰੀ ਅਤੇ ਖੇਡ ਮਾਹਰ ਜਿਵੇਂ ਪੁਲੇਲਾ ਗੋਪੀਚੰਦ, ਰਾਹੁਲ ਦ੍ਰਾਵਿੜ ਅਤੇ ਅਭਿਨਵ ਬਿੰਦਰਾ ਨੂੰ ਸ਼ਾਮਲ ਕੀਤਾ ਗਿਆ ਤਾਂ ਜੋ ਯੋਗ ਅਤੇ ਅੰਤਰਰਾਸ਼ਟਰੀ ਪੱਧਰ ਦੇ ਭਾਰਤ ਲਈ ਨਾਮਣਾ ਖੱਟ ਰਹੇ ਖਿਡਾਰੀਆਂ ਨੂੰ ਵਧੀਆ ਅਤੇ ਆਧੁਨਿਕ ਸਹੂਲਤਾਂ ਨਾਲ ਤਿਆਰ ਕਰਕੇ ਓਲੰਪਿਕ, ਏਸ਼ੀਆ ਅਤੇ ਕਾਮਨਵੈਲਥ ਖੇਡਾਂ ਲਈ ਤਿਆਰ ਕੀਤਾ ਜਾ ਸਕੇ। 2016 ਦੀਆਂ ਰੀਓ ਓਲੰਪਿਕ ਖੇਡਾਂ ਵਿਚ ਭਾਰਤ ਲਈ ਮੈਡਲ ਲੈਣ ਵਾਲੀਆਂ ਦੋ ਮੁਟਿਆਰਾਂ ਪੀ.ਵੀ. ਸਿੰਧੂ (ਬੈਡਮਿੰਟਨ) ਅਤੇ ਸ਼ਾਕਸ਼ੀ ਮਲਿਕ (ਕੁਸ਼ਤੀ) ਇਸ ਸਕੀਮ ਦੇ ਅਧੀਨ ਹੀ ਲਾਹਾ ਲਿਆ ਸੀ, ਇਨ੍ਹਾਂ ਖੇਡਾਂ ਦੀ ਤਿਆਰੀ ਦੌਰਾਨ 36.85 ਕਰੋੜ ਰੁਪਏ ਸਭ ਤੋਂ ਵੱਧ ਸ਼ੂਟਿੰਗ ਖੇਡ ਲਈ ਖ਼ਰਚੇ ਗਏ ਸਨ ਪਰ ਕੋਈ ਤਗਮਾ ਭਾਰਤ ਹੱਥ ਨਹੀਂ ਲੱਗਿਆ ਸੀ ਜਦੋਂਕਿ ਮੈਡਲ ਗਲ ਵਿਚ ਪਵਾਉਣ ਵਾਲੀਆਂ ਭਾਰਤੀਆਂ ਮੁਟਿਆਰਾਂ ਪੀ.ਵੀ. ਸਿੰਧੂ ’ਤੇ 45 ਲੱਖ ਅਤੇ ਸ਼ਾਕਸ਼ੀ ਮਲਿਕ ’ਤੇ 16 ਲੱਖ ਖ਼ਰਚੇ ਗਏ, ਪਰ ਜੇ ਭਾਰਤ ਦੀਆਂ ਓਲੰਪਿਕ ਪ੍ਰਾਪਤੀਆਂ ’ਤੇ ਨਜ਼ਰ ਮਾਰੀ ਜਾਵੇ ਤਾਂ ਕੀ ਇਹ ਦੋ ਤਗਮੇ ਭਾਰਤ ਲਈ ਕਾਫ਼ੀ ਹਨ। ਦੁਨੀਆ ਦੀ ਦੂਜੀ ਵੱਡੀ ਆਬਾਦੀ ਵਾਲੇ ਦੇਸ਼ ਲਈ ਇਹ ਪ੍ਰਾਪਤੀਆਂ ਕੋਈ ਮੇਰੇ ਖ਼ਿਆਲ ਵਿਚ ਕੋਈ ਮਾਅਨੇ ਨਹੀਂ ਰਖਦੀਆਂ। ਜੇ ਨਜ਼ਰ ਮਾਰੀ ਜਾਵੇ ਟੀ.ਓ.ਪੀ ਦੀਆਂ ਸਹੂਲਤਾਂ ਤੇ ਤਾਂ ਇਸ ਸਕੀਮ ਅਧੀਨ ਖਿਡਾਰੀਆਂ ਦੀ ਸਾਰੀ ਟਰੇਨਿੰਗ, ਰੱਖ ਰਖਾਵ ਅਤੇ ਹੋਰ ਸਹੂਲਤਾਂ ਤੋਂ ਇਲਾਵਾ ਸਰਕਾਰ ਵਲੋਂ ਇਨ੍ਹਾਂ ਨੂੰ 50 ਹਜ਼ਾਰ ਮਹੀਨਾ ਨਿੱਜੀ ਖ਼ਰਚੇ ਲਈ ਵੀ ਦਿੱਤੇ ਜਾਂਦੇ ਹਨ। 2020 ਦੀਆਂ ਟੋਕੀਓ ਓਲੰਪਿਕ ਖੇਡਾਂ ਲਈ ਅਥਲੈਟਿਕਸ, ਆਰਚਰੀ, ਬੈਡਮਿੰਟਨ, ਮੁੱਕੇਬਾਜ਼ੀ, ਕੁਸ਼ਤੀਆਂ ਅਤੇ ਸ਼ੂਟਿੰਗ ਵਰਗੀਆਂ ਇਹੋ ਜਿਹੀਆਂ ਖੇਡਾਂ ਦੇ ਖਿਡਾਰੀਆਂ ਦੀ ਵਿਸ਼ੇਸ਼ ਸੂਚੀ ਤਿਆਰ ਕਰਕੇ ਉਨ੍ਹਾਂ ਦੀ ਅਤਿ ਆਧੁਨਿਕ ਢੰਗ ਨਾਲ ਟਰੇਨਿੰਗ ਸ਼ੁਰੂ ਕਰਵਾ ਦਿੱਤੀ ਗਈ ਹੈ ਜਿਹੜੀਆਂ ਖੇਡਾਂ ਵਿਚ ਭਾਰਤ ਨੂੰ ਵਧੀਆ ਪ੍ਰਦਰਸ਼ਨ ਦੀ ਆਸ ਹੈ ਅਤੇ ਕਰੋੜਾਂ ਰੁਪਏ ਇਸ ਸਕੀਮ ਅਧੀਨ ਰੱਖੇ ਗਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜਵਰਧਨ ਸਿੰਘ ਰਾਠੌਰ ਦੇ ਖੇਡ ਮੰਤਰੀ ਬਣਨ ਤੋਂ ਬਾਅਦ ਭਾਰਤ ਦੀਆਂ ਖੇਡਾਂ ਵਿਚ ਇਕ ਨਵਾਂ ਉਤਸ਼ਾਹ ਆਇਆ ਹੈ। ਜਨਵਰੀ 2017 ਵਿਚ ਖੇਡ ਮੰਤਰਾਲੇ ਵਲੋਂ ਟਾਰਗੇਟ ਓਲੰਪਿਕ ਪੋਡੀਅਮ ਦੀ ਦੁਬਾਰਾ ਤੋਂ ਰੂਪ-ਰੇਖਾ ਤਿਆਰ ਕਰਕੇ ਇਸ ਦੀ ਕਮਾਨ ਅਭਿਨਵ ਬਿੰਦਰਾ ਨੂੰ ਸੌਂਪੀ। ਇਸੇ ਸਾਲ ਵੱਖ-ਵੱਖ ਖੇਡਾਂ ਦੇ ਕੁੱਲ 152 ਖਿਡਾਰੀਆਂ ਨੂੰ ਇਸ ਸਕੀਮ ਅਧੀਨ ਚੁਣਿਆ ਗਿਆ ਤਾਂ ਜੋ 2018 ਦੀਆਂ ਕਾਮਨਵੈਲਥ, ਏਸ਼ੀਆ ਖੇਡਾਂ ਦੇ ਨਾਲ-ਨਾਲ ਟੋਕੀਓ ਓਲੰਪਿਕ ਲਈ ਵਧੀਆ ਨਤੀਜੇ ਲਏ ਜਾ ਸਕਣ। ਇਸ ਦਾ ਸਾਰਥਕ ਨਤੀਜਾ ਸਭ ਦੇ ਸਾਹਮਣੇ ਹੈ ਕਿ ਭਾਰਤ ਦੇ ਖਿਡਾਰੀਆਂ ਨੇ ਏਸ਼ੀਆ ਅਤੇ ਓਲੰਪਿਕ ਖੇਡਾਂ ਵਿਚ ਵਧੀਆ ਪ੍ਰਦਰਸ਼ਨ ਕੀਤਾ ਖਾਸ ਕਰਕੇ ਟਰੈਕ ਐਂਡ ਫੀਲਡ ਦੇ ਅਥਲੀਟਾਂ ਨੇ ਇਨ੍ਹਾਂ ਖੇਡਾਂ ਵਿਚ ਵਧੀਆ ਮਾਅਰਕੇ ਮਾਰੇ। ਸਵਾਲ ਦੇਖਣਾ ਇਹ ਹੈ ਕਿ ਇਸ ਸਕੀਮ ਦਾ ਲਾਹਾ ਖੱਟ ਕੇ ਟਰੇਨਿੰਗ ਲੈ ਰਹੇ ਖਿਡਾਰੀ ਅਗਲੇ ਸਾਲ ਹੋਣ ਵਾਲੀਆਂ ਟੋਕਿਓ ਓਲੰਪਿਕ ਖੇਡਾਂ ਵਿਚ ਭਾਰਤ ਨੂੰ ਕਿੰਨੇ ਤਗਮੇ ਲੈ ਕੇ ਦਿੰਦੇ ਹਨ।

ਭਾਰਤ ਵਿਚਲਾ ਮਿਸ਼ਨ ਓਲੰਪਿਕ ਸੈੱਲ ਵੀ ਇਸ ਟੀ.ਓ.ਪੀ ਅਧੀਨ ਚੁਣੇ ਗਏ ਖਿਡਾਰੀਆਂ ਨੂੰ ਟਰੇਨਿੰਗ ਦੇਣ ਅਤੇ ਸਹੂਲਤਾਂ ਦੇਣ ਲਈ ਵਚਨਬੱਧ ਹੈ ਜੋ ਕਿ ਖਿਡਾਰੀਆਂ ਦੀ ਹਰ ਸਹੂਲਤ ਦਾ ਖ਼ਿਆਲ ਰਖਦਾ ਹੈ। ਸਾਲ 2019 ਅਗਲੇ ਸਾਲ ਹੋਣ ਵਾਲੀਆਂ ਓਲੰਪਿਕ ਖੇਡਾਂ ਦੀਆਂ ਤਿਆਰੀਆਂ ਲਈ ਇਕ ਅਹਿਮ ਸਾਲ ਹੈ। ਇਸ ਸਾਲ ਵਿਚ ਭਾਰਤੀ ਖਿਡਾਰੀਆਂ ਲਈ ਆਪਣੇ ਆਪ ਨੂੰ ਤਿਆਰ ਕਰਨ ਲਈ ਅਤੇ ਇਸ ਸਕੀਮ ਦਾ ਲਾਹਾ ਲੈਂਦੇ ਹੋਏ ਸਮੇਂ ਦਾ ਹਾਣੀ ਬਣਨ ਦਾ ਸੁਨਹਿਰੀ ਮੌਕਾ ਹੈ ਤਾਂ ਜੋ ਭਾਰਤ ਇਸ ਵਾਰ ਓਲੰਪਿਕ ਖੇਡਾਂ ਵਿਚ ਕੁਝ ਵਧੀਆ ਪ੍ਰਾਪਤੀ ਕਰ ਸਕੇ ਅਤੇ ਆਪਣੇ ਆਪ ਨੂੰ ਵਿਸ਼ਵ ਖੇਡ ਮੈਦਾਨ ਵਿਚ ਇਕ ਵੱਖਰੀ ਜਗ੍ਹਾ ’ਤੇ ਸਥਾਪਿਤ ਕਰ ਸਕੇ।

ਮਨਦੀਪ ਸਿੰਘ ਸੁਨਾਮ

ਕ੍ਰਿਕਟ ਖਿਡਾਰੀਆਂ ਨੂੰ ਨੈਤਿਕਤਾ ਦੇ ਸਬਕ ਦੀ ਲੋੜ

ਪ੍ਰੋ. ਸੁਦੀਪ ਸਿੰਘ ਢਿੱਲੋਂ

ਭਾਰਤ ਦੇਸ਼ ਵਿਚ ਪਹਿਲਾਂ ਤਾਂ ਸਿਰਫ਼ ਕ੍ਰਿਕਟ ਦੀ ਖੇਡ ਨੂੰ ਲੋੜ ਤੋਂ ਵੱਧ ਤਰਜ਼ੀਹ ਦਿੱਤੇ ਜਾਣ ਦੀ ਗੱਲ ਚੱਲਦੀ ਹੁੰਦੀ ਸੀ ਪਰ ਸਵਾਲ ਇਹ ਵਰਤਾਰਾ ਵਧਦਾ ਵਧਦਾ ਕ੍ਰਿਕਟ ਖਿਡਾਰੀਆਂ ਤੱਕ ਵੀ ਪਹੁੰਚ ਗਿਆ। ਲੰਘੇ ਦਿਨੀਂ ਇਸ ਦੀ ਮਿਸਾਲ ਸਾਡੇ ਸਾਹਮਣੇ ਆਈ ਸੀ ਜਿਸ ਨੇ ਸਭ ਨੂੰ ਇਹ ਸੋਚਣ ਉੱਤੇ ਮਜਬੂਰ ਕਰ ਦਿੱਤਾ ਕਿ ਕ੍ਰਿਕਟ ਖਿਡਾਰੀਆਂ ਉੱਤੇ ਲਗਾਮ ਕੱਸਣ ਦਾ ਵੇਲਾ ਆ ਗਿਆ ਹੈ। ਮੌਜੂਦਾ ਦੌਰ ਦੇ ਕ੍ਰਿਕਟ ਖਿਡਾਰੀ ਆਪਣੇ ਆਪ ਨੂੰ ਆਮ ਇਨਸਾਨਾਂ ਨਾਲੋਂ ਉੱਤੇ ਸਮਝਣ ਲੱਗ ਪਏ ਹਨ, ਜਿਨ੍ਹਾਂ ਨੂੰ ਸਭ ਮੁਆਫ਼ ਹੈ। ਲੰਘੇ ਦਿਨੀਂ ਟੈਲੀਵਿਜ਼ਨ ਸ਼ੋਅ ਦੌਰਾਨ ਔਰਤਾਂ ਬਾਰੇ ਫੜਾਂ ਮਾਰਨ ਦੇ ਅੰਦਾਜ਼ ਵਿਚ ਬੇਹੁਦਾ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਭਾਰਤੀ ਕ੍ਰਿਕਟ ਖਿਡਾਰੀਆਂ ਹਾਰਦਿਕ ਪਾਂਡਿਆ ਅਤੇ ਕੇ.ਐਲ ਰਾਹੁਲ ਕਿਰਕਿਰੀ ਕਰਵਾ ਚੁੱਕੇ ਹਨ ਅਤੇ ਅਨੁਸ਼ਾਸਕਾਂ ਦੀ ਕਮੇਟੀ ਨੇ ਅੱਗੇ ਦੀ ਕਾਰਵਾਈ ਤੱਕ ਦੋਵਾਂ ਖਿਡਾਰੀਆਂ ਨੂੰ ਫੌਰੀ ਤੌਰ ਉੱਤੇ ਮੁਅੱਤਲ ਕੀਤਾ ਸੀ। ਹਾਲਾਂਕਿ ਜਿਵੇਂ ਇਸ ਦੇਸ਼ ਵਿਚ ਆਮ ਹੁੰਦਾ ਹੀ ਹੈ ਓਵੇਂ ਹੋਇਆ, ਮਾਮਲਾ ਠੰਢਾ ਪੈਣ ਉੱਤੇ ਸਵਾਲ ਦੋਵੇਂ ਖਿਡਾਰੀ ਫੇਰ ਸਟਾਰ ਬਣ ਕੇ ਕੌਮੀ ਟੀਮ ਵਿਚ ਖੇਡਣ ਲੱਗ ਪਏ ਹਨ। ਇਸ ਦੌਰਾਨ ਦੋਵੇਂ ਜਣੇ ਪਹਿਲਾਂ ਵਾਲਾ ਰੁਤਬਾ ਫੇਰ ਹਾਸਲ ਕਰ ਚੁੱਕੇ ਹਨ ਅਤੇ ਲੋਕ ਵੀ ਇਨ੍ਹਾਂ ਬਾਰੇ ਸਵਾਲ ਸਭ ਭੁੱਲ ਗਏ ਲੱਗਦੇ ਹਨ।


ਭਾਰਤੀ ਕ੍ਰਿਕਟ ਨੇ ਵਿਸ਼ਵ ਕੱਪ ਜੇਤੂ ਕਪਤਾਨ ਕਪਿਲ ਦੇਵ ਤੋਂ ਲੈ ਕੇ ਸਚਿਨ ਤੇਂਦੂਲਕਰ, ਰਾਹੁਲ ਦ੍ਰਾਵਿੜ, ਵੀ.ਵੀ.ਐਸ ਲਕਸ਼ਮਣ, ਅਨਿਲ ਕੁੰਬਲੇ, ਸੌਰਵ ਗਾਂਗੁਲੀ, ਹਰਭਜਨ ਸਿੰਘ, ਗੌਤਮ ਗੰਭੀਰ ਵਰਗੇ ਸ਼ਾਂਤ, ਹਮਲਾਵਰ ਤੇ ਵੱਖੋ-ਵੱਖਰੇ ਸੁਭਾਅ ਦੇ ਖਿਡਾਰੀ ਦੇਖੇ ਹਨ ਪਰ ਦੁਨੀਆ ਵਿਚ ਆਪਣੀ ਖੇਡ ਦਾ ਲੋਹਾ ਮਨਵਾਉਣ ਦੇ ਬਾਵਜੂਦ ਇਨ੍ਹਾਂ ਖਿਡਾਰੀਆਂ ਨੇ ਇਹੋ ਜਿਹਾ ਕੋਈ ਬੇਲੋੜਾ ਵਿਵਾਦ ਨਹੀਂ ਸੀ ਖੜ੍ਹਾ ਕੀਤਾ ਜਿਸ ਨਾਲ ਭਾਰਤੀ ਕ੍ਰਿਕਟ ਟੀਮ ਦਾ ਅਕਸ ਧੁੰਦਲਾ ਹੁੰਦਾ। ਇਸ ਦਰਮਿਆਨ ਮੌਜੂਦਾ ਕਪਤਾਨ ਵਿਰਾਟ ਕੋਹਲੀ ਦਾ ਵਤੀਰਾ ਵੀ ਸਮੇਂ ਸਮੇਂ ਉੱਤੇ ਭੜਕਾਊ ਜਿਹਾ ਲੱਗਦਾ ਰਿਹਾ ਹੈ ਅਤੇ ਉਨ੍ਹਾਂ ਦੀ ਕਮਾਨ ਹੇਠ ਰਹੇ ਨਵੇਂ ਦੌਰ ਦੇ ‘ਮਾਡਰਨ’ ਕਹਾਉਂਦੇ ਖਿਡਾਰੀ ਸਭ ਲਕੀਰਾਂ ਟੱਪਦੇ ਜਾ ਰਹੇ ਹਨ। ਕ੍ਰਿਕਟ ਖੇਡਣ ਵਾਲੇ ਬਾਕੀ ਦੇਸ਼, ਪਾਕਿਸਤਾਨ, ਆਸਟਰੇਲੀਆ, ਸ੍ਰੀਲੰਕਾ, ਇੰਗਲੈਂਡ ਤੇ ਦੱਖਣੀ ਅਫਰੀਕਾ ਵੀ ਤਾਂ ਇੰਨੇ ਸਾਲਾਂ ਤੋਂ ਭਾਰਤ ਵਾਂਗ ਲਗਾਤਾਰ ਕ੍ਰਿਕਟ ਖੇਡ ਰਹੇ ਹਨ। ਇਨ੍ਹਾਂ ਸਾਰੇ ਦੇਸ਼ਾਂ ਵਿਚ ਵੀ ਕ੍ਰਿਕਟ ਸਬੰਧੀ ਵਾਦ-ਵਿਵਾਦ ਹੁੰਦੇ ਰਹਿੰਦੇ ਹਨ ਪਰ ਜਿਹੋ-ਜਿਹੇ ਵਿਵਾਦ ਭਾਰਤੀ ਕ੍ਰਿਕਟ ਵਿਚ ਖਿਡਾਰੀਆਂ ਵਲੋਂ ਹੋ ਰਹੇ ਹਨ, ਓਹੋ ਜਿਹੇ ਬਾਕੀ ਦੇਸ਼ਾਂ ਵਿਚ ਘੱਟ ਹੀ ਸੁਣਨ-ਦੇਖਣ ਵਿਚ ਆਉਂਦੇ ਹਨ। ਇਕ ਹੋਰ ਪਹਿਲੂ ਇਹ ਵੀ ਹੈ ਇਨ੍ਹਾਂ ਸਾਰੇ ਕ੍ਰਿਕਟ ਖੇਡਣ ਵਾਲੇ ਅਤੇ ਵਧੀਆ ਕ੍ਰਿਕਟ ਖੇਡਣ ਵਾਲੇ ਦੇਸ਼ਾਂ ਵਿਚ ਕ੍ਰਿਕਟ ਨੇ ਕਦੇ ਵੀ ਕਿਸੇ ਹੋਰ ਖੇਡ ਦਾ



ਨੁਕਸਾਨ ਜਾਂ ਵਿਵਾਦ ਨਹੀਂ ਕੀਤਾ। ਇਕੱਲੇ ਭਾਰਤ ਵਿਚ ਹੀ ਕ੍ਰਿਕਟ ਦੇ ਅਜਿਹੇ ਵਿਵਾਦ ਤੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਕਸੂਰ ਕ੍ਰਿਕਟ ਖੇਡ ਦਾ ਨਹੀਂ ਬਲਕਿ ਕਸੂਰ ਇਸ ਦੇਸ਼ ਦੇ ‘ਕ੍ਰਿਕਟ ਵਾਲਿਆਂ’ ਦਾ ਵੀ ਹੈ। ਇਸ ਦੇਸ਼ ਦਾ ਕ੍ਰਿਕਟ ਢਾਂਚਾ ਹੀ ਅਜਿਹਾ ਬਣਾ ਦਿੱਤਾ ਗਿਆ ਹੈ ਜੋ ਸਭ ਲਕੀਰਾਂ ਟੱਪਦਾ ਜਾ ਰਿਹਾ ਹੈ ਅਤੇ ਆਪਣੇ ਲਈ ਨਵੇਂ ਨੇਮ ਵੀ ਆਪ ਹੀ ਘੜ ਰਿਹਾ ਹੈ।

ਕ੍ਰਿਕਟ ਨੂੰ ਹੱਦੋਂ ਵਧ ਚਰਚਾ ਅਤੇ ਕ੍ਰਿਕਟ ਖਿਡਾਰੀਆਂ ਨੂੰ ਹੱਦ ਤੋਂ ਵਧ ਪ੍ਰਮੁੱਖਤਾ ਦੇਣ ਨੇ ਹੀ ਇਹ ਸਥਿਤੀ ਲਿਆ ਦਿੱਤੀ ਹੈ ਜਿਥੇ ਕ੍ਰਿਕਟ ਖਿਡਾਰੀ ਕਿਸੇ ਤਰ੍ਹਾਂ ਵੀ ਟੀਮ ਵਿਚ ਸਥਾਪਤ ਨਾਂ ਨਹੀਂ ਮੰਨੇ ਜਾ ਸਕਦੇ ਪਰ ਫਿਰ ਵੀ ਟੀਵੀ ਉੱਤੇ ਸ਼ਰਮਨਾਕ ਬਿਆਨ ਦੇ ਰਹੇ ਹਨ। ਇਸ ਦਾ ਇਹੀ ਭਾਵ ਹੈ ਕਿ ਇਨ੍ਹਾਂ ਖਿਡਾਰੀਆਂ ਨੇ ਭਾਰਤੀ ਟੀਮ ਵਿਚ ਆਪਣੀ ਥਾਂ ਦਾ ਸਹੀ ਮੁੱਲ ਨਹੀਂ ਪਾਇਆ। ਕ੍ਰਿਕਟ ਜਿਸ ਨੂੰ ਭੱਦਰਪੁਰਸ਼ਾਂ ਦੀ ਖੇਡ ਕਿਹਾ ਜਾਂਦਾ ਹੈ, ਓਸ ’ਚ ਅਜਿਹੇ ਖਿਡਾਰੀਆਂ ਲਈ ਕੋਈ ਥਾਂ ਨਹੀਂ ਰਹੀ। ਬੇਸ਼ੱਕ ਪਾਂਡਿਆ ਅਤੇ ਰਾਹੁਲ ਨੂੰ ਟੀਮ ’ਚੋਂ ਕੁਝ ਸਮੇਂ ਲਈ ਮੁਅਤੱਲ ਕੀਤਾ ਗਿਆ ਸੀ ਅਤੇ ਪਰ ਓਸ ਵੇਲੇ ਹੀ ਇਸ ਗੱਲ ਦੀ ਵੀ ਪੂਰੀ ਸੰਭਾਵਨਾ ਨਜ਼ਰ ਆ ਰਹੀ ਸੀ ਕਿ ਥੋੜ੍ਹੇ ਚਿਰ ਬਾਅਦ ਮਾਮਲਾ ਠੰਢਾ ਪੈਣ ਉੱਤੇ ਦੋਵੇਂ ਖਿਡਾਰੀ ਫੇਰ ਸਟਾਰ ਬਣ ਕੇ ਭਾਰਤੀ ਕ੍ਰਿਕਟ ਪ੍ਰੇਮੀਆਂ ਦੀਆਂ ਅੱਖਾਂ ਦੇ ਤਾਰੇ ਬਣ ਜਾਣਗੇ ਤੇ ਲੋਕ ਵੀ ਸਭ ਭੁੱਲ ਭੱਲ ਜਾਣਗੇ। ਵਕਤ ਦੀ ਨਜ਼ਾਕਤ ਮੰਗ ਕਰਦੀ ਹੈ ਕਿ ਇਸ ਵਰਤਾਰੇ ਨੂੰ ਅਹਿਮ ਘਟਨਾ ਮੰਨ ਕੇ ਅਜਿਹੇ ਖਿਡਾਰੀਆਂ ਨੂੰ ਬਣਦੀ ਅਤੇ ਢੁੱਕਵੀਂ ਸਜ਼ਾ ਦਿੱਤੀ ਜਾਂਦੀ ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਵੀ ਇਹ ਵਰਤਾਰਾ ਜਾਰੀ ਰਹੇਗਾ।

ਤੈਰਾਕੀ ’ਚ ਨਵੇਂ ਰਿਕਾਰਡ ਬਣਾਉਣ ਵਾਲਾ ਐਡਮ ਪੈਟੀ



ਸੁਖਵਿੰਦਰਜੀਤ ਸਿੰਘ ਮਨੌਲੀ

ਤੈਰਾਕੀ ਦੇ ਹਲਕਿਆਂ ’ਚ ‘ਦਿ ਨਿਊ ਫੈਲਪਸ’ ਦੇ ਨਾਂ ਨਾਲ ਜਾਣੇ ਜਾਂਦੇ ਐਡਮ ਪੈਟੀ ਦਾ ਜਨਮ ਕੈਰੋਲਾਈਨ ਪੈਟੀ ਤੇ ਮਾਰਕ ਪੈਟੀ ਦੇ ਗ੍ਰਹਿ ਵਿਚ ਇੰਗਲੈਂਡ ਦੇ ਸਟਾਫੋਰਡਸ਼ਾਇਰ ਸ਼ਹਿਰ ’ਚ 28 ਦਸੰਬਰ 1994 ’ਚ ਹੋਇਆ। ਪੈਟੀ ਪਰਿਵਾਰ ਦੇ ਪੰਜ ਬੱਚਿਆਂ ’ਚ ਐਡਮ ਸਭ ਤੋਂ ਛੋਟਾ ਸੀ। ਰੀਓ ਓਲੰਪਿਕ ਗੇਮਜ਼-2016, ਯੂਰੋਪੀਅਨ ਚੈਂਪੀਅਨਸ਼ਿਪ, ਵਰਲਡ ਤੈਰਾਕੀ ਚੈਂਪੀਅਨਸ਼ਿਪ ਅਤੇ ਕਾਮਨਵੈਲਥ ਖੇਡਾਂ ’ਚ ਗਰੇਟ ਬ੍ਰਿਟੇਨ ਦੀ ਨੁਮਾਇੰਦਗੀ ਕਰਨ ਵਾਲਾ ਪੈਟੀ ਪਿੱਛਲੇ 24 ਸਾਲਾਂ ’ਚ ਦੇਸ਼ ਲਈ ਰੀਓ ਓਲੰਪਿਕ ਖੇਡਾਂ ’ਚ ਤੈਰਾਕੀ ਦੀ ਵੰਨਗੀ ’ਚ ਸੋਨ ਮੈਡਲ ਜਿੱਤਣ ਵਾਲਾ ਪਹਿਲਾ ਓਲੰਪੀਅਨ ਹੈ। ਕਾਬਲੇਗੌਰ ਹੈ ਕਿ ਪੈਟੀ ਨੇ ਰੀਓ ਓਲੰਪਿਕ ’ਚ ਇਕ ਗੋਲਡ ਤੇ ਇਕ ਚਾਂਦੀ ਸਣੇ ਕੁੱਲ ਦੋ ਤਗਮੇ ਦੇਸ਼ ਦੀ ਝੋਲੀ ’ਚ ਪਾਏ ਹਨ। ਡਰਬੀ ਸਵਿਮਿੰਗ ਕਲੱਬ ਯੰਗ ਸਵੀਮਰ ਐਡਮ ਪੈਟੀ ਦਾ ਮੁੱਢਲਾ ਟਰੇਨਿੰਗ ਸੈਂਟਰ ਸੀ, ਜਿਥੋਂ ਤਾਰੀਆਂ ਲਾਉਣੀਆਂ ਤੋਂ ਬਾਅਦ ਉਸ ਨੇ ਕੌਮਾਂਤਰੀ ਤੈਰਾਕੀ ਪੂਲ ’ਚੋਂ ਮੈਡਲ ਕੱਢਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਪੈਟੀ ਨੇ ਲੌਫ ਬੋਰੌਫ ਸਵਿਮਿੰਗ ਕਲੱਬ ’ਚ ਦਾਖ਼ਲਾ ਲਿਆ, ਜਿਥੇ ਮਹਿਲਾ ਕੋਚ ਤੇ ਸਾਬਕਾ ਓਲੰਪੀਅਨ ਤੇ ਯੂਰੋਪੀਅਨ ਗੋਲਡ ਮੈਡਲਿਸਟ ਤੈਰਾਕ ਮੇਲਾਨੀ ਮਾਰਸ਼ਲ ਪਿੱਛਲੇ ਅੱਠ ਸਾਲ ਤੋਂ ਪੈਟੀ ਐਡਮ ਨੂੰ ਪੂਲ ਟਰੇਨਿੰਗ ਦੇ ਰਹੀ ਹੈ। ਮੇਲਾਨੀ ਮਾਰਸ਼ਲ ਦਾ ਮੰਨਣਾ ਹੈ ਕਿ ਐਡਮ ਪੈਟੀ ‘ਫਰਾਰੀ ਸੁਪਰ ਕਾਰ’ ਵਾਂਗ ਬਹੁਤ ਤੇਜ਼ ਹੈ। ਤੈਰਾਕੀ ਦੀਆਂ 50 ਅਤੇ 100 ਮੀਟਰ ਬਰੈਸਟ ਸਟਰੋਕ ਵੰਨਗੀ ’ਚ ਮੌਜੂਦਾ ਵਿਸ਼ਵ ਰਿਕਾਰਡ ਹੋਲਡਰ ਐਡਮ ਪੈਟੀ ਨੇ ਪੈਨਸਲੇ ਕੋਥਾਲਿਕ ਕਾਲਜ ਤੇ ਡਰਬੀ ਕਾਲਜ ਤੋਂ ਹਾਇਰ ਐਜੂਕੇਸ਼ਨ ਹਾਸਲ ਕੀਤੀ। ਐਡਮ ਪੈਟੀ ਦੁਨੀਆ ਦਾ ਪਹਿਲਾ ਤੈਰਾਕ ਹੈ, ਜਿਸ ਨੂੰ 50 ਮੀਟਰ ਬਰੈਸਟ ਸਟਰੋਕ 26 ਸੈਕਿੰਡ ਤੋਂ ਘੱਟ ਸਮੇਂ 25.95 ਸੈਕਿੰਡ ’ਚ ਲਾਉਣ ਦਾ ਐਜ਼ਾਜ ਹਾਸਲ ਹੋਇਆ ਹੈ। ਇਥੇ ਹੀ ਬਸ ਨਹੀਂ ਬੁਡਾਪੇਸਟ ’ਚ ਖੇਡੀ ਜਾ ਆਲਮੀ ਫਿਨਾ ਲੌਂਗ ਕੋਰਸ ਤੈਰਾਕੀ ਚੈਂਪੀਅਨਸ਼ਿਪ ’ਚ 50 ਮੀਟਰ ਬਰੈਸਟ ਸਟਰੋਕ ਦਾ ਰਿਕਾਰਡ ਪੈਟੀ ਐਡਮ ਵਲੋਂ ਦੋ ਵਾਰ ਬਰੇਕ ਕੀਤਾ ਗਿਆ। 50 ਮੀਟਰ ਤੈਰਾਕੀ ਦੀਆਂ ਈਵੈਂਟਸ ਹੀਟਸ ’ਚ ਪੈਟੀ ਨੇ ਨਵੇਂ ਵਿਸ਼ਵ ਰਿਕਾਰਡ ਨਾਲ 26.10 ਸੈਕਿੰਡ ਦਾ ਟਾਈਮ ਕੱਢਿਆ ਪਰ ਫਾਈਨਲ ’ਚ ਉਸ ਨੇ ਆਪਣੀ ਟਾਈਮਿੰਗ ਨੂੰ ਸੁਧਾਰਦੇ ਹੋਏ 25.95 ਸੈਕਿੰਡ ਦੇ ਸਮੇਂ ਨਾਲ ਨਵਾਂ ਵਿਸ਼ਵ ਰਿਕਾਰਡ ਸਿਰਜ ਕੇ ਸੋਨ ਤਗਮੇ ’ਤੇ ਆਪਣੇ ਨਾਮ ਦੀ ਮੋਹਰ ਲਾਈ। ਐਡਮ ਪੈਟੀ ਨੇ ਇਸ ਆਲਮੀ ਅਥਲੈਟਿਕਸ ਮੀਟ ’ਚ ਦੂਜਾ ਗੋਲਡ ਮੈਡਲ 100 ਮੀਟਰ ਬਰੈਸਟਸਟਰੋਕ ’ਚ ਜਿੱਤਿਆ ਹੈ। ਇਸ ਵੰਨਗੀ ’ਚ 57.13 ਸੈਕਿੰਡ ਸਮੇਂ ਦਾ ਸੰਸਾਰ ਰਿਕਾਰਡ ਵੀ ਐਡਮ ਪੈਟੀ ਦੇ ਨਾਮ ਦਰਜ ਹੈ। 22 ਬਸੰਤਾਂ ਹੰਢਾਅ ਚੁੱਕੇ ਪੈਟੀ ਦਾ ਅਗਲਾ ਮਿਸ਼ਨ ‘ਪ੍ਰਾਜੈਕਟ-56 ਹੈ’ ਜਿਸ ਦਾ ਭਾਵ ਹੈ ਕਿ ਪੈਟੀ ਦੇ ਨਿਸ਼ਾਨੇ ’ਤੇ 100 ਮੀਟਰ ਬਰੈਸਟਸਟਰੋਕ ਨੂੰ ਤੈਰਨ ਪੂਲ ’ਚ ‘56’ ਸੈਕਿੰਡ ਸਮੇਂ ’ਚ ਪੂਰੀ ਕਰਨਾ ਹੈ।

ਤੈਰਾਕੀ ਦੀ ਦੁਨੀਆ ਦਾ ਨਵਾਂ ਸੁਪਰ ਸਟਾਰ ਐਡਮ ਪੈਟੀ 10 ਸਾਲ ਦੀ ਉਮਰ ਤੋਂ ਹੀ ਪਾਣੀਆਂ ਨਾਲ ਘੋਲ ਕਰ ਰਿਹਾ ਹੈ। 86 ਕਿਲੋ ਭਾਰਾ ਪੈਟੀ ਖੁਰਾਕ ’ਚ ਰੋਜ਼ਾਨਾ 8000 ਕੈਲਰੀ ਲੈਂਦਾ ਹੈ। ਇਨ੍ਹਾਂ ਕੈਲਰੀਜ਼ ਨੂੰ ਪਚਾਉਣ ਤੇ ਫਿਟਨੈੱਸ ਨੂੰ ਬਰਕਰਾਰ ਰੱਖਣ ਲਈ ਪੈਟੀ ਆਪਣੇ ਫਿਟਨੈੱਸ ਟਰੇਨਰ ਨੂੰ ਪਿੱਠ ’ਤੇ ਬਿਠਾ ਕੇ ਪਰੈਸਅੱਪ ਕਰਦੇ ਹਨ। ਯੂਰੋਪੀਅਨ ਸ਼ਾਰਟ ਕੋਰਸ ਅਥਲੈਟਿਕਸ ਚੈਂਪੀਅਨਸ਼ਿਪ ਨੇਟਾਨਯਾ-2015 ’ਚ 50 ਤੇ 100 ਮੀਟਰ ਬਰੈਸਟਸਟਰੋਕ ’ਚ ਦੋ ਚਾਂਦੀ ਦੇ ਤਗਮੇ ਜਿੱਤਣ ਵਾਲੇ ਪੈਟੀ ਨੇ ਬਰਲਿਨ-2014 ਤੇ ਲੰਡਨ-2016 ਦੀਆਂ ਦੋਵੇਂ ਯੂਰਪੀਅਨ ਲੌਂਗ ਕੋਰਸ ਅਥਲੈਟਿਕਸ ਮੀਟਜ਼ ’ਚ 50 ਤੇ 100 ਮੀਟਰ ਬਰੈਸਟਸਟਰੋਕ ਅਤੇ 4*100 ਮੀਟਰ ਮੈਡਲ ਤੇ 4ਗ100 ਮੀਟਰ ਮਿਕਸਡ ਮੈਡਲੇ ਦੇ ਚਾਰੇ ਈਵੈਂਟਾਂ ’ਚ ਦੋਵੇਂ ਵਾਰ ਸੋਨ ਤਗਮੇ ਜਿੱਤਣ ਦਾ ਕਾਰਨਾਮਾ ਕਰਕੇ ਦੁਨੀਆਂ ਦੇ ਖੇਡ ਹਲਕਿਆਂ ’ਚ ਆਪਣੀ ਤੈਰਾਕੀ ਦਾ ਲੋਹਾ ਮੰਨਵਾਉਣ ’ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

Choice of the Ruler & the Rich, Neoliberalism fosters poverty & fascism

ਡਾ. ਪੀ.ਆਰ. ਕਾਲੀਆ
ਸੰਪਾਦਕ, ਏਸ਼ੀਅਨ ਟਾਈਮਜ਼
ਐਡਮਿੰਟਨ, ਕੈਨੇਡਾ



Financial crisis, environmental disaster and even the rise of the likes of Brian Mulroney, Donald Trump and Narinder Modi, neoliberalism has played its part in them all. Today, parties of the right and former left adopt similar neoliberal policies. Even the Left didn't produce an alternative framework of economic thought for 80 years. Far from creating prosperity, neoliberalism has created something of a wedge between the poor and the rich.

During this election-year ask your law-makers that how they would solve the issues of poverty, inequality and disempowerment of the poor and middle class. After all, how and when they were going to be honest!

Driven by the restructuring of capital and a political shift to the RIGHT, now capitalist norms and practices pervade our everyday life in a more systematic way than in the era of welfare nationalism and state capitalism (from the1930's to the 1960s).

This political-economic ideology known as neoliberalism grants a moderate role for state intervention into the economy, and mostly relies on free trade and open borders and backs deregulation, permit private property and privatize businesses run by the state. Mostly every political party in Canada, in one way or the other, is in its control.

The 'neoliberal market civilization' maintains that 'the market' delivers benefits that could never be achieved by planning. Tax and regulation should be minimised, public services should be privatised. The organisation of labour and collective bargaining by trade unions are portrayed as market distortions. Rather inequality is recast as virtuous: a reward for utility and a generator of wealth, which enrich the rich further.

The freedom that neoliberalism offers, such as freedom from trade unions and collective bargaining means the freedom to suppress wages. Freedom from regulation means the freedom to poison rivers, endanger workers, charge unfair rates of interest and design exotic financial instruments. Freedom from tax means freedom from the distribution of wealth that lifts people out of poverty.

Where neoliberal policies cannot be imposed domestically, they are imposed internationally, through trade treaties. Another most dangerous impact of neoliberalism is not the economic crises it has caused, but the political crisis. As the domain of the state is reduced, our ability to change the course of our lives through voting also contracts. The result is a disempowerment of the poor and middle class. As parties of the right and former left adopt similar neoliberal policies, disempowerment turns to disenfranchisement. Large numbers of people have been shed from politics. The fascist movements build their base not from the politically active but the politically inactive, the 'losers' who feel, they have no voice or role to play in the political establishment.

Consequently, a variety of crisis have been facilitated by Neoliberalism, such as: the financial meltdown of 2007 2008, the off shoring of wealth and power, of which the Panama Papers offer us merely a glimpse, the slow collapse of public health and education, resurgent child poverty, the epidemic of loneliness, the collapse of ecosystems, and the rise of Donald Trump and the likes of Narinder Modi. And as a result, by the second decade of the 21st century, 62 people had as much wealth as the bottom 3.6 billion, a depressing monument to human greed.

This ideology of neoliberalism was highly organized by a unified capitalist class. The capitalist elites funded organizations such as the Business Roundtable and the Chamber of Commerce and think tanks such as The Heritage Foundation to sell the ideology to the public. They lavished universities with donations, as long as the universities trusted the ruling ideology. They used their influence and wealth, as well as their ownership of media platforms, to transform the press into their mouthpiece. Everything and everyone were financialized and commodified.

Neoliberalism appears as long ago as 1884 in an article by R.A. Armstrong for The Modern Review. Another early appearance was in an 1898 article for The Economic Journal by Charles Gide, in that he promoted a 'world in which free competition will reign absolutely'—somewhat closer to our current conception. Though it renewed its course in the 1930s, but when Keynesian policies began to fall apart in 1970's, it found its champions in Margaret Thatcher, Ronald Reagan and Brian Mulroney. Rest is the history.

-2-

Neoliberal transformation in Canada:

After the 2nd World War, Canada progressed both economically and socially. Fuelled by rising wages and a dramatic expansion of the social wage--including the introduction of national Medicare, unemployment insurance, and the Canada Pension Plan--living standards were improved quickly for most of the people. All this carved a unique role for the country in global economic, political, and military affairs.

As workers were empowered by long-run employment and income security, their expectations grew, sparking increasing conflict with the interests of capitalist employers in maintaining a disciplined, low-cost workforce. Worse

for employers, workers further demanded changes in the workplace, and in society, that constrained the freedom and power of business. On the other hand, the expansion of an interventionist state meant rising taxes and stronger regulations. Added to it, internationally, national liberation movements curtailed capitalism's geographic scope appreciably.

In this background, consistent with the international trend, neoliberalism was applied in Canada. In a dramatic shift, in the early 1980's, Canada adopted policies of privatization and deregulation, with the energy industry deregulated in 1985, finance deregulated in 1986-87, and transportation in 1987. Telecommunications and other so many federal crown corporations were privatized in the late 1980s. In the field of international investment, the transition began in 1985, when the government lifted restrictions on foreign investment. Over and above, a key element in the Canadian transition to neoliberalism was the Canada-U.S. Free Trade Agreement (FTA). Also, the introduction of neoliberal tax reforms in the late 1980's cut both corporate tax rates and federal income tax rates for high-income earners.

The interest rate shocks were cemented politically with the election victories of Brian Mulroney in Canada, and—although it wasn't until Stephen Harper's election in 2006 that Canada experienced no-holds-barred neoliberal government. Monetary authorities demonstrated that reducing inflation and preserving the value of financial wealth was now the number one priority of economic governance. All these developments threw Canada's economy into its first major postwar recession. Tens of thousands of Canadians lost their homes, unable to cope with exploding interest costs, and unemployment soared into the double digits.

However, it was engineered, and aimed to achieve a permanent shift in the expectations and behaviour of the labour market. Labour and social movements responded with some militancy: the Canadian Labour Congress organized a coalition against high interest rates (that featured a massive rally on Parliament Hill), and local activists organized unemployed workers' centres and other fight-back initiatives. But mass unemployment was to become a deliberate, permanent feature of the economy.

> Progressive taxation alone would not be enough to bring about the equal-opportunity society. Decent employment, fair distribution of land and substantial reform of the financial sector may reverse growing inequality and move us towards a fairer, more dignified society.

Perhaps the most important legacy of the Canada-US free trade deal was the abandonment by the Canadian business class of any distinct national strategy for accumulation and development. Secondly, the current policy of dependence on the sale of carbon-based energy resources, coupled with reliance on residential real estate construction and sale, was a short-sighted environmental and industrial strategy for Canada. Instead, we should have considered alternative economic approaches that affirm Canadian economic sovereignty through the creation of jobs and socially re-invested dividends linked to a sustainable future.

With this ideological change, inequality in the distribution of both income and wealth rose rapidly in this era, particularly due to the smashing of trade unions, tax reductions, rising rents, privatisation and deregulation. As a consequence, at any given time, almost half of all working Canadians were either in poverty or else suffering from some kind of economic hardship. Health care costs and the cost of college education got higher and higher, the degrees were worth less and less and jobs began disappearing overseas at an alarming rate. There were more people in prison and most of them hard working people, were on food stamps. Simply those who own and run the Canada's privatised or semi-privatised services make stupendous fortunes by investing little and charging much. The past four decades have been characterised by a transfer of wealth not only from the poor to the rich, but within the ranks of the wealthy.

A new model of economic and industrial diversification is long overdue in this country as the present one appears no longer to be working for Canadians or our fragile ecosystem.

-3-

Neo Liberalism has failed

The neo liberal political system has failed because the ideological ideas that govern its policy framework are fatally flawed. Through continuous demolition of government controls and regulations, neoliberalism redistributes wealth upward into the hands of the ruling elites. It concentrated wealth in the hands of few families that now hold as much wealth as 50 percent of the world's \population.

The class origins of this project occurred in the 1970s when the capitalist class was in a great deal of difficulty, while workers were still well organized. Like any ruling class, they needed ruling ideas. So, the ruling ideas were that freedom of the market, privatization, entrepreneurialism of the self, individual liberty and all the rest of it should be the ruling ideas of a new social order, and that was the order that got implemented in the 1980s and 1990s. As a political project, it got a great deal of popular consent because it was talking about individual liberty and freedom, freedom of choice; while actually it was a freedom of the market. The attempt was to dismantle collective institutions of the working class, particularly the unions and those political parties that stood for some sort of concern for the well-being of the masses.

As to the question, 'what went wrong?' Millions of people lost their homes in the wake of 2007/2008 and the cost of bailing out the banks was not billions, it was trillions. But nobody went to jail, nobody was asked to pay back the money they had skimmed off the top, nobody suggested that we change political direction in the face of overwhelming evidence that Neo Liberalism was almost failed as experiment.

Today, with a low-growth trap, widened inequality and populist movements [populism is a belief in the power of regular people.], neoliberalism has failed the struggling masses. Besides cheating and stealing indigenous lands, it has just boosted the emergence of far right extremism. The simple feasible alternative is to discard it and resolve problems that neoliberal governments have failed to tackle in practice. Neoliberal deregulation policy has unleashed greed in the financial sector.

The alternative model to neoliberalism is to stop this negative money circulation and shift the direction of monetary flow—which now goes from the poorer (in low salaries and debt payment) to the rich (with great opportunities for wealth creation). The alternative denies laissez-faire, over-sized financialised capitalism and the debt regime.

Progressive taxation alone would not be enough to bring about the equal-opportunity society. Decent employment, fair distribution of land and substantial reform of the financial sector may reverse growing inequality and move us towards a fairer, more dignified society. As long as people are not decently employed, poverty will shape society. As long as land is unfairly distributed, wealth and income inequality will never disappear. As long as the financial sector is not properly regulated, greed will continuously rule the world and ruin the real economy.

The alternative will, therefore, consist of decent employment, affordable land and a smaller and better-regulated financial sector.

Summerside FINANCIAL



ਸਮਰਸਾਈਡ ਫ਼ਾਈਨੈਂਸ਼ੀਅਲ

Welcome to Summerside Financial

We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.

Let us help you with your financial needs, whether it's purchasing or selling your equipment. Make South Asian Financial your loyal financial companion in building your business.

ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ 'ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨ੍ਹਾਂਸ/ਵੇਚ ਨੂੰ ਇਕੋ ਬਕਸੇ 'ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ 'ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ !

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨ੍ਹਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨ੍ਹਾਂਸ ਦੀ ਸਹੂਲਤ

Available Financial Solutions

Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.

Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.

Contact us and let us show and prove to you what we can do. Let Summerside Financial be your loyal financial companion.



ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

Toll Free:÷-877-816-3510

www.summersidefinancial.com

#200, 17834 106A Avenue Edmonton, Alberta T5S 1V3

Alan Ajit Walia

780-995-2719 (Cell)

780-705-6668 (Off.)

Email: info@summersidefinancial.com, Fax : 780-705-6641

ਸਫ਼ਾ 1 ਦੀਆਂ ਬਾਕੀ

ਜਸਵੀਰ ਦਿਉਲ ਐਡਮਿੰਟਨ-ਮੈਡੋਜ਼ ਤੋਂ ਐਨ.ਡੀ.ਪੀ. ਉਮੀਦਵਾਰ

ਯੂ.ਸੀ.ਪੀ. ਆਗੂ ਜੇਸਨ ਕੈਨੀ ਨੇ ਭਾਈਚਾਰੇ ਵਿਚ ਕੰਮ ਕਰਨ ਵਾਲੇ ਪਾਰਟੀ ਆਗੂਆਂ ਅਰੁਣਦੀਪ ਸੰਧੂ ਅਤੇ ਸੰਤ ਸ਼ਰਮਾ ਨੂੰ ਅੱਖੋਂ ਪਰੋਖੇ ਕਰਕੇ, ਉਮੀਦਵਾਰ ਚੁਣਨ ਦੀ ਜਮਹੂਰੀ ਪ੍ਰਕਿਰਿਆ ਨੂੰ ਬੰਦ ਕਰਕੇ ਲਿਨ ਰੋਡਸ ਨੂੰ ਸਿੱਧਾ ਉਮੀਦਵਾਰ ਨਾਮਜ਼ਦ ਕਰ ਦਿੱਤਾ, ਜਿਸ ਨਾਲ ਭਾਈਚਾਰੇ ਵਿਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ ਅਤੇ ਪਾਰਟੀ ਆਗੂ ਅਰੁਣਦੀਪ ਸੰਧੂ, ਜੇਸਨ ਕੈਨੀ ਦੇ ਇਸ ਫ਼ੈਸਲੇ ਵਿਰੁੱਧ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਇਸ ਦਾ ਸਿੱਧਾ ਲਾਭ ਜਸਵੀਰ ਦਿਉਲ ਨੂੰ ਹੋਣ ਦੀ ਉਮੀਦ ਹੈ।

ਅਲਬਰਟਾ ਪ੍ਰੀਮੀਅਰ ਰੇਚਲ ਨੋਟਲੇ ਵਲੋਂ ਕੀਤੇ ਗਏ ਕੰਮਾਂ, ਜਿਵੇਂ ਕਿ ਸਿੱਖ ਭਾਈਚਾਰੇ ਨੂੰ ਪੱਗ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਅਤੇ ਅਲਬਰਟਾ ਦੇ ਪਾਣੀਆਂ ਵਿਚ ਆਪਣੇ ਪਿਆਰਿਆਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਦੀ ਆਗਿਆ ਦੇਣ ਨਾਲ ਭਾਈਚਾਰੇ ਵਿਚ ਉਨ੍ਹਾਂ ਦਾ ਵਕਾਰ ਬਹੁਤ ਵਧਿਆ ਹੈ। ਇਸ ਦਾ ਸਿੱਧਾ ਲਾਭ ਐਨ.ਡੀ.ਪੀ. ਦੇ ਉਮੀਦਵਾਰਾਂ ਨੂੰ ਹੋ ਰਿਹਾ ਹੈ ਅਤੇ ਭਾਈਚਾਰੇ ਵਲੋਂ ਇਕਮੁੱਠ ਹੋ ਕੇ ਜਸਵੀਰ ਦਿਉਲ ਦੀ ਹਮਾਇਤ ਵਿਚ ਆਉਣ ਦੀ ਆਸ ਹੈ।

ਇਸ ਹਲਕੇ ਤੋਂ ਅਲਬਰਟਾ ਪਾਰਟੀ ਦੇ ਉਮੀਦਵਾਰ ਅੰਮ੍ਰਿਤਪਾਲ ਸਿੰਘ ਮਠਾਰੂ ਵੀ ਚੋਣ ਮੈਦਾਨ ਵਿਚ ਹਨ।

ਯੂਸੀਪੀ 'ਤੇ ਲੱਗੇ ਵਿੱਤੀ ਬੇਨਿਯਮੀਆਂ ਦੇ ਦੋਸ਼ਾਂ ਦੀ ਜਾਂਚ....

ਐਮਐਲਏ ਹੈ, ਦਾ ਕਹਿਣਾ ਹੈ ਕਿ ਉਹ ਆਰਸੀਐਮਪੀ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਕਰਨ ਲਈ ਤਿਆਰ ਰਹੇਗਾ ਤਾਂ ਜੋ ਇਸ ਮਾਮਲੇ ਵਿਚ ਜਲਦ ਤੋਂ ਜਲਦ ਸਾਰਥਿਕ ਸਿੱਟੇ ਸਭ ਦੇ ਸਾਹਮਣੇ ਆ ਸਕਣ। ਕੈਲਵੇ ਵਲੋਂ ਇਸ ਮਾਮਲੇ ਬਾਰੇ ਪੱਤਰਕਾਰਾਂ ਨਾਲ ਕੋਈ ਵੀ ਸਵਾਲ ਜਵਾਬ ਵੀ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੈਲਵੇ 'ਤੇ ਦੋਸ਼ ਹਨ ਕਿ ਉਸ ਵੱਲੋਂ ਜੇਸਨ ਕੈਨੀ ਨੂੰ ਮਜ਼ਬੂਤ ਕਰਨ ਲਈ ਸਾਬਕਾ ਵਾਈਲਡਰੋਜ਼ ਆਗੂ ਬਰਾਇਨ ਜੀਨ 'ਤੇ ਹਮਲਾ ਕੀਤਾ ਗਿਆ ਸੀ। ਇਸ ਗੱਲ ਦਾ ਖੁਲਾਸਾ ਇਕ ਆਡੀਓ ਟੇਪ ਰਾਹੀਂ ਹੋਇਆ। ਯੂਸੀਪੀ ਦਾ ਕਹਿਣਾ ਹੈ ਕਿ ਕੈਨੀ ਦੀ ਮੁਹਿੰਮ ਦੌਰਾਨ ਕਿਸੇ ਵੀ ਦੂਜੀ ਮੁਹਿੰਮ ਲਈ ਧਨ ਨਹੀਂ ਭੇਜਿਆ ਗਿਆ।

ਜ਼ਿਕਰਯੋਗ ਹੈ ਕਿ ਐਮਐਲਏ ਪ੍ਰਭ ਗਿੱਲ, ਜਿਸ ਨੇ ਚੋਣ ਕਮਿਸ਼ਨਰ ਅਤੇ ਆਰਸੀਐਮਪੀ ਦੋਵੇਂ ਥਾਂਵਾਂ 'ਤੇ ਸ਼ਿਕਾਇਤ ਦਰਜ ਕਰਵਾਈ ਹੈ, ਦਾ ਕਹਿਣਾ ਹੈ ਕਿ ਜੇਕਰ ਇਸ ਸਾਰੇ ਮਾਮਲੇ ਦੀ ਜਾਂਚ ਕੀਤੀ ਜਾਵੇ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਣਗੇ। ਜਿਸ ਨਾਲ ਯੂਸੀਪੀ ਦੇ ਆਗੂਆਂ ਦਾ ਚਿਹਰਾ ਨੰਗਾ ਹੋਵੇਗਾ।

ਯੂਸੀਪੀ ਦੇ ਸਾਬਕਾ ਉਮੀਦਵਾਰ ਹੈਪੀ ਮਾਨ ਨੇ ਵੀ ਕੈਲਵੇ ਦੀ ਮੁਹਿੰਮ ਦੌਰਾਨ ਹੋਈਆਂ ਵਿੱਤੀ ਬੇਨਿਯਮੀਆਂ ਨੂੰ ਲੈ ਕੇ ਜਨਤਕ ਤੌਰ 'ਤੇ ਦੋਸ਼ ਲਾਏ ਹਨ। ਸ਼ਿਕਾਇਤਕਰਤਾ ਗਿੱਲ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਕੈਲਵੇ ਦੀ ਮੁਹਿੰਮ ਦੌਰਾਨ 40,000 ਡਾਲਰ ਦਾ ਅਜਿਹਾ ਚੰਦਾ ਸੀ ਜਿਸ ਵੇਰਵੇ ਨਸ਼ਰ ਨਹੀਂ ਹੋਏ।

ਜ਼ਿਕਰਯੋਗ ਹੈ ਕਿ ਕੈਲਵੇ ਦੀ ਮੁਹਿੰਮ ਨੂੰ ਲੈ ਕੇ ਚੋਣ ਕਮਿਸ਼ਨਰ ਵੱਲੋਂ ਦਸੰਬਰ ਵਿਚ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਤੋਂ ਪਹਿਲਾਂ ਚੋਣ ਕਮਿਸ਼ਨਰ ਵੱਲੋਂ ਯੂਸੀਪੀ ਦੇ ਕਈ ਆਗੂਆਂ ਨੂੰ ਵਿੱਤੀ ਬੇਨਿਯਮੀਆਂ ਕਾਰਨ ਜ਼ੁਰਮਾਨੇ ਸੁਣਾਏ ਜਾ ਚੁੱਕੇ ਹਨ।

ਸਫ਼ਾ 20 ਦੀ ਬਾਕੀ

ਐਸ. ਤਰਸੇਮ: ਸ਼ਬਦ ਦੇ ਸਹੀ ਅਰਥਾਂ ਵਿਚ ਸੂਰਮਾ ਸੀ ਉਹ !

ਉਹਦੇ ਸਾਹਿਤਕ ਨਾਂ ਦਾ 'ਐਸ' ਲੇਖਕਾਂ-ਪਾਠਕਾਂ ਵਾਸਤੇ ਅੱਜ ਤੱਕ ਬੁਝਾਰਤ ਹੈ। ਇਹ ਭੇਤ ਸੱਚਮੁੱਚ ਦਿਲਚਸਪ ਹੈ। ਤਰਸੇਮ ਦੇ ਜਨਮ ਵੇਲੇ ਉਹਦੀ ਦਾਦੀ ਨੇ ਨਾਂ ਸਵਰਾਜ ਰੱਖਣ ਦਾ ਸੁਝਾਅ ਦਿੱਤਾ ਪਰ ਬਾਕੀ ਟੱਬਰ ਤਰਸੇਮ ਲਾਲ ਦੇ ਪੱਖ ਵਿਚ ਸੀ। ਗੱਲ ਤਾਂ ਬਹੁਗਿਣਤੀ ਦੀ ਹੀ ਪੁੱਗ ਗਈ ਪਰ ਦਾਦੀ ਵੀ ਆਪਣੀ ਥਾਂ ਦ੍ਰਿੜ੍ਹ ਰਹੀ। ਉਹ ਅੰਤ ਤੱਕ ਤਰਸੇਮ ਨੂੰ ਸਵਰਾਜ ਆਖ ਕੇ ਹੀ ਬੁਲਾਉਂਦੀ ਰਹੀ। ਜਦੋਂ ਕਲਮੀ ਨਾਂ ਰੱਖਣ ਦਾ ਵੇਲਾ ਆਇਆ, ਤਰਸੇਮ ਨੇ ਦਾਦੀ ਦੇ ਮੋਹ ਦੀ ਲਾਜ ਪਾਲਦਿਆਂ ਸਵਰਾਜ ਨੂੰ ਐਸ ਬਣਾ ਕੇ ਬਾਕੀ ਪਰਿਵਾਰ ਦੇ ਦਿੱਤੇ ਨਾਂ ਤਰਸੇਮ ਤੋਂ ਵੀ ਅੱਗੇ ਰੱਖ ਲਿਆ।

ਪਿਛਲੇ ਕਾਫ਼ੀ ਸਮੇਂ ਤੋਂ ਉਹਨੇ ਇਕ ਹੋਰ, ਕੁਝ ਵਧੇਰੇ ਹੀ ਵੱਡਾ ਕਾਰਜ ਸ਼ੁਰੂ ਕਰ ਲਿਆ ਸੀ। ਉਹ ਇਕ ਬਿਰਧ-ਘਰ ਦੀ ਉਸਾਰੀ ਦਾ ਸਰਗਰਮ ਭਾਈਵਾਲ ਸੀ। ਉਹ ਆਪਣਾ ਸੁਫ਼ਨਾ ਦਸਦਾ, "ਬਜ਼ੁਰਗ ਸਤਿਕਾਰ ਨਾਲ ਰਹਿਣਗੇ। ਸਾਫ਼-ਸੁਥਰਾ ਮਾਹੌਲ, ਵਧੀਆ ਅੰਨ-ਪਾਣੀ, ਪੂਰੀ ਡਾਕਟਰੀ ਸੰਭਾਲ!"

2002 ਵਿਚ ਸੇਵਾਮੁਕਤ ਹੋਇਆ ਤਾਂ ਉਹਨੂੰ ਲੱਗਿਆ, ਨਵੇਂ ਮਿਲੇ ਇਸ ਵਧੀਕ ਸਮੇਂ ਵਿਚ ਕੁਝ ਹੋਰ ਸਾਹਿਤਕ ਕੀਤਾ ਜਾ ਸਕਦਾ ਹੈ ਤੇ ਕੀਤਾ ਜਾਣਾ ਚਾਹੀਦਾ ਹੈ। ਆਖ਼ਰ ਉਹਦਾ ਇਰਾਦਾ ਸਾਹਿਤਕ ਰਸਾਲਾ ਕੱਢਣ ਉੱਤੇ ਇਕਾਗਰ ਹੋ ਗਿਆ। ਰਸਾਲੇ ਬਾਰੇ ਉਹ ਮਨ-ਮੰਥਨ ਵੀ ਕਰਨ ਲੱਗਿਆ ਤੇ ਨੇੜਲਿਆਂ ਨਾਲ ਸਲਾਹਾਂ ਵੀ। ਉਹਦੀ ਵਿਉਂਤ ਨਾਲ ਹੈਰਾਨ ਹੋ ਕੇ ਮੈਂ ਕਿਹਾ, "ਤਰਸੇਮ, ਤੈਨੂੰ ਪਤਾ ਵੀ ਹੈ, ਤੂੰ ਕੀ ਕਰਨ ਦੀ ਸਲਾਹ ਬਣਾਈ ਬੈਠਾ ਹੈਂ? ਇਹ ਬਹੁਤ ਭੱਜ-ਭਜਾਈ ਦਾ ਕੰਮ ਹੁੰਦਾ ਹੈ। ਪਹਿਲਾ ਅੰਕ ਡਾਕ ਵਿਚ ਪਿਆ ਨਹੀਂ ਹੁੰਦਾ, ਦੂਜੇ ਦੀ ਤਿਆਰੀ ਵਿਚ ਜੁਟਣਾ ਪੈਂਦਾ ਹੈ।" ਉਹਨੇ ਸਹਿਜ ਨਾਲ ਜਵਾਬ ਦਿੱਤਾ, "ਆਪਾਂ ਤਿਮਾਹੀ ਕੱਢਾਂਗੇ। ਤਿਮਾਹੀ ਵਿਚ ਬਹੁਤੀ ਭੱਜ-ਦੌੜ ਨਹੀਂ ਹੋਣੀ।" ਮੈਂ ਦੂਜੀ ਮੁਸ਼ਕਲ ਦੱਸੀ, "ਹਰ ਵਾਰ ਚੰਗੀਆਂ ਰਚਨਾਵਾਂ ਕਿੱਥੋਂ ਲਵੇਂਗਾ। ਬਹੁਤਾ ਕੁਝ, ਤੈਨੂੰ ਪਤਾ ਹੀ ਹੈ, ਹੁਣ ਕਿਹੋ ਜਿਹਾ ਲਿਖਿਆ ਜਾ ਰਿਹਾ ਹੈ।" ਉਹਦਾ ਜਵਾਬ ਪਹਿਲਾਂ ਤੋਂ ਹੀ ਸੋਚਿਆ ਹੋਇਆ ਸੀ, "ਆਪੇ ਆਉਣ ਵਾਲੀਆਂ ਰਚਨਾਵਾਂ ਬਰੀਕ ਛਾਨਣੀ ਨਾਲ ਛਾਣਿਆ ਕਰਾਂਗੇ ਤੇ ਚੰਗੇ ਲੇਖਕਾਂ ਤੋਂ ਆਪ ਲਿਖਵਾਇਆ ਕਰਾਂਗੇ।" ਆਪਣੇ ਇਸ ਦਾਅਵੇ ਉੱਤੇ ਉਹ ਕਾਫ਼ੀ ਹੱਦ ਤੱਕ ਪੂਰਾ ਉਤਰਦਾ ਰਿਹਾ।

ਇਉਂ 2004 ਵਿਚ 'ਨਜ਼ਰੀਆ' ਦਾ ਜਨਮ ਹੋਇਆ। ਉਹਨੇ ਨਾ ਕਦੀ ਇਹਦਾ ਅੰਕ ਖੁੰਝਾਇਆ ਤੇ ਨਾ ਇਹਦਾ ਮਿਆਰ ਪਤਲਾ ਪੈਣ ਦਿੱਤਾ। ਹੁਣ ਉਮਰ ਨਾਲ ਸੰਬੰਧਿਤ ਤਕਲੀਫ਼ਾਂ ਵਧਣ ਲੱਗੀਆਂ ਸਨ। ਉਹ ਹਰ ਵਾਰ ਜਵਾਬ ਦਿੰਦਾ, "ਸਰੀਰ ਕੁਛ ਠੀਕ ਨਹੀਂ ਰਹਿੰਦਾ।" ਦੂਜੇ ਪਾਸੇ ਉਹ 'ਨਜ਼ਰੀਆ' ਦੇ ਸਾਂਭਣਜੋਗ ਵੱਡ-ਆਕਾਰੀ ਅੰਕ ਕੱਢਣ ਲੱਗ ਪਿਆ ਸੀ। ਖਾਸ ਕਰ ਕੇ ਮੰਟੋ, ਬੇਦੀ ਤੇ ਕ੍ਰਿਸ਼ਨ ਚੰਦਰ ਬਾਰੇ ਉਹਦੇ ਅੰਕ ਪਾਠਕਾਂ ਵਾਸਤੇ ਸੌਗਾਤ ਸਿੱਧ ਹੋਏ। ਆਖ਼ਰੀ ਅੰਕ, ਜੋ ਉਹ ਆਪਣੇ ਹੱਥੀਂ ਡਾਕ ਵਿਚ ਪਾ ਗਿਆ, ਦਲਿਤ ਸਾਹਿਤ ਉੱਤੇ ਕੇਂਦਰਿਤ 'ਹਾਸ਼ੀਏ ਦੀ ਹਾਕ ਦੇ ਪ੍ਰਸੰਗ ਵਿਚ' ਸੀ। ਬਿਮਾਰ ਹੋਣ ਤੋਂ ਇਕ ਦਿਨ ਪਹਿਲਾਂ ਉਹਦਾ ਫੋਨ ਆਇਆ, "ਅਗਲਾ ਅੰਕ ਆਪਾਂ ਜੱਲ੍ਹਿਆਂਵਾਲਾ ਬਾਗ਼ ਦੇ ਸਾਕੇ ਦੀ ਸ਼ਤਾਬਦੀ ਦਾ ਕੱਢਣਾ ਹੈ, ਤੁਹਾਡਾ ਲੇਖ ਮੈਨੂੰ ਜ਼ਰੂਰ ਚਾਹੀਦਾ ਹੈ।"

ਉਹਦੇ ਚਲਾਣੇ ਦੀ ਖ਼ਬਰ ਮਿਲੀ ਤਾਂ ਉਦਾਸ ਮਨ ਨੇ ਸੋਚਿਆ, "ਜੇ ਇਸ ਬੰਦੇ ਦੇ ਅੱਖਾਂ ਹੁੰਦੀਆਂ, ਪਤਾ ਨਹੀਂ ਕੀ ਕੁਝ ਕਰ ਦਿਖਾਉਂਦਾ!" ਉਸੇ ਪਲ ਅੰਦਰੋਂ ਹੀ ਜਵਾਬ ਮਿਲਿਆ, "ਨਹੀਂ! ਫੇਰ ਉਹਨੇ ਤੇਰੇ ਵਰਗੇ ਅੱਖਾਂ ਵਾਲਿਆਂ ਜਿੰਨਾ ਕੰਮ ਹੀ ਕਰਨਾ ਸੀ!"

ਮੋਬਾਈਲ : 011-425023644

ਸਫ਼ਾ 3 ਦੀ ਬਾਕੀ

ਐਨ.ਡੀ.ਪੀ. ਸਰਕਾਰ ਵਲੋਂ ਪ੍ਰਾਈਵੇਟ ਹੈਲਥ ਕੇਅਰ 'ਤੇ ਰੋਕ ਲਈ ਬਿੱਲ ਪਾਸ

ਉਨ੍ਹਾਂ ਸਕੂਲਾਂ ਵਿਚ 30,000 ਬੱਚਿਆਂ ਲਈ ਸ਼ੁਰੂ ਕੀਤੇ ਪੌਸ਼ਟਿਕ ਭੋਜਨ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਤੀਸਰੇ ਕੁਆਰਟਰ ਦੀ ਰਿਪੋਰਟ ਦੱਸਦੀ ਹੈ ਕਿ ਬੱਜਟ ਘਾਟਾ ਉਮੀਦ ਨਾਲੋਂ 1.90 ਬਿਲੀਅਨ ਡਾਲਰ ਘੱਟ ਅਤੇ ਸੂਬੇ ਦੀ ਬੈਲੇਂਸ ਸ਼ੀਟ ਕਨੇਡਾ ਭਰ ਵਿਚ ਸਭ ਤੋਂ ਮਜ਼ਬੂਤ ਹੈ। ਇਸੇ ਦੌਰਾਨ ਲੈਫਟੀਨੈਂਟ ਗਵਰਨਰ ਦੇ ਭਾਸ਼ਣ ਤੋਂ ਤੁਰੰਤ ਬਾਅਦ ਸਿਹਤ ਮੰਤਰੀ ਸਾਰਾ ਹੌਫਮੈਨ ਵਲੋਂ ਪ੍ਰਾਈਵੇਟ ਹੈਲਥ ਕੇਅਰ ਨੂੰ ਰੋਕਣ ਲਈ ਬਿੱਲ ਪੇਸ਼ ਕੀਤਾ ਗਿਆ, ਜੋ ਪਾਸ ਹੋ ਗਿਆ। ਇਸੇ ਬਿਲ ਦੇ ਪਾਸ ਹੋਣ ਨਾਲ ਅਲਬਰਟਾ ਵਿਚ ਅਮਰੀਕਨ ਸਟਾਈਲ ਹੈਲਥ ਕੇਅਰ ਸੰਭਵ ਨਹੀਂ ਹੋ ਸਕੇਗਾ, ਜਿਸ ਦੀ ਵਕਾਲਤ ਵਿਰੋਧੀ ਧਿਰ ਦੇ ਆਗੂ ਜੇਸਨ ਕੈਨੀ ਕਰਦੇ ਰਹੇ ਹਨ। ਸਾਰਾ ਹੌਫਮੈਨ ਨੇ ਕਿਹਾ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਕਲੀਨਿਕ ਮੈਂਬਰਸ਼ਿਪ ਫੀਸ ਨਹੀਂ ਚਾਰਜ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਸਭ ਲਈ ਬਰਾਬਰ ਹੋਣੀਆਂ ਚਾਹੀਦੀਆਂ ਹਨ, ਨਾ ਕਿ ਸਿਰਫ਼ ਉਨ੍ਹਾਂ ਲਈ ਜੋ ਇਸ ਦੀ ਕੀਮਤ ਅਦਾ ਕਰ ਸਕਣ। ਵਿਰੋਧੀ ਧਿਰ ਦੇ ਨੇਤਾ ਜੇਸਨ ਕੈਨੀ ਨੇ ਲੈਫਟੀਨੈਂਟ ਗਵਰਨਰ ਦੇ ਭਾਸ਼ਣ ਨੂੰ ਅਸਲੀਅਤ ਤੋਂ ਦੂਰ ਦੱਸਿਆ।

ਸਫ਼ਾ 21 ਦੀ ਬਾਕੀ

ਗਨ ਹਿੰਸਾ ਤੋਂ ਪ੍ਰੇਸ਼ਾਨ ਅਮਰੀਕਾ ਵਿਚ ਫਾਇਰਿੰਗ ਦੌਰਾਨ ਵਿਦਿਆਰਥੀਆਂ ਦੀ ਹਿੱਸੇਦਾਰੀ 3 ਸਾਲ 'ਚ 137% ਵਧੀ

ਕਲਾਸਾਂ ਦਾ ਬਾਈਕਾਟ ਕੀਤਾ ਗਿਆ। ਫਿਰ ਵੀ, ਅਜਿਹੇ ਸਕੂਲਾਂ ਦੀ ਸੰਖਿਆ ਵਧਦੀ ਜਾ ਰਹੀ ਹੈ, ਜੋ ਬਤੌਰ ਐਕਸਟਰਾ ਕਰੀਕੁਲਰ ਗਤੀਵਿਧੀ ਸ਼ੂਟਿੰਗ ਟੀਮਾਂ ਨੂੰ ਮਨਜ਼ੂਰੀ ਦਿੰਦੇ ਹਨ। ਉਦਾਹਰਣ ਲਈ 2015 ਵਿਚ ਯੂ.ਐਸ.ਏ. ਕਲੇਟਾਰਗੇਟ ਲੀਗ ਵਿਚ ਤਿੰਨ ਸੂਬਿਆਂ ਦੇ 317 ਸਕੂਲਾਂ ਦੇ 9245 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਉਸ ਤੋਂ ਬਾਅਦ ਵਿਦਿਆਰਥੀਆਂ ਦੀ ਹਿੱਸੇਦਾਰੀ ਵਿਚ 137% ਵਾਧਾ ਹੋਇਆ ਹੈ। 2018 ਵਿਚ 20 ਰਾਜਾਂ ਦੇ 21917 ਵਿਦਿਆਰਥੀਆਂ ਨੇ ਹਿੱਸਾ ਲਿਆ।

ਇਹ ਵਾਧਾ ਅਮਰੀਕਾ ਵਿਚ ਗਨ ਅਤੇ ਬਾਲਗਾਂ ਦੀ ਪੇਚੀਦਾ ਅਤੇ ਚੁਣੌਤੀਪੂਰਨ ਅਸਲੀਅਤਾਂ ਦੀ ਝਲਕ ਦਿਖਾਈ ਦਿੰਦੀ ਹੈ। ਫਾਇਰਆਰਮਸ 'ਤੇ ਚੱਲ ਰਹੀ ਕੌਮੀ ਬਹਿਸ ਹਾਈ ਸਕੂਲਾਂ ਦੀਆਂ ਸ਼ੂਟਿੰਗ ਟੀਮਾਂ 'ਤੇ ਵੀ ਕੇਂਦਰਤ ਰਹਿੰਦੀ ਹੈ। ਨੈਸ਼ਨਲ ਰਾਈਫਲ ਐਸੋਸੀਏਸ਼ਨ ਇਨ੍ਹਾਂ ਪ੍ਰੋਗਰਾਮਾਂ ਲਈ ਪੈਸਾ ਦਿੰਦੀ ਹੈ। 2014 ਤੋਂ 2016 ਦੌਰਾਨ ਉਸ ਨੇ ਸਕੂਲਾਂ ਅਤੇ ਸ਼ੂਟਿੰਗ ਸਪੋਰਟ ਨਾਲ ਜੁੜੇ ਸੰਗਠਨਾਂ ਨੂੰ 40 ਲੱਖ ਡਾਲਰ ਦਿੱਤੇ। ਕਹਿਣ ਨੂੰ ਐਨ.ਆਰ.ਏ. ਦਾ ਜ਼ੋਰ ਗਨ ਸੇਫਟੀ ਅਤੇ ਟਰੇਨਿੰਗ 'ਤੇ ਹੈ। ਪਰ ਇਸ ਦਾ ਸਬੰਧ ਐਨ.ਆਰ.ਏ. ਦੇ ਇਕ ਅਜਿਹੀ ਸਿਆਸੀ ਸ਼ਕਤੀ ਦੇ ਰੂਪ ਵਿਚ ਬਦਲਣ ਨਾਲ ਵੀ ਹੈ ਜੋ ਸਭਿਆਚਾਰਕ ਜਨੂੰਨ ਨਾਲ ਫਾਇਰ ਆਰਮਸ ਨੂੰ ਹੱਲਾਸ਼ੇਰੀ ਦਿੰਦੀ ਹੈ। ਐਨ.ਆਰ.ਏ. ਦੇ ਮੈਂਬਰ ਅਤੇ ਇਕ ਸਕੂਲ ਦੇ ਸ਼ੂਟਿੰਗ ਕੋਚ ਬੈਰੀ ਥਾਮਪਸਨ ਕਹਿੰਦੇ ਹਨ, "ਸਾਡਾ ਅਪ੍ਰਤੱਖ ਉਦੇਸ਼ ਹੈ। ਇਹ ਬੱਚੇ ਅੱਗੇ ਜਾ ਕੇ ਵੋਟਰ ਬਣਨਗੇ।'

ਗਨ ਰੱਖਣ ਦੀ ਛੋਟ ਦੇਣ ਦੇ ਆਲੋਚਕ ਵੀ ਮੁੱਦੇ ਨੂੰ ਇਸ ਨਜ਼ਰ ਨਾਲ ਦੇਖਦੇ ਹਨ। ਨਿਊਯਾਰਕ ਸਿਟੀ ਤੋਂ ਰਾਜ ਵਿਧਾਨ ਸਭਾ ਦੀ ਡੈਮੋਕਰੈਟਿਕ ਮੈਂਬਰ ਲਿੰਡਾ ਰੋਸੇਨਥਾਲ ਦਾ ਕਹਿਣਾ ਹੈ, 'ਐਨ.ਆਰ.ਏ. ਜਿਸ ਗੱਲ ਦਾ ਸਮਰਥਨ ਕਰਦਾ ਹੈ, ਉਹ ਸਮਾਜ ਲਈ ਚੰਗਾ ਨਹੀਂ ਹੈ। ਇਹ ਐਨ.ਆਰ.ਏ. ਦਾ ਅਸਰ ਵਧਾਉਣ ਅਤੇ ਗਨ ਦੀ ਵਰਤੋਂ ਦਾ ਵਿਸਤਾਰ ਕਰਨ ਲਈ ਲਾਹੇਵੰਦ ਹੈ।' ਉਨ੍ਹਾਂ ਨੇ ਸ਼ੂਟਿੰਗ ਚੈਂਪੀਅਨਸ਼ਿਪ ਵਿਚ ਆਪਣੇ ਰਾਜ ਦੇ ਸਰਕਾਰੀ ਸਕੂਲਾਂ ਦੀ ਹਿੱਸੇਦਾਰੀ ਰੋਕਣ ਲਈ ਬਿਲ ਪੇਸ਼ ਕੀਤਾ ਹੈ। ਰੋਸੇਨਥਾਲ ਜ਼ਿਕਰ ਕਰਦੀ ਹੈ, 'ਪਾਰਕਲੈਂਡ ਫਲੋਰੀਡਾ ਵਿਚ ਮਾਰਜੋਰੀ ਸਟੋਨਮੈਨ ਡਗਲਸ ਹਾਈ ਸਕੂਲ ਵਿਚ 17 ਬੱਚਿਆਂ ਦੀ ਹੱਤਿਆ ਦਾ ਦੋਸ਼ੀ ਨਿਕੋਲਸ ਕਰੁਜ ਉਨ੍ਹਾਂ ਦੇ ਹਾਈ ਸਕੂਲ ਦੀ ਰਾਈਫਲ ਟੀਮ ਦਾ ਮੈਂਬਰ ਸੀ।

ਕਹਾਣੀ

ਮੋਈ ਅੱਗ

ਲੂ ਸ਼ੁਨ ਦੀਆਂ ਅਮਰ ਰਚਨਾਵਾਂ

ਮੈਂ ਇਕ ਸੁਪਨਾ ਵੇਖਿਆ। ਮੈਂ ਬਰਫ਼ ਦੇ ਪਹਾੜ 'ਤੇ ਭੱਜਿਆ ਜਾ ਰਿਹਾ ਸੀ।

ਇਹ ਇਕ ਵੱਡਾ, ਬਹੁਤ ਉੱਚਾ ਪਹਾੜ ਸੀ ਜਿਸ ਦੀਆਂ ਚੋਟੀਆਂ ਬਰਫ਼ੀਲੇ ਅਸਮਾਨ ਨੂੰ ਛੂਹ ਰਹੀਆਂ ਸਨ ਅਤੇ ਅਸਮਾਨ ਜੰਮੇ ਹੋਏ ਬੱਦਲਾਂ ਨਾਲ ਭਰਿਆ ਹੋਇਆ ਸੀ ਜੋ ਮੱਛੀ ਦੀ ਖੱਲ ਵਾਂਗ ਲੱਗ ਰਹੇ ਸਨ। ਪਹਾੜ ਦੇ ਪੈਰਾਂ ਵਿਚ ਬਰਫ਼ ਦਾ ਜੰਗਲ ਸੀ ਜਿਸ ਵਿਚ ਪਾਈਨ ਅਤੇ ਸਾਈਪ੍ਰਸ ਦੇ ਰੁੱਖਾਂ ਜਿਹੇ ਪੱਤੇ ਅਤੇ ਟਾਹਣੀਆਂ ਨਜ਼ਰ ਆ ਰਹੀਆਂ ਸਨ। ਸਭ ਕੁਝ ਬਰਫ਼ੀਲਾ ਠੰਢਾ ਸੀ, ਠੰਢੀ ਸਵਾਹ ਵਾਂਗਰ ਬੇਜਾਨ।

ਪਰ ਚਾਣਚੱਕ ਮੈਂ ਬਰਫ਼ ਦੀ ਘਾਟੀ ਵਿਚ ਡਿੱਗ ਪਿਆ।

ਚਾਰੇ ਪਾਸੇ, ਉੱਪਰ-ਹੇਠਾਂ ਸਭ ਕੁਝ ਬਰਫ਼ੀਲਾ ਠੰਢਾ ਸੀ, ਠੰਢੀ ਸਵਾਹ ਵਾਂਗੂ ਬੇਜਾਨ। ਪਰ ਰੰਗਹੀਣ ਬਰਫ਼ ਉੱਪਰ ਅਣਗਿਣਤ ਲਾਲ ਪ੍ਰਛਾਵੇਂ ਖਿੰਡੇ ਹੋਏ ਸਨ, ਮੂੰਗੇ ਦੇ ਜਾਲ ਵਾਂਗ ਆਪਣੇ ਵਿਚ ਗੁੱਥਮ-ਗੁੱਥਾ। ਹੇਠਾਂ ਦੇਖਿਆ ਤਾਂ ਮੇਰੇ ਪੈਰਾਂ ਕੋਲ ਇਕ ਭਾਂਬੜ ਪਿਆ ਦਿਸਿਆ।

ਇਹ ਮੋਈ ਅੱਗ ਸੀ। ਇਹਦਾ ਰੂਪ ਲਟ-ਲਟ ਕਰਦੀਆਂ ਲਪਟਾਂ ਜਿਹਾ ਸੀ, ਪਰ ਇਹ ਬਿਲਕੁਲ ਸਥਿਰ ਸੀ, ਪੂਰੀ ਤਰ੍ਹਾਂ ਜੰਮੀ ਹੋਈ, ਮੂੰਗੇ ਦੀਆਂ ਸ਼ਾਖਾਵਾਂ ਵਾਂਗ ਅਤੇ ਇਹਦੇ ਕਿਨਾਰਿਆਂ 'ਤੇ ਜੰਮਿਆ ਹੋਇਆ ਕਾਲਾ ਧੂੰਆਂ, ਜੋ ਸਿੱਧਾ ਕਿਸੇ ਚਿਮਨੀ ਵਿਚੋਂ ਨਿੱਕਲਿਆ ਜਾਪ ਰਿਹਾ ਸੀ। ਚਾਰ-ਚੁਫੇਰੇ ਦੀ ਬਰਫ਼ 'ਤੇ ਪੈ ਰਹੇ ਇਹਦੇ ਅਕਸ ਚਮਕਦੀ ਬਰਫ਼ ਵਿਚ ਕਈ ਗੁਣਾ ਹੋ ਕੇ ਅਣਗਿਣਤ ਦਿੱਖਾਂ ਵਿਚ ਬਦਲ ਗਏ ਸਨ, ਜਿਸ ਕਾਰਨ ਬਰਫ਼ ਦੀ ਘਾਟੀ ਮੂੰਗੇ ਵਾਂਗ ਲਾਲ ਹੋ ਗਈ ਸੀ।

ਆਹ!

ਬਚਪਨ ਵਿਚ ਤੇਜ਼ ਚਲਦੇ ਜਹਾਜ਼ਾਂ ਕਾਰਨ ਸਮੁੰਦਰ ਵਿਚ ਉੱਠਦੀ ਝੱਗ ਅਤੇ ਮਘਦੀ ਭੱਠੀ ਵਿਚੋਂ ਨਿੱਕਲਦੀਆਂ ਲਪਟਾਂ ਨੂੰ ਵੇਖਣਾ ਮੈਨੂੰ ਬੜਾ ਚੰਗਾ ਲਗਦਾ ਸੀ। ਉਨ੍ਹਾਂ ਨੂੰ ਵੇਖਣਾ ਮੈਨੂੰ ਪਸੰਦ ਹੀ ਨਹੀਂ ਸੀ, ਸਗੋਂ ਮੈਂ ਉਨ੍ਹਾਂ ਨੂੰ ਸਾਫ਼-ਸਾਫ਼ ਵੇਖਣਾ ਚਾਹੁੰਦਾ ਸੀ। ਪਰ ਉਹ ਲਗਾਤਾਰ ਬਦਲਦੇ ਰਹਿੰਦੇ ਸਨ ਅਤੇ ਉਨ੍ਹਾਂ ਦਾ ਕੋਈ ਇਕ ਰੂਪ ਹੀ ਨਹੀਂ ਸੀ ਹੁੰਦਾ। ਮੈਂ ਚਾਹੇ ਜਿੰਨਾ ਵੀ ਮਰਜ਼ੀ ਨਿਗ੍ਹਾ ਟਿਕਾ ਕੇ ਵੇਖਦਾ, ਮੇਰੇ ਮਨ ਵਿਚ ਕਦੇ ਵੀ ਉਹਦੀ ਸਪਸ਼ਟ ਤਸਵੀਰ ਨਹੀਂ ਬਣਦੀ ਸੀ।

ਆਖ਼ਰ ਮੈਂ ਤੈਨੂੰ ਹਾਸਲ ਕਰ ਹੀ ਲਿਆ, ਮੋਈ ਲਾਟ!

ਮੈਂ ਉਸ ਮੋਈ ਅੱਗ ਨੂੰ ਨੇੜਿਓਂ ਵੇਖਣ ਲਈ ਚੁੱਕਿਆ ਤਾਂ ਉਹਦੇ ਬਰਫ਼ੀਲੇਪਨ ਨਾਲ ਮੇਰੀਆਂ ਉਂਗਲਾਂ ਵੱਢੀਆਂ ਜਾਣ ਲੱਗੀਆਂ। ਪਰ ਦਰਦ ਸਹਿ ਕੇ ਵੀ ਮੈਂ ਉਹਨੂੰ ਆਪਣੀ ਜੇਬ ਵਿਚ ਪਾ ਲਿਆ। ਪੂਰੀ ਘਾਟੀ ਚਾਣਚੱਕ ਸਵਾਹ ਵਾਂਗ ਬਦਰੰਗ ਹੋ ਗਈ। ਮੈਂ ਸੋਚਣ ਲੱਗਿਆ ਕਿ ਇਸ ਥਾਂ ਤੋਂ ਨਿੱਕਲਿਆ ਕਿਵੇਂ ਜਾਵੇ।

ਮੇਰੇ ਸਰੀਰ ਵਿਚੋਂ ਕਾਲੇ ਧੂੰ ਦੀ ਇਕ ਲਕੀਰ ਲਰਜ਼ਦੀ ਜਿਹੀ ਬਾਹਰ ਨਿੱਕਲੀ ਅਤੇ ਤਾਰ ਦੇ ਸੱਪ ਵਾਂਗੂ ਉੱਪਰ ਉੱਠਣ ਲੱਗੀ। ਅਚਾਨਕ ਲਾਲ-ਲਾਲ ਲਪਟਾਂ ਹਰ ਪਾਸੇ ਵਹਿਣ ਲੱਗੀਆਂ ਅਤੇ ਮੈਂ ਇਕ ਬਹੁਤ ਵੱਡੇ ਅਗਨਕੁੰਡ ਦੇ ਐਨ ਵਿਚਕਾਰ ਸਾਂ। ਹੇਠਾਂ ਵੇਖਿਆ ਤਾਂ ਪਤਾ ਲੱਗਿਆ ਕਿ ਮੋਈ ਅੱਗ ਫਿਰ ਤੋਂ ਬਲ਼ ਉੱਠੀ ਸੀ, ਮੇਰੇ ਕੱਪੜਿਆਂ ਨੂੰ ਜਲਾ ਕੇ ਬਾਹਰ ਆ ਗਈ ਸੀ ਅਤੇ ਬਰਫ਼ੀਲੀ ਜ਼ਮੀਨ 'ਤੇ ਵਹਿ ਰਹੀ ਸੀ।

"ਆਹ ਦੋਸਤ!" ਉਹਨੇ ਕਿਹਾ, "ਤੂੰ ਮੈਨੂੰ ਆਪਣੀ ਗਰਮਾਹਟ ਨਾਲ ਜਗਾ ਦਿੱਤੈ!"

ਮੈਂ ਉਹਨੂੰ ਅਵਾਜ਼ ਮਾਰੀ ਅਤੇ ਉਹਦਾ ਨਾਂ ਪੁੱਛਿਆ।

ਮੇਰੇ ਸਵਾਲ ਨੂੰ ਅਣਗੌਲਿਆਂ ਕਰਦਿਆਂ ਉਹਨੇ ਕਿਹਾ, "ਲੋਕਾਂ ਨੇ ਮੈਨੂੰ ਇਸ ਬਰਫ਼ੀਲੀ ਘਾਟੀ ਵਿਚ ਲਿਆ ਕੇ ਛੱਡ ਦਿੱਤਾ ਸੀ। ਮੈਨੂੰ ਛੱਡਣ ਵਾਲੇ ਕਦੋਂ ਦੇ ਮਰ-ਖਪ ਗਏ ਹਨ ਅਤੇ ਮੈਂ ਵੀ ਇਸ ਬਰਫ਼ ਵਿਚ ਜੰਮ ਕੇ ਮਰਨ ਦੀ ਕੰਢੇ ਸੀ। ਜੇ ਤੂੰ ਮੈਨੂੰ ਦੁਬਾਰਾ ਗਰਮੀ ਨਾ ਦਿੰਦਾ ਅਤੇ ਮੈਨੂੰ ਫਿਰ ਤੋਂ ਨਾ ਜਗਾਉਂਦਾ, ਤਾਂ ਬਹੁਤ ਜਲਦੀ ਮੈਂ ਮਰ ਗਈ ਹੁੰਦੀ।"

"ਮੈਨੂੰ ਖ਼ੁਸ਼ੀ ਹੈ ਕਿ ਤੂੰ ਜਾਗ ਗਈ। ਮੈਂ ਇਸ ਬਰਫ਼ ਦੀ ਘਾਟੀ ਵਿਚੋਂ ਨਿੱਕਲਣ ਬਾਰੇ ਸੋਚ ਰਿਹਾ ਹਾਂ ਅਤੇ ਮੈਂ ਤੈਨੂੰ ਆਪਣੇ ਨਾਲ ਲਿਜਾਣਾ ਚਾਹੁੰਦਾ ਹਾਂ ਤਾਂ ਕਿ ਤੂੰ ਫਿਰ ਕਦੇ ਜੰਮੇਂ ਨਾ, ਸਗੋਂ ਸਦਾ-ਸਦਾ ਲਈ ਬਲਦੀ ਰਹੇਂ।"

"ਉਹ ਨਹੀਂ! ਫੇਰ ਤਾਂ ਮੈਂ ਬਲ਼ ਕੇ ਖ਼ਤਮ ਹੋ ਜਾਵਾਂਗੀ।"

"ਜੇ ਤੂੰ ਬਲ਼ ਕੇ ਖ਼ਤਮ ਹੋ ਗਈ ਤਾਂ ਮੈਨੂੰ ਬੜਾ ਦੁੱਖ ਹੋਣੈ। ਚੰਗਾ ਹੋਊ ਜੇ ਮੈਂ ਤੈਨੂੰ ਇੱਥੇ ਹੀ ਛੱਡ ਦਿਆਂ।"

"ਉਹ ਨਹੀਂ! ਫੇਰ ਤਾਂ ਮੈਂ ਇੱਥੇ ਜੰਮ ਕੇ ਮਰ ਜਾਊਂ।"

"ਫੇਰ ਕੀ ਕੀਤਾ ਜਾਵੇ?"

"ਤੂੰ ਖ਼ੁਦ ਕੀ ਕਰੇਂਗਾ?" ਉਹਨੇ ਮੋੜਵਾਂ ਸਵਾਲ ਕੀਤਾ।

"ਜਿਵੇਂ ਕਿ ਮੈਂ ਤੈਨੂੰ ਦੱਸ ਚੁੱਕਾ ਹਾਂ, ਮੈਂ ਇਸ ਬਰਫ਼ ਦੀ ਘਾਟੀ ਵਿਚੋਂ ਬਾਹਰ ਨਿੱਕਲਣਾ ਚਾਹੁੰਦਾ ਹਾਂ।"

"ਫੇਰ ਬਿਹਤਰ ਇਹੋ ਹੋਵੇਗਾ ਕਿ ਮੈਂ ਬਲ਼ਦੀ-ਬਲ਼ਦੀ ਖ਼ਤਮ ਹੋ ਜਾਵਾਂ।"

ਉਹ ਇਕ ਲਾਲ ਪੂਛਲ ਤਾਰੇ ਵਾਂਗ ਉੱਪਰ ਉੱਛਲੀ ਅਤੇ ਅਸੀਂ ਦੋਵੇਂ ਨਾਲ-ਨਾਲ ਘਾਟੀ ਤੋਂ ਬਾਹਰ ਆ ਗਏ। ਚਾਣਚੱਕ ਇਕ ਵੱਡੀ ਸਾਰੀ ਪੱਥਰ ਦੀ ਗੱਡੀ ਚਲਦੀ ਹੋਈ ਆਈ ਅਤੇ ਮੈਂ ਉਹਦੇ ਚੱਕਿਆਂ ਹੇਠ ਕੁਚਲ ਕੇ ਮਰ ਗਿਆ। ਪਰ ਮਰਦਿਆਂ-ਮਰਦਿਆਂ ਮੈਂ ਵੇਖਿਆ ਕਿ ਪੱਥਰ ਦੀ ਗੱਡੀ ਬਰਫ਼ ਦੀ ਘਾਟੀ ਵਿਚ ਡਿਗ ਰਹੀ ਹੈ।

"ਆਹ, ਤੂੰ ਮੋਈ ਅੱਗ ਨੂੰ ਫਿਰ ਕਦੇ ਨਹੀਂ ਮਿਲ ਸਕੇਂਗਾ।" ਇਹ ਕਹਿੰਦਿਆਂ ਮੈਂ ਖ਼ੁਸ਼ੀ ਨਾਲ ਹੱਸਿਆ, ਜਿਵੇਂ ਕਿ ਗੱਲ ਤੋਂ ਖ਼ੁਸ਼ ਹਾਂ ਕਿ ਅਜਿਹਾ ਹੋਣਾ ਚਾਹੀਦਾ ਸੀ।

(25 ਅਪ੍ਰੈਲ, 1925)



ਯੋਧਾ ਅਤੇ ਮੱਖੀਆਂ

ਸ਼ਾਪਨਹਾਵਰ ਨੇ ਕਿਹਾ ਹੈ ਕਿ ਮਨੁੱਖ ਦੀ ਮਹਾਨਤਾ ਦਾ ਅੰਦਾਜ਼ਾ ਲਾਉਣ ਵਿਚ, ਆਤਮਿਕ ਉਚਾਈ ਅਤੇ ਸਰੀਰਕ ਅਕਾਰ ਨੂੰ ਤੈਅ ਕਰਨ ਵਾਲੇ ਨੇਮ ਇਕ-ਦੂਜੇ ਦੇ ਵਿਰੁੱਧ ਹੁੰਦੇ ਹਨ ਕਿਉਂਕਿ ਉਹ ਸਾਡੇ ਤੋਂ ਜਿੰਨੇ ਦੂਰ ਹੁੰਦੇ ਹਨ, ਮਨੁੱਖਾਂ ਦੇ ਸਰੀਰ ਓਨੇ ਹੀ ਛੋਟੇ ਦਿਖਦੇ ਹਨ ਅਤੇ ਉਨ੍ਹਾਂ ਦੀਆਂ ਆਤਮਾਵਾਂ ਓਨੀਆਂ ਹੀ ਮਹਾਨ।

ਕਿਉਂਕਿ ਨੇੜਿਓਂ ਦੇਖਣ 'ਤੇ ਕਿਸੇ ਵੀ ਵਿਅਕਤੀ ਦਾ ਨਾਇਕਪੁਣਾ ਘੱਟ ਲੱਗਣ ਲੱਗਦਾ ਹੈ, ਜਿੱਥੋਂ ਉਹਦੇ ਦਾਗ਼ ਅਤੇ ਜ਼ਖ਼ਮ ਸਾਫ਼ ਨਜ਼ਰੀਂ ਆਉਂਦੇ ਹਨ, ਉਹ ਸਾਡੇ 'ਚੋਂ ਹੀ ਇਕ ਦਿਖਦਾ ਹੈ, ਦੇਵਤਾ, ਦੈਵੀ ਪ੍ਰਾਣੀ ਜਾਂ ਕਿਸੇ ਨਵੀਂ ਪ੍ਰਜਾਤੀ ਦਾ ਜੀਵ ਨਹੀਂ। ਉਹ ਬਸ ਮਨੁੱਖ ਹੁੰਦਾ ਹੈ ਪਰ ਇਸੇ ਵਿਚ ਤਾਂ ਉਹਦੀ ਮਹਾਨਤਾ ਹੁੰਦੀ ਹੈ। ਜਦ ਕੋਈ ਯੋਧਾ ਯੁੱਧ ਵਿਚ ਮਰਦਾ ਹੈ ਤਾਂ ਮੱਖੀਆਂ ਨੂੰ ਸਭ ਤੋਂ ਪਹਿਲਾਂ ਉਹਦੇ ਦਾਗ਼ ਅਤੇ ਜ਼ਖ਼ਮ ਨਜ਼ਰ ਆਉਂਦੇ ਹਨ। ਉਹ ਉਨ੍ਹਾਂ 'ਤੇ ਟੁੱਟ ਪੈਂਦੀਆਂ ਹਨ, ਗੁਣਗੁਣਾਉਂਦੀਆਂ ਹੋਈਆਂ ਇਹ ਸੋਚ ਕੇ ਬਹੁਤ ਖ਼ੁਸ਼ ਹੁੰਦੀਆਂ ਹਨ ਕਿ ਉਹ ਹਾਰੇ ਹੋਏ ਯੋਧੇ ਤੋਂ ਵੀ ਮਹਾਨ ਵੀਰ ਹਨ ਅਤੇ ਕਿਉਂਕਿ ਯੋਧਾ ਮਰ ਚੁੱਕਿਆ ਹੈ ਅਤੇ ਉਨ੍ਹਾਂ ਨੂੰ ਦੌੜਾਉਂਦਾ ਨਹੀਂ ਤਾਂ ਮੱਖੀਆਂ ਹੋਰ ਜ਼ੋਰ ਨਾਲ ਭਿਣਭਿਣਾਉਂਦੀਆਂ ਹਨ ਅਤੇ ਕਲਪਨਾ ਕਰਦੀਆਂ ਹਨ ਕਿ ਉਹ ਅਮਰ ਸੰਗੀਤ ਪੈਦਾ ਕਰ ਰਹੀਆਂ ਹਨ ਕਿਉਂਕਿ ਉਹ ਤਾਂ ਉਸ ਨਾਲੋਂ ਕਿਤੇ ਵੱਧ ਪੂਰਨ ਅਤੇ ਦੋਸ਼ ਰਹਿਤ ਹਨ।

ਸੱਚ ਹੈ, ਕੋਈ ਵੀ ਮੱਖੀਆਂ ਦੇ ਦਾਗ਼ਾਂ ਅਤੇ ਜ਼ਖ਼ਮਾਂ 'ਤੇ ਧਿਆਨ ਨਹੀਂ ਦਿੰਦਾ।

ਫਿਰ ਵੀ, ਯੋਧਾ ਆਪਣੇ ਸਾਰੇ ਦਾਗ਼ਾਂ ਦੇ ਬਾਵਜੂਦ ਇਕ ਯੋਧਾ ਹੈ, ਜਦਕਿ ਸਭ ਤੋਂ ਪੂਰਨ ਅਤੇ ਦੋਸ਼ ਰਹਿਤ ਮੱਖੀ ਵੀ ਮੱਖੀ ਹੀ ਹੈ।

ਚਲੋ ਖਿੰਡੋ, ਮੱਖੀਓ! ਤੁਹਾਡੇ ਕੋਲ ਖੰਭ ਹੋਣਗੇ ਅਤੇ ਤੁਸੀਂ ਭਿਣਭਿਣਾ ਸਕਦੀਆਂ ਹੋਵੇਂਗੀਆਂ ਪਰ ਤੁਸੀਂ ਕਦੀ ਵੀ ਇਕ ਯੋਧੇ ਦਾ ਮੁਕਾਬਲਾ ਨਹੀਂ ਕਰ ਸਕਦੀਆਂ, ਕੀੜੇ ਕਿਤੋਂ ਦੇ!

ਪੱਤਝੜ ਦੀ ਰਾਤ

ਮੇਰੇ ਪਿਛਲੇ ਵਿਹੜੇ ਦੀ ਕੰਧ ਕੋਲ ਤੁਸੀਂ ਦੋ ਰੁੱਖ ਦੇਖ ਸਕਦੇ ਹੋ ਇਕ ਖਜੂਰ ਦਾ ਰੁੱਖ ਹੈ ਤੇ ਦੂਜਾ ਵੀ ਖਜੂਰ ਦਾ ਰੁੱਖ ਹੈ।

ਉਨ੍ਹਾਂ ਉੱਪਰ ਰਾਤ ਦਾ ਅਸਮਾਨ ਬਹੁਤ ਅਨੋਖਾ ਅਤੇ ਉੱਚਾ ਹੈ। ਮੈਂ ਕਦੇ ਏਨਾ ਅਨੋਖਾ ਤੇ ਉੱਚਾ ਅਸਮਾਨ ਨਹੀਂ ਵੇਖਿਆ। ਲਗਦਾ ਹੈ ਉਹ ਮਨੁੱਖਾਂ ਦੇ ਇਸ ਸੰਸਾਰ ਨੂੰ ਛੱਡਣਾ ਚਾਹੁੰਦਾ ਹੈ ਤਾਂ ਕਿ ਜਦੋਂ ਲੋਕ ਉੱਪਰ ਵੇਖਣ ਤਾਂ ਉਸ ਨੂੰ ਵੇਖ ਨਾ ਸਕਣ। ਫਿਲਹਾਲ ਇਹ ਬਿਲਕੁਲ ਨੀਲਾ ਹੈ, ਪਰ ਉਸ ਦੀਆਂ ਅਨੇਕਾਂ ਘੂਰਦੀਆਂ ਅੱਖਾਂ ਠੰਢੀਆਂ ਝਪਕੀਆਂ ਲੈ ਰਹੀ ਹਨ। ਉਸ ਦੇ ਬੁੱਲ੍ਹਾਂ ਉੱਤੇ ਉੱਡਦੀ ਜਿਹੀ ਮੁਸਕਰਾਹਟ ਖੇਡ ਰਹੀ ਹੈ, ਮੁਸਕਰਾਹਟ ਜਿਸ ਨੂੰ ਉਹ ਬਹੁਤ ਅਹਿਮ ਸਮਝਦਾ ਹੈ ਤੇ ਉਹ ਰੋਜ਼ ਮੇਰੇ ਵਿਹੜੇ ਦੇ ਜੰਗਲੀ ਬੂਟਿਆਂ ਨੂੰ ਸੰਘਣੇ ਕੋਹਰੇ ਨਾਲ ਢਕ ਦਿੰਦਾ ਹੈ।

ਮੈਨੂੰ ਨਹੀਂ ਪਤਾ ਇਨ੍ਹਾਂ ਬੂਟਿਆਂ ਨੂੰ ਕੀ ਕਹਿੰਦੇ ਨੇ, ਉਨ੍ਹਾਂ ਨੂੰ ਆਮ ਤੌਰ 'ਤੇ ਕਿਹੜੇ ਨਾਮਾਂ ਨਾਲ ਜਾਣਿਆ ਜਾਂਦਾ ਹੈ। ਮੈਨੂੰ ਯਾਦ ਹੈ ਕਿ ਉਨ੍ਹਾਂ ਵਿਚੋਂ ਇਕ ਉੱਤੇ ਛੋਟੇ ਗੁਲਾਬੀ ਫੁੱਲ ਲੱਗੇ ਹੋਏ ਸਨ ਅਤੇ ਉਸ ਦੇ ਫੁੱਲ ਹਾਲੇ ਤੱਕ ਖਿੜੇ ਹੋਏ ਹਨ, ਭਾਵੇਂ ਪਹਿਲਾਂ ਨਾਲੋਂ ਵੱਧ ਛੋਟੇ ਹਨ। ਠੰਢੀ ਰਾਤ ਦੀ ਹਵਾ ਵਿਚ ਠਰਦੇ ਹੋਏ ਉਹ ਆਉਣ ਵਾਲੀ ਬਹਾਰ ਦਾ, ਪੱਤਝੜ ਜਾਣ ਦਾ ਸੁਪਨੇ ਵੇਖਦੇ ਹਨ। ਉਹ ਸੁਪਨੇ ਵੇਖਦੇ ਹਨ ਕਿ ਉਨ੍ਹਾਂ ਦੇ ਆਖ਼ਰੀ ਪੱਤਿਆਂ ਉੱਤੇ ਇਕ ਕੁਸ਼ਕਾਇ ਕਵੀ ਵਲੋਂ ਹੰਝੂ ਪੂੰਝਣ ਦਾ, ਜੋ ਉਨ੍ਹਾਂ ਨੂੰ ਦੱਸਦਾ ਹੈ ਕਿ ਪੱਤਝੜ ਆਵੇਗਾ ਤੇ ਸਿਆਲ ਆਉਣਗੇ, ਪਰ ਫੇਰ ਬਹਾਰ ਆਵੇਗੀ, ਜਦੋਂ ਤਿਤਲੀਆਂ ਇੱਧਰੋਂ-ਉੱਧਰ ਨੱਚਣਗੀਆਂ ਅਤੇ ਸਭ ਮਧੂ-ਮੱਖੀਆਂ ਬਹਾਰ ਦਾ ਗੀਤ ਗੁਣਗੁਣਾਉਣਗੀਆਂ। ਉਦੋਂ ਛੋਟੇ ਗੁਲਾਬੀ ਫੁੱਲ ਹੱਸਣਗੇ, ਭਾਵੇਂ ਉਹ ਪਾਲ਼ੇ ਨਾਲ ਕੁਝ ਉਦਾਸ ਕਿਰਮਚੀ ਰੰਗੇ ਹੋ ਗਏ ਹਨ ਅਤੇ ਹਾਲੇ ਵੀ ਕੰਬ ਰਹੇ ਹਨ।

ਜਿੱਥੇ ਤੱਕ ਖਜੂਰ ਦੇ ਰੁੱਖਾਂ ਦਾ ਸੁਆਲ ਹੈ, ਉਨ੍ਹਾਂ ਦੇ ਸਾਰੇ ਪੱਤੇ ਝੜ ਚੁੱਕੇ ਹਨ। ਪਹਿਲਾਂ ਇਕ ਜਾਂ ਦੋ ਮੁੰਡੇ ਖਜੂਰ ਤੋੜਨ ਆਉਂਦੇ ਰਹੇ ਜੋ ਦੂਜੇ ਲੋਕਾਂ ਤੋਂ ਬਚ ਗਈਆਂ ਸਨ। ਪਰ ਸਵਾਲ ਇਕ ਵੀ ਨਹੀਂ ਬਚੀ ਅਤੇ ਰੁੱਖਾਂ ਦੇ ਸਭ ਪੱਤੇ ਵੀ ਝੜ ਗਏ। ਉਹ ਛੋਟੇ ਗੁਲਾਬੀ ਫੁੱਲਾਂ ਦੇ ਪੱਤਝੜ ਮਗਰੋਂ ਬਹਾਰ ਵਿਚ ਝੜੇ ਪੱਤਿਆਂ ਦੇ ਸੁਪਨੇ ਬਾਰੇ ਵੀ ਜਾਣਦੇ ਹਨ। ਬੇਸ਼ੱਕ ਉਨ੍ਹਾਂ ਦੇ ਸਭ ਪੱਤੇ ਝੜ ਗਏ ਹਨ ਅਤੇ ਸਿਰਫ਼ ਤਣੇ ਹੀ ਬਾਕੀ ਬਚੇ ਹਨ, ਪਰ ਫਲਾਂ ਅਤੇ ਪੱਤਿਆਂ ਦੇ ਭਾਰ ਤੋਂ ਸੌਖਣੇ ਉਹ ਸ਼ਾਨ ਨਾਲ ਤਣੇ ਹੋਏ ਹਨ। ਕੁਝ ਟਾਹਣੀਆਂ ਹਾਲੇ ਵੀ ਝੁਕੀਆਂ ਹੋਈਆਂ ਹਨ, ਖਜੂਰ ਤੋੜਨ ਵਾਲਿਆਂ ਸੋਟੀਆਂ ਨਾਲ ਤਣਿਆਂ ਉੱਤੇ ਹੋਏ ਜਖ਼ਮ ਨੂੰ ਪਲੋਸ ਰਹੀਆਂ ਹਨ, ਜਦਕਿ ਸਲਾਖ ਵਾਂਗ ਸਖ਼ਤ ਤੇ ਸਭ ਤੋਂ ਉੱਚੀਆਂ ਤੇ ਸਿੱਧੀਆਂ ਟਾਹਣੀਆਂ ਹੈਰਾਨੀ ਵਿਚ ਪਲਕਾਂ ਝਪਕਦੀਆਂ ਹੋਈਆਂ ਚੁੱਪ-ਚਾਪ ਅਨੋਖੇ ਤੇ ਉੱਚੇ ਅਸਮਾਨ ਨੂੰ ਚੀਰ ਰਹੀਆਂ ਹਨ। ਉਹ ਅਸਮਾਨ ਵਿਚਲੇ ਪੂਰੇ ਚੰਨ ਨੂੰ ਵੀ ਪੀਲ਼ਾ ਅਤੇ ਪ੍ਰੇਸ਼ਾਨ ਬਣਾਉਂਦੀਆਂ ਹੋਈਆਂ ਚੀਰ ਰਹੀਆਂ ਹਨ।

ਹੈਰਾਨੀ ਵਿਚ ਪਲਕਾਂ ਝਪਕਦਾ ਅਸਮਾਨ ਹੋਰ ਵਧੇਰੇ ਨੀਲਾ ਹੁੰਦਾ ਜਾ ਰਿਹਾ ਹੈ, ਹੋਰ ਵਧੇਰੇ ਪ੍ਰੇਸ਼ਾਨ ਹੁੰਦਾ ਜਾ ਰਿਹਾ ਹੈ, ਜਿਵੇਂ ਚੰਨ ਨੂੰ ਪਿੱਛੇ ਛੱਡ ਕੇ ਅਤੇ ਖਜੂਰ ਦੇ ਰੁੱਖਾਂ ਤੋਂ ਬਚਦਾ ਹੋਇਆ ਇਨਸਾਨਾਂ ਦੀ ਦੁਨੀਆ ਤੋਂ ਭੱਜਣ ਨੂੰ ਕਾਹਲਾ ਹੋਵੇ। ਪਰ ਚੰਨ ਵੀ ਆਪਣੇ ਆਪ ਨੂੰ ਪੂਰਬ ਦਿਸ਼ਾ ਵੱਲ ਲੁਕਾ ਰਿਹਾ ਹੈ, ਜਦਕਿ ਹਾਲੇ ਵੀ ਚੁੱਪ ਅਤੇ ਸਲਾਖਾਂ ਵਰਗੀਆਂ ਸਖ਼ਤ ਨੰਗੀਆਂ ਟਾਹਣੀਆਂ ਅਨੋਖੇ ਤੇ ਉੱਚੇ ਅਸਮਾਨ ਉੱਤੇ ਘਾਤਕ ਜ਼ਖ਼ਮ ਦਾਗਣ ਲਈ, ਚਾਹੇ ਉਹ ਕਿੰਨੇ ਹੀ ਰੂਪਾਂ ਵਿਚ ਆਪਣੀਆਂ ਸਭ ਜਾਦੂਈ ਅੱਖਾਂ ਨੂੰ ਝਪਕੇ, ਚੀਰ ਰਹੇ ਹਨ।

ਚੀਕ ਦੀ ਅਵਾਜ਼ ਨਾਲ ਇਕ ਤੇਜ਼ ਰਾਤ ਦਾ ਪੰਛੀ ਗੁਜ਼ਰਦਾ ਹੈ।

ਅਚਾਨਕ ਮੈਂ ਅੱਧੀ ਰਾਤ ਦਾ ਹਾਸਾ ਸੁਣਦਾ ਹਾਂ। ਉਸ ਦੀ ਅਵਾਜ਼ ਮੱਧਮ ਜਿਹੀ ਹੈ, ਜਿਵੇਂ ਸੁੱਤਿਆਂ ਨੂੰ ਜਗਾਉਣਾ ਨਾ ਚਾਹੁੰਦੀ ਹੋਵੇ, ਪਰ ਚਾਰੇ ਪਾਸੇ ਹਵਾ ਇਸ ਹਾਸੇ ਨੂੰ ਗੂੰਜਣ ਲਾ ਦਿੰਦੀ ਹੈ। ਅੱਧੀ ਰਾਤ, ਤੇ ਹੋਰ ਕੋਈ ਨਹੀਂ। ਇਕਦਮ ਮੈਂ ਮਹਿਸੂਸ ਕਰਦਾ ਹਾਂ ਕਿ ਹੱਸਣ ਵਾਲਾ ਮੈਂ ਹਾਂ ਅਤੇ ਇਕਦਮ ਇਹ ਹਾਸਾ ਮੈਨੂੰ ਆਪਣੇ ਕਮਰੇ ਅੰਦਰ ਧੱਕਦਾ ਹੈ। ਮੈਂ ਇਕਦਮ ਲੈਂਪ ਦੀ ਬੱਤੀ ਬਾਲ ਕੇ ਤੇਜ਼ ਕਰਦਾ ਹਾਂ।

ਪਿਛਲੀ ਖਿੜਕੀ ਦੀ ਸੀਸ਼ੇ ਥਾਣੀਂ ਪਟ-ਪਟ ਦੀ ਆਵਾਜ਼ ਆ ਰਹੀ ਹੈ, ਜਿੱਥੇ ਮੱਛਰਾਂ ਦੇ ਝੁੰਡ ਸ਼ੀਸ਼ੇ ਨਾਲ ਝੱਲਿਆਂ ਵਾਂਗ ਟਕਰਾ ਰਹੇ ਹਨ। ਕੁਝ ਖਿੜਕੀ ਦੇ ਸੁਰਾਖ਼ ਰਾਹੀਂ ਅੰਦਰ ਆ ਵੜੇ ਹਨ। ਅੰਦਰ ਆਉਂਦਿਆਂ ਹੀ ਉਹ ਲੈਂਪ ਦੇ ਸ਼ੀਸ਼ੇ ਨਾਲ ਪਟ-ਪਟ ਟਕਰਾਉਂਦੇ ਹਨ। ਇਕ ਉੱਪਰੋਂ ਲੈਂਪ ਦੇ ਸ਼ੀਸ਼ੇ ਅੰਦਰ ਲੋਅ ਉੱਤੇ ਡਿੱਗਦਾ ਹੈ ਤੇ ਮੈਂ ਸਮਝਦਾਂ ਹਾਂ ਕਿ ਉਹ ਅਸਲੀ ਹੈ। ਕਾਗਜ਼ ਦੇ ਢੱਕਣ ਉੱਤੇ ਦੋ ਜਾਂ ਤਿੰਨ ਫਵੇ ਹੋਏ ਬੈਠੇ ਹਨ। ਪਿਛਲੀ ਰਾਤ ਤੋਂ ਮਗਰੋਂ ਇੱਥੇ ਨਵਾਂ ਕਾਗਜ਼ ਦਾ ਢੱਕਣ ਹੈ। ਉਸ ਦੇ ਬਰਫ਼ੀਲੇ ਸਫ਼ੈਦ ਕਾਗਜ਼ ਵਿਚ ਝਾਲਰਾਂ ਲੱਗੀਆਂ ਹੋਈਆਂ ਹਨ ਤੇ ਉਹ ਇਕ ਕਿਨਾਰੇ ਤੋਂ ਲਹੂ ਰੰਗੇ ਗਾਰਡੀਨੀਆ ਫੁੱਲਾਂ ਦੇ ਰੰਗ ਨਾਲ ਰੰਗਿਆ ਹੋਇਆ ਹੈ।

ਲਹੂ ਰੰਗੇ ਗਾਰਡੀਨੀਆ ਦੇ ਫੁੱਲ ਜਦੋਂ ਖਿੜਨਗੇ, ਖਜੂਰ ਦੇ ਰੁੱਖ ਸੋਹਣੇ ਪੱਤਿਆਂ ਨਾਲ ਝੁਕਣਗੇ, ਉਦੋਂ ਉਹ ਛੋਟੇ ਗੁਲਾਬ ਦੇ ਫੁੱਲਾਂ ਦੇ ਸੁਪਨੇ ਦਾ ਇਕ ਵਾਰ ਫੇਰ ਸੁਪਨਾ ਵੇਖਣਗੇ ਅਤੇ ਮੈਂ ਇਕ ਵਾਰ ਫੇਰ ਅੱਧੀ ਰਾਤ ਦਾ ਹਾਸਾ ਸੁਣਾਂਗਾ। ਮੈਂ ਕਾਹਲ਼ੀ ਨਾਲ ਵਿਚਾਰਾਂ ਦੀ ਇਸ

ਲੜੀ ਨੂੰ ਤੋੜ ਕੇ ਹਾਲੇ ਤੱਕ ਕਾਗਜ਼ ਉੱਤੇ ਬੈਠੇ ਛੋਟੇ ਹਰੇ ਪਤੰਗਿਆਂ ਨੂੰ ਵੇਖਦਾ ਹਾਂ। ਸੂਰਜਮੁਖੀ ਦੇ ਬੀਜਾਂ ਵਾਂਗ ਆਪਣੇ ਵੱਡੇ ਸਿਰਾਂ ਅਤੇ ਛੋਟੀਆਂ ਪੂੰਛਾਂ ਨਾਲ਼ ਕਣਕ ਦੇ ਦਾਣੇ ਨਾਲ਼ੋਂ ਅੱਧੇ ਆਕਾਰ ਵਾਲੇ ਉਹ ਸਭ ਖਿੱਚਵੇਂ ਤੇ ਦਿਲ-ਹਲੂਣਵੇਂ ਹਰੇ ਹਨ।

ਮੈਂ ਅੰਗੜਾਈ ਲੈਂਦਾ ਹਾਂ, ਸਿਗਰਟ ਬਾਲ਼ਦਾ ਹਾਂ ਅਤੇ ਧੂੰਆਂ ਛੱਡਦਾ ਹਾਂ, ਲੈਂਪ ਸਾਹਮਣੇ ਇਨ੍ਹਾਂ ਹਰੇ ਅਤੇ ਸੰਵੇਦਨਸ਼ੀਲ ਨਾਇਕਾਂ ਨੂੰ ਮੌਨ ਸ਼ਰਧਾਂਜਲੀ ਦਿੰਦਾ ਹੋਇਆ।

ਗ਼ਰੀਬਾਂ ਨੂੰ ਸੰਤੁਸ਼ਟੀ ਦਾ ਨੁਸਖ਼ਾ

ਇਕ ਅਧਿਆਪਕ ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾਉਂਦਾ, ਉਸ ਦੇ ਬੱਚਿਆਂ ਨੂੰ ਦੂਜੇ ਹੀ ਪੜ੍ਹਾਉਂਦੇ ਹਨ। ਇਕ ਡਾਕਟਰ ਆਪਣਾ ਇਲਾਜ ਆਪਣੇ ਆਪ ਨਹੀਂ ਕਰਦਾ, ਉਸ ਦਾ ਇਲਾਜ ਕੋਈ ਦੂਜਾ ਡਾਕਟਰ ਕਰਦਾ ਹੈ। ਪਰ ਆਪਣਾ ਜੀਵਨ ਜਿਉਣ ਦਾ ਤਰੀਕਾ ਹਰ ਆਦਮੀ ਨੂੰ ਖ਼ੁਦ ਖੋਜਣਾ ਪੈਂਦਾ ਹੈ, ਕਿਉਂਕਿ ਜਿਉਣ ਦੀ ਕਲਾ ਦੇ ਜੋ ਵੀ ਨੁਸਖ਼ੇ ਦੂਜੇ ਲੋਕ ਬਣਾਉਂਦੇ ਹਨ, ਉਹ ਵਾਰ-ਵਾਰ ਬੇਕਾਰ ਸਾਬਤ ਹੁੰਦੇ ਹਨ।

ਦੁਨੀਆ ਵਿਚ ਪੁਰਾਤਨ ਸਮੇਂ ਤੋਂ ਹੀ ਅਮਨ ਅਤੇ ਚੈਨ ਬਣਾਈ ਰੱਖਣ ਲਈ ਗ਼ਰੀਬੀ ਵਿਚ ਸੰਤੁਸ਼ਟ ਰਹਿਣ ਦਾ ਉਪਦੇਸ਼ ਵੱਡੇ ਪੈਮਾਨੇ 'ਤੇ ਦਿੱਤਾ ਜਾਂਦਾ ਹੈ। ਗ਼ਰੀਬਾਂ ਨੂੰ ਵਾਰ-ਵਾਰ ਦੱਸਿਆ ਜਾਂਦਾ ਹੈ ਕਿ ਸੰਤੁਸ਼ਟੀ ਹੀ ਪੈਸਾ ਹੈ। ਗ਼ਰੀਬਾਂ ਲਈ ਸੰਤੁਸ਼ਟੀ ਹਾਸਲ ਕਰਨ ਦੇ ਅਨੇਕ ਨੁਸਖ਼ੇ ਤਿਆਰ ਕੀਤੇ ਗਏ ਹਨ, ਪਰ ਉਨ੍ਹਾਂ ਵਿਚੋਂ ਕੋਈ ਵੀ ਪੂਰੀ ਤਰ੍ਹਾਂ ਸਫ਼ਲ ਸਾਬਤ ਨਹੀਂ ਹੋਇਆ ਹੈ। ਸਵਾਲ ਵੀ ਰੋਜ਼ਾਨਾ ਨਵੇਂ-ਨਵੇਂ ਨੁਸਖ਼ੇ ਸੁਝਾਏ ਜਾ ਰਹੇ ਹਨ। ਮੈਂ ਸਵਾਲੇ ਹਾਲ ਹੀ ਵਿਚ ਅਜਿਹੇ ਦੋ ਨੁਸਖ਼ਿਆਂ ਨੂੰ ਵੇਖਿਆ ਹੈ। ਉਂਝ ਇਹ ਦੋਵੇਂ ਵੀ ਬੇਕਾਰ ਹੀ ਹਨ।

ਇਨ੍ਹਾਂ ਵਿਚੋਂ ਇਕ ਨੁਸਖਾ ਇਹ ਹੈ ਕਿ ਲੋਕਾਂ ਨੂੰ ਆਪਣੇ ਕੰਮਾਂ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ। 'ਜੇਕਰ ਤੁਸੀ ਆਪਣੇ ਕੰਮ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿਉ ਤਾਂ ਕੰਮ ਚਾਹੇ ਕਿੰਨਾ ਵੀ ਮੁਸ਼ਕਲ ਕਿਉਂ ਨਾ ਹੋਵੇ, ਤੁਸੀ ਖ਼ੁਸ਼ੀ ਨਾਲ਼ ਕੰਮ ਕਰੋਗੇ ਅਤੇ ਕਦੇ ਨਹੀਂ ਥੱਕੋਗੇ।' ਜੇਕਰ ਕੰਮ ਬਹੁਤ ਮੁਸ਼ਕਲ ਨਾ ਹੋਵੇ ਤਾਂ ਇਹ ਗੱਲ ਸੱਚ ਹੋ ਸਕਦੀ ਹੈ। ਚਲੋ, ਅਸੀਂ ਖਾਣ ਮਜ਼ਦੂਰਾਂ ਅਤੇ ਕਿਰਤੀਆਂ ਦੀ ਗੱਲ ਨਹੀਂ ਕਰਦੇ। ਆਉ ਅਸੀਂ ਸ਼ੰਘਾਈ ਦੇ ਕਾਰਖ਼ਾਨਿਆਂ ਵਿਚ ਦਿਨ 'ਚ ਦਸ ਘੰਟਿਆਂ ਤੋਂ ਜ਼ਿਆਦਾ ਕੰਮ ਕਰਨ ਵਾਲ਼ੇ ਮਜ਼ਦੂਰਾਂ ਬਾਰੇ ਗੱਲ ਕਰੀਏ। ਉਹ ਮਜ਼ਦੂਰ ਸ਼ਾਮ ਤੱਕ ਥੱਕ ਕੇ ਚੂਰ-ਚੂਰ ਹੋ ਜਾਂਦੇ ਹੋ। ਉਨ੍ਹਾਂ ਨੂੰ ਉਪਦੇਸ਼ ਦਿੱਤਾ ਜਾਂਦਾ ਹੈ ਕਿ ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਹੁੰਦਾ ਹੈ। ਜੇਕਰ ਤੁਹਾਨੂੰ ਆਪਣੇ ਸਰੀਰ ਦੀ ਦੇਖਭਾਲ਼ ਦੀ ਫ਼ੁਰਸਤ ਨਹੀਂ ਮਿਲ਼ਦੀ ਤਾਂ ਤੁਸੀ ਕੰਮ ਵਿਚ ਦਿਲਚਸਪੀ ਕਿੱਥੋਂ ਪੈਦਾ ਕਰੋਗੇ? ਇਸ ਹਾਲਤ ਵਿਚ ਉਹੀ ਆਦਮੀ ਕੰਮ ਵਿਚ ਦਿਲਚਸਪੀ ਲੈ ਸਕਦਾ ਹੈ ਜੋ ਜੀਵਨ ਵਿਚ ਜ਼ਿਆਦਾ ਦਿਲਚਸਪੀ ਰੱਖਦਾ ਹੋਵੇ। ਜੇਕਰ ਤੁਸੀ ਸ਼ੰਘਾਈ ਦੇ ਮਜ਼ਦੂਰਾਂ ਨਾਲ਼ ਗੱਲ ਕਰੋ ਤਾਂ ਉਹ ਕੰਮ ਦੇ ਘੰਟੇ ਘੱਟ ਕਰਨ ਦੀ ਹੀ ਗੱਲ ਕਰਨਗੇ। ਉਹ ਕੰਮ ਵਿਚ ਦਿਲਚਸਪੀ ਪੈਦਾ ਕਰਨ ਦੀ ਗੱਲ ਕਲਪਨਾ ਵਿਚ ਵੀ ਨਹੀਂ ਸੋਚ ਸਕਦੇ।

ਇਸ ਤੋਂ ਵੀ ਜ਼ਿਆਦਾ ਪੱਕਾ ਨੁਸਖ਼ਾ ਦੂਜਾ ਹੈ। ਕੁਝ ਲੋਕ ਅਮੀਰਾਂ ਅਤੇ ਗ਼ਰੀਬਾਂ ਦੀ ਤੁਲਨਾ ਕਰਦੇ ਹੋਏ ਕਹਿੰਦੇ ਹਨ ਕਿ ਅੱਗ ਵਰ੍ਹਾਉਣ ਵਾਲ਼ੇ ਗ਼ਰਮੀ ਦੇ ਦਿਨਾਂ ਵਿਚ ਅਮੀਰ ਲੋਕ ਆਪਣੀ ਪਿੱਠ 'ਤੇ ਵਗਦੇ ਮੁੜ੍ਹਕੇ ਦੀ ਧਾਰ ਦੀ ਚਿੰਤਾ ਨਾ ਕਰਦੇ ਹੋਏ ਸਮਾਜਕ ਸੇਵਾ ਵਿਚ ਲੱਗੇ ਰਹਿੰਦੇ ਹਨ। ਗ਼ਰੀਬਾਂ ਦਾ ਕੀ ਹੈ? ਉਹ ਇਕ ਟੁੱਟੀ ਚਟਾਈ ਗਲ਼ੀ ਵਿਚ ਵਿਛਾ ਲੈਂਦੇ ਹਨ, ਫੇਰ ਆਪਣੇ ਕੱਪੜੇ ਲਾਹੁੰਦੇ ਹਨ ਅਤੇ ਚਟਾਈ ਉੱਤੇ ਬੈਠ ਕੇ ਅਰਾਮ ਨਾਲ ਠੰਢੀ ਹਵਾ ਖਾਂਦੇ ਹਨ। ਇਹ ਕਿੰਨਾ ਸੁਖਦਾਈ ਹੈ। ਇਸ ਨੂੰ ਕਹਿੰਦੇ ਹਨ ਚਟਾਈ ਸਮੇਟਣ ਵਾਂਗ ਦੁਨੀਆ ਨੂੰ ਜਿੱਤਣਾ। ਇਹ ਸਭ ਅਨੋਖਾ ਅਤੇ ਰਾਜਸੀ ਨੁਸਖ਼ਾ ਹੈ, ਪਰ ਇਸ ਤੋਂ ਬਾਅਦ ਇਕ ਦੁੱਖ ਭਰਿਆ ਦ੍ਰਿਸ਼ ਸਾਹਮਣੇ ਆਉਂਦਾ ਹੈ। ਜੇ ਤੁਸੀ ਠੰਢ ਦੀ ਰੁੱਤ ਵਿਚ ਗਲ਼ੀਆਂ ਵਿਚੋਂ ਗੁਜ਼ਰ ਰਹੇ ਹੋਵੋ ਤਾਂ ਵੇਖੋਗੇ ਕਿ ਕੁਝ ਲੋਕ ਆਪਣੇ ਢਿੱਡ ਕਸ ਕੇ ਫੜੀ ਬੈਠੇ ਹਨ ਅਤੇ ਕੁਝ ਨੀਲੇ ਤਰਲ ਪਦਾਰਥ ਦੀ ਉਲਟੀ ਕਰ ਰਹੇ ਹਨ। ਇਹ ਉਲਟੀ ਕਰਨ ਵਾਲ਼ੇ ਉਹ ਹੀ ਗ਼ਰੀਬ ਲੋਕ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਧਰਤੀ ਉੱਤੇ ਸਵਰਗ ਦਾ ਸੁੱਖ ਲੁੱਟਦੇ ਹਨ ਅਤੇ ਚਟਾਈ ਸਮੇਟਣ ਵਾਂਗ ਦੁਨੀਆ ਨੂੰ ਜਿੱਤਦੇ ਹਨ। ਮੇਰਾ ਖਿਆਲ ਹੈ ਕਿ ਸ਼ਾਇਦ ਹੀ ਕੋਈ ਅਜਿਹਾ ਮੂਰਖ ਹੋਵੇਗਾ ਜੋ ਸੁੱਖ ਦਾ ਮੌਕਾ ਵੇਖ ਕੇ ਵੀ ਉਸ ਤੋਂ ਫਾਇਦਾ ਨਾ ਉਠਾਉਂਦਾ ਹੋਵੇ। ਜੇ ਗ਼ਰੀਬੀ ਇੰਨੀ ਸੁੱਖ ਭਰੀ ਹੁੰਦੀ ਤਾਂ ਇਹ ਅਮੀਰ ਲੋਕ ਸਭ ਤੋਂ ਪਹਿਲਾਂ ਗਲ਼ੀਆਂ ਵਿਚ ਜਾ ਕੇ ਸੌਂ ਜਾਂਦੇ ਅਤੇ ਗ਼ਰੀਬਾਂ ਦੀ ਚਟਾਈ ਲਈ ਕੋਈ ਜਗ੍ਹਾ ਨਾ ਛੱਡਦੇ।

ਸਵਾਲੇ ਹਾਲ ਹੀ ਵਿਚ ਹੀ ਸ਼ੰਘਾਈ ਦੇ ਹਾਈ ਸਕੂਲ ਦੇ ਇਮਤਿਹਾਨਾਂ ਦੇ ਵਿਦਿਆਰਥੀਆਂ ਦੇ ਲੇਖ ਛਪੇ ਹਨ। ਉਨ੍ਹਾਂ ਵਿਚ ਇਕ ਲੇਖ ਦਾ ਸਿਰਲੇਖ ਹੈ 'ਠੰਢ ਤੋਂ ਬਚਾਉਣ ਯੋਗ ਕੱਪੜੇ ਅਤੇ ਢਿੱਡ ਭਰਕੇ ਭੋਜਨ'। ਇਸ ਲੇਖ ਵਿਚ ਕਿਹਾ ਗਿਆ ਹੈ ਕਿ "ਇਕ ਗ਼ਰੀਬ ਵਿਅਕਤੀ ਵੀ ਘੱਟ ਖਾ ਕੇ ਅਤੇ ਘੱਟ ਪਹਿਨ ਕੇ ਜੇਕਰ ਮਾਨਵੀ ਗੁਣਾਂ ਦਾ ਵਿਕਾਸ ਕਰਦਾ ਹੈ ਤਾਂ ਭਵਿੱਖ ਵਿਚ ਉਸ ਨੂੰ ਜਸ ਮਿਲ਼ੇਗਾ। ਜਿਸ ਦਾ ਆਤਮਕ ਜੀਵਨ ਅਮੀਰ ਹੈ ਉਸ ਨੂੰ ਆਪਣੇ ਭੌਤਿਕ ਜੀਵਨ ਦੀ ਗ਼ਰੀਬੀ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਮਨੁੱਖੀ ਜੀਵਨ ਦੀ ਸਾਰਥਕਤਾ ਪਹਿਲੇ ਵਿਚ ਹੈ, ਦੂਜੇ ਵਿਚ ਨਹੀਂ।"

ਇਸ ਲੇਖ ਵਿਚ ਸਿਰਫ਼ ਭੋਜਨ ਦੀ ਲੋੜ ਨੂੰ ਨਹੀਂ ਨਕਾਰਿਆ ਗਿਆ ਹੈ, ਕੁਝ ਅੱਗੇ ਦੀਆਂ ਗੱਲਾਂ ਵੀ ਕਹੀਆਂ ਗਈਆਂ ਹਨ। ਪਰ ਹਾਈ ਸਕੂਲ ਦੇ ਵਿਦਿਆਰਥੀ ਦੇ ਇਸ ਸੁੰਦਰ ਨੁਸਖ਼ੇ ਤੋਂ ਯੂਨੀਵਰਸਿਟੀ ਦੇ ਉਹ ਵਿਦਿਆਰਥੀ ਸੰਤੁਸ਼ਟ ਨਹੀਂ ਹਨ ਜੋ ਨੌਕਰੀ ਖੋਜ ਰਹੇ ਹਨ।

ਤੱਥ ਹਮੇਸ਼ਾ ਬੇਰਹਿਮ ਹੁੰਦੇ ਹਨ। ਉਹ ਖੋਖਲ਼ੀਆਂ ਗੱਲਾਂ ਦੇ ਪਰਖਚੇ ਉਡਾ ਦਿੰਦੇ ਹਨ। ਮੇਰੇ ਖਿਆਲ ਵਿਚ ਸਵਾਲ ਉਹ ਸਮਾਂ ਆ ਗਿਆ ਹੈ ਕਿ ਅਜਿਹੀ ਪੰਡਤਾਊ ਬਕਵਾਸ ਨੂੰ ਬੰਦ ਕਰ ਦਿੱਤਾ ਜਾਵੇ। ਸਵਾਲ ਕਿਸੇ ਵੀ ਹਾਲਤ ਵਿਚ ਇਸ ਦਾ ਕੋਈ ਲਾਭ ਨਹੀਂ ਹੈ।

(13 ਅਗਸਤ, 1934)

ਕਹਾਣੀ: ਸ਼ਹਿਰ ਦੀ ਚੀਕ

ਗੁਰਬਚਨ ਸਿੰਘ ਵਿਰਦੀ

ਚਿੱਤਰਕਾਰ ਦੇ ਮਿੱਤਰ ਨੂੰ ਆਪਣੇ ਕਲਾਕਾਰ ਮਿੱਤਰ ਵਲੋਂ ਬਣਾਏ ਜਾ ਰਹੇ ਚਿੱਤਰ ਦੇ ਮੁਕੰਮਲ ਹੋਣ ਦੀ ਉਡੀਕ ਸੀ। ਚਿੱਤਰਕਾਰ ਵਲੋਂ ਇਸ ਬਿਨਾਂ ਸਿਰਲੇਖ ਵਾਲੇ ਚਿੱਤਰ ਨੂੰ ਬਣਾਉਂਦਿਆਂ ਦੋ ਮਹੀਨੇ ਤੋਂ ਵੀ ਵੱਧ ਦਾ ਸਮਾਂ ਹੋ ਚੱਲਿਆ ਸੀ।

ਉਸ ਨੂੰ ਲੱਗਿਆ, ਉਹ ਇਸ ਚਿੱਤਰ ਨੂੰ ਸ਼ਾਇਦ ਕੱਲ੍ਹ ਤੱਕ ਪੂਰਾ ਕਰ ਹੀ ਲਵੇਗਾ। ਚਿੱਤਰ ਦਾ ਅਨੁਵਾਨ (ਸਿਰਲੇਖ) ਪੁੱਛਣ 'ਤੇ, ਉਸ ਨੇ ਆਪਣੇ ਘਰ ਆਏ ਮਿੱਤਰ ਨੂੰ ਕਹਿ ਦਿੱਤਾ ਸੀ, 'ਇਸ ਦਾ ਸਿਰਲੇਖ, ਚਿੱਤਰ ਦੇ ਮੁਕੰਮਲ ਹੋਣ 'ਤੇ ਹੀ ਉਹ ਕੱਲ੍ਹ ਨੂੰ ਰੱਖੇਗਾ।'

ਚਿੱਤਰਕਾਰ ਮਹਾਂਨਗਰ ਦਾ ਚਿੱਤਰ ਬਣਾ ਰਿਹਾ ਸੀ। ਚਿੱਤਰ ਬਣਾਉਂਦਿਆਂ, ਉਹ ਕੰਮ ਵਿਚ ਏਨਾ ਖੁੱਭ ਜਾਂਦਾ ਕਿ ਕਈ ਵਾਰ ਤਾਂ ਉਸਨੂੰ ਆਪਣਾ ਆਪਾ ਵੀ ਖੋਇਆ ਖੋਇਆ ਲੱਗਦਾ। ਚਿੱਤਰ ਬਣਾਉਣ ਤੋਂ ਵੱਧ ਦਾ ਸਮਾਂ ਤਾਂ ਉਸ ਨੂੰ ਇਹ ਸੋਚਦਿਆਂ ਹੀ ਲੱਗ ਜਾਂਦਾ ਕਿ ਇਸ ਵਿਚ ਹੋ ਕੀ ਕੀ ਦਿਖਾਇਆ ਜਾ ਸਕਦਾ ਹੈ।

ਉਹ ਇਕ ਸੰਵੇਦਨਸ਼ੀਲ ਕਲਾਕਾਰ ਸੀ। ਉਹ ਚਿੱਤਰ ਨੂੰ ਬਣਾਉਂਦਾ ਹੀ ਨਹੀਂ, ਚਿੱਤਰ ਨੂੰ ਹੰਢਾਉਂਦਾ (ਮਹਿਸੂਸਦਾ) ਵੀ ਸੀ। ਉਸ ਦੀ ਕਾਲਪਨਿਕ ਰਚਨਾ ਵੀ ਯਥਾਰਥ ਦੇ ਬਹੁਤ ਕਰੀਬ ਲੱਗਦੀ ਸੀ। ਉਸ ਦੇ ਚਿੱਤਰ ਵਿਚ ਕੋਈ ਨਾ ਕੋਈ ਸੰਦੇਸ਼ ਜ਼ਰੂਰ ਹੁੰਦਾ ਸੀ।

ਇਸ ਬਣਦੀ ਤਸਵੀਰ ਵਿਚ ਮਹਾਂਨਗਰ ਦੀ ਸਵੇਰ ਤੇ ਸ਼ਾਮ ਨੂੰ ਦਿਖਾਉਣ ਲਈ, ਉਸ ਨੇ ਕੈਨਵਸ ਦੇ ਖੱਬੇ ਹੱਥ ਉਹ ਭਾਗ ਵਿਚ 'ਸਵੇਰ' ਦੇ ਬਹੁਤ ਸਾਰੇ ਸੁੰਦਰ ਦ੍ਰਿਸ਼ਾਂ ਨੂੰ ਬੜੀ ਬਾਰੀਕੀ ਨਾਲ ਆਪਣੇ ਬੁਰਸ਼ ਰਾਹੀਂ ਦਿਖਾਇਆ ਸੀ। ਜਿਸ ਵਿਚ, ਸੂਰਜ ਦਾ ਚੜ੍ਹਨਾ, ਲੋਕਾਂ ਦਾ ਜਾਗਣਾ, ਰਸੋਈ ਤੇ ਗੁਸਲਖ਼ਾਨਿਆਂ ਦੀ ਵਰਤੋਂ ਨੂੰ ਵੇਖਿਆ ਜਾ ਸਕਦਾ ਸੀ।

ਇਸ ਤੋਂ ਹੋਰ ਅੱਗੇ ਧਾਰਮਕ ਥਾਵਾਂ ਉੱਤੇ ਨਤਮਸਤਕ ਹੁੰਦੇ ਲੋਕ, ਆਲ੍ਹਣਿਆਂ ਵਿਚ ਬੈਠੇ ਪੰਛੀਆਂ ਦੇ ਬੋਟ (ਪੰਛੀ ਦਾ ਛੋਟਾ ਬੱਚਾ) ਤੇ ਬੋਟਾਂ ਲਈ ਚੋਗਾ ਲੱਭਣ ਲਈ ਆਲ੍ਹਣਿਆਂ ਤੋਂ ਬਾਹਰ ਜਾਂਦੇ ਪੰਛੀਆਂ ਨੂੰ ਦ੍ਰਿਸ਼ਾਂ ਵਿਚ ਦਿਖਾਉਂਦਾ ਹੈ। ਸਕੂਲ ਤੇ ਕਾਲਜ ਵਿਚ ਜਾਣ ਵਾਲੇ ਬੱਚਿਆਂ ਨੂੰ ਤਿਆਰ ਕਰਨ ਵਿਚ ਰੁੱਝੇ ਮਾਪਿਆਂ ਨੂੰ ਵੀ ਵਿਖਾਇਆ ਗਿਆ ਸੀ। ਉਸ ਦੇ ਚਿੱਤਰ ਵਿਚ ਬੱਸ-ਅੱਡੇ, ਰੇਲਵੇ ਸਟੇਸ਼ਨ ਤੇ ਟਰਾਮਾਂ ਵਿਚ ਰੌਣਕਾਂ ਦਾ ਵਧਣਾ, ਅਖ਼ਬਾਰਾਂ ਵੇਚਦੇ ਹਾਕਰ, ਐਨਕਾਂ ਲਾਈ ਅਖ਼ਬਾਰਾਂ ਪੜ੍ਹਦੇ ਲੋਕ ਤੇ ਕਾਰਖਨਿਆਂ ਦੀਆਂ ਚਿੰਮਨੀਆਂ ਵਿਚੋਂ ਨਿਕਲਦਾ ਕਾਲਾ-ਚਿੱਟਾ ਧੂੰਆਂ, ਰੋਜ਼ਮੱਰਾ ਦੇ ਕੰਮਾਂ ਦਾ ਸ਼ੁਰੂ ਹੋਣਾ ਦਿਖਾਉਣ ਲਈ ਵਾਹਿਆ ਗਿਆ ਸੀ।

ਹਸਪਤਾਲਾਂ ਵਿਚ ਮਰੀਜ਼ਾਂ ਦੀਆਂ ਲੱਗੀਆਂ ਲੰਮੀਆਂ ਲਾਈਨਾਂ, ਦੋਧੀ ਸੁਵਖ਼ਤੇ ਹੀ ਚੌਥੀ, ਪੰਜਵੀਂ ਮੰਜ਼ਿਲ ਵਿਚ ਰਹਿੰਦੇ ਲੋਕਾਂ ਲਈ ਦੁੱਧ ਪਹੁੰਚਾਉਂਦੇ ਨਜ਼ਰ ਆ ਰਹੇ ਸਨ। ਗਲੀਆਂ, ਬਾਜ਼ਾਰਾਂ ਵਿਚ ਦੁਕਾਨਾਂ ਦੇ ਸ਼ਟਰ ਖੁੱਲ੍ਹੇ ਦਿਸਦੇ ਸਨ। ਗਾਹਕਾਂ ਦੀ ਚਹਿਲ-ਪਹਿਲ ਦਿਸ ਰਹੀ ਸੀ। ਦਫ਼ਤਰਾਂ ਦੇ ਕੰਮਕਾਰ ਨੂੰ ਚੱਲਦਾ ਦਿਖਾਉਣ ਲਈ ਦ੍ਰਿਸ਼ ਵਿਚ ਮੇਜ਼ਾਂ ਦੇ ਪਿਛੇ ਕੁਰਸੀਆਂ ਉੱਤੇ ਬੈਠੇ ਬਾਬੂ ਦਿਸਦੇ ਸਨ। ਮਨੁੱਖਾਂ ਤੇ ਮਨੁੱਖਾਂ ਦੇ ਕੁਝ ਪਾਲਤੂ ਜਾਨਵਰਾਂ ਨੂੰ ਵੀ ਸੜਕਾਂ ਉੱਤੇ ਤੁਰਦੇ ਦਿਖਾਇਆ ਗਿਆਸੀ।

ਇਸ ਚਿੱਤਰ ਦੇ ਸੱਜੇ ਹੱਥ 'ਹਰਾ' ਭਾਗ ਹੈ। ਇਸ ਵਿਚ ਸ਼ਾਮ ਨੂੰ ਵਾਪਰਨ ਵਾਲੇ ਕੁਝ ਨਜ਼ਾਰਿਆਂ ਨੂੰ ਵਾਹਿਆ ਗਿਆ ਸੀ। ਜਿਸ ਵਿਚ ਸੂਰਜ ਦਾ ਛਿਪਣਾ, ਪੰਛੀਆਂ ਦਾ ਡਾਰਾ ਬੰਨ੍ਹ ਕੇ ਆਪਣੇ ਆਲ੍ਹਣਿਆਂ ਵੱਲ ਪਰਤਣਾ। ਅੱਠ-ਨੌ ਮੰਜ਼ਲਾਂ ਵਾਲੇ ਮਕਾਨਾਂ ਵਿਚ ਬੱਤੀਆਂ ਦਾ ਜਗਣ ਨਜ਼ਰ ਆਉਂਦਾ ਸੀ। ਸੜਕ ਦੇ ਚੌਰਾਹਿਆਂ ਉੱਤੇ ਟਰੈਫਿਕ ਕੰਟਰੋਲ ਦੀ ਲਾਲ-ਹਰੀਆਂ ਬੱਤੀਆਂ ਹੋਰ ਚਮਕਾਂ ਮਾਰਦੀਆਂ ਨਜ਼ਰ ਆਉਂਦੀਆਂ ਸਨ। ਕੰਮਕਾਜੀ ਲੋਕਾਂ ਦਾ ਘਰਾਂ ਨੂੰ ਪਰਤਣਾ, ਰੇਲਵੇ ਸਟੇਸ਼ਨ ਤੇ ਟਰਾਮਾ ਉੱਤੇ ਭੀੜ ਦਾ ਵਧਣਾ, ਘਰ ਦੀਆਂ ਸਵਾਣੀਆਂ, ਰੋਟੀ ਬਣਾਉਣ ਦੇ ਆਹਰ ਵਿਚ ਦਿਸ ਰਹੀਆਂ ਸਨ। ਬੱਸ-ਅੱਡੇ ਉੱਤੇ ਮੁਸਾਫ਼ਰ ਬੱਸ ਨਾ ਮਿਲਣ ਦੀ ਬੇਯਕੀਨੀ ਕਾਰਨ ਸਵਾਰੀਆਂ ਵਿਚ ਕਾਹਲ ਨੂੰ ਵੀ ਬੜੀ ਸਫਲਤਾ ਨਾਲ ਵਾਹਿਆ ਗਿਆ ਸੀ।

ਚਿੱਤਰਕਾਰ ਆਪਣੇ ਇਸ ਇਕ ਵਿਚੋਂ ਦੋ ਦਿਸਣ ਵਾਲੇ ਚਿੱਤਰ ਨੂੰ ਅੰਤਿਮ ਛੋਹਾਂ ਦੇ ਰਿਹਾ ਸੀ ਤਾਂ ਉਸ ਦਾ ਮਿੱਤਰ ਜਿਹੜਾ ਇਸ ਚਿੱਤਰ ਨੂੰ ਸ਼ੁਰੂ ਕਰਨ ਦੇ ਸਮੇਂ ਤੋਂ ਦੇਖਦਾ ਆਇਆ ਸੀ। ਉਹ ਮਹਾਂਨਗਰ ਦੀ ਸਵੇਰ ਦੇ ਚਿੱਤਰਕਾਰ ਵਲੋਂ ਵਾਹੇ ਗਏ ਚਿੱਤਰ ਨੂੰ ਮੁਕੰਮਲ ਕਲਾ ਕਿਰਤੀ ਸਮਝਦਾ ਸੀ। ਉਸ ਦਾ

ਮਿੱਤਰ ਵੀ ਚਿੱਤਰ ਕਲਾ ਦੀ ਕਾਫ਼ੀ ਸਮਝ ਰੱਖਦਾ ਸੀ, ਇਸੇ ਲਈ ਉਸ ਵਿਚ ਚਿੱਤਰ ਦਾ ਸਿਰਲੇਖ ਜਾਨਣ ਦੀ ਪ੍ਰਬਲ ਇੱਛਾ ਸੀ। ਉਹ ਜਾਣਨਾ ਚਾਹੁੰਦਾ ਸੀ ਕਿ ਚਿੱਤਰਕਾਰ ਏਨੇ ਵਿਆਪਕ ਤੇ ਸਪਸ਼ਟ ਬਣਾਏ ਚਿੱਤਰ ਵਿਚ ਲੋਕਾਂ ਨੂੰ ਹੋਰ ਕੀ ਸੰਦੇਸ਼ ਦੇਣਾ ਚਾਹੁੰਦਾ ਸੀ। ਚਿੱਤਰ ਵਾਹੁਣ ਦਰਮਿਆਨ, ਸਿਰਲੇਖ ਜਾਣਨ ਦੀ ਜ਼ਿੱਦ ਜਾਂ ਦੋਸਤੀ ਦੀ ਲਿਹਾਜ਼ਦਾਰੀ ਨਹੀਂ ਸੀ ਵਰਤਣਾ ਚਾਹੁੰਦਾ ਤਾਂ ਕਿ ਚਿੱਤਰਕਾਰ ਦੀ ਮਗਨਤਾ ਕਿਤੇ ਭੰਗ ਨਾ ਹੋ ਜਾਵੇ।

ਉਸ ਦੇ ਮਿੱਤਰ ਲਈ ਇਹ ਚਿੱਤਰ ਮਹਾਨ ਰਚਨਾ ਸੀ ਜੋ ਅਸਲ ਵਰਗੀ ਹੀ ਦਿਸ ਰਹੀ ਸੀ। ਕਿਉਂਕਿ ਜੀਵਨ ਦੇ ਸ਼ੁੱਭ ਆਰੰਭ ਸਵੇਰ ਨੂੰ ਵਿਆਪਕ ਰੂਪ ਵਿਚ ਬੜੀ ਬਾਰੀਕੀ ਨਾਲ ਚਿਤਰਿਆ ਗਿਆ ਸੀ। ਉਸ ਦੀ ਨਿਗਾਹ ਵਿਚ ਇਹ ਚਿੱਤਰ ਉਸ ਦੀ ਮਹਾਨ ਕਲਾ ਦਾ ਨਮੂਨਾ ਸੀ।

ਚਿੱਤਰਕਾਰ ਦੇ ਘਰ ਪੁੱਜ ਕੇ ਉਸ ਦਾ ਮਿੱਤਰ ਉਸ ਤਸਵੀਰ ਦੀ ਤਾਰੀਫ਼ ਕਰਨੋਂ ਨਾ ਰਹਿ ਸਕਿਆ। ਉਹ ਉਸ ਦੀ ਬੱਲੇ ਬੱਲੇ ਕਰਨ ਲੱਗਦਾ ਹੈ। ਚਿੱਤਰਕਾਰ ਪ੍ਰਸੰਸਾ ਸੁਣ ਕੇ ਵੀ ਗੰਭੀਰ ਹੀ ਰਹਿੰਦਾ ਹੈ। ਉਹ ਚੁੱਪ ਹੈ, ਕੁਝ ਨਹੀਂ ਬੋਲਦਾ। ਇਸ ਦਾ ਸਿਰਲੇਖ ਕੀ ਰੱਖਿਐ ? ਚਿੱਤਰਕਾਰ ਦਾ ਮਿੱਤਰ ਆਪਣੀ ਤੀਬਰਤਾ ਨੂੰ ਲੁਕਾਉਣਾ ਚਾਹੁੰਦਾ ਹੋਇਆ ਵੀ ਲੁਕਾ ਨਾ ਸਕਿਆ। ਅਅਜ ਨਹੀਂ, ਕੱਲ੍ਹ ਨੂੰ ਪਤਾ ਚੱਲੇਗਾ। ਚਿੱਤਰਕਾਰ ਦਾ ਜਵਾਬ ਸੀ। 'ਕੱਲ੍ਹ !' ਮਿੱਤਰ ਨੇ ਆਪਣੀ ਬੇਸਬਰੀ ਦਾ ਪ੍ਰਗਟਾਵਾ ਕੀਤਾ। ਪਰ ਚਿੱਤਰਕਾਰ ਦੇ ਮੂਡ ਨੂੰ ਉਦਾਸੀ ਵਿਚ ਡੁੱਬਿਆ ਦੇਖ ਕੇ ਉਹ ਉਸ ਨਾਲ ਕੋਈ ਵਜ਼ਾਹਤ ਨਾ ਕਰ ਸਕਿਆ। ਅਸਲ ਵਿਚ ਚਿੱਤਰ ਨੂੰ ਬਣਦਾ ਦੇਖਣ ਕਾਰਨ ਹੀ ਉਸ ਦੇ ਮਿੱਤਰ ਦਾ ਇਸ ਚਿੱਤਰ ਨਾਲ ਗਹਿਰਾ ਲਗਾਓ ਹੋ ਗਿਆ ਸੀ।

ਅਗਲੇ ਦਿਨ ਉਹ ਫੇਰ ਚਿੱਤਰਕਾਰ ਕੋਲ ਪੁੱਜਿਆ ਤਾਂ ਉਸ ਨੂੰ ਉਹ ਚਿੱਤਰ ਦੇਖ ਕੇ ਲੱਗਿਆ ਜਿਵੇਂ ਉਸ ਦੀ ਚੀਕ ਹੀ ਨਿਕਲ ਜਾਵੇਗੀ ਕਿਉਂਕਿ ਭਾਗ ੳ ਦੇ ਬਣੇ ਚਿੱਤਰ ਵਿਚ, ਚਿੱਤਰਕਾਰ ਨੇ ਬਹੁਤ ਵੱਡੀ ਤਬਦੀਲੀ ਕਰ ਦਿੱਤੀ ਸੀ। ਤਸਵੀਰ ਵਿਚ ਵਾਹੇ ਗਏ ਸੁੰਦਰ ਦ੍ਰਿਸ਼ਾਂ ਵਿਚੋਂ ਬਹੁਤੇ ਦ੍ਰਿਸ਼ ਗਹਿਰੇ ਧੂੰਏਂ ਵਿਚ ਗੁਆਚ ਗਏ ਲੱਗਦੇ ਸਨ। ਸ਼ਹਿਰ ਸੜ ਚੁੱਕਾ ਪ੍ਰਤੀਤ ਹੁੰਦਾ ਸੀ। ਤਸਵੀਰ ਵਿਚ ਚਿੱਤਰਕਾਰ ਨੇ ਉਸ ਦੀ ਥਾਂ ਸੰਘਣੀ ਆਬਾਦੀ ਵਾਲੇ ਇਲਾਕੇ ਦੀ ਧਰਤੀ ਤੋਂ ਗਗਨ-ਚੁੰਮੀ ਇਮਾਰਤਾਂ ਤੱਕ, ਸਭ ਕੁਝ ਹੀ ਗਹਿਰੇ ਚਿੱਟੇ ਤੇ ਭੂਰੇ ਰੰਗ ਦਾ ਗੁਬਾਰ ਚਿੱਤਰ ਦਿੱਤਾ ਸੀ। ਇਹ ਧੂੰਆਂ ਵਿਸ਼ਾਲ ਖੁੰਬ ਦੀ ਤਰ੍ਹਾਂ ਦਿਸਦਾ ਸੀ।

ਇਸ ਧੂੰਏਂ ਦੇ ਗੁਬਾਰ ਵਿਚ ਮਨੁੱਖਾਂ ਅਤੇ ਜਾਨਵਰਾਂ ਦੇ ਖ਼ੂਨ ਨਾਲ ਲਥ-ਪਥ ਉਡਦੇ ਚੀਥੜੇ ਦਿੱਤੇ ਗਏ ਸਨ। ਉਸ ਦੇ ਮਿੱਤਰ ਨੂੰ ਇਸ ਚਿੱਤਰ ਵਿਚ 'ਸ਼ਹਿਰ ਦੀ ਚੀਕ' ਸੁਣਾਈ ਦੇ ਰਹੀ ਸੀ। ਇਹ ਦੇਖ ਕੇ ਉਸ ਦੇ ਮੂੰਹੋਂ ਅਚਾਨਕ ਨਿਕਲਿਆ ਹੈ-"ਇਹ ਕੀ ?" ਚਿੱਤਰਕਾਰ ਬੋਲਿਆ 'ਇਤਿਹਾਸਕ ਸੱਚ' ਜੋ 1945 ਵਿਚ ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਵਾਪਰਿਆ ਸੀ। ਕਹਿੰਦਿਆਂ ਚਿੱਤਰਕਾਰ ਆਪਣੇ ਦੋਸਤ ਦੇ ਪੁੱਛੇ ਬਿਨਾਂ ਹੀ ਚਿੱਤਰ ਦੇ ਥੱਲੇ 'ਕਾਸ਼ ਅਜਿਹਾ ਨਾ ਵਾਪਰੇ' ਤੇ ਭਾਗ 'ਅ' ਦੇ ਚਿੱਤਰ ਹੇਠਾਂ ਜ਼ਿੰਦਗੀ ਰੁਕਦੀ ਨਹੀਂ ਲਿਖ ਦਿੰਦਾ ਹੈ।



Matrimonial

ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

Jatt Sikh girl, Age 25 years, Height 5'6", Registered Nurse seeking Jatt Sikh boy, must be an engineer, a Veterinary doctor or a business man, Edmonton and Calgary are preffered. Call 780 200 3754, or via email : k.guru@hotmail.ca

---

Canadian born, 29 years old and 5'4" tall, girl. She is going for CPA and is currently working with good paying job. Looking for boy, educated and settled in Canada. Call 780 446 5721

Seeking a suitable match for Jatt Sikh girl, age 29 years and 5'3" tall. Education; B. Tech, M. Tech (int.). Currently working as a professor, has one elder brother, settled in Edmonton, Canada. Phone No. 587 501 3604

---

31 year, beautiful, 5'5" tall, girl, MBA (HR and Finance), completing CPA. Brother permanently settled in Canada. Seeking a suitable Punjabi boy should be well educated, a Canadian PR or Citizen, age up to 34-year-old (preferred from Delhi). Contact: 780-716-4729 or email: skdragon2001@yahoo.co.in

----

Canadian born, 29 years old and 5'4" tall, girl, is going for CPA and is currently working with a good paying job. Looking for a boy, educated and settled in Canada. Contact at 780 446 5721

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Seeking a suitable match for Jatt Sikh girl, age 29 years and 5'3" tall, B. Tech, M. Tech (int.). Currently working as a professor, has one elder brother, settled in Edmonton, Canada. Phone No. 587 501 3604

ਕੰਨਿਆ ਦੀ ਲੋੜ

ਜੱਟ ਸਿੱਖ ਪੂਨੀਆ ਲੜਕਾ, ਉਮਰ 31 ਸਾਲ ਕੱਦ 5' - 7 ਇੰਚ, ਬੀ.ਏ., ਆਈ.ਟੀ.ਆਈ. (ਵੈਲਡਰ) ਸਾਢੇ ਗਿਆਰ੍ਹਾਂ ਕਿੱਲੇ ਜ਼ਮੀਨ, ਨਸ਼ਾ ਰਹਿਤ ਲੜਕੇ ਲਈ Canadian imigrant citizen ਲੜਕੀ ਦੀ ਲੋੜ। ਲੜਕਾ ਕਨੇਡਾ ਦੇ ਵਿਜ਼ਟਰ ਵੀਜ਼ਾ ਉਪਰ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-271-50 33, ਈਮੇਲ : watenmill2011@hotmail.com

---

Jat Sikh 37 years male 6ft tall. Born and raised in USA. Boy has Citizenship of Canada also. Studying Aviation Technology. Looking for a match 28-34 years of age, height 5'4"-5'6". Medical or Technical preferred. Contact # 317-997-8016. Email rnnahal@gmail.com

---

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

ਕੰਨਿਆ ਦੀ ਲੋੜ

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

Jatt Sikh canadian citizen, well settled, handsome, clean shaven, non Drinker 30 yr 6'÷" tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

---

Seeking a suitable match for a Jatt Sikh Ratol, 29 years old, 6' tall boy. Currently, in Canada on the visitor visa. The cast is no bar. A divorced can be considered. For more information, please contact: 780-995-5475

Smart match for +2 in non medical, 2yr ASI Diploma of agriculture from Ludhiana university (1yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 " feet. 11 acres Property for both brother's. Contact : 780 807 0375

Seeking a suitable match for 22 years 6' Gupta (Mahajan) boy. Pursuing Master of Business Management in India. boy is totally teetotaler

ਕੰਨਿਆ ਦੀ ਲੋੜ

and well educated. caste no bar. his sister is well settled in Canada. contact no 780-761-3393.

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

In search for a MARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFOOL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798----

ਦੋ ਲੜਕੀਆਂ ਦੀ ਲੋੜ

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਕਰ : 0044-7999181322, 001-780 2371663 billasingh1971@live.co.uk

Classified Plus

Name Change

I, Gaurav Kumar alias Dharamveer Singh, a resident of 4012 30 Street NW Edmonton, T6T 1K4 Canada, do hereby change my name from Gaurav Kumar to Gaurav Goyal with immediate effect.

I, Kamaljeet Kaur Sadioura, a resident of 4012 30 Street NW Edmonton, T6T 1K4 Canada, do hereby change my name from Kamaljeet Kaur Sadioura to Kavya Goyal with immediate effect.

Baby Sitter Required

Permanent, Full time, Live-in/ live-out, Bondable, Flexibile, Organized. Travel with family on trips and assist with child supervision and housekeeping duties. Assume full responsibility for household in absence of parents. Perform cleaning duties and discipline child according to the methods of parents, keep record of daily activities, supervise and care of children. Maintain safe, healthy environment at home, secondary (high) school. $15 per hour 40 hours per week. **Email: tarandhillon@hotmail.ca**

ਕਾਰਪੇਂਟਰ ਹੈਲਪਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ

ਗੁਰਮੇਲ ਮਠਾੜੂ
780-990-9349 ਜਾਂ
ਰਣਜੀਤ ਮਠਾੜੂ
780-907-9889

ਨਾਲ ਸੰਪਰਕ ਕਰੋ।

Email : info@westforkinteriors.com



City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304

ਵੈਨੇਜ਼ੂਏਲਾ 'ਚ ਅਮਰੀਕੀ ਸਾਮਰਾਜ ਦੇ ਨਾਜਾਇਜ਼ ਦਖਲ ਦਾ ਵਿਆਪਕ ਵਿਰੋਧ

ਰਵੀ ਕੰਵਰ

ਲਾਤੀਨੀ ਅਮਰੀਕਾ ਮਹਾਂਦੀਪ ਦਾ ਖੱਬੇ ਪੱਖੀ ਸਰਕਾਰ ਵਾਲਾ ਦੇਸ਼ ਵੈਨੇਜ਼ੁਏਲਾ, ਇਸ ਵੇਲੇ ਅਮਰੀਕੀ ਸਾਮਰਾਜ ਦੇ ਸਖਤ ਹਮਲੇ ਹੇਠ ਹੈ। ਦੇਸ਼ ਦੇ ਖੱਬੇ ਪੱਖੀ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ 10 ਜਨਵਰੀ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਦੂਜੇ ਕਾਰਜਕਾਲ ਲਈ ਸਹੁੰ ਚੁੱਕੀ ਸੀ। ਪ੍ਰੰਤੂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਦੇਸ਼ ਦੀ ਉਸਦੀ ਹਥਠੋਕੀ ਵਿਰੋਧੀ ਧਿਰ ਨੇ ਇਸਨੂੰ ਗੈਰ ਸੰਵਿਧਾਨਕ ਦੱਸਦੇ ਹੋਏ ਇਸਦਾ ਵਿਰੋਧ ਸ਼ੁਰੂ ਕਰ ਦਿੱਤਾ ਅਤੇ 23 ਜਨਵਰੀ ਨੂੰ ਵਿਰੋਧੀ ਧਿਰ ਦੇ ਆਗੂ ਜੁਆਨ ਗਾਇਡੋ ਨੇ ਆਪਣੇ ਆਪ ਨੂੰ ਅੰਤਰਿਮ ਰਾਸ਼ਟਰਪਤੀ ਐਲਾਨ ਦਿੱਤਾ। ਅਮਰੀਕੀ ਸਾਮਰਾਜ ਨੇ ਫੌਰੀ ਰੂਪ ਵਿਚ ਉਸ ਨੂੰ ਮਾਨਤਾ ਪ੍ਰਦਾਨ ਕਰ ਦਿੱਤੀ।

ਇਥੇ ਇਹ ਵਰਣਨਯੋਗ ਹੈ ਕਿ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ ਇਸ ਮਹਾਂਦੀਪ ਦੇ ਮਹਾਨ ਆਗੂ ਅਤੇ ਦੇਸ਼ ਦੇ ਰਾਸ਼ਟਰਪਤੀ ਹੂਗੋ ਸ਼ਾਵੇਜ ਦਾ ਦੇਹਾਂਤ ਹੋਣ ਤੋਂ ਬਾਅਦ ਬਾਕਾਇਦਾ ਰਾਸ਼ਟਰਪਤੀ ਅਹੁਦੇ ਲਈ ਜਮਹੂਰੀ ਚੋਣ ਪ੍ਰਣਾਲੀ ਰਾਹੀਂ ਜਿੱਤ ਹਾਸਲ ਕਰਕੇ 2013 ਵਿਚ ਸੱਤਾ ਸੰਭਾਲੀ ਸੀ ਅਤੇ ਉਨ੍ਹਾਂ ਦਾ ਛੇ ਸਾਲਾਂ ਦਾ ਕਾਰਜਕਾਲ ਜਨਵਰੀ 2019 ਵਿਚ ਪੂਰਾ ਹੋਣਾ ਸੀ। ਇਸ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਹੀ ਦੇਸ਼ ਦੇ ਸੰਵਿਧਾਨ ਮੁਤਾਬਕ ਮਈ 2018 ਵਿਚ ਦੇਸ਼ ਦੀ ਸੰਵਿਧਾਨ ਸਭਾ ਤੇ ਚੋਣ ਕਮਿਸ਼ਨ ਦੀ ਨਿਗਰਾਨੀ ਵਿਚ ਚੋਣ ਹੋਈ ਸੀ। ਜਿਸ ਵਿਚ ਉਨ੍ਹਾਂ ਨੂੰ 68% ਵੋਟ ਮਿਲੇ ਸਨ, ਉਨ੍ਹਾਂ ਨੇ ਨੇੜਲੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਹੇਨਰੀ ਫਾਲਕ ਨੂੰ 21% ਵੋਟ ਅਤੇ ਦੂਜੇ ਵਿਰੋਧੀ ਉਮੀਦਵਾਰ ਫਾਦਰ ਜੇਵੀਅਰ ਬਟ੍ਰਚੀ ਨੂੰ 10% ਵੋਟ ਮਿਲੇ ਸਨ। ਇਸ ਤਰ੍ਹਾਂ ਉਹ ਦੋਹਾਂ ਵਿਰੋਧੀ ਉਮੀਦਵਾਰਾਂ ਤੋਂ ਦੁਗਣੇ ਤੋਂ ਵਧੇਰੇ ਵੋਟ ਲੈ ਕੇ ਜੇਤੂ ਰਹੇ ਸਨ। ਉਨ੍ਹਾਂ ਦੀ ਇਸ ਸ਼ਾਨਦਾਰ ਜਿੱਤ ਨੂੰ ਅਮਰੀਕੀ ਸਾਮਰਾਜ ਤੇ ਦੇਸ਼ ਵਿਚਲੀਆਂ ਉਸ ਦੀਆਂ ਹਥਠੋਕਾ ਵਿਰੋਧੀ ਪਾਰਟੀਆਂ ਪ੍ਰਵਾਨ ਕਰਨ ਲਈ ਤਿਆਰ ਨਹੀਂ। ਇਥੇ ਇਹ ਵੀ ਨੋਟ ਕਰਨ ਯੋਗ ਹੈ ਕਿ ਰਾਸ਼ਟਰਪਤੀ ਮਾਦੂਰੋ ਵਲੋਂ ਅਹੁਦੇ ਦੀ ਸਹੁੰ ਚੁੱਕਣ ਸਮੇਂ ਹੀ ਇਹ ਵਾਵੇਲਾ ਮਚਾ ਰਹੇ ਹਨ, ਜਦੋਂ ਕਿ ਉਨ੍ਹਾਂ ਇਹ ਜਿੱਤ ਮਈ 2018 ਵਿਚ ਹਾਸਲ ਕਰ ਲਈ ਸੀ।



10 ਜਨਵਰੀ ਨੂੰ ਰਾਸ਼ਟਰਪਤੀ ਨਿਕੋਲਸ ਮਾਦੂਰੋ ਵਲੋਂ ਸਹੁੰ ਚੁੱਕਣ ਸਮੇਂ ਦੁਨੀਆ ਦੇ 90 ਦੇਸ਼ਾਂ ਦੇ ਪ੍ਰਤੀਨਿੱਧੀ ਹਾਜ਼ਰ ਸਨ। ਜਿਨ੍ਹਾਂ ਵਿਚ ਚੀਨ, ਰੂਸ, ਤੁਰਕੀ ਦੇ ਪ੍ਰਤੀਨਿਧਾਂ ਸਮੇਤ ਲਾਤੀਨੀ ਅਮਰੀਕੀ ਦੇਸ਼ਾਂ ਕਿਊਬਾ ਦੇ ਰਾਸ਼ਟਰਪਤੀ ਮਿਗੁਇਲ ਡਿਆਜ ਕਾਨੇਲ, ਬੋਲੀਵੀਆ ਦੇ ਰਾਸ਼ਟਰਪਤੀ ਈਵੋ ਮੋਰਾਲੇਜ, ਅਲ ਸਲਵਾਡੋਰ ਦੇ ਰਾਸ਼ਟਰਪਤੀ ਸਾਂਚੇਜ ਸੇਰੇਨ ਅਤੇ ਨਿਰਾਕਾਗੁਆ ਦੇ ਰਾਸ਼ਟਰਪਤੀ ਡੇਨੀਅਲ ਆਰਤੇਗਾ ਵੀ ਸ਼ਾਮਲ ਸਨ। ਦੇਸ਼ ਦੇ ਲਗਭਗ ਸਾਰੇ ਪ੍ਰਾਂਤਾਂ ਦੇ ਗਵਰਨਰ, ਮੇਅਰ, ਵਜੀਰ ਅਤੇ ਫੌਜੀ ਤੇ ਸਿਵਲ ਅਫਸਰਾਂ ਸਮੇਤ ਦੇਸ਼ ਦੀ ਸੰਵਿਧਾਨ ਸਭਾ ਦੇ ਮੈਂਬਰ ਵੀ ਹਾਜ਼ਰ ਸਨ। ਦੁਨੀਆਂ ਦੀਆਂ ਪ੍ਰਮੁੱਖ ਕੌਮਾਂਤਰੀ ਤੇ ਲਾਤੀਨੀ ਦੇਸ਼ਾਂ ਦੀਆਂ ਸੰਸਥਾਵਾਂ ਉਪੇਕ, ਅਫਰੀਕਨ ਯੂਨੀਅਨ, ਕਾਰੀਕੋਮ, ਅਰਬ ਲੀਗ, ਅਲਬਾ ਦੇ ਨਾਲ ਨਾਲ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਦੇ ਪ੍ਰਤੀਨਿੱਧ ਵੀ ਵਿਚ ਹਾਜ਼ਰ ਸਨ। ਇਹ ਸਹੁੰ ਚੁੱਕ ਸਮਾਗਮ ਦੇਸ਼ ਦੀ ਨੈਸ਼ਨਲ ਅਸੰਬਲੀ ਵਿਚ ਕੀਤੇ ਜਾਣ ਦੀ ਥਾਂ ਦੇਸ਼ ਦੀ ਸੁਪਰੀਮ ਕੋਰਟ ਵਿਚ ਕੀਤਾ ਗਿਆ ਸੀ। ਇਥੇ ਇਹ ਵਰਣਨਯੋਗ ਹੈ ਕਿ ਜਨਵਰੀ 2016 ਵਿਚ ਨੈਸ਼ਨਲ ਅਸੰਬਲੀ ਦੀਆਂ ਸੰਵਿਧਾਨ ਵਿਰੋਧੀ ਕਾਰਵਾਈਆਂ ਕਰਕੇ ਦੇਸ਼ ਦੀ ਸੁਪਰੀਮ ਕੋਰਟ ਨੇ ਉਸ ਨੂੰ ਰੱਦ ਕਰ ਦਿੱਤਾ ਹੋਇਆ ਹੈ।

ਨਿਕੋਲਸ ਮਾਦੂਰੋ ਨੇ ਦੇਸ਼ ਦੀ ਜਨਤਾ ਦੇ ਨਾਂਅ 'ਤੇ ਸਹੁੰ ਚੁੱਕੀ-"ਵੈਨੇਜੁਏਲਾ ਦੇ ਲੋਕਾਂ, ਆਪਣੇ ਪੂਰਵਜਾਂ ਦੀ ਵਿਰਾਸਤ, ਸਾਡੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਮਹਾਨ ਆਜ਼ਾਦੀ ਘੁਲਾਟੀਏ ਸਾਈਮਨ ਬੋਲੀਵਾਰ, ਆਪਣੇ ਹਰਮਨ ਪਿਆਰੇ ਕਮਾਂਡਰ ਹੂਗੋ ਸ਼ਾਵੇਜ਼ ਦੀ ਵਿਰਾਸਤ ਨੂੰ ਧਿਆਨ ਵਿਚ ਧਰਦੇ ਹੋਏ, ਮੈਂ ਨਿਕੋਲਸ ਮਾਦੂਰੋ, ਦੇਸ਼ ਦੇ ਸੰਵਿਧਾਨ ਨੂੰ ਲਾਗੂ ਕਰਨ ਤੇ ਉਸ ਨੂੰ ਸੰਪੂਰਨ ਕਰਨ ਦੇ ਨਾਲ ਨਾਲ ਸਮਾਜਕ ਤੇ ਆਰਥਕ ਖੁਸ਼ਹਾਲੀ ਲਈ ਤੇ 21ਵੀਂ ਸਦੀ ਦਾ ਸਮਾਜਵਾਦ ਕਾਇਮ ਕਰਨ ਲਈ ਸੰਘਰਸ਼ ਕਰਨ ਦੀ ਸਹੁੰ ਲੈਂਦਾਂ ਹਾਂ।" ਆਪਣੇ ਸਹੁੰ ਚੁੱਕ ਸਮਾਗਮ ਦੌਰਾਨ ਉਨ੍ਹਾਂ ਆਪਣੇ ਦੇਸ਼ ਦੀ ਜਨਤਾ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਹੋਰ ਵਧੇਰੇ ਪੀਡੇ ਰੂਪ ਵਿਚ ਜ਼ਾਹਰ ਕਰਦਿਆਂ ਅਪਣੇ ਭਾਸ਼ਣ ਵਿਚ ਕਿਹਾ "ਮੈਂ ਦੇਸ਼ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰਾਸ਼ਟਰਪਤੀ ਕਮਰਬੰਦ (ਸੱਤਾ ਦੇ ਪ੍ਰਤੀਕ ਦੇ ਰੂਪ ਵਿਚ ਪਾਇਆ ਜਾਣ ਵਾਲਾ) ਤੁਹਾਡਾ ਹੈ, ਇਹ ਸੱਤਾ ਤੁਹਾਡੀ ਹੈ, ਇਹ ਖਾਂਦੇ ਪੀਂਦੇ ਲੋਕਾਂ ਜਾਂ ਸਾਮਰਾਜਵਾਦ ਦੀ ਨਹੀਂ। ਇਸਦਾ ਸਬੰਧ ਪ੍ਰਭੂਤਾ ਸੰਪਨ ਵੈਨਜ਼ੁਏਲਾ ਦੇ ਆਮ ਲੋਕਾਂ ਨਾਲ ਹੈ।" ਇਹ ਸਪਸ਼ਟ ਦਰਸਾਉਂਦਾ ਹੈ ਕਿ ਆਪਣੇ ਸਾਥੀ ਅਤੇ ਸੀਨੀਅਰ ਆਗੂ ਹੂਗੋ ਸ਼ਾਵੇਜ਼ ਦੇ ਪਦ ਚਿੰਨ੍ਹਾਂ 'ਤੇ ਚਲਦੇ ਹੋਏ ਮਾਦੂਰੋ ਵੀ ਪੂਰੀ ਤਰ੍ਹਾਂ ਦੇਸ਼ ਦੀ ਜਨਤਾ ਪ੍ਰਤੀ ਸਮਰਪਤ ਹਨ।

ਨਿਕੋਲਸ ਮਾਦੂਰੋ ਦੀ ਰਾਸ਼ਟਰਪਤੀ ਅਹੁਦੇ ਲਈ ਚੋਣ ਨੂੰ ਚੁਣੌਤੀ ਦੇਣਾ ਅਸਲ ਵਿਚ ਵੈਨੇਜ਼ੁਏਲਾ ਦੀ ਜਨਤਾ ਦੇ ਫਤਵੇ ਨੂੰ ਚੁਣੌਤੀ ਦੇਣਾ ਹੈ। ਉਹ 68% ਵੋਟਾਂ ਦੇ ਵੱਡੇ ਅੰਤਰ ਨਾਲ ਜਿੱਤਕੇ ਇਸ ਅਹੁਦੇ ਦੇ ਹੱਕਦਾਰ ਬਣੇ ਹਨ। ਜਦੋਂਕਿ ਸਾਮਰਾਜ ਦੀ ਹੱਥਠੋਕੀ ਵਿਰੋਧੀ ਧਿਰ ਜਿਹੜੀ ਕਿ ਹੁਣ ਆਪਣੇ ਇਕ ਆਗੂ ਨੂੰ ਅੰਤਰਿਮ ਰਾਸ਼ਟਰਪਤੀ ਐਲਾਨ ਰਹੀ ਹੈ, ਦੇ ਉਮੀਦਵਾਰ ਹੇਨਰੀ ਫਾਲਕਨ ਨੂੰ ਸਿਰਫ 21% ਵੋਟ ਹੀ ਮਿਲੇ ਸਨ ਅਤੇ ਦੂਜੇ ਵਿਰੋਧੀ ਉਮੀਦਵਾਰ ਦੀਆਂ ਵੋਟਾਂ ਨੂੰ ਵੀ ਰਲਾ ਲਈਏ ਤਾਂ ਵੀ ਇਹ 31% ਬਣਦੇ ਹਨ, ਜੋ ਕਿ ਸਾਥੀ ਮਾਦੂਰੋ ਨੂੰ ਮਿਲੀਆਂ ਵੋਟਾਂ ਦੇ ਅੱਧ ਤੋਂ ਵੀ ਘੱਟ ਹਨ।

ਇਹ ਜਾਨਣਾ ਵੀ ਜ਼ਰੂਰੀ ਹੈ ਕਿ ਵੈਨੇਜ਼ੁਏਲਾ ਦੇ ਲੋਕਾਂ ਦੇ ਇਸ ਫਤਵੇ ਤੋਂ ਅਮਰੀਕੀ ਸਾਮਰਾਜ ਨੂੰ ਚਿੜ੍ਹ ਕੀ ਹੈ? ਕੋਈ ਡੇਢ ਦਹਾਕਾ ਪਹਿਲਾਂ ਤੱਕ ਇਕੱਲੇ ਕਿਊਬਾ ਨੂੰ ਛੱਡ ਕੇ ਬਾਕੀ ਪੂਰਾ ਲਾਤੀਨੀ ਅਮਰੀਕੀ ਮਹਾਂਦੀਪ ਪੂਰੀ ਤਰ੍ਹਾਂ ਅਮਰੀਕੀ ਸਾਮਰਾਜ ਦੇ ਕਬਜ਼ੇ ਹੇਠ ਹੁੰਦਾ ਸੀ। ਸਾਮਰਾਜੀ ਇਸ ਨੂੰ ਆਪਣਾ ਵਿਹੜਾ ਕਹਿੰਦਾ ਸੀ। ਉਹ ਕੁਦਰਤੀ ਵਸੀਲਿਆਂ ਨਾਲ ਜਰਖੇਜ਼ ਇਸ ਖਿੱਤੇ 'ਤੇ ਬਹੁਕੌਮੀ ਕੰਪਨੀਆਂ ਰਾਹੀਂ ਤਾਂਬਾ, ਅਬਰਕ, ਤੇਲ, ਖੇਤੀ ਲਈ ਉਪਜਾਊ ਜ਼ਮੀਨ, ਅਫੀਮ ਦੀ ਖੇਤੀ ਭਾਵ ਹਰ ਤਰ੍ਹਾਂ ਦੀ ਦੌਲਤ 'ਤੇ ਕਾਬਜ਼ ਸੀ। ਇਸ ਮਹਾਂਦੀਪ ਵਿਚ ਜੇਕਰ ਕੋਈ ਵੀ ਹਾਕਮ ਮਾੜਾ ਮੋਟਾ ਵੀ ਆਪਣੇ ਦੇਸ਼ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਯਤਨ ਕਰਦਾ ਸੀ ਤਾਂ ਉਸ ਵਿਰੁੱਧ ਤਖਤਾ ਪਲਟ ਇਕ ਆਮ ਗੱਲ ਸੀ। ਜੇਕਰ ਫੇਰ ਵੀ ਕੋਈ ਜੁਰਅੱਤ ਕਰਦਾ ਸੀ ਤਾਂ ਉਸ ਨੂੰ ਚਿੱਲੀ ਦੇ ਚੁਣੇ ਹੋਏ ਰਾਸ਼ਟਰਪਤੀ ਅਲੰਦੇ ਦੀ ਤਰ੍ਹਾਂ ਰਾਸ਼ਟਰਪਤੀ ਮਹਿਲ ਵਿਚ ਹੀ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਸੀ।

ਸਾਥੀ ਹੂਗੋ ਸ਼ਾਵੇਜ਼ ਦੀ ਅਗਵਾਈ ਵਿਚ ਇਸ ਸਦੀ ਦੇ ਸ਼ੁਰੂਆਤ ਵਿਚ ਸਾਮਰਾਜ ਦੀ ਇਸ ਗੁੰਡਾਗਰਦੀ ਨੂੰ ਨੱਥ ਪਾਈ ਗਈ। ਇਸ ਮਹਾਂਦੀਪ ਵਿਚ ਉਨ੍ਹਾਂ ਨੇ ਸਾਮਰਾਜੀ ਸੰਸਾਰੀਕਰਨ ਦੀਆਂ ਆਰਥਕ ਤੇ ਸਮਾਜਕ ਨੀਤੀਆਂ ਨੂੰ ਰੱਦ ਕਰਕੇ ਲੋਕ ਪੱਖੀ ਨੀਤੀਆਂ ਨੂੰ ਲਾਗੂ ਕਰਦੇ ਹੋਏ ਇਸ ਦੀ ਸ਼ੁਰੂਆਤ ਕੀਤੀ। ਅਤੇ, ਦੇਖਦਿਆਂ-ਦੇਖਦਿਆਂ ਚਿੱਲੀ, ਬੋਲੀਵੀਆ, ਅਰਜਨਟੀਨਾ, ਬ੍ਰਾਜ਼ੀਲ, ਪੈਰੁਗਵੇ, ਉਰੁਗਵੇ ਲਗਭਗ ਸਾਰੇ ਹੀ ਮਹਾਂਦੀਪ ਵਿਚ ਇਹ ਲਹਿਰ ਜ਼ੋਰ ਫੜ ਗਈ ਅਤੇ ਲੋਕ ਹਿਤੂ ਸਰਕਾਰਾਂ ਕਾਇਮ ਹੋ ਗਈਆਂ। ਇਸ ਤਰ੍ਹਾਂ ਇਹ ਸਾਮਰਾਜ ਦਾ ਵਿਹੜਾ ਸਮਝੇ ਜਾਣ ਵਾਲੇ ਮਹਾਂਦੀਪ ਦੇ ਲੋਕ ਉਸ ਵਿਰੁੱਧ ਉਠ ਖੜ੍ਹੇ ਹੋਏ। ਸਾਮਰਾਜ ਦੇ ਪਿੱਠੂ ਆਗੂ ਘੱਟੇ ਕੌਡੀਆਂ ਰੁਲ ਗਏ ਅਤੇ ਅਮਰੀਕੀ ਬਹੁਕੌਮੀ ਕੰਪਨੀਆਂ ਨੂੰ ਇਨ੍ਹਾਂ ਦੇਸ਼ਾਂ ਵਿਚੋਂ ਬਾਹਰ ਹੋਣਾ ਪਿਆ। ਦੇਸ਼ਾਂ ਦੇ ਬਹੁਮੁੱਲੇ ਕੁਦਰਤੀ ਖਜ਼ਾਨੇ ਲੋਕਾਂ ਦੇ ਹਿੱਤਾਂ ਲਈ ਵਰਤੇ ਜਾਣ ਲੱਗੇ। ਐਨਾ ਹੀ ਨਹੀਂ ਇਸ ਮਹਾਂਦੀਪ ਦੇ ਦੇਸ਼ਾਂ ਨੇ ਰਲ ਕੇ ਇਕ ਸਾਂਝਾਂ ਬਦਲਵਾਂ ਸਮਾਜਕ ਆਰਥਕ ਮਾਡਲ ਚੁਣਿਆ ਜਿਸ ਨੂੰ ਉਨ੍ਹਾਂ ਨੇ ਬਸਤੀਵਾਦ ਵਿਰੁੱਧ ਲੜਨ ਵਾਲੇ ਆਪਣੇ 500 ਸਾਲ ਪੁਰਾਣੇ ਯੋਧੇ, 'ਸਾਈਮਨ ਦਾ ਬੋਲੀਵਰ' ਦੇ ਨਾਂਅ 'ਤੇ ਬੋਲੀਵਾਰੀਅਨ ਬਦਲ ਦਾ ਨਾਂਅ ਦਿੱਤਾ। ਸੰਸਾਰ ਬੈਂਕ ਤੇ ਆਈ.ਐਮ.ਐਫ. ਦੇ ਮੁਕਾਬਲੇ ਵਿਚ ਆਪਸੀ ਮਦਦ ਲਈ ਇਕ ਆਪਣਾ ਬੈਂਕ ਵੀ ਕਾਇਮ ਕੀਤਾ। ਸਥਿਤੀ ਇਹ ਬਣ ਗਈ ਕਿ 'ਆਰਗੇਨਾਈਜੇਸ਼ਨ ਆਫ ਅਮਰੀਕਨ ਸਟੇਟਸ' ਵਿਚੋਂ ਅਮਰੀਕੀ ਸਾਮਰਾਜ (ਯੂ.ਐਸ.ਏ.) ਨੂੰ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ।

ਵੈਨੇਜ਼ੁਏਲਾ ਕੋਲ ਦੁਨੀਆ ਦੇ 5ਵੇਂ ਸਭ ਤੋਂ ਵੱਡੇ ਤੇਲ ਦੇ ਭੰਡਾਰ ਹੋਣ ਕਰਕੇ ਹਮੇਸ਼ਾ ਹੀ ਅਮਰੀਕਾ ਦੀਆਂ ਬਹੁਕੌਮੀ ਕੰਪਨੀਆਂ ਦੀਆਂ ਨਜ਼ਰਾਂ ਵਿਚ ਰੜਕਦਾ ਰਿਹਾ ਹੈ। ਸਾਥੀ ਹੂਗੋ ਸ਼ਾਵੇਜ਼ ਦੇ ਦਿਹਾਂਤ ਤੋਂ ਬਾਅਦ ਤਾਂ ਸ਼ਾਇਦ ਹੀ ਕੋਈ ਮਹੀਨਾ ਹੋਵੇ ਜਦੋਂ ਉਹ ਅਮਰੀਕੀ ਸਾਮਰਾਜ ਦੀਆਂ ਸਾਜ਼ਿਸ਼ਾਂ ਅਧੀਨ ਦੇਸ਼ ਵਿਚ ਕੋਈ ਨਾ ਕੋਈ ਬਖੇੜਾ ਨਾ ਹੋਇਆ ਹੋਵੇ। ਰਾਸ਼ਟਰਪਤੀ ਚਾਹੇ, ਬਰਾਕ ਓਬਾਮਾ ਹੋਵੇ ਜਾਂ ਟਰੰਪ ਇਸ ਮਹਾਂਦੀਪ ਦੇ ਸਭ ਤੋਂ ਵੱਡੇ ਦੇਸ਼ ਬ੍ਰਾਜੀਲ ਵਿਚ ਧੁਰ ਸਜ ਪਿਛਾਖੜੀ ਟਰੰਪ ਵਰਗੇ ਹੀ ਸਿਰਫਿਰੇ ਰਾਸ਼ਟਰਪਤੀ ਜੈਰ ਬੋਲਸੋਨਾਰੋ ਦੇ ਸੱਤਾ ਸੰਭਾਲ ਲੈਣ ਤੋਂ ਬਾਅਦ ਤਾਂ ਅਮਰੀਕੀ ਸਾਮਰਾਜ ਨੇ ਆਪਣੀਆਂ ਸਾਜਿਸ਼ਾਂ ਹੋਰ ਵੀ ਤੇਜ਼ ਕਰ ਦਿੱਤੀਆਂ ਹਨ ਅਤੇ ਉਸਦਾ ਹੀ ਸਿੱਟਾ ਹੈ ਮਈ 2018 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਮੂੰਹ ਦੀ ਖਾ ਚੁੱਕੀ ਉਸ ਦੀ ਹਥਠੋਕੀ ਵਿਰੋਧੀ ਧਿਰ ਦੇ ਆਗੂ ਜੁਆਨ ਗਾਇਡੋ ਵਲੋਂ ਆਪਣੇ ਆਪ ਨੂੰ ਰਾਸ਼ਟਰਪਤੀ ਐਲਾਨ ਦੇਣਾ।

ਅਮਰੀਕੀ ਸਾਮਰਾਜ ਤੇ ਸਮੁੱਚੀ ਦੁਨੀਆਂ ਦਾ ਉਸਦੇ ਸਹਿਯੋਗੀ ਪੂੰਜੀਵਾਦੀ ਦੇਸ਼ਾਂ ਨੇ ਜੁਆਨ ਗਾਇਡੋ ਨੂੰ ਮਾਨਤਾ ਪ੍ਰਦਾਨ ਕਰਦੇ ਹੋਏ ਵੈਨੇਜੁਏਲਾ ਦੀ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ 'ਤੇ ਹਮਲੇ ਤੇਜ਼ ਕਰ ਦਿੱਤੇ ਗਏ ਹਨ। ਅਮਰੀਕਾ ਵਲੋਂ ਤਾਂ ਪਿਛਲੇ ਕਾਫੀ ਸਮੇਂ ਤੋਂ ਹੀ ਉਸ 'ਤੇ ਆਰਥਕ ਪਾਬੰਦੀਆਂ ਲਾਈਆਂ ਹੋਈਆਂ ਸਨ। ਹੁਣ ਉਨ੍ਹਾਂ ਨੂੰ ਹੋਰ ਵਧੇਰੇ ਤਿੱਖਾ ਕਰ ਦਿੱਤਾ ਗਿਆ ਹੈ ਅਤੇ ਦੂਜੇ ਪੂੰਜੀਵਾਦੀ ਦੇਸ਼ਾਂ ਜਿਵੇਂ ਬ੍ਰਿਟੇਨ, ਫਰਾਂਸ, ਜਰਮਨੀ ਆਦਿ ਨੇ ਵੈਨੇਜੁਏਲਾ ਦੀਆਂ ਅਰਬਾਂ ਡਾਲਰਾਂ ਦੀਆਂ ਸੰਪਤੀਆਂ ਤੇ ਬੈਂਕ ਖਾਤੇ ਜਾਮ ਕਰ ਦਿੱਤੇ ਹਨ। ਅਮਰੀਕਾ ਨੇ ਤਾਂ ਵੈਨਜ਼ੁਏਲਾ ਦੀ ਸਰਕਾਰੀ ਤੇਲ ਕੰਪਨੀ ਤੇ ਉਸਦੀ ਸਹਿਯੋਗੀ ਕੰਪਨੀਆਂ ਦੇ ਅਰਬਾਂ ਡਾਲਰ ਦੀਆਂ ਸੰਪਤੀਆਂ ਤੇ ਖਾਤੇ ਜਾਮ ਕਰਕੇ ਉਨ੍ਹਾਂ ਨੂੰ ਸੰਚਾਲਤ ਕਰਨ ਦੇ ਅਧਿਕਾਰ ਅਖੌਤੀ ਰਾਸ਼ਟਰਪਤੀ ਗਾਇਡੋ ਨੂੰ ਵੀ ਦੇਣ ਦਾ ਢੌਂਗ ਰਚਿਆ ਹੈ। ਅਮਰੀਕੀ ਸਾਮਰਾਜ ਤੇ ਉਸਦੇ ਸਹਿਯੋਗੀਆਂ ਵਲੋਂ ਲੰਮੇ ਸਮੇਂ ਤੋਂ ਲੱਗੀਆਂ ਪਾਬੰਦੀਆਂ ਕਰਕੇ ਦੇਸ਼ ਵਿਚ ਪੈਦਾ ਹੋਈ ਖਪਤ ਵਸਤਾਂ ਤੇ ਦਵਾਈਆਂ ਦੀ ਥੁੜੋਂ ਦਾ ਲਾਹਾ ਲੈਂਦਿਆਂ ਰਾਹਤ ਸਹਾਇਤਾ ਪ੍ਰਦਾਨ ਕਰਨ ਤੋਂ ਲੈ ਕੇ ਆਲੇ ਦੁਆਲੇ ਦੇ ਦੇਸ਼ਾਂ ਖਾਸਕਰ ਕੋਲੰਬੀਆ ਦੀ ਧਰਤੀ 'ਤੇ ਆਪਣੇ ਫੌਜੀ ਭੇਜਣ, ਉਨ੍ਹਾਂ ਦੇਸ਼ਾਂ ਦੀ ਧਰਤੀ ਤੋਂ ਆਪਣੇ ਫੌਜੀ ਹਵਾਈ ਜਹਾਜਾਂ ਦੀਆਂ ਵੈਨੇਜੁਏਲਾ ਦੇ ਨੇੜਲੇ ਖੇਤਰ ਵਿਚ ਉਡਾਨਾਂ ਭਰਨ, ਭਾਵ ਹਰ ਤਰ੍ਹਾਂ ਨਾਲ ਉਸਨੂੰ ਡਰਾਉਣ ਧਮਕਾਉਣ, ਘੇਰਨ ਤੇ ਉਸਦਾ ਗਲਾ ਘੁੱਟਣ ਦੇ ਯਤਨ ਕੀਤੇ ਜਾ ਰਹੇ ਹਨ।

ਦੂਜੇ ਪਾਸੇ ਵੈਨੇਜੁਏਲਾ ਦੀ ਖੱਬੇ ਪੱਖੀ ਸਰਕਾਰ ਦੀ ਅਗਵਾਈ ਵਿਚ ਉਥੇ ਦੀ ਮਿਹਨਤਕਸ਼ ਜਨਤਾ ਇਨ੍ਹਾਂ ਸਾਰਮਾਜੀ ਹਮਲਿਆਂ ਦਾ ਡਟਕੇ ਟਾਕਰਾ ਕਰ ਰਹੀ ਹੈ। ਲਗਭਗ ਰੋਜ ਹੀ ਦੇਸ਼ ਭਰ ਵਿਚ ਸਾਮਰਾਜ ਵਿਰੂੱਧ ਤੇ ਉਸਦੀਆਂ ਹਥਠੋਕਾ ਵਿਰੋਧੀ ਪਾਰਟੀਆਂ ਦੀਆਂ ਚਾਲਾਂ ਨੂੰ ਭਾਂਜ ਦੇਣ ਲਈ ਲੋਕ ਲਾਮਬੰਦੀ ਕੀਤੀ ਜਾਂਦੀ ਹੈ। ਇਕ ਸਰਵੇਖਣ ਮੁਤਾਬਕ ਦੇਸ਼ ਦੀ 92% ਜਨਤਾ ਸਾਮਰਾਜ ਵਲੋਂ ਕੀਤੇ ਜਾਣ ਵਾਲੇ ਕਿਸੇ ਵੀ ਫੌਜੀ ਹਮਲੇ ਦੇ ਵਿਰੁੱਧ ਹੈ ਅਤੇ 86.5 ਫੀਸਦੀ ਲੋਕ ਦੇਸ਼ ਉਤੇ ਲਾਈਆਂ ਗਈਆਂ ਇਕਪਾਸੜ ਪਾਬੰਦੀਆਂ ਦੇ ਸਖਤ ਵਿਰੋਧੀ ਹਨ। ਦੇਸ਼ ਦੀ ਫੌਜ ਡਟਕੇ ਰਾਸ਼ਟਰਪਤੀ ਮਾਦੂਰੋ ਦੀ ਪਿੱਠ 'ਤੇ ਖੜੀ ਹੈ।

ਕੌਮਾਂਤਰੀ ਪੱਧਰ 'ਤੇ ਵੀ ਦੁਨੀਆਂ ਦੇ ਪ੍ਰਮੁੱਖ ਦੇਸ਼ਾਂ ਰੂਸ, ਚੀਨ, ਮੈਕਸੀਕੋ, ਤੁਰਕੀ ਆਦਿ ਸਮੇਤ ਲਗਭਗ 50 ਦੇਸ਼ਾਂ ਨੇ ਅਮਰੀਕੀ ਸਾਮਰਾਜ ਦੀ ਇਸ ਨੰਗੀ ਚਿੱਟੀ ਦਖਲਅੰਦਾਜ਼ੀ ਦਾ ਵਿਰੋਧ ਕਰਦੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਪੂਰਨ ਸਮਰਥਨ ਦਿੱਤਾ ਹੈ। ਰੂਸ ਨੇ ਤਾਂ ਵੈਨੇਜੁਏਲਾ ਵਿਚ ਅਮਰੀਕੀ ਸਾਮਰਾਜ ਨੂੰ ਫੌਜੀ ਦਖਲਅੰਦਾਜ਼ੀ ਕਰਨ ਵਿਰੁੱਧ ਤਾੜਨਾ ਵੀ ਕੀਤੀ ਹੈ। ਅਮਰੀਕਾ ਸਮੇਤ ਇਸਦੇ ਸਹਿਯੋਗੀ ਦੇਸ਼ਾਂ ਦੇ ਅੰਦਰ ਵੀ ਇਸ ਸਾਮਰਾਜੀ ਦਖਲਅੰਦਾਜ਼ੀ ਦਾ ਵਿਰੋਧ ਹੋ ਰਿਹਾ ਹੈ। ਜਿੱਥੇ ਅਮਰੀਕਾ ਵਿਚ ਇਸ ਵਿਰੁੱਧ ਮੁਜ਼ਾਹਰੇ ਹੋਏ ਹਨ। ਉਥੇ ਹੀ ਕਨਾਡਾ ਦੀ 30 ਲੱਖ ਮੈਂਬਰਾਂ ਵਾਲੀ ਕਨਾਡਾ ਲੇਬਰ ਕਾਂਗਰਸ ਨੇ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਤਰੂਦੋ ਵਲੋਂ ਗਾਇਡੋ ਨੂੰ ਮਾਨਤਾ ਪ੍ਰਦਾਨ ਕਰਨ ਦੀ ਸਖਤ ਨਿੰਦਾ ਕੀਤੀ ਹੈ। ਬ੍ਰਿਟੇਨ ਦੀ ਮੁੱਖ ਵਿਰੋਧੀ ਪਾਰਟੀ, ਲੇਬਰ ਪਾਰਟੀ ਦੀ ਆਗੂ ਇਮੀਲੀ ਥੋਰਨਬਰੀ, ਜੋ ਕਿ ਲੇਬਰ ਪਾਰਟੀ ਦੀ ਸ਼ੈਡੋ ਵਜਾਰਤ ਵਿਚ ਵਿਦੇਸ਼ ਸਕੱਤਰ ਹਨ, ਨੇ ਵੀ ਜੁਆਨ ਗਾਇਡੋ ਨੂੰ ਰਾਸ਼ਟਰਪਤੀ ਵਜੋਂ ਮਾਨਤਾ ਪ੍ਰਦਾਨ ਕਰਨ ਨੂੰ ਗਲਤ ਦੱਸਿਆ ਹੈ। ਦੁਨੀਆਂ ਦੇ ਲਗਭਗ ਹਰ ਦੇਸ਼ ਵਿਚ ਹੀ ਅਮਰੀਕੀ ਸਾਮਰਾਜ ਦੀ ਇਸ ਘਿਨਾਉਣੀ ਦਖਲਅੰਦਾਜ਼ੀ ਵਿਰੁੱਧ ਮੁਜ਼ਾਹਰੇ ਹੋਏ ਹਨ।

ਅਮਰੀਕੀ ਸਾਮਰਾਜ ਦੀ ਵੈਨੇਜੁਏਲਾ ਵਿਚ ਇਸ ਨੰਗੀ ਚਿੱਟੀ ਦਖਲਅੰਦਾਜ਼ੀ ਨੇ ਇਕ ਵਾਰ ਮੁੜ ਏਸ਼ੀਆ ਦੇ ਸਮਾਜਵਾਦੀ ਦੇਸ਼ ਉਤਰ ਕੋਰੀਆ ਵਲੋਂ ਪ੍ਰਮਾਣੂ ਹਥਿਆਰ ਬਣਾਏ ਜਾਣ ਨੂੰ ਸਾਰਥਕ ਸਿੱਧ ਕਰ ਦਿੱਤਾ ਹੈ। ਜੇਕਰ ਵੈਨੇਜੁਏਲਾ ਕੋਲ ਪ੍ਰਮਾਣੂ ਹਥਿਆਰ ਹੁੰਦੇ ਤਾਂ ਅਮਰੀਕਾ ਨੇ ਉਥੇ ਦਖਅੰਦਾਜ਼ੀ ਕਰਨ ਦੀ ਜ਼ੁਅਰਤ ਨਹੀਂ ਕਰਨੀ ਸੀ। ਭਾਰਤ ਵਿਚ ਵੀ ਆਰ.ਐਮ.ਪੀ.ਆਈ. ਸਮੇਤ ਸਾਰੀਆਂ ਹੀ ਖੱਬੀਆਂ ਪਾਰਟੀਆਂ ਤੇ ਅਗਾਂਹਵਧੂ ਸ਼ਕਤੀਆਂ ਵਲੋਂ ਅਮਰੀਕਾ ਦੀ ਇਸ ਜਾਬਰਾਨਾ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਗਈ ਹੈ। ਸਮੁੱਚੀ ਦੁਨੀਆਂ ਦੇ ਮਿਹਨਤਕਸ਼ ਤੇ ਅਮਨ ਪਸੰਦ ਲੋਕ ਅਮਰੀਕੀ ਸਾਮਰਾਜ ਨੂੰ ਵੈਨੇਜੁਏਲਾ ਤੋਂ ਆਪਣੇ ਖ਼ੂਨੀ ਹੱਥ ਦੂਰ ਰੱਖਣ ਦੀ ਤਾੜਨਾ ਕਰ ਰਹੇ ਹਨ।

ਬੱਦਲਾਂ ਦੇ ਪਾਰ ਧੜਕਦੀ ਜ਼ਿੰਦਗੀ ਦੇ ਅਹਿਸਾਸ ਦੀ ਵਾਰਤਾ – ਬਿਔਂਡ ਦਾ ਕਲਾਊਡਸ



ਇੰਦਰਜੀਤ

ਹਕੀਕੀ ਮੁਹੱਬਤ ਦੀਆਂ ਤੰਦਾਂ ਅਤੇ ਆਪਸੀ ਰਿਸ਼ਤੇ ਜੇਕਰ ਇੱਕ-ਦੂਸਰੇ ਨਾਲ ਸਿਰਫ਼ ਗੁੱਸੇ-ਗਿਲੇ ਹੋ ਟੁੱਟ ਜਾਂਦੇ ਹੁੰਦੇ ਤਾਂ 'ਸ਼ਾਮ ਨੂੰ ਗੁੱਸੇ 'ਚ ਭਜਾਏ ਪੰਛੀ ਅਗਲੀ ਸਵੇਰ ਵਾਪਸ ਮੁੜ ਆਉਣ ਤੇ ਇਹ ਸੋਚਣ ਲਈ ਮਜਬੂਰ ਨਾ ਕਰਦੇ ਕਿ ਨਾ ਤਾਂ ਰਿਸ਼ਤੇ ਇਸ ਤਰ੍ਹਾਂ ਖ਼ਤਮ ਕੀਤੇ ਜਾ ਸਕਦੇ ਹਨ ਅਤੇ ਨਾ ਹੀ ਮੋਹ ਦਾ ਰੂਹਾਨੀ ਜ਼ਜਬਾ। ਇਨਸਾਨੀਅਤ ਅਤੇ ਮਨੁੱਖੀ ਰਿਸ਼ਤਿਆਂ ਦੀ ਗੁੰਝਲਦਾਰ ਪਰਿਭਾਸ਼ਾ ਨੂੰ ਪਿਆਜ਼ ਦੇ ਛਿਲਕਿਆਂ ਦੀਆਂ ਪਰਤਾਂ ਵਾਂਗ ਖੋਲਦੀ 'ਬਿਔਂਡ ਦਾ ਕਲਾਊਡਸ' ਫ਼ਿਲਮ ਦਸਦੀ ਹੈ। ਜੇਲ੍ਹ 'ਚ ਬੈਠੀ ਤਾਰਾ ਦਾ ਛੋਟੂ ਨਾਲ, ਆਮਿਰ ਦਾ ਆਸ਼ਾ, ਤਨੀਸ਼ਾ ਅਤੇ ਉਨ੍ਹਾਂ ਦੀ ਦਾਦੀ ਨਾਲ ਸਾਂਝ ਦੀ ਕਿਹੜੀ ਕੜੀ ਸੀ ਜੋ ਉਨ੍ਹਾਂ ਨੂੰ ਅੰਤ ਤੱਕ ਜੋੜੀ ਰੱਖਦੀ ਹੈ? ਜਦ ਸੋਚਦਾ ਤਾਂ 'ਕੁਲਵੰਤ ਸਿੰਘ ਵਿਰਕ' ਦੀ 'ਸਾਂਝ' ਕਹਾਣੀ ਵਿਚਲੀ ਲਾਈਨ ਯਾਦ ਆਉਂਦੀ ਹੈ ਕਿ, "ਦੋਵਾਂ ਧਾਣੀਆਂ ਵਿਚ ਕੇਵਲ ਚੁੱਪ ਦੀ ਹੀ ਸਾਂਝ ਸੀ।" ਪਰ ਫ਼ਿਲਮ ਵਿਚਲੀ ਇਹ ਚੁੱਪ ਹੀ ਸਭ ਕੁਝ ਬੋਲਦੀ ਹੈ ਅਤੇ ਇਸ ਚੁੱਪ ਵਿਚਲੇ ਦਰਦ ਦੀ ਪੀੜ ਹੀ ਜੇਲ੍ਹ 'ਚ ਬੈਠੀ ਤਾਰਾ ਦਾ ਛੋਟੂ ਅਤੇ ਆਮਿਰ ਦਾ ਛੋਟੀਆਂ ਬੱਚੀਆਂ ਤੇ ਉਸ ਦੀ ਦਾਦੀ ਨਾਲ ਸਾਂਝ ਦਾ ਕਾਰਨ ਬਣੇ।

ਮੁੰਬਈ ਵਰਗੇ ਵੱਡੇ ਅਤੇ ਖਾਸ ਮਹਾਂਨਗਰਾਂ 'ਚ ਰਹਿੰਦੇ ਆਮ ਲੋਕਾਂ ਦੀ ਜ਼ਿੰਦਗੀ ਪਹਿਲਾਂ ਵੀ ਭਾਵੇਂ 'ਮੀਰਾ ਨਾਇਰ' ਨੇ 'ਸਲਾਮ ਬੌਂਬੇ' (1988) ਵਿਚ ਬਾਖ਼ੂਬੀ ਪੇਸ਼ ਕੀਤੀ ਸੀ ਪਰ 'ਮਾਜਿਦ ਮਾਜੀਦੀ' ਦੀ 2018 'ਚ ਪਰਦਾਪੇਸ਼ ਹੋਈ 'ਬਿਔਂਡ ਦਾ ਕਲਾਊਡਸ' ਨੇ ਮੌਜੂਦਾ ਸਮੇਂ ਪ੍ਰਚੱਲਤ ਕਲਪਨਾਮਈ ਅਤੇ ਤਲਿਸਮੀ ਸੰਸਾਰ ਦੀ ਪੇਸ਼ਕਾਰੀ ਕਰਦੀਆਂ ਫ਼ਿਲਮਾਂ ਤੋਂ ਹਟ ਕੇ ਜੀਵਨ ਯਥਾਰਥ ਦੇ ਬਹੁਤ ਨੇੜੇ ਦੀ ਗੱਲ ਕੀਤੀ ਹੈ।

ਫ਼ਿਲਮ ਦਾ ਪਹਿਲਾ ਦ੍ਰਿਸ਼ ਹੀ ਤੁਹਾਡਾ ਧਿਆਨ ਆਪਣੇ ਵੱਲ ਕੇਂਦਰਿਤ ਹੀ ਨਹੀਂ ਕਰਵਾਉਂਦਾ ਬਲਕਿ ਜ਼ਿਹਨ ਵਿਚ ਖੌਰੂ ਪਾ ਦਿੰਦਾ ਹੈ, ਬਸਤੀ ਦੇ ਗੰਦੇ ਨਾਲ਼ੇ ਦੇ ਉੱਪਰ ਬਣੇ ਪੁਲ਼ 'ਤੇ ਜੀਓ ਡਿਜੀਟਲ ਲਾਈਫ਼ ਦਾ ਬੈਨਰ ਲੱਗਿਆ ਹੁੰਦਾ ਹੈ ਅਤੇ ਓਸੇ ਪੁਲ਼ ਦੇ ਥੱਲ੍ਹੇ ਨਾਲ਼ੇ ਦੇ ਨਾਲ ਰਹਿੰਦੇ ਲੋਕਾਂ ਦੇ ਜੀਵਨ ਦਾ ਦ੍ਰਿਸ਼ ਆਉਂਦਾ ਹੈ ਜੋ ਡਿਜੀਟਲ ਭਾਰਤ ਦੇ ਬੇਕਿਰਕ ਅਤੇ ਕਰੂਰ ਚਿਹਰੇ ਦੇ ਦਰਸ਼ਨ ਕਰਵਾਉਂਦਾ ਹੈ। ਬੈਨਰ ਅਤੇ ਬਸਤੀ ਦਾ ਚਿੰਨ੍ਹਾਤਮ ਜਮਾਤੀ ਰਿਸ਼ਤਾ ਵੀ ਚਿਹਨਕ ਪੱਧਰ 'ਤੇ ਰੂਪਮਾਨ ਹੁੰਦਾ ਹੈ। ਜੀਓ ਨੇ ਲੋਕਾਈ ਦਾ ਕੀ ਕੁਝ ਨਿਗਲਿਆ ਹੈ ਹੁਣ ਤਾਂ ਕਿਸੇ ਤੋਂ ਕੁਝ ਲੁਕਿਆ ਨਹੀਂ। ਪ੍ਰਸਿੱਧ ਟੀ.ਵੀ. ਪੱਤਰਕਾਰ ਰਵੀਸ਼ ਕੁਮਾਰ ਇਸੇ ਲਈ ਕਹਿੰਦਾ ਹੈ ਕਿ ਜੀਓ ਦਾ ਡੇਢ ਜੀ.ਬੀ. ਡਾਟਾ ਨੌਜਵਾਨਾਂ ਨੂੰ ਬੇਰੁਜ਼ਗਾਰ ਹੋਣ ਦਾ ਅਹਿਸਾਸ ਨਹੀਂ ਹੋਣ ਦਿੰਦਾ। ਬਲਕਿ ਰਾਫੇਲ ਵਰਗੇ ਸੌਦੇ ਸਬੂਤ ਹਨ ਕਿ ਸੱਤਾ ਕਿਹੜੇ ਲੋਕਾਂ ਦੀ ਕੱਠਪੁਤਲੀ ਹੈ ਤੇ ਡਿਜੀਟਲ ਭਾਰਤ ਦੇ ਕੀ ਮਾਇਨੇ ਹਨ।

ਫ਼ਿਲਮ ਦੀ ਕਹਾਣੀ ਦੋ ਭੈਣ-ਭਰਾ ਤਾਰਾ ਅਤੇ ਆਮਿਰ ਦੇ ਦੁਆਲੇ ਘੁੰਮਦੀ ਹੈ। ਆਮਿਰ ਨਸ਼ਾ ਤਸਕਰੀ ਕਰਦਾ ਹੈ ਜਿਸ ਦੇ ਨਸ਼ੇ ਵਾਲੇ ਅੱਡੇ 'ਤੇ ਪੁਲੀਸ ਦਾ ਛਾਪਾ ਵੱਜਣ 'ਤੇ ਉਹ ਉਥੋਂ ਭੱਜ ਨਿਕਲਦਾ ਹੈ। ਤਾਰਾ ਘਰੇਲੂ ਹਿੰਸਾ ਤੋਂ ਤੰਗ ਆਪਣੇ ਪਤੀ ਦਾ ਘਰ ਛੱਡ ਚੁੱਕੀ ਹੈ ਅਤੇ ਉਸ ਨੂੰ ਕਈ ਦਿਨ ਸੜਕਾਂ 'ਤੇ ਗੁਜ਼ਾਰਨੇ ਪੈਂਦੇ ਹਨ। ਉਹ ਧੋਬੀਘਾਟ ਉਤੇ ਕੰਮ ਕਰਦੀ ਹੈ ਅਤੇ ਮਜਬੂਰੀਵਸ ਜਿਸਮਫ਼ਰੋਸ਼ੀ ਵਿਚ ਜਾ ਪੈਂਦੀ ਹੈ। ਧੋਬੀਘਾਟ ਵਿਚ ਉਸ ਦਾ ਮਾਲਕ 'ਅਕਸ਼ੀ' ਇੱਕਲਤਾ ਵਿਚ ਇਕ ਦਿਨ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਦਾ ਵਿਰੋਧ ਕਰਦੀ ਹੋਈ ਤਾਰਾ ਅਕਸ਼ੀ ਦੇ ਸਿਰ ਵਿਚ ਇੱਟ ਮਾਰਦੀ ਹੈ। ਤਾਰਾ ਨੂੰ ਪੁਲੀਸ ਫੜ੍ਹ ਕੇ ਲੈ ਜਾਂਦੀ ਹੈ ਤੇ ਅਕਸ਼ੀ ਹਸਪਤਾਲ ਵਿਚ ਬੈੱਡ 'ਤੇ ਪਿਆ ਜਿਉਂਦੀ ਲਾਸ਼ ਬਣ ਜਾਂਦਾ ਹੈ। ਇਸ ਤੋਂ ਬਾਅਦ ਤਾਰਾ ਤੇ ਆਮਿਰ ਦੀ ਜ਼ਿੰਦਗੀ ਵਿਚ ਨਵਾਂ ਮੋੜ ਆਉਂਦਾ ਹੈ ਜਦੋਂ ਆਮਿਰ ਨਾ ਚਾਹੁੰਦਾ ਹੋਇਆ ਵੀ ਹਸਪਤਾਲ ਵਿਚ ਅਕਸ਼ੀ ਦੀ ਦੇਖਭਾਲ ਕਰਦਾ ਹੈ ਕਿਉਂਕਿ ਜੇ਼ਲ 'ਚ ਬੰਦ ਆਪਣੀ ਭੈਣ ਦੀ ਰਿਹਾਈ ਲਈ ਅਕਸ਼ੀ ਦਾ ਬਿਆਨ ਦੇਣਾ ਜ਼ਰੂਰੀ ਹੈ। ਇਸੇ ਦੌਰਾਨ ਉਸ ਦੀ ਮੁਲਾਕਾਤ ਅਕਸ਼ੀ ਦੀਆਂ ਦੋ ਬੇਟੀਆਂ ਆਸ਼ਾ, ਤਨੀਸ਼ਾ ਤੇ ਅਕਸ਼ੀ ਦੀ ਮਾਂ ਨਾਲ ਹੁੰਦੀ ਹੈ ਅਤੇ ਦੂਜੇ ਪਾਸੇ ਤਾਰਾ ਦੀ ਮੁਲਾਕਾਤ ਜੇਲ੍ਹ ਵਿਚ ਛੋਟੂ ਨਾਲ ਹੁੰਦੀ ਹੈ।

ਕੋਈ ਵੀ ਇਨਸਾਨ ਮਾਂ ਦੇ ਢਿੱਡ 'ਚੋਂ ਜੰਮਦਾ ਹੀ ਬੁਰਾ ਨਹੀਂ ਹੁੰਦਾ ਸਗੋਂ ਹਾਲਾਤ ਉਸ ਨੂੰ ਬੁਰਾਈ ਵੱਲ ਧੱਕ ਦਿੰਦੇ ਹਨ। ਬੰਦਾ ਕਿੰਨੇ ਵੀ ਬੁਰੇ ਕੰਮਾਂ ਵਿਚ ਲੱਗਾ ਹੋਵੇ ਪਰ ਉਸ ਦੇ ਦਿਲ ਦੇ ਕੋਨਿਆਂ 'ਚ ਕੋਸੀ ਧੁੱਪ ਜਿਹੀ ਮਿੰਨੀ-ਮਿੰਨੀ ਬੰਦਿਆਈ ਹਮੇਸ਼ਾ ਹੀ ਜਿਉਂਦੀ ਰਹਿੰਦੀ ਹੈ। ਫ਼ਿਲਮ ਦੀ ਕਹਾਣੀ ਅਤੇ ਸੰਵਾਦ ਬੰਦੇ ਅੰਦਰਲੇ ਇਨਸਾਨੀਅਤ ਦੇ ਜਜ਼ਬੇ ਦੀ ਗਵਾਹੀ ਭਰਦੇ ਹਨ। ਜ਼ਿੰਦਗੀ ਦਾ ਡਾਇਲੈਕਟਿਸ ਵੀ ਇਹੀ ਸਿਖਾਉਂਦਾ ਹੈ ਕਿ ਕੋਈ ਵੀ ਬੁਰਾ ਬੰਦਾ ਨਿਰਾ-ਪੁਰਾ ਬੁਰਾ ਨਹੀਂ ਹੁੰਦਾ ਅਤੇ ਕੋਈ ਵੀ ਚੰਗਾ ਬੰਦਾ ਨਿਰਾ ਚੰਗਾ ਨਹੀਂ ਹੁੰਦਾ, ਪਾਸ਼ ਦੇ ਹਵਾਲੇ ਨਾਲ ਕਹਿਣਾ ਹੋਵੇ ਤਾਂ ਜ਼ਿੰਦਗੀ ਵੀ 'ਦੋ ਜਮ੍ਹਾ ਦੋ ਚਾਰ ਨਹੀਂ ਹੁੰਦੀ'। ਇਸੇ ਤਰ੍ਹਾਂ ਫ਼ਿਲਮ ਵਿਚ ਆਮਿਰ ਨਸ਼ਾ ਤਸਕਰ ਵਜੋਂ ਪੇਸ਼ ਹੁੰਦਾ ਹੈ। ਉਸ ਨੂੰ ਮਿਲਣ ਆਈ ਅਕਸ਼ੀ ਦੀ ਮਾਂ ਅਤੇ ਦੋ ਬੇਟੀਆਂ ਘਰ ਦੇ ਅੰਦਰ ਨਹੀਂ ਆਉਣ ਦਿੰਦਾ ਅਤੇ ਰਾਤ ਨੂੰ ਜਦੋਂ ਜ਼ੋਰਦਾਰ ਬਾਰਿਸ਼ ਹੁੰਦੀ ਹੈ ਤਾਂ ਤਿੰਨੋਂ ਬਾਹਰ ਖੜ੍ਹੀਆਂ ਮੀਂਹ 'ਚ ਭਿੱਜ ਜਾਂਦੀਆਂ ਹਨ। ਆਮਿਰ ਉਨ੍ਹਾਂ ਨੂੰ ਅੱਖੋਂ ਓਹਲੇ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਜਿਵੇਂ 'ਮੰਟੋ' ਦੀ ਕਹਾਣੀ 'ਠੰਢਾ ਗੋਸ਼ਤ' ਵਿਚ ਈਸ਼ਰ ਸਿੰਘ ਦੇ ਅੰਦਰ ਦੀ ਹੈਵਾਨੀਅਤ 'ਚੋਂ ਵੀ ਇਨਸਾਨੀਅਤ ਦੀ ਝਾਤ ਪੈਂਦੀ ਹੈ ਓਵੇਂ ਹੀ ਆਮਿਰ ਪਸੀਜ ਜਾਂਦਾ ਹੈ ਅਤੇ ਬਿਸਤਰ ਚੋਂ ਉਠ ਕੇ ਤਿੰਨਾਂ ਨੂੰ ਭਿੱਜਦੇ ਮੀਂਹ ਵਿਚੋਂ ਅੰਦਰ ਲੈ ਕੇ ਆਉਂਦਾ ਹੈ ਤੇ, ਮੀਂਹ 'ਚ ਗੜੁੱਚ ਹੋਈਆਂ ਨੂੰ ਪਹਿਨਣ ਲਈ ਕੱਪੜੇ ਅਤੇ ਖਾਣ-ਪੀਣ ਦਾ ਪ੍ਰਬੰਧ ਕਰਦਾ ਹੈ।

ਫ਼ਿਲਮ ਦਾ ਇਕ ਹੋਰ ਖ਼ੂਬਸੂਰਤ ਪੱਖ ਪ੍ਰਤੀਕਾਂ ਅਤੇ ਦ੍ਰਿਸ਼ਾਂ ਦੀ ਖਾਸ ਸੰਦਰਭਾਂ 'ਚ ਵਰਤੋਂ ਹੈ। ਘਰ ਵਿਚ ਰਹਿੰਦਿਆਂ ਆਮਿਰ ਦੁਆਰਾ ਆਸ਼ਾ, ਤਨੀਸ਼ਾ ਤੇ ਉਨ੍ਹਾਂ ਦੀ ਦਾਦੀ ਦੇ ਕੰਧ 'ਤੇ ਪੈਂਦੇ ਪਰਛਾਂਵੇ ਦਾ ਚਿੱਤਰ ਉਕਰਨਾ ਉਨ੍ਹਾਂ ਨਾਲ ਰਿਸ਼ਤੇ ਅਤੇ ਆਪਸੀ ਸਾਂਝ ਦਾ ਪਰਛਾਵਾਂ ਵੀ ਆਮਿਰ ਦੀ ਜ਼ਿੰਦਗੀ ਅਤੇ ਇਸ ਘਰ ਵਿਚ ਸ਼ਾਮਲ ਹੋ ਜਾਣ ਦਾ ਬਿੰਬ ਹੈ। ਸ਼ਾਇਦ ਇਸੇ ਕਰਕੇ ਹੀ ਆਮਿਰ ਦੇ ਗੁੱਸੇ ਵਿਚ ਬੋਲਣ ਤੇ ਘਰ ਛੱਡ ਕੇ ਜਾਣ ਸਮੇਂ ਜੰਪਾ (ਦਾਦੀ) ਅਤੇ ਤਨੀਸ਼ਾ ਦੇ ਨਾਲ ਤੁਰਦਿਆਂ 4-5 ਸਾਲ ਦੀ ਛੋਟੀ ਬੱਚੀ ਆਸ਼ਾ ਦੇ ਪੈਰ ਤੁਰ ਨਹੀਂ ਰਹੇ ਹੁੰਦੇ ਤੇ ਪਹਿਲਾਂ ਵੀ ਇਕ ਦ੍ਰਿਸ਼ ਵਿਚ ਆਮਿਰ ਨੂੰ ਜ਼ਖ਼ਮੀ ਹੋਏ ਨੂੰ ਦੇਖ ਕੇ ਆਸ਼ਾ ਰੋ ਰਹੀ ਹੁੰਦੀ ਹੈ। ਸ਼ਾਮ ਨੂੰ ਭਜਾਏ ਪੰਛੀਆਂ ਦਾ ਅਗਲੀ ਸਵੇਰ ਨੂੰ ਵਾਪਸ ਆ ਕੇ ਆਸ਼ਾ, ਤਨੀਸ਼ਾ ਤੇ ਦਾਦੀ ਦੇ ਕੰਧ 'ਤੇ ਬਣਾਏ ਚਿੱਤਰ ਕੋਲ ਆ ਕੇ ਬੈਠਣਾ ਜਾਂ ਫ਼ਿਲਮ ਵਿਚ ਪਹਿਲਾਂ ਇਕ ਹੋਰ ਘਟਨਾ ਵਿਚ ਜਿੱਥੇ ਆਮਿਰ 13-14 ਸਾਲ ਦੀ ਤਨੀਸ਼ਾ ਦਾ ਸੌਦਾ ਕੋਠੇ ਵਾਲੇ ਨਾਲ ਕਰਨ ਜਾ ਰਿਹਾ ਹੁੰਦਾ ਹੈ ਤਾਂ ਤਨੀਸ਼ਾ ਦੇ ਗੰਦੇ ਹੱਥ ਦਾ ਦਾਗ ਆਮਿਰ ਦੀ ਸਾਫ ਸ਼ਰਟ 'ਤੇ ਲੱਗਣਾ। ਇਹ ਦਾਗ ਆਮਿਰ ਨੂੰ ਸੋਚਣ ਲਈ ਮਜਬੂਰ ਕਰਦਾ ਹੈ ਕਿ ਤਨੀਸ਼ਾ ਨੂੰ ਵੇਚਣ ਦਾ ਦਾਗ ਉਮਰ ਭਰ ਉਸ ਦੀ ਦੇਹੀ 'ਤੇ ਲੱਗ ਜਾਵੇਗਾ ਤੇ ਉਥੋਂ ਹੀ ਉਹ ਤਨੀਸ਼ਾ ਨੂੰ ਲੈ ਕੇ ਵਾਪਸ ਮੁੜ ਆਉਂਦਾ ਹੈ।

ਫ਼ਿਲਮ ਦਾ ਇੱਕ ਸੰਵਾਦ ਹੈ, "ਕੰਜੂਸੀ ਮਤ ਕਰ, ਆਜ ਐਸ਼ ਕਰਲੇ ਕਲ ਸਬ ਚਲੇ ਜਾਨਾ ਹੈ।" ਇਹ ਸੰਵਾਦ ਗਰੀਬੀ, ਦੁੱਖਾਂ-ਦਰਦਾਂ 'ਚ ਪਰੁਨੀ ਲੋਕਾਈ ਲਈ ਵਰਤਮਾਨ ਵਿਚ ਜ਼ਿੰਦਗੀ ਜਿਉਣ ਦਾ ਸੁਨੇਹਾ ਦਿੰਦਾ ਹੈ ਕਿਉਂਕਿ ਕੱਲ੍ਹ ਕੀ ਹੋਣਾ ਇਸ ਬਾਰੇ ਕਿਸ ਨੂੰ ਪਤਾ ਹੁੰਦਾ ਹੈ। ਜਿਵੇਂ ਆਮਿਰ ਆਪਣੇ ਜਿਸ ਦੋਸਤ ਨੂੰ ਫ਼ਿਲਮ ਦੇ ਸ਼ੁਰੂਆਤ ਸਮੇਂ ਖ਼ਤਰੇ ਨਾਲ ਖੇਡਦੇ ਪੁਲੀਸ ਦੀ ਹਿਰਾਸਤ ਤੋਂ ਬਚਾਉਂਦਾ ਹੈ, ਉਹੀ ਦੋਸਤ ਇਕ ਸਮੇਂ ਆਮਿਰ ਦੀ ਮਦਦ ਕਰਦਿਆਂ ਉਸ ਨੂੰ ਵਿੱਤੀ ਸਹਾਇਤਾ ਵੀ ਕਰਦਾ ਹੈ ਅਤੇ ਅੱਗੇ ਜਾ ਕੇ ਉਹੀ ਦੋਸਤ ਆਮਿਰ ਦੀ ਜਾਨ ਤੱਕ ਦਾ ਸੌਦਾ ਵੀ ਕਰ ਦਿੰਦਾ ਹੈ, ਤੇ ਉਥੇ ਆਮਿਰ ਦੇ ਕੁੱਟ ਪੈਂਦਿਆ ਦੇਖ ਉਸ ਨੂੰ ਬਚਾਉਣ ਦੀ ਕੋਸ਼ਿਸ਼ ਵੀ ਕਰਦਾ ਹੈ। ਜੋ ਇਹ ਦਰਸਾਉਂਦਾ ਹੈ ਕਿ ਹਰ ਮਨੁੱਖ ਦਾ ਸੁਭਾਅ ਸਮੇਂ ਅਤੇ ਹਲਾਤਾਂ ਅਨੁਸਾਰ ਬਦਲਦਾ ਰਹਿੰਦਾ ਹੈ।

ਫ਼ਿਲਮ ਵਿਚਲੇ ਅਦਾਕਾਰਾਂ ਵਲੋਂ ਨਿਭਾਈ ਅਦਾਕਾਰੀ ਵੀ ਕਮਾਲ ਦੀ ਹੈ। ਚਾਹੇ ਉਹ ਫ਼ਿਲਮ ਵਿਚਲੇ ਬਾਲ ਕਲਾਕਾਰ ਹੋਣ ਜਾਂ ਫ਼ਿਰ ਜੰਪਾ (ਅਕਸ਼ੀ ਦੀ ਮਾਂ) ਦੇ ਰੋਲ ਵਿਚ ਤਿੰਨ ਵਾਰ ਨੈਸ਼ਨਲ ਐਵਾਰਡ ਜੇਤੂ ਸਾਊਥ ਐਕਟਰਸ 'ਸ਼ਾਰਧਾ' ਹੋਵੇ। ਇਸ਼ਾਨ ਖੱਟਰ (ਆਮਿਰ) ਅਤੇ ਮਾਲਵਿਕਾ ਮੋਹਨਨ (ਤਾਰਾ) ਦੇ ਕਿਰਦਾਰ ਦਿਲ 'ਤੇ ਡੂੰਘੀ ਛਾਪ ਛੱਡਦੇ ਹਨ। ਫ਼ਿਲਮ ਦੀ ਕਹਾਣੀ ਅਤੇ ਨਿਰਦੇਸ਼ਨਾ ਆਸਕਰ ਨੋਮੀਨੇਟ ਇਰਾਨੀ ਨਿਰਦੇਸ਼ਕ 'ਮਾਜਿਦ ਮਜੀਦੀ' ਨੇ ਕੀਤੀ ਹੈ। ਹਿੰਦੀ ਸਿਨੇਮੇ ਵਿਚ ਇਹ ਉਸ ਦੀ ਪਹਿਲੀ ਫ਼ਿਲਮ ਹੈ। ਇਥੇ ਇਹ ਦਸਣਾ ਵੀ ਜ਼ਰੂਰੀ ਬਣਦਾ ਹੈ ਕਿ ਮਾਜੀਦ ਮਜੀਦੀ ਨੂੰ ਹਿੰਦੀ ਨਹੀਂ ਆਉਂਦੀ ਅਤੇ ਨਾ ਹੀ ਅੰਗਰੇਜ਼ੀ। ਇਹ ਮਾਜਿਦ ਮਜੀਦੀ ਦੀ ਨਿਰਦੇਸ਼ਨਾ ਦਾ ਹੀ ਕਮਾਲ ਹੈ ਕਿ ਇਕ ਦ੍ਰਿਸ਼ ਵਿਚ ਛੋਟੂ ਦੀ ਤਾਰਾ ਨਾਲ ਉਸ ਦੀ ਵਾਰਤਾਲਾਪ ਹੋਣ 'ਤੇ ਆਪਣੀ ਮਰਹੂਮ ਮਾਂ ਬਾਰੇ ਪੁੱਛਦਾ ਹੈ ਤੇ ਉਹ ਉਸ ਨੂੰ ਮਰ ਚੁੱਕੀ ਮਾਂ ਬਾਰੇ ਚੰਦ 'ਤੇ ਚਲੇ ਜਾਣ ਬਾਰੇ ਕਹਿੰਦੀ ਹੈ ਅਤੇ ਛੋਟੂ ਪੁੱਛਦਾ ਹੈ ਕਿ "ਚਾਂਦ ਕਯਾ ਹੈ?" ਕਿਉਂਕਿ ਛੋਟੂ ਦਾ ਜੇਲ੍ਹ 'ਚ ਰਹਿਣ ਕਰਕੇ ਉਸ ਨੇ ਕਦੇ ਵੀ ਚੰਦ ਨਹੀਂ ਦੇਖਿਆ ਹੁੰਦਾ। ਤੇ ਇਸ ਤੋਂ ਅਗਲੇ ਹੀ ਦ੍ਰਿਸ਼ ਵਿਚ ਆਮਿਰ ਚੰਦ ਵੱਲ ਦੇਖ ਰਿਹਾ ਹੁੰਦਾ ਹੈ (ਫ਼ਿਲਮ ਦੀ ਸ਼ੁਰੂਆਤ ਵਿਚ ਉਸ ਨੇ ਆਪਣੀ ਭੈਣ ਤਾਰਾ ਨੂੰ ਕਿਹਾ ਸੀ ਕਿ ਉਹ ਜਦ ਵੀ ਚੰਦ ਨੂੰ ਦੇਖਦਾ ਹੈ ਤਾਂ ਉਸ ਨੂੰ ਮਾਂ ਦੀ ਯਾਦ ਆ ਜਾਂਦੀ ਹੈ। ਇਕ ਹੋਰ ਦ੍ਰਿਸ਼ ਵਿਚ ਜਦ ਆਮਿਰ ਹਸਪਤਾਲ ਵਿਚ ਅਕਸ਼ੀ ਨੂੰ ਦੱਸ ਰਿਹਾ ਹੁੰਦਾ ਕਿ ਉਸ ਨੂੰ ਤਾਰਾ ਨੇ ਹੀ ਛੋਟੇ ਹੁੰਦੇ ਤੋਂ ਪਾਲ-ਪੋਸ ਕੇ ਵੱਡਾ ਕੀਤਾ ਹੈ ਤਾਂ ਅਗਲੇ ਹੀ ਦ੍ਰਿਸ਼ ਵਿਚ ਜੇਲ੍ਹ 'ਚ ਛੋਟੂ ਤਾਰਾ ਦੇ ਨਾਲ ਪਿਆ ਹੁੰਦਾ ਹੈ। ਇਸ ਤਰ੍ਹਾਂ ਨਿਰਦੇਸ਼ਕ ਵਲੋਂ ਇਕ ਵਾਰਤਾਲਾਪ ਜਾਂ ਮੁੱਦੇ ਦੀ ਕੜੀ ਦੂਸਰੇ ਨਾਲ ਜੋੜ ਕੇ ਪੇਸ਼ ਕੀਤੀ ਹੈ।

ਇਨਸਾਨ ਛੋਟੀਆਂ-ਛੋਟੀਆਂ ਘਟਨਾਵਾਂ ਵਿਚੋਂ ਵੀ ਖ਼ੁਸ਼ੀਆਂ ਕਿਸ ਤਰ੍ਹਾਂ ਹਾਸਲ ਕਰ ਸਕਦਾ ਹੈ ਜਾਂ ਦੁੱਖ ਦੀ ਘੜੀ ਵਿਚ ਆਪਣੇ ਲਈ ਜਾਂ ਦੂਸਰਿਆਂ ਲਈ ਖ਼ੁਸ਼ੀਆਂ ਕਿਵੇਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਇਹ 1997 'ਚ ਆਈ ਵਿਸ਼ਵ ਪ੍ਰਸਿੱਧ ਫ਼ਿਲਮ 'ਲਾਈਫ਼ ਇਜ਼ ਬਿਊਟੀਫ਼ੁਲ' ਦਸਦੀ ਹੈ। ਉਸ ਤੋਂ ਬਾਅਦ ਫ਼ਿਲਮ ਸਿਖਾਉਂਦੀ ਹੈ ਕਿ ਮਾੜੀਆਂ ਪ੍ਰਸਿਥਤੀਆਂ ਵਿਚ ਵੀ ਆਪਣੇ ਲਈ ਜਾਂ ਫ਼ੇਰ ਦੂਸਰਿਆਂ ਲਈ ਜ਼ਿੰਦਗੀ ਜਿਉਣੀ ਕਿੰਨੀ ਅਹਿਮ ਹੁੰਦੀ ਹੈ। ਫ਼ਿਲਮ ਦਾ ਆਖਰੀ ਦ੍ਰਿਸ਼ ਜਿੱਥੇ ਫ਼ਿਲਮ ਖ਼ਤਮ ਹੁੰਦੀ ਹੈ ਜਦ ਜੇ਼ਲ 'ਚ ਤਾਰਾ ਤੇ ਛੋਟੂ ਦੋਵਾਂ ਦਾ ਹੱਥ ਦਰਵਾਜ਼ੇ ਵਿਚੋਂ ਬਾਹਰ ਆਉਂਦਾ ਹੈ ਤੇ ਬਾਰਸ਼ ਦੀਆਂ ਬੂੰਦਾਂ ਨੂੰ ਛੂੰਹਦਾ ਹੈ। ਫਰਾਇਡ ਅਨੁਸਾਰ ਵਗਦਾ ਪਾਣੀ ਮਨੁੱਖੀ ਜ਼ਿੰਦਗੀ ਦੇ ਚਲਾਇਵਾਨ ਹੋਣ ਦਾ ਚਿੰਨ੍ਹ ਹੈ। ਉਂਝ ਵੀ ਮਨੁੱਖੀ ਸਭਿਅਤਾ ਪਾਣੀਆਂ ਦੇ ਕਿਨਾਰੇ ਉਸਰੀ ਹੈ। ਅਸਮਾਨੀ ਬਦਲਾਂ 'ਚੋਂ ਟਪਕਦੇ ਪਾਣੀ ਦਾ ਸੰਗੀਤ ਹਰ ਹਾਲਾਤ ਵਿਚੋਂ ਜ਼ਿੰਦਗੀ ਵਰਗੀ ਕੋਈ ਸ਼ੈਅ ਦਾ ਰਾਗ ਛੇੜਦਾ ਹੈ ਜਿਵੇਂ ਕੁਲਵੰਤ ਵਿਰਕ ਦੀ ਕਹਾਣੀ 'ਖ਼ੱਬਲ' ਦੀ ਇਕ ਲਾਇਨ 'ਸਾਰਾ ਜੜ੍ਹੋਂ ਪੁੱਟ ਕੇ ਪੈਲੀਓਂ ਬਾਹਰ ਸੁੱਟ ਦੇਈਦਾ ਏ। ਪਰ ਦਸਾਂ ਦਿਨਾਂ ਮਹਰੋਂ ਫਿਰ ਕੋਈ ਤਿੜ੍ਹ ਫੁੱਟ ਆਉਂਦੀ ਹੈ'।


HOPE
IMMIGRATION & CONSULTANCY
We wish you A Merry Christmas and a happy New Year
OUR SERVICES
WORK PERMIT
LIVE - IN CAREGIVER PROGRAM
FAMILY SPONSORSHIP
EXPRESS ENTRY
PROVINCIAL NOMINEE PROGRAM (PNP)
BUSINESS AND INVESTOR IMMIGRATION
VISITOR VISA
STUDENT VISA
Rupinder Kaur
We have 4 branches in India
rcic · cric
Get in Touch
(780)862-3682
(778)878-2915
director@hopeimmigration.ca
www.hopeimmigration.ca
200-8814 , 51 AVE NW EDMONTON, AB T6 E5 E8